**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763



**Golden State Realty**
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
**Serving all over California**

Sam Chahal
CA Lic. 01504071



COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabbal@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 16, April 16, 2016
20451 N Plum Grove Rd., Palatine, IL 60074
Ph:847-359-0746, Fax:847-705-9388


# ਪਰਵਾਸੀ ਹਮਾਇਤ ਲੈਣ ਚੜ੍ਹੇ ਪੰਜਾਬ ਦੇ ਲੀਡਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਦੀਆਂ ਸਿਆਸੀ ਧਿਰਾਂ ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਰਵਾਸੀ ਭਾਰਤੀਆਂ ਨੂੰ ਆਪਣੇ ਹੱਕ ਵਿਚ ਕਰਨ ਲਈ ਪੱਬਾਂ ਭਾਰ ਹਨ। ਪਿਛਲੀਆਂ ਕੁਝ ਚੋਣਾਂ ਤੋਂ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਕਾਫੀ ਵਧੀ ਹੈ। ਖਾਸ ਕਰ, ਲੋਕ ਸਭਾ ਚੋਣਾਂ ਵਿਚ ਪਰਵਾਸੀਆਂ ਨੇ ਸਿਆਸੀ ਧਿਰਾਂ ਨੂੰ ਆਪਣੀ ਵੋਟ ਤਾਕਤ ਦਾ ਅਹਿਸਾਸ ਕਰਵਾ ਦਿੱਤਾ ਹੈ। ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ ਮੰਨਦਿਆਂ ਹਨ ਕਿ ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਵਿਚ ਚਾਰ ਸੰਸਦ ਮੈਂਬਰ ਦੇਣ ਵਿਚ ਪਰਵਾਸੀ ਵੋਟ ਦਾ ਵੱਡਾ ਹੱਥ ਹਨ।

ਦਰਅਸਲ, ਪਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਸੂਬੇ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਨਾਰਾਜ਼ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਹਾਕਮ ਧਿਰ ਨੇ ਪਿਛਲੇ ਵਰ੍ਹੇ ਪਰਵਾਸੀਆਂ ਦੇ ਰੋਸੇ ਦੂਰ ਕਰਨ ਲਈ ਵੱਡੇ ਐਲਾਨ ਵੀ ਕੀਤੇ ਤੇ ਅਕਾਲੀ ਮੰਤਰੀਆਂ ਤੇ ਵਿਧਾਇਕਾਂ ਨੇ ਅਮਰੀਕਾ ਤੇ ਕੈਨੇਡਾ ਦੇ ਪਰਵਾਸੀਆਂ ਤੱਕ ਪਹੁੰਚ ਵੀ ਕੀਤੀ, ਪਰ ਦੋਵਾਂ ਦੇਸ਼ਾਂ ਵਿਚ ਉਨ੍ਹਾਂ ਨੂੰ ਭਾਰੀ ਰੋਹ ਦਾ ਸਾਹਮਣਾ ਕਰਨਾ ਪਿਆ। ਇਸ ਪਿਛੋਂ ਪੰਜਾਬ ਵਿਚ ਹਾਕਮ ਵਿਰੋਧੀ ਧਿਰਾਂ ਇਸ ਦਾ ਲਾਹਾ ਲੈਣ ਵਿਚ ਜੁਟ ਗਈਆਂ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ 19 ਅਪਰੈਲ ਨੂੰ ਕੈਨੇਡਾ ਤੇ ਅਮਰੀਕਾ ਦੇ ਦੌਰੇ ਉਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਪਤਨੀ ਤੇ ਵਿਧਾਇਕ ਪ੍ਰਨੀਤ ਕੌਰ ਪਰਵਾਸੀ ਪੰਜਾਬੀਆਂ ਨੂੰ ਕਾਂਗਰਸ ਦੇ ਹੱਕ ਵਿਚ ਪ੍ਰੇਰਨ ਲਈ ਪਹਿਲਾਂ ਹੀ ਵਿਦੇਸ਼ ਦੌਰੇ 'ਤੇ ਹਨ। ਸੰਸਦ ਮੈਂਬਰ ਭਗਵੰਤ ਮਾਨ ਪਰਵਾਸੀਆਂ ਨੂੰ 'ਆਪ' ਦੇ ਹੱਕ ਵਿਚ ਤੋਰਨ ਤੇ ਪਾਰਟੀ ਦੀ ਮਾਲੀ ਮਦਦ ਲਈ ਕੁਝ ਦੇਸ਼ਾਂ ਦੇ ਗੇੜੇ ਲਾ ਚੁੱਕੇ ਹਨ। ਇਸ ਵੇਲੇ 'ਆਪ' ਆਗੂ ਐਚ.ਐਸ. ਫੂਲਕਾ ਵਿਦੇਸ਼ ਫੇਰੀ 'ਤੇ ਹਨ। ਯਾਦ ਰਹੇ ਕਿ ਪਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਸੂਬੇ ਦੀ ਸੱਤਾ ਵਿਚ ਤਬਦੀਲੀ ਦੇ ਹੱਕ ਵਿਚ ਹੈ। ਇਸ ਧੜੇ ਨੂੰ ਆਪਣੇ ਵੱਲ ਖਿੱਚਣ ਲਈ 'ਆਪ' ਅਤੇ ਕਾਂਗਰਸ ਵੱਲੋਂ ਯਤਨ ਕੀਤੇ ਜਾ ਰਹੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵੀ ਆਪਣੇ ਦਲ ਦੇ ਪਰਵਾਸੀ ਵਿੰਗ ਨੂੰ ਸਰਗਰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਨਵੇਂ ਸਿਰਿਉਂ ਵਿੰਗ ਬਣਾਉਣ ਲੱਗ ਪਏ ਹਨ। ਇਸੇ ਕੜੀ ਤਹਿਤ ਕੈਨੇਡਾ ਦੇ ਵਿੰਗ ਦਾ ਐਲਾਨ ਕੀਤਾ ਗਿਆ ਹੈ।

*(ਬਾਕੀ ਸਫਾ 6 'ਤੇ)*




## ਹੁਣ ਮਹਿੰਗੀ ਪਵੇਗੀ ਕੈਨੇਡਾ ਦੀ ਸਖਤੀ

**ਵੈਨਕੂਵਰ:** ਸਿਆਸੀ ਧਿਰਾਂ ਭਾਵੇਂ ਪਰਵਾਸੀ ਵੋਟ ਆਪਣੇ ਹੱਕ ਵਿਚ ਭੁਗਤਾਉਣ ਲਈ ਸਰਗਰਮ ਹਨ, ਪਰ ਕੈਨੇਡਾ ਸਰਕਾਰ ਦੇ ਫੈਸਲੇ ਨੇ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਕੈਨੇਡਾ ਸਰਕਾਰ ਆਪਣੀ ਧਰਤੀ ਉਤੇ ਦੂਜੇ ਦੇਸ਼ਾਂ ਦੇ ਆਗੂਆਂ ਨੂੰ ਸਿਆਸਤ ਕਰਨ ਵਿਰੁਧ ਸਖਤੀ ਵਿਖ ਰਹੀ ਹੈ। ਇਸ ਬਾਰੇ ਸਰਕਾਰ ਕਾਨੂੰਨ ਵੀ ਬਣਾਉਣ ਜਾ ਰਹੀ ਹੈ। ਕੈਨੇਡੀਅਨ ਸਰਕਾਰ ਨੇ ਹੁਣ ਕਾਨੂੰਨ ਦੀਆਂ ਕਿਤਾਬਾਂ ਵਿਚੋਂ ਉਹ ਨਿਯਮ ਲੱਭ ਲਏ ਹਨ ਜਿਸ ਦੇ ਆਧਾਰ 'ਤੇ ਵਿਦੇਸ਼ੀ ਪਾਰਟੀਆਂ ਦੇ ਹੱਕ ਜਾਂ ਵਿਰੋਧ 'ਚ ਰੈਲੀਆਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ। ਕੈਨੇਡੀਅਨ ਮੀਡੀਆ ਅਨੁਸਾਰ ਸਰਕਾਰ ਵੱਲੋਂ ਅਜਿਹੇ ਪ੍ਰਬੰਧ ਕੀਤੇ ਜਾ ਰਹੇ ਹਨ ਕਿ ਵਿਦੇਸ਼ ਤੋਂ ਆਏ ਕਿਸੇ ਵੀ ਆਗੂ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਿਲਣ ਦੀ ਆਗਿਆ ਤਾਂ ਹੋਏਗੀ, ਪਰ ਉਹ ਇਕੱਠ ਕਰ ਕੇ ਸਿਆਸੀ ਗੱਲ ਨਹੀਂ ਕਰ ਸਕਣਗੇ। ਜੇਕਰ ਕੋਈ ਆਗੂ ਕੈਨੇਡਾ ਦੀ ਧਰਤੀ ਉਤੇ ਆ ਕੇ ਸਿਆਸੀ ਗੱਲ ਕਰੇਗਾ ਤਾਂ ਉਸ ਦਾ ਵੀਜ਼ਾ ਰੱਦ ਕਰ ਕੇ ਤੁਰਤ ਕੈਨੇਡਾ ਤੋਂ ਬਾਹਰ ਕਰ ਦਿੱਤਾ ਜਾਵੇਗਾ।

# ਕੈਨੇਡਾ ਦੇ ਫੈਸਲੇ ਨਾਲ ਪੰਜਾਬੀ ਬਾਗੋ-ਬਾਗ

## ਕਾਮਾਗਾਟਾਮਾਰੂ ਦੁਖਾਂਤ ਬਾਰੇ ਮੁਆਫੀ ਮੰਗਣ ਦਾ ਐਲਾਨ

**ਅੰਮ੍ਰਿਤਸਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਾਮਾਗਾਟਾਮਾਰੂ ਦੁਖਾਂਤ ਬਾਰੇ ਹਾਊਸ ਆਫ ਕਾਮਨਜ਼ ਵਿਚ ਮੁਆਫੀ ਮੰਗਣ ਦੇ ਐਲਾਨ ਤੋਂ ਪੰਜਾਬੀ, ਖਾਸ ਕਰ ਕੇ ਸਿੱਖ ਖੁਸ਼ ਹਨ। ਟਰੂਡੋ ਨੇ ਕੈਨੇਡੀਅਨ ਸੰਸਦ ਦੇ ਸੈਂਟਰ ਬਲਾਕ ਵਿਚ ਖਾਲਸੇ ਦਾ ਸਿਰਜਣਾ ਦਿਹਾੜਾ (ਵਿਸਾਖੀ) ਮਨਾਉਣ ਸਮੇਂ ਇਹ ਐਲਾਨ ਕੀਤਾ। ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਵੀ ਪਿਛਲੇ ਸਾਲ ਵੈਨਕੂਵਰ ਦੇ ਇਕ ਜਨਤਕ ਇਕੱਠ 'ਚ ਇਸ ਘਟਨਾ ਲਈ ਮੁਆਫੀ ਤਾਂ ਮੰਗੀ ਸੀ, ਪਰ ਸੰਸਦ ਵਿਚ ਦਸਤਾਵੇਜ਼ੀ ਮੁਆਫੀਨਾਮਾ ਨਾ ਹੋਣ ਕਾਰਨ ਸਿੱਖਾਂ ਨੇ ਇਹ ਪ੍ਰਵਾਨ ਨਹੀਂ ਕੀਤੀ। ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਸਰਕਾਰ ਨੇ ਦੁਖਾਂਤ ਸਬੰਧੀ ਕੈਨੇਡਾ ਦੀ ਪਾਰਲੀਮੈਂਟ ਵਿਚ 18 ਮਈ ਨੂੰ ਮੁਆਫੀ ਮੰਗਣ ਦਾ ਐਲਾਨ ਕੀਤਾ ਹੈ। ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਵਸਦਾ ਪੰਜਾਬੀ ਭਾਈਚਾਰਾ ਇਹ ਮੰਗ ਕਰਦਾ ਆ ਰਿਹਾ ਸੀ ਕਿ 1914 ਵਿਚ ਵਾਪਰੇ ਕਾਮਾਗਾਟਾਮਾਰੂ ਦੇ ਘਟਨਾਕ੍ਰਮ ਬਾਰੇ ਕੈਨੇਡਾ ਸਰਕਾਰ ਪਾਰਲੀਮੈਂਟ ਵਿਚ ਸਪਸ਼ਟ ਤੌਰ 'ਤੇ ਮੁਆਫੀ ਮੰਗੇ।

ਮੌਜੂਦਾ ਸਮੇਂ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦਾ ਚੋਖਾ ਬੋਲਬਾਲਾ ਹੈ। ਜਸਟਿਨ ਟਰੂਡੋ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਵਿਚ ਚਾਰ ਸਿੱਖ ਮੰਤਰੀ ਹਨ। ਦੇਸ਼ ਦੇ ਰੱਖਿਆ ਮੰਤਰੀ ਦਾ ਅਹੁਦਾ ਵੀ ਇਕ ਸਿੱਖ ਜਨਰਲ ਹਰਜੀਤ ਸਿੰਘ ਸੱਜਣ ਕੋਲ ਹੈ। ਇਨ੍ਹਾਂ ਮੰਤਰੀਆਂ ਸਮੇਤ ਕੈਨੇਡਾ ਦੀ ਸੰਸਦ ਵਿਚ ਇਸ ਸਮੇਂ 17 ਪੰਜਾਬੀ ਸੰਸਦ ਮੈਂਬਰ ਹਨ।




ਜ਼ਿਕਰਯੋਗ ਹੈ ਕਿ 1914 ਵਿਚ ਕੈਨੇਡਾ ਸਰਕਾਰ ਨੇ ਨਵਾਂ ਕਾਨੂੰਨ ਪਾਸ ਕਰਦਿਆਂ ਫੈਸਲਾ ਕੀਤਾ ਸੀ ਕਿ ਸਿਰਫ ਸਿੱਧੇ ਕੈਨੇਡਾ ਪੁੱਜਣ ਵਾਲੇ ਮੁਸਾਫ਼ਰਾਂ ਨੂੰ ਹੀ ਦੇਸ਼ ਵਿਚ ਉਤਰਨ ਤੇ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਮਸਲੇ ਦੇ ਹੱਲ ਲਈ ਭਾਈ ਗੁਰਦਿੱਤ ਸਿੰਘ ਨੇ ਜਾਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਨਾਮਕ ਜਹਾਜ਼ ਕਿਰਾਏ 'ਤੇ ਲਿਆ ਜਿਸ ਵਿਚ ਕੁੱਲ 376 ਮੁਸਾਫ਼ਰ ਸਵਾਰ ਸਨ। ਇਨ੍ਹਾਂ ਵਿਚੋਂ 340 ਦੇ ਕਰੀਬ ਸਿੱਖ, 24 ਮੁਸਲਮਾਨ ਤੇ 12 ਹਿੰਦੂ ਸਨ। ਇਸ ਜਹਾਜ਼ ਰਾਹੀਂ ਇਨ੍ਹਾਂ ਮੁਸਾਫ਼ਰਾਂ ਨੂੰ ਵੈਨਕੂਵਰ ਤੇ ਬ੍ਰਿਟਸ਼ ਕੋਲੰਬੀਆ ਦੇ ਰਸਤੇ ਕੈਨੇਡਾ ਲੈ ਜਾਇਆ ਜਾਣਾ ਸੀ, ਪਰ ਸਮੇਂ ਦੀ ਸਰਕਾਰ ਨੇ ਅਜਿਹਾ ਨਾ ਹੋਣ ਦਿੱਤਾ। ਸਰਕਾਰੀ ਕਾਰਵਾਈ ਵਿਚ 15 ਮੁਸਾਫ਼ਰਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਤੇ ਕਈਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਤੇ ਜਹਾਜ਼ ਨੂੰ ਵੀ ਵਾਪਸ ਕਲਕੱਤੇ ਮੁੜਨਾ ਪਿਆ।


**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja™ SWEETS & CATERING®**
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


DVRunlimited
DVRunlimited
(FOR ONLINE CUSTOMER ONLY)
2.1MP HD-TVI Cameras
4CH HD-TVI DVR
4X HDTVI 2.1MP Cameras
1X LTD8304T-FT
1X 1TB HDD
4X Cable(60ft)
1X Power Supply (2A)
with 1 to 4 splitter
$399
INSTALLATION AVAILABLE IN CA
CONTACT
Balbir S Sidhu
209-495-3905 (Cell)
Toll Free: (888) 233-4566
www.dvrunlimited.com
info@dvrunlimited.com


STATEN SOLAR
AFFORDABLE ENERGY FOR EVERYONE
Save with Solar
Commercial, Agricultural and Residential
For South California
Simran Deol
Solar Engineer
661-412-4728
661-427-0843 (fax)
BYE BILL
No One Can Beat Our Price Guaranteed!
Top Quality Product *20 Years Performance Guarantee
*25 Years Guarantee for Panels *Free Maintenance for
20 Years *No Need to worry about increasing utility
*Professional Installation *24/7 Monitoring
For North California
Balwinder Garcha
Sales Rep Bay Area
by North California
510-468-9525

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

## Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

## ਪੁਰਾਣਾ ਘਰ ਲੈਣ ਦੀ ਲੋੜ ਨਹੀਂ

## ਆਪਣੇ ਸੁਪਨਿਆਂ ਦਾ ਘਰ ਬਣਾਓ



- ਬੀਜ਼ਰ **Choice PlansTM** ਤੁਹਾਡੀਆਂ ਲੋੜਾਂ ਅਨੁਸਾਰ ਤੁਹਾਡੇ ਲਈ ਘਰ ਡਿਜ਼ਾਈਨ ਕਰ ਸਕਦਾ ਹੈ
- ਹਰ ਬੀਜ਼ਰ ਘਰ **ENERGY STAR®** ਮਿਆਰਾਂ 'ਤੇ ਢੁਕਦਾ ਹੈ ਜਾਂ ਉਸ ਤੋਂ ਵੀ ਵੱਧ ਹੁੰਦਾ ਹੈ ਤਾਂ ਜੋ ਤੁਸੀਂ ਹਰ ਮਹੀਨੇ ਪੈਸਾ ਬਚਾ ਸਕੋ
- ਬੀਜ਼ਰ ਘਰ ਤੁਹਾਡੇ ਮਨ ਦੀ ਸ਼ਾਂਤੀ ਯਕੀਨੀ ਬਣਾਉਂਦਾ ਹੈ

- Beazer **Choice PlansTM** let you design a home to fit your lifestyle at no additional cost
- Every Beazer home meets or exceeds **ENERGY STAR®** standards so you save money every month
- A Beazer home **warranty** gives you more peace of mind





**CAPITAL VILLAGE IN RANCHO CORDOVA**
New homes from the $290s
3228 Chelmer Way
Rancho Cordova, CA 95670
916-426-7507

**NATOMAS FIELD IN SACRAMENTO**
New homes from the $250s
2555 Prosper Road
Sacramento, CA 95834
916-426-7541

BEAZER HOMES | GET MORE IN A NEW HOME | BEAZER.COM

ENERGY STAR PARTNER | EQUAL HOUSING OPPORTUNITY | BZH LISTED NYSE

*Choice Plans vary per community. Paid options and Choice Options are different. Paid options cost and Choice Options are no additional cost; must inquire at community. Pricing, offers, features and availability subject to change without notice. Prices may not include lot premiums, upgrades and/or options. Homes pictured may not be available/available at the lowest advertised price. See New Home Counselor for complete details. ©2016 Beazer Homes BRE 00588572 4/16 131542

ਰਾਜਾ ਸਵੀਟਸ ਦੇ
ਰਵਿੰਦਰ ਸਿੰਘ ਤੇ ਮੱਖਣ ਸਿੰਘ ਬੈਂਸ ਵਲੋਂ
ਸਭਨਾਂ ਨੂੰ ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀ
ਲੱਖ ਲੱਖ ਵਧਾਈ



ਰਵਿੰਦਰ ਸਿੰਘ ਤੇ ਮੱਖਣ ਸਿੰਘ ਬੈਂਸ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਚਾਂਦਨੀ ਚੌਕ ਦਾ 'ਪਿਆਓ' ਤੋੜਨ ਦੀ ਘਟਨਾ ਉਤੇ ਸਿਆਸਤ ਹਾਵੀ

**ਨਵੀਂ ਦਿੱਲੀ:** ਦਿੱਲੀ ਨਗਰ ਨਿਗਮ ਨੇ ਚਾਂਦਨੀ ਚੌਕ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਪਿਆਓ ਤੋੜਨ ਦੇ ਮਾਮਲੇ ਵਿਚ ਰਾਜਨੀਤੀ ਹਾਵੀ ਹੋਣੀ ਸ਼ੁਰੂ ਹੋ ਗਈ ਹੈ। ਇਕ ਪਾਸੇ ਜਿਥੇ ਦਿੱਲੀ ਸਿੱਖ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਇਸ ਪਿੱਛੇ ਕੇਜਰੀਵਾਲ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਗਾਇਆ ਜਾ ਰਿਹਾ ਹੈ, ਉਥੇ ਹੀ ਦਿੱਲੀ ਦੀ ਸਿੱਖ ਸੰਗਤ ਅਤੇ ਵਿਰੋਧੀ ਧਿਰਾਂ ਨੇ ਦਿੱਲੀ ਕਮੇਟੀ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ।

ਉਧਰ, ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰ ਕੇ ਅਦਾਲਤੀ ਹੁਕਮਾਂ 'ਤੇ ਪਿਆਓ ਤੋੜਨ ਦਾ ਮੁੱਦਾ ਉਠਾਇਆ ਹੈ। ਪਿਆਓ ਤੋੜੇ ਜਾਣ ਤੋਂ ਬਾਅਦ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਪਹੁੰਚੇ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਸੰਗਤਾਂ ਦੇ ਰੋਹ ਦਾ ਵੀ ਸਾਹਮਣਾ ਕਰਨਾ ਪਿਆ। ਦਿੱਲੀ ਦੀਆਂ ਸੰਗਤਾਂ ਨੇ ਮੌਜੂਦਾ ਕਮੇਟੀ ਨੂੰ ਸਵਾਲ ਕੀਤਾ ਹੈ ਕਿ ਜਦੋਂ ਨਗਰ ਨਿਗਮ ਇਹ ਕਾਰਵਾਈ ਕਰ ਰਹੀ ਸੀ ਤਾਂ ਉਹ ਕਿਥੇ ਸਨ।





ਉਨ੍ਹਾਂ ਆਖਿਆ ਕਿ ਪਿਆਓ ਨੂੰ ਤੋੜਨ ਤੋਂ ਪਹਿਲਾਂ ਨਗਰ ਨਿਗਮ ਨੂੰ ਰੋਕਿਆ ਕਿਉਂ ਨਹੀਂ ਗਿਆ। ਦੂਜੇ ਪਾਸੇ ਦਿੱਲੀ ਦੀ ਸਿੱਖ ਸੰਗਤ ਦਾ ਇਹ ਵੀ ਕਹਿਣਾ ਹੈ ਕਿ ਨਗਰ ਨਿਗਮ ਉਤੇ ਭਾਜਪਾ ਦਾ ਕਬਜ਼ਾ ਹੈ।

ਅਜਿਹੇ ਵਿਚ ਭਾਜਪਾ ਨੂੰ ਬਚਾਉਣ ਲਈ ਅਕਾਲੀ ਦਲ ਕੇਜਰੀਵਾਲ ਸਰਕਾਰ ਦਾ ਨਾਮ ਲਗਾ ਰਿਹਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਪਿਆਓ ਤੋੜਨ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ ਹੈ। ਦਿੱਲੀ ਕਮੇਟੀ ਦੇ ਅਹੁਦੇਦਾਰਾਂ ਨੂੰ ਨੈਤਿਕ ਆਧਾਰ ਉਤੇ ਅਸਤੀਫ਼ਾ ਦੇਣ ਲਈ ਵੀ ਆਖਿਆ ਹੈ।

### ਸਰਨਾ ਵੱਲੋਂ ਦਿੱਲੀ ਕਮੇਟੀ 'ਤੇ ਸਵਾਲ


**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਵਾਲ ਕੀਤਾ ਹੈ ਕਿ ਇਹ ਪਿਆਓ 1925 ਤੋਂ ਇਥੇ ਚੱਲ ਰਿਹਾ ਸੀ। ਦਿੱਲੀ ਵਿਚ ਅਜਿਹੇ ਤਕਰੀਬਨ 1000 ਪਿਆਓ ਹਨ, ਪਰ ਦਿੱਲੀ ਨਗਰ ਨਿਗਮ ਵੱਲੋਂ ਸਿਰਫ ਇਕ ਪਿਆਓ ਨੂੰ ਤੋੜਨ ਪਿੱਛੇ ਸਿਰਫ ਤੇ ਸਿਰਫ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਕਮਿਸ਼ਨਰ ਵੱਲੋਂ ਵੀ ਕੁਝ ਦਿਨ ਪਹਿਲਾਂ ਕਮੇਟੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਇਸ ਪਿਆਓ ਨੂੰ ਹਟਾਇਆ ਜਾ ਰਿਹਾ ਹੈ, ਪਰ ਕਮੇਟੀ ਨੇ ਨਾ ਤਾਂ ਸਰਕਾਰ ਤੱਕ ਪਹੁੰਚ ਕੀਤੀ ਤੇ ਨਾ ਹੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ।

### ਜੀ.ਕੇ. ਅਤੇ ਮਨਜਿੰਦਰ ਸਿੰਘ ਸਿਰਸਾ ਨੂੰ ਨੋਟਿਸ ਜਾਰੀ

**ਨਵੀਂ ਦਿੱਲੀ:** ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਦੀ ਛਬੀਲ ਦੇ ਤੋੜੇ ਥੜ੍ਹੇ ਦੀ ਮੁੜ ਉਸਾਰੀ ਕਰਨ ਦੇ ਮਾਮਲੇ ਵਿਚ ਦਿੱਲੀ ਹਾਈ ਕੋਰਟ ਨੇ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਖਿਲਾਫ ਅਦਾਲਤ ਦੀ ਹੁਕਮ-ਅਦੂਲੀ ਦੇ ਦੋਸ਼ ਤਹਿਤ ਨੋਟਿਸ ਜਾਰੀ ਕੀਤਾ ਹੈ। ਇਥੋਂ ਦੇ 'ਮਾਨੁਸ਼ੀ ਸੰਗਠਨ' ਅਤੇ 'ਚਾਂਦਨੀ ਚੌਕ ਵਪਾਰ ਮੰਡਲ' ਦੀ ਉਕਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਬੈਂਚ ਨੇ ਕਿਹਾ ਕਿ ਦਿੱਲੀ ਪੁਲਿਸ ਵੱਲੋਂ ਜੋ ਪਿਆਓ ਢਾਹਿਆ ਗਿਆ ਸੀ, ਉਸ ਦੀ ਰਾਤੋ-ਰਾਤ ਮੁੜ ਉਸਾਰੀ ਕਰ ਦਿੱਤੀ ਗਈ।

## ਭੁੱਲਰ ਦੀ ਪੈਰੋਲ 'ਤੇ ਰਿਹਾਈ ਲਈ ਯਤਨ ਮੁੜ ਸ਼ੁਰੂ

**ਅੰਮ੍ਰਿਤਸਰ:** ਹਾਲ ਹੀ ਵਿਚ ਟਾਡਾ ਕੇਸ ਵਿਚੋਂ ਬਰੀ ਕੀਤੇ ਦਵਿੰਦਰਪਾਲ ਸਿੰਘ ਭੁੱਲਰ ਦੀ ਪੈਰੋਲ ਉਤੇ ਰਿਹਾਈ ਵਾਸਤੇ ਮੁੜ ਯਤਨ ਸ਼ੁਰੂ ਹੋ ਗਏ ਹਨ। ਇਹ ਯਤਨ ਕੁਝ ਮਹੀਨੇ ਪਹਿਲਾਂ ਵੀ ਹੋਇਆ ਸੀ, ਪਰ ਉਸ ਵੇਲੇ ਬਟਾਲਾ ਅਤੇ ਯੂ.ਪੀ. ਕੇਸ ਅੜਿੱਕਾ ਬਣੇ ਸੀ।



ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਉਸ ਨੂੰ ਪੈਰੋਲ 'ਤੇ ਰਿਹਾਈ ਦਿੱਤੀ ਜਾਵੇ ਤਾਂ ਜੋ ਉਸ ਨੂੰ ਘਰ ਵਰਗਾ ਮਾਹੌਲ ਮਿਲੇ, ਜਿਸ ਨਾਲ ਉਸ ਦੀ ਸਿਹਤ ਹੋਰ ਵੀ ਛੇਤੀ ਠੀਕ ਹੋ ਸਕਦੀ ਹੈ। ਉਨ੍ਹਾਂ ਆਖਿਆ ਕਿ ਬਟਾਲਾ ਕੇਸ ਵਿਚੋਂ ਬਰੀ ਕੀਤੇ ਜਾਣ ਤੋਂ ਬਾਅਦ ਪਰਿਵਾਰ ਵੱਲੋਂ ਪੈਰੋਲ 'ਤੇ ਰਿਹਾਈ ਵਾਸਤੇ ਯਤਨ ਸ਼ੁਰੂ ਕੀਤੇ ਹਨ।

ਇਸ ਦੌਰਾਨ ਪ੍ਰੋ. ਭੁੱਲਰ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਆਖਿਆ ਕਿ ਪੈਰੋਲ 'ਤੇ ਰਿਹਾਈ ਵਾਸਤੇ ਯਤਨ ਸ਼ੁਰੂ ਕਰ ਦਿੱਤੇ ਹਨ ਅਤੇ ਇਸ ਬਾਰੇ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਲਦੀ ਹੀ ਉਸ ਦੀ ਪੈਰੋਲ 'ਤੇ ਰਿਹਾਈ ਹੋ ਜਾਵੇਗੀ। ਕੇਂਦਰੀ ਜੇਲ੍ਹ ਦੇ ਡਿਪਟੀ ਸੁਪਰਡੈਂਟ ਕੁਲਵੰਤ ਸਿੰਘ ਨੇ ਦੱਸਿਆ ਕਿ ਭੁੱਲਰ ਦੀ ਪੈਰੋਲ 'ਤੇ ਰਿਹਾਈ ਬਾਰੇ ਦਸਤਾਵੇਜ਼ ਜੇਲ੍ਹ ਪ੍ਰਸ਼ਾਸਨ ਵੱਲੋਂ ਅਗਲੀ ਕਾਰਵਾਈ ਵਾਸਤੇ ਡਿਪਟੀ ਕਮਿਸ਼ਨਰ ਦੇ ਦਫਤਰ ਭੇਜ ਦਿੱਤੇ ਗਏ ਹਨ। ਇਸ ਮਗਰੋਂ ਅਗਲੀ ਕਾਰਵਾਈ ਜ਼ਿਲ੍ਹਾ ਪ੍ਰਸ਼ਾਸਨ ਦੇ ਪੱਧਰ 'ਤੇ ਹੋਵੇਗੀ। ਇਸ ਵੇਲੇ ਪ੍ਰੋ. ਭੁੱਲਰ ਗੁਰੂ ਨਾਨਕ ਦੇਵ ਹਸਪਤਾਲ ਦੇ ਮਨੋਰੋਗ ਵਾਰਡ 'ਚ ਜ਼ੇਰੇ ਇਲਾਜ ਹੈ। ਉਹ ਸੀਜ਼ੋਫਰੇਨੀਆ ਤੋਂ ਪੀੜਤ ਹੈ ਅਤੇ ਹੁਣ ਸਿਹਤਯਾਬ ਹੋ ਰਿਹਾ ਹੈ।

## ਚਾਰ ਸਦੀਆਂ ਪਿੱਛੋਂ ਮਿਲਿਆ ਔਰਤਾਂ ਨੂੰ ਹੱਕ

**ਮੁੰਬਈ:** ਮਹਾਰਾਸ਼ਟਰ ਦੇ ਸ਼ਨੀ ਸ਼ਿੰਗਨਾਪੁਰ ਮੰਦਰ ਵਿਚ ਔਰਤਾਂ ਨੂੰ ਪੂਜਾ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ। 400 ਸਾਲ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਮੰਦਰ ਵਿਚ ਮਹਿਲਾਵਾਂ ਨੂੰ ਪੂਜਾ ਕਰਨ ਦਾ ਹੱਕ ਦਿੱਤਾ ਗਿਆ ਹੈ। ਤ੍ਰਿਪਤੀ ਦੇਸਾਈ ਦੀ ਅਗਵਾਈ ਵਿਚ ਮਹਿਲਾਵਾਂ ਪੂਜਾ ਕਰਨ ਲਈ ਮੰਦਰ ਵਿਚ ਪਹੁੰਚ ਵੀ ਰਹੀਆਂ ਹਨ।



ਮੰਦਰ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਪੂਜਾ ਕਰਨ ਤੋਂ ਹੁਣ ਮਹਿਲਾਵਾਂ ਨੂੰ ਰੋਕਿਆ ਨਹੀਂ ਜਾਵੇਗਾ। ਮਹਿਲਾਵਾਂ ਵੱਲੋਂ ਕਾਫੀ ਸਮੇਂ ਤੋਂ ਮੰਦਰ ਵਿਚ ਪੂਜਾ ਦੀ ਮੰਗ ਕੀਤੀ ਜਾ ਰਹੀ ਸੀ। ਪੂਜਾ ਵਿਵਾਦ ਕਾਰਨ ਮੰਦਰ ਵਿਚ ਪੁਰਸ਼ਾਂ ਦੇ ਵੀ ਚਬੂਤਰੇ ਉੱਤੇ ਚੜ੍ਹ ਕੇ ਪੂਜਾ ਕਰਨ ਦੀ ਰੋਕ ਲਾ ਦਿੱਤੀ ਗਈ ਸੀ। ਭੂਮਾਤਾ ਬ੍ਰਿਗੇਡ ਦੀਆਂ ਮਹਿਲਾਵਾਂ ਵੱਲੋਂ ਮੰਦਰ ਵਿਚ ਪੂਜਾ ਦੀ ਆਗਿਆ ਦਿੱਤੇ ਜਾਣ ਸਬੰਧੀ ਅੰਦੋਲਨ ਕੀਤਾ ਜਾ ਰਿਹਾ ਸੀ। ਯਾਦ ਰਹੇ ਸ਼ਨੀ ਸ਼ਿੰਗਨਾਪੁਰ ਮੰਦਰ ਵਿਚ ਸ਼ਨੀ ਦੀ ਮੂਰਤੀ 'ਤੇ ਇਕ ਔਰਤ ਵੱਲੋਂ ਤੇਲ ਚੜ੍ਹਾਉਣ ਤੋਂ ਬਾਅਦ ਇਹ ਝਗੜਾ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਮੰਦਰ ਦਾ ਸ਼ੁਧੀਕਰਨ ਕੀਤਾ ਗਿਆ। ਇਸ ਦੇ ਬਾਅਦ ਭੂਮਾਤਾ ਰਣਰਾਗਿਨੀ ਬ੍ਰਿਗੇਡ ਦੀਆਂ ਔਰਤਾਂ ਨੇ ਮੰਦਰ ਵਿਚ ਦਾਖਲੇ ਦੀ ਕੋਸ਼ਿਸ਼ ਵੀ ਕੀਤੀ, ਪਰ ਪੁਲਿਸ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਮਹਿਲਾਵਾਂ ਨੂੰ ਇਸ ਦੀ ਆਗਿਆ ਨਹੀਂ ਦਿੱਤੀ ਪਰ ਹੁਣ ਪੂਜਾ ਦੀ ਆਗਿਆ ਦੇ ਕਿ ਮੰਦਰ ਪ੍ਰਬੰਧਕਾਂ ਨੇ 400 ਸਾਲ ਪੁਰਾਣੀ ਪਰੰਪਰਾ ਨੂੰ ਖਤਮ ਕਰ ਦਿੱਤਾ।

# ਭਾਜਪਾ ਨੇ ਦਲਿਤ ਵੋਟ ਉਤੇ ਡੋਰੇ ਪਾਉਣ ਦੀ ਖਿੱਚੀ ਤਿਆਰੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੀ ਪ੍ਰਧਾਨਗੀ ਦਾ ਰੇੜਕਾ ਖਤਮ ਕਰਦਿਆਂ ਹਾਈ ਕਮਾਨ ਨੇ ਦੋਆਬੇ ਦੇ ਦਲਿਤ ਆਗੂ ਤੇ ਕੇਂਦਰੀ ਰਾਜ ਮੰਤਰੀ ਵਿਜੈ ਕੁਮਾਰ ਸਾਂਪਲਾ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਪਾਰਟੀ ਨੇ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਦਲਿਤ ਨੇਤਾ ਦੀ ਇਸ ਅਹੁਦੇ ਲਈ ਚੋਣ ਕੀਤੀ ਹੈ। ਭਾਜਪਾ ਦੇ ਨਵੇਂ ਸੂਬਾਈ ਪ੍ਰਧਾਨ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅੰਦਰੂਨੀ ਖਹਿਬਾਜ਼ੀ ਕਾਰਨ ਭਗਵਾ ਪਾਰਟੀ ਫੁੱਟ ਦਾ ਸ਼ਿਕਾਰ ਹੈ ਅਤੇ ਹੇਠਲੇ ਪੱਧਰ ਉਤੇ ਵਰਕਰਾਂ ਵਿਚ ਬਹੁਤ ਜ਼ਿਆਦਾ ਨਿਰਾਸ਼ਾ ਹੈ। ਭਾਜਪਾ ਕੇਡਰ ਦੇ ਹੇਠਲੇ ਪੱਧਰ ਉਤੇ ਅਕਾਲੀਆਂ ਨਾਲ ਵੀ ਸਿੰਗ ਫਸੇ ਹਨ।

ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵੀ ਸਿਰ ਉਤੇ ਹਨ। ਪਿਛਲੇ 9 ਸਾਲਾਂ ਤੋਂ ਸੱਤਾ ਵਿਚ ਹੋਣ ਦੇ ਬਾਵਜੂਦ ਸਿਆਸੀ ਫਰੰਟ ਉਤੇ ਇਸ ਪਾਰਟੀ ਦੀ ਕਾਰਗੁਜ਼ਾਰੀ ਬਿਹਤਰ ਨਹੀਂ ਮੰਨੀ ਜਾਂਦੀ। ਇਸ ਕਰ ਕੇ ਵਿਧਾਨ ਸਭਾ ਚੋਣਾਂ ਵਿਚ ਵਕਾਰ ਬਹਾਲੀ ਲਈ ਨਵੇਂ ਪ੍ਰਧਾਨ ਨੂੰ ਬਹੁਤ ਮਿਹਨਤ ਕਰਨੀ ਪਵੇਗੀ। ਸ੍ਰੀ ਸਾਂਪਲਾ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਹੈ, ਪਰ ਉਹ ਕੇਂਦਰੀ ਰਾਜ ਮੰਤਰੀ ਦੇ ਅਹੁਦੇ 'ਤੇ ਵੀ ਕਾਇਮ ਰਹਿਣਗੇ ਹਾਲਾਂਕਿ ਭਾਜਪਾ ਅੰਦਰ ਇਕ ਵਿਅਕਤੀ ਇਕ ਅਹੁਦੇ ਦਾ ਸਿਧਾਂਤ ਹੈ, ਪਰ ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਵਿਸ਼ੇਸ਼ ਹਾਲਾਤ ਵਿਚ ਛੋਟ ਵੀ ਦਿੱਤੀ ਜਾ ਸਕਦੀ ਹੈ।

ਸ੍ਰੀ ਸਾਂਪਲਾ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿਚ ਹੁਸ਼ਿਆਰਪੁਰ ਹਲਕੇ ਤੋਂ ਪਹਿਲੀ ਵਾਰੀ ਸੰਸਦ ਮੈਂਬਰ ਬਣੇ ਸਨ। ਉਨ੍ਹਾਂ ਨੇ ਆਪਣਾ ਰਾਜਸੀ ਸਫ਼ਰ ਜਲੰਧਰ ਜ਼ਿਲ੍ਹੇ ਦੇ ਸੋਫ਼ੀ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤਾ ਸੀ। ਉਸ ਬਾਅਦ ਉਹ ਭਾਜਪਾ ਦੇ ਦਲਿਤ ਵਿੰਗ ਦੇ ਪ੍ਰਧਾਨ ਤੇ ਹੋਰ ਕਈ ਅਹੁਦਿਆਂ ਉਤੇ ਰਹੇ। ਭਾਜਪਾ ਵਿਚ ਉਹ ਇਕ ਅਜਿਹੇ ਆਗੂ ਵਜੋਂ ਸਥਾਪਤ ਹੋਏ, ਜਿਨ੍ਹਾਂ ਨੇ ਮਿਹਨਤ ਮਜ਼ਦੂਰੀ ਤੋਂ ਆਪਣਾ ਜੀਵਨ ਸ਼ੁਰੂ ਕੀਤਾ ਅਤੇ ਵੱਡੇ ਅਹੁਦੇ ਹਾਸਲ ਕੀਤੇ।

### ਦਲਿਤ ਆਗੂ ਵਿਜੈ ਸਾਂਪਲਾ ਨੂੰ ਸੌਂਪੀ ਪੰਜਾਬ ਦੀ ਕਮਾਨ



ਕਮਲ ਸ਼ਰਮਾ ਨੂੰ ਪਾਰਟੀ ਅੰਦਰਲੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸੂਬਾਈ ਪ੍ਰਧਾਨ ਦੇ ਹੋ ਰਹੇ ਵਿਰੋਧ ਕਾਰਨ ਪਾਰਟੀ ਦੀਆਂ ਸਿਆਸੀ ਗਤੀਵਿਧੀਆਂ ਮੱਠੀਆਂ ਪਈਆਂ ਹੋਈਆਂ ਸਨ। ਸ੍ਰੀ ਸਾਂਪਲਾ ਦੀ ਪ੍ਰਧਾਨ ਵਜੋਂ ਨਿਯੁਕਤੀ ਨੂੰ ਕਮਲ ਸ਼ਰਮਾ ਵਿਰੋਧੀ ਧੜੇ, ਜਿਸ ਵਿਚ ਅਵਿਨਾਸ਼ ਰਾਏ ਖੰਨਾ ਤੇ ਮਨੋਰੰਜਨ ਕਾਲੀਆ ਮੰਨੇ ਜਾਂਦੇ ਹਨ, ਦੀ ਜਿੱਤ ਸਮਝਿਆ ਜਾ ਰਿਹਾ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ 'ਚ ਮਹਿਜ਼ 10 ਕੁ ਮਹੀਨੇ ਰਹਿ ਗਏ ਹਨ। ਇਸ ਸਰਹੱਦੀ ਸੂਬੇ 'ਚ ਸਾਰੀਆਂ ਰਾਜਸੀ ਧਿਰਾਂ ਵੱਲੋਂ ਦਲਿਤਾਂ ਨੂੰ ਰਿਝਾਉਣ ਦੇ ਯਤਨ ਕੀਤੇ ਜਾ ਰਹੇ ਹਨ। ਭਾਜਪਾ ਨੇ ਵੀ ਇਸ ਨਿਯੁਕਤ ਨਾਲ ਦਲਿਤ ਪੱਤਾ ਖੇਡਿਆ ਹੈ। ਭਾਜਪਾ ਨੇ ਪੰਜਾਬ ਪ੍ਰਧਾਨ ਦੀ ਨਿਯੁਕਤੀ ਨਵੰਬਰ, 2015 ਵਿਚ ਕਰਨ ਦਾ ਐਲਾਨ ਕੀਤਾ ਸੀ। ਪਾਰਟੀ ਅੰਦਰਲੀ ਧੜੇਬੰਦੀ ਕਾਰਨ ਇਹ ਨਿਯੁਕਤੀ ਲਗਾਤਾਰ ਲਟਕਦੀ ਆ ਰਹੀ ਸੀ।

ਦੱਸਣਯੋਗ ਹੈ ਕਿ ਪੰਜਾਬ ਭਾਜਪਾ ਦੇ ਪਹਿਲੇ ਪ੍ਰਧਾਨ ਕਮਲ ਸ਼ਰਮਾ ਦਾ ਕਾਰਜਕਾਲ ਵਿਵਾਦਮਈ ਤੇ ਖਾਨਾਜੰਗੀ ਵਾਲਾ ਰਿਹਾ। ਨਵੇਂ ਪ੍ਰਧਾਨ ਦੀ ਨਿਯੁਕਤੀ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦੀ ਸਹਿਮਤੀ ਨਾਲ ਕੀਤੀ ਗਈ ਹੈ ਪਰ ਇਹ ਵੀ ਸੱਚਾਈ ਹੈ ਕਿ ਸ੍ਰੀ ਸ਼ਰਮਾ ਨੇ ਵਿੱਤ ਮੰਤਰੀ ਦੇ ਆਸ਼ੀਰਵਾਦ ਸਦਕਾ ਹੀ ਪ੍ਰਧਾਨਗੀ ਦਾ ਆਨੰਦ ਮਾਣਿਆ। ਉਨ੍ਹਾਂ ਨੂੰ ਪਾਰਟੀ ਵਿਚੋਂ ਨਿੱਤ ਨਵੀਂ ਚੁਣੌਤੀ ਮਿਲਦੀ ਰਹੀ ਹੈ। ਕੁਝ ਮਹੀਨੇ ਪਹਿਲਾਂ ਫਿਰੋਜ਼ਪੁਰ ਦੇ ਕੁਝ ਭਾਜਪਾ ਆਗੂਆਂ ਦੀ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੀ ਤਸਕਰੀ ਵਿਚ ਗ੍ਰਿਫ਼ਤਾਰੀ ਨਾਲ ਵੀ ਕਮਲ ਸ਼ਰਮਾ ਦੇ ਅਕਸ ਨੂੰ ਢਾਅ ਲੱਗੀ। ਲੋਕ ਸਭਾ ਚੋਣਾਂ ਬਾਅਦ ਪਾਰਟੀ ਦੀ ਪੰਜਾਬ ਇਕਾਈ ਦੇ ਤਤਕਾਲੀ ਇੰਚਾਰਜ ਸ਼ਾਂਤਾ ਕੁਮਾਰ ਨੇ ਸ੍ਰੀ ਸ਼ਰਮਾ ਤੇ ਕੁੱਝ ਮੰਤਰੀਆਂ ਨੂੰ ਤਬਦੀਲ ਕਰਨ ਦਾ ਸੁਝਾਅ ਵੀ ਦਿੱਤਾ ਸੀ, ਪਰ ਉਨ੍ਹਾਂ ਦੀ ਕੁਰਸੀ ਫਿਰ ਵੀ ਬਚੀ ਰਹੀ। ਹੁਣ ਜਦੋਂ ਚੋਣਾਂ ਸਿਰ ਉਤੇ ਆ ਗਈਆਂ ਹਨ ਤੇ ਦਬਾਅ ਵੀ ਵਧ ਗਿਆ ਤਾਂ ਪਾਰਟੀ ਨੇ ਉਨ੍ਹਾਂ ਦੀ ਥਾਂ ਵਿਜੈ ਸਾਂਪਲਾ ਨੂੰ ਪ੍ਰਧਾਨ ਨਿਯੁਕਤ ਕਰਨ ਵਿਚ ਹੀ ਭਲਾਈ ਸਮਝੀ।

### ਨਵਜੋਤ ਕੌਰ ਸਿੱਧੂ ਵੱਲੋਂ ਅਸਤੀਫੇ ਦੀ ਮੁੜ ਧਮਕੀ

**ਅੰਮ੍ਰਿਤਸਰ:** ਭਾਜਪਾ ਆਗੂ ਅਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਪਹਿਲੀ ਅਪਰੈਲ ਨੂੰ ਉਨ੍ਹਾਂ ਵੱਲੋਂ ਅਸਤੀਫਾ ਦੇਣਾ ਦਾ ਕੀਤਾ ਐਲਾਨ ਮਜ਼ਾਕ ਨਹੀਂ, ਹਕੀਕਤ ਸੀ। ਉਨ੍ਹਾਂ ਕਿਹਾ ਕਿ ਜੇਕਰ ਮੁੜ ਉਨ੍ਹਾਂ ਦੇ ਕੰਮਾਂ ਵਿਚ ਅੜਿੱਕੇ ਖੜ੍ਹੇ ਕੀਤੇ ਗਏ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ। ਇਸੇ ਦੌਰਾਨ ਪੰਜਾਬ ਭਾਜਪਾ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ ਨੇ ਵੋਟਰਾਂ ਨੂੰ ਆਖਿਆ ਕਿ ਭਾਜਪਾ ਸਿੱਧੂ ਜੋੜੇ ਨੂੰ ਕਿਸੇ ਵੀ ਹੋਰ ਸਿਆਸੀ ਪਾਰਟੀ ਵਿਚ ਨਹੀਂ ਜਾਣ ਦੇਵੇਗੀ।

ਡਾ. ਨਵਜੋਤ ਕੌਰ ਸਿੱਧੂ ਨੇ ਪਹਿਲੀ ਅਪਰੈਲ ਨੂੰ ਸੋਸ਼ਲ ਮੀਡੀਆ ਜ਼ਰੀਏ ਕਿਹਾ ਸੀ ਕਿ ਉਨ੍ਹਾਂ ਨੇ ਭਾਜਪਾ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਉਹ ਤਣਾਅ ਮੁਕਤ ਹੋ ਗਏ ਹਨ। ਉਨ੍ਹਾਂ ਨੇ ਦਫਤਰੀ ਕਰਮਚਾਰੀਆਂ ਨੇ ਇਸ ਟਿੱਪਣੀ ਨੂੰ 'ਐਪਰਲ ਫੂਲ' ਦੱਸ ਕੇ ਮਾਮਲਾ ਰਫਾ-ਦਫਾ ਕਰ ਦਿੱਤਾ ਸੀ। ਉਸ ਤੋਂ ਦੋ-ਤਿਨ ਦਿਨ ਬਾਅਦ ਉਨ੍ਹਾਂ ਨੇ ਖੁਲਾਸਾ ਕੀਤਾ ਸੀ ਕਿ ਦਿੱਲੀ ਵਿਚ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਹੋਈ ਮੁਲਾਕਾਤ ਤੋਂ ਬਾਅਦ ਉਹ ਵਾਪਸ ਲੋਕਾਂ ਦੀ ਸੇਵਾ ਵਿਚ ਪਰਤ ਆਏ ਹਨ। ਉਸ ਦਿਨ ਦਿੱਲੀ ਵਿਚ ਉਹ ਭਾਜਪਾ ਦੇ ਸੀਨੀਅਰ ਆਗੂ ਰਾਮ ਲਾਲ ਨੂੰ ਮਿਲੇ ਸਨ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ ਕੰਮਾਂ ਵਿਚ ਕੋਈ ਵੀ ਅੜਿੱਕਾ ਨਹੀਂ ਲੱਗੇਗਾ।

ਡਾ. ਸਿੱਧੂ ਨੇ ਆਖਿਆ ਕਿ ਉਨ੍ਹਾਂ ਨੇ ਅਸਤੀਫਾ ਦੇਣ ਦਾ ਮਨ ਬਣਾਇਆ ਸੀ, ਪਰ ਸੋਸ਼ਲ ਮੀਡੀਆ ਦੇ ਟਿੱਪਣੀ ਨੂੰ ਦੇਖ ਕੇ ਉਨ੍ਹਾਂ ਨੂੰ ਦਿੱਲੀ ਸੱਦ ਲਿਆ ਗਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਮੁੜ ਉਨ੍ਹਾਂ ਦੇ ਕੰਮਾਂ ਵਿਚ ਅੜਿੱਕਾ ਲਾਉਣ ਦਾ ਯਤਨ ਕੀਤਾ ਗਿਆ ਤਾਂ ਉਹ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਆਖਿਆ ਕਿ ਉਹ ਅਕਾਲੀ ਦਲ-ਭਾਜਪਾ ਗਠਜੋੜ ਦੇ ਉਮੀਦਵਾਰ ਵਜੋਂ ਚੋਣ ਨਹੀਂ ਲੜਨਗੇ। ਜੇਕਰ ਭਾਜਪਾ ਇਕੱਲੀ ਚੋਣ ਲੜੇਗੀ ਤਾਂ ਹੀ ਉਹ ਚੋਣ ਲੜਨਗੇ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੇ ਹਲਕੇ ਦੇ ਵਿਕਾਸ ਲਈ 79 ਕਰੋੜ ਰੁਪਏ ਦੇ ਵਿਕਾਸ ਕਾਰਜ ਪ੍ਰਵਾਨ ਹੋਏ ਸਨ, ਜਿਸ ਵਿਚੋਂ 49 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਟੈਂਡਰ ਲਾਏ ਗਏ ਹਨ। ਇਸ ਸਬੰਧੀ ਗਰਾਂਟ ਮਿਲਣੀ ਚਾਹੀਦੀ ਹੈ, ਜੋ ਫਿਲਹਾਲ ਭਰੋਸਾ ਹੀ ਹੈ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਅਜਾਇਬ ਘਰ 'ਚ ਲੱਗੇਗੀ ਮਰਹੂਮ ਸ਼ਾਮ ਸਿੰਘ ਦੀ ਤਸਵੀਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਰਹੂਮ ਪ੍ਰਧਾਨ ਸ਼ਾਮ ਸਿੰਘ ਦੀ ਤਸਵੀਰ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਫ਼ੈਸਲਾ ਕੀਤਾ ਹੈ। ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਕੀਤਾ। ਉਹ ਹਾਲ ਹੀ ਵਿਚ ਪਾਕਿਸਤਾਨ ਤੋਂ ਪਰਤੇ ਹਨ।

ਉਨ੍ਹਾਂ ਦੱਸਿਆ ਕਿ ਮਰਹੂਮ ਪ੍ਰਧਾਨ ਸ਼ਾਮ ਸਿੰਘ ਨਮਿਤ ਰੱਖੇ ਗਏ ਅਖੰਡ ਪਾਠ ਦੇ ਭੋਗ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਪਾਏ ਗਏ। ਪੰਥ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਵੈਰਾਗਮਈ ਗੁਰਬਾਣੀ ਦੇ ਕੀਰਤਨ ਉਪਰੰਤ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ।

ਸਮਾਗਮ ਵਿਚ ਸ਼੍ਰੋਮਣੀ ਕਮੇਟੀ ਅੰਤ੍ਰਿੰਗ ਕਮੇਟੀ ਮੈਂਬਰ ਨਿਰਮੈਲ ਸਿੰਘ ਜੌਲਾ ਤੇ ਮੋਹਨ ਸਿੰਘ ਬੰਗੀ ਅਤੇ ਸਕੱਤਰ ਡਾ. ਰੂਪ ਸਿੰਘ ਨੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸ਼ਾਮ ਸਿੰਘ ਨੇ ਪ੍ਰਧਾਨ ਵਜੋਂ ਆਪਣੇ



ਕਾਰਜਕਾਲ ਦੌਰਾਨ ਗੁਰਦੁਆਰਿਆਂ, ਗੁਰਧਾਮਾਂ ਦੀ ਸੇਵਾ-ਸੰਭਾਲ, ਇਮਾਰਤਾਂ ਦੇ ਨਵੀਨੀਕਰਨ, ਸਾਫ਼-ਸਫ਼ਾਈ, ਸਜਾਵਟ ਅਤੇ ਪਾਕਿਸਤਾਨ ਆਉਣ ਵਾਲੀਆ ਸਿੱਖ ਸੰਗਤ ਲਈ ਵੱਡਮੁੱਲੇ ਕਾਰਜ ਕੀਤੇ ਸਨ। ਉਨ੍ਹਾਂ ਕਿਹਾ ਕਿ ਸ਼ਾਮ ਸਿੰਘ ਪੰਥਕ ਪਰਿਵਾਰ ਦੇ ਸਤਿਕਾਰਤ ਮੈਂਬਰ ਸਨ ਜਿਨ੍ਹਾਂ ਦੀ ਯਾਦ ਨੂੰ ਸਦੀਵੀ ਰੱਖਣ ਲਈ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਲਗਾਈ ਜਾਵੇਗੀ ਅਤੇ ਸੋਗ ਮਤਾ ਵੀ ਪਾਇਆ ਜਾਵੇਗਾ।

ਇਸ ਮੌਕੇ ਡਾ. ਰੂਪ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਭੇਜਿਆ ਗਿਆ ਸੰਦੇਸ਼ ਪੜ੍ਹ ਕੇ ਸੁਣਾਇਆ। ਸ਼੍ਰੋਮਣੀ ਕਮੇਟੀ ਵੱਲੋਂ ਗਏ ਵਫ਼ਦ ਨੇ ਸ਼ਾਮ ਸਿੰਘ ਦੇ ਵੱਡੇ ਪੁੱਤਰ ਸਤਿੰਦਰ ਸਿੰਘ ਨੂੰ ਦਸਤਾਰ ਤੇ ਸਿਰੋਪਾ ਵੀ ਭੇਟ ਕੀਤਾ। ਇਸ ਮੌਕੇ ਔਕਾਫ਼ ਬੋਰਡ ਦੇ ਚੇਅਰਮੈਨ ਜਨਾਬ ਸਦੀਕ ਉਲ ਫਾਰੂਕ ਨੇ ਕਿਹਾ ਕਿ ਸ਼ਾਮ ਸਿੰਘ ਦੀ ਬਦੌਲਤ ਅੱਜ ਪਾਕਿਸਤਾਨ ਵਿਚ ਸਿੱਖ ਇੱਕ ਮਾਲਾ ਵਿਚ ਪਰੋਏ ਹੋਏ ਹਨ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ ਵਿਖੇ ਇੱਕ ਸਰਾਂ ਦਾ ਨਾਮ ਸ਼ਾਮ ਸਿੰਘ ਬਲਾਕ ਰੱਖਿਆ ਗਿਆ ਹੈ।

# ਤਿੰਨ ਹੋਰ ਸਿੱਖਾਂ ਨੂੰ ਅਮਰੀਕੀ ਫੌਜ ਲਈ ਮਿਲੀ ਇਜਾਜ਼ਤ

**ਵਾਸ਼ਿੰਗਟਨ:** ਪੈਂਟਾਗਨ ਨੇ ਤਿੰਨ ਹੋਰ ਸਿੱਖਾਂ ਨੂੰ ਅਮਰੀਕੀ ਹਥਿਆਰਬੰਦ ਸੈਨਾਵਾਂ ਵਿਚ ਦਾੜ੍ਹੀ ਰੱਖਣ ਅਤੇ ਦਸਤਾਰ ਸਜਾ ਕੇ ਸੇਵਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਕ ਮਹੀਨੇ ਵਿਚ ਇਸ ਤਰ੍ਹਾਂ ਦੀ ਚੌਥੀ ਪ੍ਰਵਾਨਗੀ ਹੈ ਜਿਸ ਨਾਲ ਅਮਰੀਕਾ ਵਿਚ ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ।

ਸੈਨਿਕਾਂ ਵਲੋਂ ਰੱਖਿਆ ਵਿਭਾਗ ਖਿਲਾਫ ਮੁਕੱਦਮਾ ਦਾਇਰ ਕਰਨ ਤੋਂ ਕੁਝ ਦਿਨ ਪਿੱਛੋਂ ਸ਼ੁਕਰਵਾਰ ਇਸ ਸਬੰਧੀ ਇਤਿਹਾਸਕ ਫ਼ੈਸਲਾ ਲਿਆ ਗਿਆ ਪਰ ਇਸ ਨੂੰ ਜਨਤਕ ਹੁਣ ਕੀਤਾ ਗਿਆ ਹੈ। ਤਿੰਨੇ ਸਿੱਖ ਨੌਜਵਾਨਾਂ ਨੇ ਮੁਕੱਦਮੇ ਵਿਚ ਸਿੱਖੀ ਸਰੂਪ ਵਿਚ ਰਹਿ ਕੇ ਅਮਰੀਕੀ ਹਥਿਆਰਬੰਦ ਸੈਨਾਵਾਂ ਵਿਚ ਸੇਵਾ ਕਰਨ ਦੀ ਇਜਾਜ਼ਤ ਮੰਗੀ ਸੀ।

ਮੀਡੀਆ ਰਿਲੀਜ਼ ਮੁਤਾਬਕ ਦੋ ਸਿੱਖਾਂ ਨੂੰ ਆਰਮੀ ਨੈਸ਼ਨਲ ਗਾਰਡ ਅਤੇ ਇਕ ਨੂੰ ਅਮਰੀਕੀ ਆਰਮੀ ਰਿਜ਼ਰਵ ਵਿਚ ਰੱਖਿਆ ਗਿਆ ਹੈ। 17 ਸਾਲਾ ਅਰਜਨ ਸਿੰਘ ਘੋਤਰਾ ਨੂੰ ਵਰਜੀਨੀਆ ਆਰਮੀ ਨੈਸ਼ਨਲ ਗਾਰਡ ਵਿਚ ਸੇਵਾ ਕਰਨ ਲਈ ਸ਼ਾਮਿਲ ਕੀਤਾ ਗਿਆ ਹੈ ਅਤੇ ਉਹ ਇਸ ਸਾਲ ਜਾਰਜ ਮੈਸਨ ਯੂਨੀਵਰਸਿਟੀ ਵਿਚ ਪੜ੍ਹਾਈ ਕਰਦੇ ਸਮੇਂ ਆਪਣੀ ਸੇਵਾ ਜਾਰੀ ਰੱਖੇਗਾ। ਸ. ਘੋਤਰਾ ਨੇ ਕਿਹਾ ਕਿ ਉਸ ਨੂੰ ਵਰਜੀਨੀਆ ਨੈਸ਼ਨਲ ਗਾਰਡ ਵਿਚ ਸਿੱਖੀ ਸਰੂਪ ਵਿਚ ਆਪਣੇ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲਣ ਨਾਲ ਉਹ ਬਹੁਤ ਉਤਸ਼ਾਹਿਤ ਹੈ।

ਕੰਵਰ ਸਿੰਘ ਨੂੰ ਮੈਸਚੂਸੈਟਸ ਆਰਮੀ ਨੈਸ਼ਨਲ ਗਾਰਡ ਵਿਚ ਜਦਕਿ ਕੈਲੀਫੋਰਨੀਆ ਦੇ ਦੂਰਸੰਚਾਰ ਇੰਜਨੀਅਰਿੰਗ ਮਾਹਿਰ ਹਰਪਾਲ ਸਿੰਘ ਨੂੰ ਗੈਰਅਮਰੀਕੀ ਨਾਗਰਿਕਾਂ ਲਈ ਉਪਲਬਧ ਪ੍ਰੋਗਰਾਮ ਰਾਹੀਂ ਅਮਰੀਕੀ ਆਰਮੀ ਰਿਜ਼ਰਵ ਵਿਚ ਸ਼ਾਮਿਲ ਕੀਤਾ ਗਿਆ ਹੈ। ਰਿਲੀਜ਼ ਮੁਤਾਬਕ ਤਿੰਨੇ ਆਪੋ ਆਪਣੀਆਂ ਯੂਨਿਟਾਂ ਵਿਚ ਇਸ ਸਾਲ ਮਈ ਤੋਂ ਹਥਿਆਰਾਂ ਦੀ ਮੁਢਲੀ ਸਿਖਲਾਈ ਲੈਣੀ ਸ਼ੁਰੂ ਕਰਨਗੇ। 31 ਮਾਰਚ ਨੂੰ 28 ਸਾਲਾ ਕੈਪਟਨ ਸਿਮਰਤਪਾਲ ਸਿੰਘ ਅਮਰੀਕੀ ਫ਼ੌਜ ਵਿਚ ਸਰਗਰਮ ਸੈਨਿਕ ਦੀ ਡਿਊਟੀ ਨਿਭਾਉਣ ਦੀ ਇਜਾਜ਼ਤ ਪ੍ਰਾਪਤ ਕਰਨ ਵਾਲੇ ਪਹਿਲੇ ਸਿੱਖ ਬਣੇ ਸਨ।

# ਪਰਵਾਸੀ ਹਮਾਇਤ ਲੈਣ ਚੜ੍ਹੇ ਪੰਜਾਬ ਦੇ ਲੀਡਰ

*(ਸਫਾ ਇਕ ਦੀ ਬਾਕੀ)*

ਕੈਨੇਡਾ ਵਿਚ ਵਸੇ ਪੰਜਾਬੀਆਂ ਨੇ ਇਸ ਦੇਸ਼ ਦੀ ਸਿਆਸਤ 'ਤੇ ਵਿਸ਼ੇਸ਼ ਛਾਪ ਛੱਡੀ ਹੈ ਅਤੇ ਕੇਂਦਰੀ ਵਜ਼ਾਰਤ ਵਿਚ ਚਾਰ ਪੰਜਾਬੀ ਸ਼ਾਮਲ ਹਨ। ਅਗਲੇ ਦਿਨਾਂ ਵਿਚ ਤਿੰਨੇ ਮੁੱਖ ਪਾਰਟੀਆਂ ਦੀ ਟੇਕ ਪਰਵਾਸੀਆਂ 'ਤੇ ਹੋਵੇਗੀ। ਪਰਵਾਸੀ ਪੰਜਾਬੀਆਂ ਦੀਆਂ ਸੂਬੇ ਵਿਚ ਵੋਟਾਂ ਭਾਵੇਂ ਘੱਟ ਹਨ, ਪਰ ਪ੍ਰਭਾਵ ਤੇ ਦਿਲਚਸਪੀ ਵੱਧ ਹੈ ਜਿਸ ਦਾ ਰਾਜਸੀ ਦਲਾਂ ਵੱਲੋਂ ਲਾਹਾ ਲੈਣ ਦੇ ਯਤਨ ਕੀਤੇ ਜਾਣਗੇ। ਅਮਰੀਕਾ ਤੇ ਕੈਨੇਡਾ ਪਿੱਛੋਂ ਆਸਟਰੇਲੀਆ ਵਿਚ ਪਰਵਾਸੀ ਵੋਟ ਬਾਰੇ ਵੀ ਸਿਆਸੀ ਧਿਰਾਂ ਸਰਗਰਮ ਹਨ। ਪਿਛਲੇ ਦਿਨੀਂ ਜਿਥੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਫੂਲਕਾ ਨੇ ਇਥੇ ਵੱਖ-ਵੱਖ ਸ਼ਹਿਰਾਂ ਵਿਚ ਪਰਵਾਸੀਆਂ ਨਾਲ ਰਾਬਤਾ ਬਣਾਇਆ, ਉਥੇ ਹੀ ਜਾਗੋ ਪੰਜਾਬ ਲਹਿਰ ਮੁਹਿੰਮ ਤਹਿਤ ਸਾਬਕਾ ਵਿਦੇਸ਼ ਰਾਜ ਮੰਤਰੀ ਤੇ ਮੌਜੂਦਾ ਵਿਧਾਇਕ ਪ੍ਰਨੀਤ ਕੌਰ ਤੇ ਸ੍ਰੀ ਮੁਕਤਸਰ ਸਾਹਿਬ ਤੋਂ ਵਿਧਾਇਕ ਕਰਨ ਕੌਰ ਬਰਾੜ ਨੇ ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਵਿਚ ਪੰਜਾਬੀਆਂ ਨੂੰ ਕਾਂਗਰਸ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ। ਇਨ੍ਹਾਂ ਫੇਰੀਆਂ ਦੀ ਖਾਸ ਗੱਲ ਇਹ ਹੈ ਕਿ ਪੰਜਾਬ ਦੇ ਵੱਖ-ਵੱਖ ਭਖਦੇ ਮਸਲਿਆਂ ਨੂੰ ਲੈ ਕੇ ਭਾਈਚਾਰਾ ਇਨ੍ਹਾਂ ਆਗੂਆਂ ਨੂੰ ਤਿੱਖੇ ਸਵਾਲ ਕਰ ਰਿਹਾ ਹੈ ਜਦਕਿ ਪਹਿਲਾਂ ਸਿਰਫ ਪਾਰਟੀ ਹਮਾਇਤੀਆਂ ਦੇ ਇਕੱਠਾਂ ਵਿਚ ਗੱਲ ਸਨਮਾਨਾਂ ਤੱਕ ਹੀ ਸੀਮਤ ਰਹਿ ਜਾਂਦੀ ਸੀ, ਪਰ ਇਸ ਵਾਰ ਖਾਸ ਕਰ ਕੇ ਨੌਜਵਾਨ ਤਬਕਾ ਪੰਜਾਬ ਦੀ ਆਰਥਿਕਤਾ, ਕਰਜ਼ੇ ਵਿਚ ਦੱਬੀ ਕਿਸਾਨੀ, ਨਸ਼ਾ ਤਸਕਰੀ, ਬੇਰੁਜ਼ਗਾਰੀ ਸਮੇਤ ਪਾਣੀਆਂ ਦੀ ਪਹਿਰੇਦਾਰੀ ਜਿਹੇ ਮਸਲਿਆਂ ਉਤੇ ਲੀਡਰਾਂ ਨੂੰ ਜੁਆਬਦੇਹ ਕਰਨ ਲਈ ਸਰਗਰਮ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਬਾਦਲ ਵੀ ਆਪਣੀ ਆਸਟਰੇਲੀਆ ਯੂਨਿਟ ਵਿਚ ਨਵੇਂ ਪੁਰਾਣੇ ਚਿਹਰਿਆਂ ਨੂੰ ਸ਼ਾਮਲ ਕਰਨ ਮਗਰੋਂ ਰਸਮੀ ਐਲਾਨ ਤਹਿਤ ਪਰਵਾਸੀ ਪੰਜਾਬੀਆਂ ਵਿਚ ਅਕਾਲੀ ਦਲ ਦੀ ਗੱਲ ਰੱਖਣ ਲਈ ਸਰਗਰਮੀ ਵਿਖਾ ਰਿਹਾ ਹੈ। ਪੰਜਾਬ ਦੀ ਸੱਤਾਧਾਰੀ ਧਿਰ ਜਿਥੇ ਫੇਸਬੁੱਕ ਰਾਹੀਂ ਪਰਵਾਸੀ ਪੰਜਾਬੀਆਂ ਨੂੰ ਦਸ ਸਾਲਾਂ ਦੇ ਵਿਕਾਸ ਦੇ ਦਾਅਵਿਆਂ ਨਾਲ ਭਰਮਾਉਣ ਵਿਚ ਲੱਗੀ ਹੈ, ਉਥੇ ਸੱਤਾ ਤਬਦੀਲੀ ਦੇ ਹਮਾਇਤੀ ਉਨ੍ਹਾਂ ਨੂੰ ਕਈ ਅਜਿਹੇ ਸਵਾਲ ਦਾਗ ਰਹੇ ਹਨ, ਜਿਨ੍ਹਾਂ ਦਾ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਕੋਲ ਕੋਈ ਜਵਾਬ ਨਹੀਂ ਹੈ।

# ਕਸ਼ਮੀਰ 'ਚ ਫੌਜ ਨੇ ਗੋਲੀ ਚਲਾਈ, ਦੋ ਨੌਜਵਾਨਾਂ ਦੀ ਮੌਤ

**ਸ੍ਰੀਨਗਰ:** ਉਤਰੀ ਕਸ਼ਮੀਰ ਦੇ ਹੰਦਵਾੜਾ ਕਸਬੇ ਵਿਚ ਫ਼ੌਜ ਵੱਲੋਂ ਮੰਗਲਵਾਰ ਨੂੰ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਗੋਲੀ ਚਲਾਏ ਜਾਣ ਕਾਰਨ ਦੋ ਨੌਜਵਾਨਾਂ ਦੀ ਮੌਤ ਹੋ ਗਈ। ਇਹ ਲੋਕ ਇਕ ਫ਼ੌਜੀ ਵੱਲੋਂ ਇਕ ਕਾਲਜ ਵਿਦਿਆਰਥਣ ਨਾਲ ਛੇੜਖ਼ਾਨੀ ਕੀਤੇ ਜਾਣ ਦਾ ਵਿਰੋਧ ਕਰ ਰਹੇ ਸਨ। ਹੁਣ ਗੋਲੀ ਦੀ ਇਸ ਘਟਨਾ ਕਾਰਨ ਰੋਸ ਮੁਜ਼ਾਹਰੇ ਹੋਰ ਜ਼ੋਰ ਫੜ ਗਏ ਅਤੇ ਪ੍ਰਸ਼ਾਸਨ ਨੂੰ ਕਸਬੇ ਵਿਚ ਕਰਫ਼ਿਊ ਲਾਉਣਾ ਪਿਆ। ਮਰਨ ਵਾਲੇ ਨੌਜਵਾਨਾਂ ਦੀ ਪਛਾਣ ਮੁਹੰਮਦ ਇਕਬਾਲ (22) ਤੇ ਨਈਮ ਕਾਦਿਰ ਭੱਟ ਵਜੋਂ ਹੋਈ ਹੈ।

ਫ਼ੌਜ ਨੇ ਇਸ ਘਟਨਾ ਉਤੇ ਅਫ਼ਸੋਸ ਜ਼ਾਹਿਰ ਕਰਦਿਆਂ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਫ਼ੌਜ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਸ਼ੀ ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਜੰਮੂ ਕਸ਼ਮੀਰ ਸਰਕਾਰ ਨੇ ਵੀ ਮਾਮਲੇ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਜਾਣਕਾਰੀ ਅਨੁਸਾਰ ਮੰਗਲਵਾਰ ਨੂੰ ਬਾਅਦ ਦੁਪਹਿਰ ਮੁਕਾਮੀ ਲੋਕਾਂ ਨੇ ਦੋਸ਼ ਲਾਇਆ ਕਿ ਕਸਬੇ ਦੇ ਟਾਊਨ ਸਕੁਏਅਰ ਲਾਗੇ ਬਣਾਈ ਫ਼ੌਜੀ ਚੌਕੀ ਵਿਚ ਤਾਇਨਾਤ ਫ਼ੌਜੀ ਜਵਾਨ ਨੇ ਉਥੇ ਇੱਕ ਜਨਤਕ ਪਾਖ਼ਾਨੇ ਵਿਚ ਗਈ ਕਾਲਜ ਵਿਦਿਆਰਥਣ ਨਾਲ ਛੇੜਖ਼ਾਨੀ ਕੀਤੀ ਹੈ। ਉਥੇ ਮੌਜੂਦ ਜਾਵੇਦ ਅਹਿਮਦ ਨਾਂ ਦੇ ਆਦਮੀ ਨੇ ਦੱਸਿਆ ਕਿ ਛੇੜਖ਼ਾਨੀ ਕੀਤੇ ਜਾਣ ਉਤੇ ਵਿਦਿਆਰਥਣ ਨੇ ਰੌਲਾ ਪਾਇਆ ਤਾਂ ਲੋਕਾਂ ਦਾ ਧਿਆਨ ਉਸ ਪਾਸੇ ਗਿਆ। ਇਸ ਕਾਰਨ ਲੋਕਾਂ ਨੇ ਰੋਸ ਮੁਜ਼ਾਹਰਾ ਸ਼ੁਰੂ ਕਰ ਦਿੱਤਾ ਅਤੇ ਫ਼ੌਜੀ ਚੌਕੀ ਵੱਲ ਵਧਣ ਦੀ ਕੋਸ਼ਿਸ਼ ਕੀਤੀ। ਗੜਬੜ ਸ਼ੁਰੂ ਹੋਣ 'ਤੇ ਪੁਲਿਸ ਵੀ ਉਥੇ ਪੁੱਜ ਗਈ।

# ਪਾਕਿਸਤਾਨ ਵਿਚ ਭਾਰਤੀ ਕੈਦੀਆਂ ਨਾਲ ਵਧੀਕੀ ਦਾ ਮੁੱਦਾ ਭਖਿਆ

**ਅੰਮ੍ਰਿਤਸਰ:** ਗੁਰਦਾਸਪੁਰ ਨਾਲ ਸਬੰਧਤ ਭਾਰਤੀ ਕੈਦੀ ਕਿਰਪਾਲ ਸਿੰਘ ਦੀ ਕੋਟ ਲਖਪਤ ਜੇਲ੍ਹ, ਲਾਹੌਰ ਵਿਚ ਭੇਤਭਰੀ ਮੌਤ ਨੇ ਪਾਕਿਸਤਾਨੀ ਜੇਲ੍ਹਾਂ ਵਿਚ ਭਾਰਤੀ ਕੈਦੀਆਂ ਨਾਲ ਵਧੀਕੀਆਂ ਦਾ ਮੁੱਦਾ ਮੁੜ ਉਭਾਰ ਦਿੱਤਾ ਹੈ। 50 ਸਾਲਾ ਕਿਰਪਾਲ ਸਿੰਘ ਭਾਰਤ ਲਈ ਜਾਸੂਸੀ ਕਰਨ ਦੇ ਦੋਸ਼ਾਂ ਹੇਠ ਪਿਛਲੇ 20 ਸਾਲਾਂ ਤੋਂ ਇਸ ਜੇਲ੍ਹ ਵਿਚ ਕੈਦ ਸੀ। ਉਸ ਨੂੰ ਪਾਕਿਸਤਾਨੀ ਪੰਜਾਬ ਵਿਚ ਬੰਬ ਧਮਾਕੇ ਨਾਲ ਸਬੰਧਤ ਕੇਸ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਜੋ ਲਾਹੌਰ ਹਾਈ ਕੋਰਟ ਨੇ ਰੱਦ ਕਰ ਦਿੱਤੀ, ਪਰ ਜਾਸੂਸੀ ਦੇ ਕੇਸ ਵਿਚ ਉਸ ਦੀ ਮੌਤ ਦੀ ਸਜ਼ਾ ਉੱਚ ਅਦਾਲਤ ਨੇ ਬਹਾਲ ਰੱਖੀ। ਪਿਛਲੇ ਤਿੰਨ ਸਾਲਾਂ ਦੌਰਾਨ ਕੋਟ ਲਖਪਤ ਜੇਲ੍ਹ ਵਿਚ ਮੌਤ ਦੇ ਮੂੰਹ ਵਿਚ ਪੁੱਜਣ ਵਾਲਾ ਉਹ ਦੂਜਾ ਅਜਿਹਾ ਭਾਰਤੀ ਕੈਦੀ ਹੈ ਜੋ ਕਿ ਜਾਸੂਸੀ ਦੇ ਦੋਸ਼ਾਂ ਹੇਠ ਬੰਦੀ ਸੀ। ਉਂਜ, ਇਸੇ ਜੇਲ੍ਹ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਮਰਨ ਵਾਲੇ ਭਾਰਤੀ ਕੈਦੀਆਂ ਦੀ ਗਿਣਤੀ ਸੱਤ ਦੱਸੀ ਗਈ ਹੈ।

ਤਿੰਨ ਸਾਲ ਪਹਿਲਾਂ ਅਪਰੈਲ ਮਹੀਨੇ ਦੇ ਆਖਰੀ ਹਫਤੇ ਭਾਰਤੀ ਕੈਦੀ ਸਰਬਜੀਤ ਸਿੰਘ ਨੇ ਕੋਟ ਲਖਪਤ ਜੇਲ੍ਹ ਵਿਚ ਸਾਥੀ ਕੈਦੀਆਂ ਵੱਲੋਂ ਕੀਤੇ ਵਹਿਸ਼ੀਆਨਾ ਹਮਲੇ ਕਾਰਨ ਦਮ ਤੋੜਿਆ ਸੀ। ਸਰਬਜੀਤ ਵੀ ਕਿਰਪਾਲ ਵਾਂਗ ਬੰਬ ਧਮਾਕਿਆਂ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਫਾਂਸੀ ਤੋਂ ਮਸਾਂ ਬਚਿਆ ਸੀ। ਉਸ ਉੱਪਰ ਹਮਲਾ ਉਸ ਦੀ ਸੰਭਾਵੀ ਰਿਹਾਈ ਤੋਂ ਕੁਝ ਦਿਨ ਪਹਿਲਾਂ ਹੋਇਆ ਸੀ। ਪਹਿਲਾਂ ਸਰਬਜੀਤ ਤੇ ਹੁਣ ਕਿਰਪਾਲ ਸਿੰਘ ਦੀਆਂ ਮੌਤਾਂ ਤੋਂ ਸਪਸ਼ਟ ਹੈ ਕਿ ਪਾਕਿਸਤਾਨੀ ਜੇਲ੍ਹਾਂ ਵਿਚ ਭਾਰਤੀ ਕੈਦੀ ਬਹੁਤੇ ਸੁਰੱਖਿਅਤ ਨਹੀਂ। ਪਰਿਵਾਰ ਦਾ ਦਾਅਵਾ ਹੈ ਕਿ ਕਿਰਪਾਲ ਦੇ ਲਾਹੌਰ ਜੇਲ੍ਹ ਵਿਚ ਬੰਦ ਹੋਣ ਦਾ ਉਨ੍ਹਾਂ ਨੂੰ ਪਤਾ ਸਾਲ 2006 ਵਿਚ ਉਸ ਵੱਲੋਂ ਆਪਣੇ ਇਕ ਮਿੱਤਰ ਨੂੰ ਲਿਖੇ ਪੱਤਰ ਤੋਂ ਲੱਗਾ। ਕਿਰਪਾਲ ਸਿੰਘ 1992 ਵਿਚ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਗਿਆ ਸੀ। ਬਾਅਦ ਵਿਚ ਉਸ ਨੂੰ ਉਥੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਾਕਿਸਤਾਨ ਦਾ ਦਾਅਵਾ ਸੀ ਕਿ ਭਾਰਤ ਲਈ ਜਾਸੂਸੀ ਕਰਨ ਅਤੇ ਹੋਰ ਦਹਿਸ਼ਤੀ ਕਾਰਵਾਈਆਂ ਲਈ ਪਾਕਿ ਵਿਚ ਭੇਜਿਆ ਗਿਆ ਸੀ।

## ਪਾਕਿਸਤਾਨੀ ਮਦਰੱਸਿਆਂ 'ਚ ਹਥਿਆਰਾਂ ਦੀ ਸਿਖਲਾਈ

**ਅੰਮ੍ਰਿਤਸਰ:** ਪਾਕਿਸਤਾਨ ਦੇ ਸੂਬਾ ਪੰਜਾਬ, ਖ਼ੈਬਰ ਪਖਤੂਨਖਵਾ ਅਤੇ ਸਿੰਧ ਦੇ ਸ਼ਹਿਰਾਂ ਤੇ ਪਿੰਡਾਂ 'ਚ ਚੱਲ ਰਹੇ ਮਦਰੱਸਿਆਂ ਵਿਚ ਇਸਲਾਮ ਬਾਰੇ ਗਿਆਨ ਦੇਣ ਨਾਲ-ਨਾਲ ਮੁੰਡਿਆਂ ਨੂੰ ਹਥਿਆਰਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ।

ਇਸ ਗੱਲ ਦਾ ਖ਼ੁਲਾਸਾ ਸੂਬਾ ਸਿੰਧ ਦੇ ਕੁਝ ਮਦਰੱਸਿਆਂ ਦੇ ਬਾਹਰ ਲੱਗੇ ਬੋਰਡ ਕਰ ਰਹੇ ਹਨ ਜਿਨ੍ਹਾਂ ਉਤੇ ਲਿਖਿਆ ਹੈ ਕਿ ਇਥੇ ਕੁਰਾਨ ਦੇ ਵਧੀਆ ਹਾਫਿਜ਼ ਬਣਾਉਣ ਅਤੇ ਹਥਿਆਰਾਂ ਨਾਲ ਲੜਨ ਦੀ ਤਾਲੀਮ ਦਿੱਤੀ ਜਾਂਦੀ ਹੈ। ਅਜਿਹੇ ਮਦਰੱਸਿਆਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮਦਰੱਸਿਆਂ ਦੇ ਬਾਹਰ ਲਗਾਏ ਗਏ ਅਜਿਹੇ ਬੋਰਡ ਤੇ ਬੈਨਰ ਉਤਰਵਾ ਦਿੱਤੇ ਹਨ ਅਤੇ ਸਬੰਧਿਤ ਮਦਰੱਸੇ ਚਲਾਉਣ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਹਰਿਆਣਾ ਗੁਰਦੁਆਰਾ ਐਕਟ 'ਤੇ ਅੰਤਿਮ ਸੁਣਵਾਈ ਜੁਲਾਈ 'ਚ

**ਨਵੀਂ ਦਿੱਲੀ:** ਸੁਪਰੀਮ ਕੋਰਟ ਐਚ.ਐਸ.ਜੀ.ਐਮ. ਐਕਟ-2014 ਤਹਿਤ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚ.ਐਸ.ਜੀ.ਐਮ.ਸੀ.) ਕਾਇਮ ਕਰਨ ਦੀ ਵੈਧਤਾ ਬਾਰੇ ਜੁਲਾਈ ਵਿਚ ਅੰਤਿਮ ਸੁਣਵਾਈ ਲਈ ਰਾਜ਼ੀ ਹੋ ਗਈ ਹੈ। ਹਰਿਆਣਾ ਵਿਚ 52 ਨੋਟੀਫਾਈਡ ਗੁਰਦੁਆਰੇ ਇਸ ਅਧੀਨ ਆਉਂਦੇ ਹਨ। ਇਸ ਕਾਨੂੰਨ ਨੂੰ ਹਰਭਜਨ ਸਿੰਘ ਨੇ ਚੁਣੌਤੀ ਦਿੱਤੀ ਸੀ, ਜੋ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦਾ ਹਿੱਸਾ ਹੁੰਦਾ ਸੀ। ਹਰਭਜਨ ਸਿੰਘ ਨੇ ਆਪਣੀ ਜਨਹਿੱਤ ਪਟੀਸ਼ਨ ਵਿਚ ਐਸ.ਜੀ.ਪੀ.ਸੀ. ਨੂੰ ਧਿਰ ਬਣਾਇਆ ਹੈ। ਇਸ ਮਗਰੋਂ ਐਸ.ਜੀ.ਪੀ.ਸੀ. ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰ ਕੇ ਹਰਿਆਣਾ ਐਕਟ ਨੂੰ ਚੁਣੌਤੀ ਦੇਣ ਲਈ ਪਟੀਸ਼ਨਰ ਬਣਨ ਦੀ ਮੰਗ ਕੀਤੀ ਸੀ।

ਹਰਿਆਣਾ 'ਚ 52 ਨੋਟੀਫਾਈਡ ਗੁਰਦੁਆਰੇ ਹਨ, ਜਿਨ੍ਹਾਂ 'ਚੋਂ 8 ਇਤਿਹਾਸਕ ਗੁਰਦੁਆਰੇ ਹਨ, ਜੋ ਪਹਿਲੀ ਸੂਚੀ 'ਚ ਹਨ। 17 ਗੁਰਦੁਆਰਿਆਂ ਦੀ ਆਮਦਨ ਸਾਲਾਨਾ 20 ਲੱਖ ਤੋਂ ਉਪਰ ਹੈ ਅਤੇ ਇਨ੍ਹਾਂ ਨੂੰ ਦੂਜੀ ਸੂਚੀ ਅਤੇ ਬਾਕੀ ਦੇ 27 ਗੁਰਦੁਆਰਿਆਂ ਨੂੰ ਤੀਜੀ ਸੂਚੀ 'ਚ ਰੱਖਿਆ ਗਿਆ ਹੈ।

# ਗੁਰਦੁਆਰਾ ਰਿਓ ਲਿੰਡਾ ਵਿਚ ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ 17 ਨੂੰ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਵਿਖੇ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਸਬੰਧੀ ਇਕ ਵਿਸ਼ੇਸ਼ ਸਮਾਗਮ 17 ਅਪਰੈਲ, ਐਤਵਾਰ ਨੂੰ ਕਰਵਾਇਆ ਜਾਵੇਗਾ। ਸ਼ੁੱਕਰਵਾਰ, 15 ਅਪਰੈਲ ਨੂੰ ਅਖੰਡ ਪਾਠ ਅਰੰਭ ਹੋਣਗੇ ਅਤੇ 17 ਅਪਰੈਲ, ਐਤਵਾਰ ਨੂੰ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਹੋਵੇਗਾ।

ਇਸ ਤੋਂ ਇਲਾਵਾ 22, 23 ਅਤੇ 24 ਅਪਰੈਲ ਨੂੰ ਪ੍ਰਸਿਧ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਲੰਘੇ ਐਤਵਾਰ ਹਫਤਾਵਾਰੀ ਦੀਵਾਨ ਦੌਰਾਨ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਨੇ ਸ਼ਬਦ ਕੀਰਤਨ ਅਤੇ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਸ਼ਬਦ ਗੁਰੂ ਨਾਲ ਜੋੜਿਆ। ਸਟੇਜ ਦੀ ਸੇਵਾ ਜੀਵਨ ਰੱਤੂ ਨੇ ਨਿਭਾਈ।

# ਕੋਹਿਨੂਰ ਹੀਰੇ ਬਾਰੇ ਸਥਿਤੀ ਸਪਸ਼ਟ ਕਰਨ ਦੀ ਹਦਾਇਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਕੋਹਿਨੂਰ ਹੀਰੇ ਬਾਰੇ ਆਪਣਾ ਸਟੈਂਡ ਸਪਸ਼ਟ ਕਰੇ ਅਤੇ ਦੱਸੇ ਕਿ ਇਹ ਬਰਤਾਨੀਆ ਤੋਂ ਇਸ ਹੀਰੇ ਨੂੰ ਵਾਪਸ ਲਿਆਉਣ ਲਈ ਕੀ ਕਰ ਰਹੀ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਟੀ.ਐਸ. ਠਾਕੁਰ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਇਸ ਬਾਰੇ ਕੇਂਦਰ ਸਰਕਾਰ ਤੋਂ ਜਾਣਕਾਰੀ ਲੈਣ ਲਈ ਸੌਲੀਸਿਟਰ ਜਨਰਲ ਰਣਜੀਤ ਕੁਮਾਰ ਨੂੰ ਇਕ ਹਫਤੇ ਦਾ ਸਮਾਂ ਦਿੱਤਾ ਹੈ। ਉਂਜ ਅਦਾਲਤ ਨੇ ਆਲ ਇੰਡੀਆ ਹਿਊਮਨ ਰਾਈਟਸ ਐਂਡ ਸੋਸ਼ਲ ਜਸਟਿਸ ਫਰੰਟ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਦੇ ਆਧਾਰ ਉਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਨਹੀਂ ਕੀਤਾ।

## Matrimonial

### ਵਰ ਦੀ ਲੋੜ ਹੈ

Wanted medical or non medical professional Sikh boy living in the USA for a Sikh Canadian girl 31yrs old 5'-6" tall, medicine physician currently working. Contact: 416-469-2801

Wanted well educated Jatt Sikh match for a US citizen girl 27, 5'-1" working as registered nurse. Please contact 630-483-0543 or Email: kaurn@dupage.edu 14-

Wanted US citizen/Green card holder boy for a girl 26, 5'7" BCA, MCA and now doing MS in US, residency in NJ. Boy should be from Saini or Jatt family with good qualification and at least 5'-10". Pl. contact ph. 408-625-0621 14-

### ਲੜਕੀ ਦੀ ਲੋੜ ਹੈ

Ramgariah family looking for a suitable Ramgariah girl for their US born Sr. financial analyst son 32 years. Please contact: jsnov1973@aol.com 12-15

*To Advertise with Punjab Times Call: 847-359-0746*

### ਲੜਕੀ ਦੀ ਲੋੜ ਹੈ

Jatt Sikh parents looking for well educated, slim, tall, beautiful girl for their 26 yrs, 6'+, handsome, U.S. citizen son doing his residency. Please contact: srb01.dr@gmail.com 16-19

Well Respected Jat Sikh family of businessmen and doctors, financially independent, living in the USA for the past 50 yrs seeks match for their two sons. Elder 27/ 6'-2" with MD/ MBA from Harvard University working in Health Care Consulting. Younger 26/6'-3", doing his residency with plans of taking over a large multi-specialty practice in 2 yrs. Both US born and raised with down to earth values and well aware of Punjabi and English Cultures. Interested in Jat Sikh prospects for the most part born and raised in the west only. No dowry. Contact balkar76@gmail.com 16-19

Suitable match for US citizen Jat Sikh 37 years old divorced boy. employed, looking for issueless divorcee girl, simple marriage. Cont: pommy_gill@yahoo.com 16

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ





Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)





Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ





Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Satwant Singh Insurance Services
We serve all over California
Auto, Home, Life, Business, Workers Comp.
See how much you can save. Get free quote for Auto, Home, Life and Business.
Compare Auto, Home quotes online at our website: www.satwantins.com
Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.
ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ





Satwant Singh, CLCS, MBA
(CA Lic # 0H11256)
Now we have 3 locations:
San Jose: 2774 Aborn Road
San Jose, CA 95121
Sunnyvale: 830 Stewart Dr Ste #126
Sunnyvale, CA 94085
Fremont: 44790 S Grimmer Blvd,
Fremont, CA 94538
Allied Insurance
a Nationwide Insurance® company
Call today for your FREE, no-obligation quote: 1-408-771-2438
satwant@satwantins.com

# ਸਿਆਸੀ ਪਾਰਟੀਆਂ ਨੇ ਬਾਗੀਆਂ ਵਿਰੁਧ ਕੱਸਿਆ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਧਿਰਾਂ ਨੇ ਪਾਰਟੀ ਦੀਆਂ ਨੀਤੀਆਂ ਤੇ ਸੂਬਾਈ ਲੀਡਰਸ਼ਿਪ ਉਤੇ ਸਵਾਲ ਚੁੱਕਣ ਵਾਲੇ ਆਗੂਆਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਮੁਢਲੀ ਕਾਰਵਾਈ ਵਿਚ ਕਾਂਗਰਸ ਨੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਤੇ ਸੀਨੀਅਰ ਕਾਂਗਰਸ ਆਗੂ ਬੀਰਦਵਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਨੇ ਗਾਇਕ ਜੱਸੀ ਜਸਰਾਜ ਨੂੰ ਬਰਖ਼ਾਸਤ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਜੱਸੀ ਜਸਰਾਜ ਨੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਬਠਿੰਡਾ ਹਲਕੇ ਤੋਂ 'ਆਪ' ਦੀ ਟਿਕਟ 'ਤੇ ਚੋਣ ਲੜੀ ਸੀ ਅਤੇ ਉਹ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਕੋਲੋਂ ਹਾਰ ਗਏ ਸਨ।

ਉਹ ਕਾਂਗਰਸ ਦੀ ਟਿਕਟ 'ਤੇ ਉਸ ਵੇਲੇ ਦੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਤੋਂ ਵੀ ਕਾਫੀ ਪੱਛੜ ਗਿਆ ਸੀ। ਪਾਰਟੀ ਨੇ ਦੋਸ਼ ਲਾਇਆ ਹੈ ਕਿ ਇਹ ਆਗੂ ਲੰਬੇ ਸਮੇਂ ਤੋਂ ਪਾਰਟੀ ਵਿਰੋਧੀ ਗਤੀਵਿਧੀਆਂ ਕਰਕੇ ਅਨੁਸ਼ਾਸਨ ਨੂੰ ਭੰਗ ਕਰਦਾ ਆ ਰਿਹਾ ਸੀ। ਉਹ ਪਾਰਟੀ ਦੇ ਵਲੰਟੀਅਰਾਂ ਤੇ ਆਗੂਆਂ ਨਾਲ ਵਿਚਾਰ ਕੀਤੇ ਬਿਨਾਂ ਆਪਣੇ ਪੱਧਰ 'ਤੇ ਹੀ ਨਿਯੁਕਤੀਆਂ ਕਰਦਾ ਆ ਰਿਹਾ ਸੀ ਅਤੇ ਪਾਰਟੀ ਦੇ ਬਰਾਬਰ ਪ੍ਰੋਗਰਾਮ ਚਲਾ ਰਿਹਾ ਸੀ। ਜੱਸੀ ਸੋਸ਼ਲ ਮੀਡੀਆ ਉਪਰ ਪਾਰਟੀ ਲੀਡਰਸ਼ਿਪ ਵਿਰੁੱਧ ਅਪਮਾਨਜਨਕ ਬਿਆਨਬਾਜ਼ੀ ਕਰਦਾ ਆ ਰਿਹਾ ਸੀ।

ਦੱਸਣਯੋਗ ਹੈ ਕਿ ਪਿਛਲੇ ਸਮੇਂ ਜਦੋਂ ਪੀ.ਪੀ.ਪੀ. ਦੇ ਮੁਖੀ ਮਨਪ੍ਰੀਤ ਬਾਦਲ ਨੂੰ 'ਆਪ' ਵਿਚ ਸ਼ਾਮਲ ਕਰਨ ਦੀ ਚਰਚਾ ਚੱਲ ਰਹੀ ਸੀ ਤਾਂ ਉਸ ਵੇਲੇ ਜੱਸੀ ਜਸਰਾਜ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਚਲਾ ਕੇ ਸੰਸਦ ਮੈਂਬਰ ਤੇ ਪੰਜਾਬ ਇਕਾਈ ਦੀ ਪ੍ਰਚਾਰ ਕਮੇਟੀ ਦੇ ਕਨਵੀਨਰ ਭਗਵੰਤ ਸਿੰਘ ਮਾਨ ਖਿਲਾਫ ਦੋਸ਼ ਲਾਇਆ ਸੀ ਕਿ ਉਹ ਆਪਣੀ ਯਾਰੀ ਪੁਗਾਉਣ ਲਈ ਮਨਪ੍ਰੀਤ ਬਾਦਲ ਨੂੰ ਪਾਰਟੀ ਵਿਚ ਸ਼ਾਮਲ ਕਰਨ ਲਈ ਯਤਨਸ਼ੀਲ ਹੈ। ਦੱਸਣਯੋਗ ਹੈ ਕਿ 'ਆਪ' ਨੇ ਇਸ ਤੋਂ ਪਹਿਲਾਂ ਦੋ ਸੰਸਦ ਮੈਂਬਰਾਂ ਡਾਕਟਰ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਸਮੇਤ ਪੰਜਾਬ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਪਾਰਟੀ ਦੀ ਟਿਕਟ ਤੋਂ ਚੋਣ ਲੜਨ ਵਾਲੇ ਡਾਕਟਰ ਦਲਜੀਤ ਸਿੰਘ ਨੂੰ ਅਜਿਹੇ ਦੋਸ਼ ਲਾ ਕੇ ਮੁਅੱਤਲ ਕਰ ਦਿੱਤਾ ਸੀ।

ਸੂਤਰਾਂ ਅਨੁਸਾਰ ਜਦੋਂ ਵੀ ਕਿਸੇ ਸਿਆਸੀ ਪਾਰਟੀ ਦੇ ਲੀਡਰ ਨੂੰ 'ਆਪ' ਵਿਚ ਸ਼ਾਮਲ ਕਰਨ ਦੀ ਗੱਲ ਆਉਂਦੀ ਹੈ ਤਾਂ ਪਾਰਟੀ ਆਗੂਆਂ ਵਿਚਕਾਰ ਕਾਟੋ ਕਲੇਸ਼ ਛਿੜ ਜਾਂਦਾ ਹੈ। 'ਆਪ' ਵੱਲੋਂ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ, ਟੀਮ ਇਨਸਾਫ਼ ਦੇ ਮੁਖੀਆਂ ਬੈਂਸ ਭਰਾਵਾਂ ਨਾਲ ਸਾਂਝ ਪਾਉਣ ਦੇ ਮੁੱਦਿਆਂ ਉਪਰ ਪੰਜਾਬ ਲੀਡਰਸ਼ਿਪ ਵੱਲੋਂ ਕੌਮੀ ਲੀਡਰਸ਼ਿਪ ਨਾਲ ਟਕਰਾਅ ਹੋਣ ਦੇ ਵੀ ਚਰਚੇ ਹਨ।


ਉਧਰ, ਕਾਂਗਰਸ ਨੇ ਵੀ ਬੀਰਦਵਿੰਦਰ ਸਿੰਘ 'ਤੇ ਅਜਿਹੀ ਹੀ ਕਾਰਵਾਈ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਹ ਫੈਸਲਾ ਕਰ ਕੇ ਸੰਕੇਤ ਦੇਣ ਦਾ ਯਤਨ ਕੀਤਾ ਹੈ ਕਿ ਪਾਰਟੀ ਵਿਚ ਉਨ੍ਹਾਂ ਦੀ ਚੱਲਦੀ ਹੈ ਅਤੇ ਕੋਈ ਵੀ ਕਿਸੇ ਭੁਲੇਖੇ ਵਿਚ ਨਾ ਰਹੇ।

ਕੈਪਟਨ ਨੇ ਸਾਬਕਾ ਡਿਪਟੀ ਸਪੀਕਰ ਨੂੰ ਭੇਜੇ ਪੱਤਰ ਵਿਚ ਕਿਹਾ ਹੈ ਕਿ ਉਹ ਸੀਨੀਅਰ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੀ ਸਿਫ਼ਾਰਸ਼ ਨਾਲ ਸਹਿਮਤ ਹਨ। ਇਸ ਬਾਰੇ ਸ੍ਰੀ ਰੰਧਾਵਾ ਨੇ ਕਿਹਾ ਕਿ ਬੀਰਦਵਿੰਦਰ ਸਿੰਘ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੈਂਬਰ ਸਨ ਅਤੇ ਉਨ੍ਹਾਂ ਨੂੰ ਕਮੇਟੀ ਵੀ ਪਾਰਟੀ 'ਚੋਂ ਕੱਢ ਸਕਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਮੰਤਵ ਨਾਲ ਬੀਰਦਵਿੰਦਰ ਸਿੰਘ ਨੂੰ ਇਲੈਕਟ੍ਰਾਨਿਕ ਮੀਡੀਆ ਦਾ ਮੁਖੀ ਬਣਾਇਆ ਸੀ, ਉਨ੍ਹਾਂ ਉਹ ਜ਼ਿੰਮੇਵਾਰੀ ਨਹੀਂ ਨਿਭਾਈ ਤੇ ਹਲਕੀ ਸਿਆਸਤ ਵਿਚ ਪੈ ਗਏ।

### 'ਆਪ' ਵੱਲੋਂ ਜੱਸੀ ਤੇ ਕਾਂਗਰਸ ਵਲੋਂ ਬੀਰਦਵਿੰਦਰ ਬਰਖਾਸਤ



ਜੱਸੀ ਜਸਰਾਜ



ਬੀਰਦਵਿੰਦਰ ਸਿੰਘ

### ਉਮੀਦਵਾਰਾਂ ਦੇ ਐਲਾਨ ਵਿਚ 'ਆਪ' ਮਾਰੇਗੀ ਬਾਜ਼ੀ

**ਫ਼ਿਰੋਜ਼ਪੁਰ:** ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰਾਂ ਦੀ ਪਹਿਲੀ ਲਿਸਟ ਜੂਨ-ਜੁਲਾਈ ਮਹੀਨੇ ਵਿਚ ਜਾਰੀ ਹੋ ਜਾਵੇਗੀ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ ਤੇ ਇਸ ਵਾਰ ਸੂਬੇ ਵਿਚ ਸਰਕਾਰ ਆਮ ਆਦਮੀ ਪਾਰਟੀ ਦੀ ਬਣੇਗੀ।

# ਤਾਏ ਨੂੰ ਲੰਬੀ ਤੋਂ ਚੁਣੌਤੀ ਦੇਵੇਗਾ ਮਨਪ੍ਰੀਤ ਬਾਦਲ

**ਸੰਗਰੂਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਆਪਣੇ ਤਾਏ ਖਿਲਾਫ਼ ਚੋਣ ਲੜਨ ਦੀ ਕਾਂਗਰਸ ਨੇ ਹਾਮੀ ਭਰ ਦਿੱਤੀ ਹੈ। ਮਨਪ੍ਰੀਤ ਬਾਦਲ ਨੇ ਆਪਣੇ ਤਾਏ ਖਿਲਾਫ਼ ਚੋਣ ਦੀ ਇੱਛਾ ਪ੍ਰਗਟਾ ਕੇ ਸੂਬੇ ਦਾ ਸਿਆਸੀ ਪਾਰਾ ਵਧਾ ਦਿੱਤੀ ਸੀ। ਸੰਗਰੂਰ ਵਿਖੇ ਪਾਰਟੀ ਪ੍ਰੋਗਰਾਮ ਵਿਚ ਆਏ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਆਖਿਆ ਕਿ ਉਹ ਮਨਪ੍ਰੀਤ ਬਾਦਲ ਦੀ ਨਾ ਸਿਰਫ ਇੱਛਾ ਪੂਰੀ ਕਰਨਗੇ ਸਗੋਂ ਉਨ੍ਹਾਂ ਨੂੰ ਜਿਤਾਉਣ ਲਈ ਵੀ ਜ਼ੋਰ ਲਾਉਣਗੇ।

ਇਸ ਮੌਕੇ ਉਨ੍ਹਾਂ ਦੇ ਨਾਲ ਮਨਪ੍ਰੀਤ ਸਿੰਘ ਬਾਦਲ ਵੀ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੰਬੀ ਹਲਕੇ ਤੋਂ ਵਿਧਾਇਕ ਹਨ ਤੇ ਇਸੇ ਹਲਕੇ ਤੋਂ ਮਨਪ੍ਰੀਤ ਸਿੰਘ ਬਾਦਲ ਨੇ 2017 ਦੀ ਵਿਧਾਨ ਚੋਣ ਲੜਨ ਦੀ ਇੱਛਾ ਪ੍ਰਗਟਾਈ ਹੈ। ਮਨਪ੍ਰੀਤ ਸਿੰਘ ਬਾਦਲ ਤਾਏ ਖਿਲਾਫ ਚੋਣ ਲੜਨ ਨੂੰ ਆਪਣੇ ਲਈ ਖ਼ੁਸ਼ ਕਿਸਮਤ ਮੰਨ ਰਹੇ ਹਨ। ਮਨਪ੍ਰੀਤ ਬਾਦਲ ਦੀ ਇਸ ਸਾਹਸੀ ਇੱਛਾ ਨੂੰ ਰਾਜਨੀਤਕ ਮਾਹਿਰ ਕਾਫੀ ਗਹੁ ਨਾਲ ਦੇਖ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਖਾਸ ਰਣਨੀਤੀ ਤਹਿਤ ਹੀ ਮਨਪ੍ਰੀਤ ਬਾਦਲ ਨੇ ਆਪਣੇ ਤਾਏ ਖਿਲਾਫ ਚੋਣ ਲੜਨ ਦੀ ਇੱਛਾ ਪ੍ਰਗਟਾਈ ਹੈ। ਹੁਣ ਕੈਪਟਨ ਅਮਰਿੰਦਰ ਸਿੰਘ ਵੱਲੋਂ ਮਨਪ੍ਰੀਤ ਬਾਦਲ ਦੀ ਇੱਛਾ ਪੂਰੀ ਕਰਨ ਦੇ ਭਰੋਸੇ ਨਾਲ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਦੀ ਨੀਤੀ ਮੁੱਖ ਮੰਤਰੀ ਬਾਦਲ ਨੂੰ ਉਨ੍ਹਾਂ ਦੇ ਘਰ ਵਿਚ ਹੀ ਘੇਰਨ ਦੀ ਹੈ। ਹੁਣ ਤੱਕ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ ਨੂੰ ਘੇਰਨ ਲਈ ਕਾਂਗਰਸ ਮਹੇਸ਼ਇੰਦਰ ਬਾਦਲ ਦਾ ਸਹਾਰਾ ਲੈਂਦੀ ਸੀ। ਮਹੇਸ਼ਇੰਦਰ ਸਿੰਘ ਬਾਦਲ ਵੀ ਬਾਦਲ ਪਰਿਵਾਰ ਵਿਚੋਂ ਹੀ ਹੈ। ਇਹ ਪਹਿਲੀ ਵਾਰ ਹੈ ਕਿ ਆਪਣੀ ਉਮਰ ਦਾ ਅੰਤਿਮ ਚੋਣ ਲੜਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਦਾ ਭਤੀਜਾ ਹੀ ਚੁਣੌਤੀ ਦੇਵੇਗਾ।





### ਕਾਂਗਰਸ 'ਚ ਵੱਡੇ ਸਿਆਸੀ ਧਮਾਕੇ ਦੇ ਆਸਾਰ

**ਲੰਬੀ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਲੰਬੀ ਹਲਕੇ ਤੋਂ ਮਨਪ੍ਰੀਤ ਸਿੰਘ ਬਾਦਲ ਦੀ ਆਪਣੇ ਮੁੱਖ ਮੰਤਰੀ ਤਾਇਆ ਪ੍ਰਕਾਸ਼ ਸਿੰਘ ਬਾਦਲ ਸਾਹਮਣੇ ਚੋਣ ਲੜਨ ਦੀ ਇੱਛਾ ਪੂਰੀ ਕਰਨ ਦੇ ਐਲਾਨ ਨਾਲ ਲੰਬੀ ਹਲਕੇ ਵਿਚ ਵੱਡਾ ਸਿਆਸੀ ਧਮਾਕਾ ਹੋਣ ਦੇ ਆਸਾਰ ਬੱਝ ਗਏ ਹਨ। ਕੈਪਟਨ ਵੱਲੋਂ ਮਨਪ੍ਰੀਤ ਦੀ ਇੱਛਾ ਦੀ ਹਮਾਇਤ 'ਤੇ ਖੜ੍ਹਨ ਨਾਲ ਹਲਕੇ ਦੀਆਂ ਰਵਾਇਤੀ ਕਾਂਗਰਸੀ ਵਰਕਰ ਗੁੱਸੇ ਦੇ ਲਹਿਜੇ ਵਿਚ ਹਨ। ਅਜਿਹੇ ਬਦਲਵੇਂ ਹਾਲਾਤ ਵਿਚ ਲੰਬੀ ਹਲਕੇ ਅੰਦਰ ਆਮ ਆਦਮੀ ਪਾਰਟੀ ਦਾ ਪਲੜਾ ਭਾਰੀ ਹੋਣ ਦੇ ਆਸਾਰ ਬਣ ਸਕਦੇ ਹਨ ਅਤੇ ਆਜ਼ਾਦ ਚੋਣ ਨਿਸ਼ਾਨ 'ਰੇਲ ਇੰਜਣ' ਵੀ ਪੁਨਰ ਸੁਰਜੀਤ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਲੰਬੀ ਹਲਕੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਾਂਗਰਸ ਟਿਕਟ 'ਤੇ ਤਿੰਨ ਵਾਰ ਉਨ੍ਹਾਂ ਦੇ ਚਚੇਰੇ ਭਰਾ ਮਹੇਸ਼ਇੰਦਰ ਸਿੰਘ ਬਾਦਲ ਫਸਵੀਂ ਟੱਕਰ ਦੇ ਚੁੱਕੇ ਹਨ। ਲੰਬੀ ਹਲਕੇ 'ਚ ਮਹੇਸ਼ਇੰਦਰ ਬਾਦਲ-ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਦਾ ਧੜਾ ਮਜ਼ਬੂਤ ਆਧਾਰ ਰੱਖਦਾ ਹੈ ਅਤੇ ਅਕਾਲੀ ਸਰਕਾਰ ਦੇ 9 ਵਰ੍ਹਿਆਂ 'ਚ ਇਹ ਧੜੇ ਦੇ ਕਾਰਕੁਨ ਇਕਮੁੱਠ ਹੋ ਕੇ ਸੱਤਾ ਪੱਖ ਨਾਲ ਜੂਝਦੇ ਆ ਰਹੇ ਹਨ।

# ਭਾਰਤੀ ਵਿਦਿਆਰਥੀਆਂ ਖਿਲਾਫ ਕਾਰਵਾਈ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਵੱਲੋਂ ਪਿਛਲੇ ਦਿਨੀਂ ਸਟਿੰਗ ਅਪਰੇਸ਼ਨ ਦੌਰਾਨ ਕਾਬੂ ਆਏ ਉਨ੍ਹਾਂ 300 ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਜੋ ਤੁਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਥਿਤ ਗੈਰਕਾਨੂੰਨੀ ਢੰਗ ਤਰੀਕੇ ਨਾਲ ਵਧਾਉਣ ਦੇ ਯਤਨ ਵਿਚ ਸਨ।

ਸਰਕਾਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਭਾਰਤੀ ਵਿਦਿਆਰਥੀ ਭਾਵੇਂ ਜਾਇਜ਼ ਵੀਜ਼ੇ 'ਤੇ ਅਮਰੀਕਾ ਆਏ ਸੀ, ਪਰ ਆਪਣੀ ਠਹਿਰ ਦੌਰਾਨ ਉਨ੍ਹਾਂ ਵੀਜ਼ੇ ਦੀ ਮਿਆਦ ਵਧਾਉਣ ਲਈ ਗੈਰਕਾਨੂੰਨੀ ਰਾਹ ਅਖ਼ਤਿਆਰ ਕੀਤਾ। ਸਟੇਟ ਡਿਪਾਰਟਮੈਂਟ ਦੇ ਉਪ ਬੁਲਾਰੇ ਮਾਰਕ ਟੋਨਰ ਨੇ ਕਿਹਾ ਕਿ ਹੋਮਲੈਂਡ ਸਕਿਓਰਿਟੀ ਤੇ ਇਮੀਗਰੇਸ਼ਨ ਤੇ ਕਸਟਮ ਐਨਫੋਰਸਮੈਂਟ ਵੱਲੋਂ ਕੀਤੇ ਗਏ ਸਟਿੰਗ ਅਪਰੇਸ਼ਨ ਦੌਰਾਨ 306 ਵਿਦਿਆਰਥੀਆਂ ਨੂੰ ਨਾਜਾਇਜ਼ ਤਰੀਕੇ ਨਾਲ ਆਪਣੇ ਵਿਦਿਆਰਥੀ ਵੀਜ਼ੇ ਦੀ ਮਿਆਦ ਵਧਾਉਣ ਲਈ ਗੱਲਬਾਤ ਕਰਦਿਆਂ ਵਿਖਾਇਆ ਗਿਆ ਸੀ। ਸਟਿੰਗ ਅਪਰੇਸ਼ਨ ਦੇ ਆਧਾਰ 'ਤੇ 21 ਬ੍ਰੋਕਰਾਂ ਤੇ ਵਿਚੋਲੀਆਂ ਸਮੇਤ ਭਾਰਤੀ ਮੂਲ ਦੇ 11 ਵਿਅਕਤੀਆਂ ਨੂੰ ਪਿਛਲੇ ਹਫ਼ਤੇ ਕਾਬੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਟਿੰਗ ਅਪਰੇਸ਼ਨ ਦੇ ਆਧਾਰ 'ਤੇ ਕਾਬੂ ਕੀਤੇ ਸਿਰਫ਼ ਉਨ੍ਹਾਂ ਭਾਰਤੀ ਵਿਦਿਆਰਥੀਆਂ ਤੋਂ ਹੀ ਪੁੱਛ ਪੜਤਾਲ ਕੀਤੀ ਜਾਵੇਗੀ ਜੋ ਅਸਲ ਵਿਚ ਗੈਰਕਾਨੂੰਨੀ ਵੀਜ਼ਾ ਰੈਕੇਟ (ਫਰਜ਼ੀ ਯੂਨੀਵਰਸਿਟੀਆਂ) ਦੇ ਸੰਪਰਕ ਵਿਚ ਸਨ। ਇਮਾਨਦਾਰ ਵਿਦਿਆਰਥੀਆਂ ਦਾ ਵਾਲ ਵੀ ਵਿੰਗਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀ ਵੀਜ਼ੇ 'ਤੇ ਆਉਣ ਵਾਲਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਕੰਮ ਕਰਨ ਦੀ ਵੀ ਖੁੱਲ੍ਹ ਹੈ।

### ਭਾਰਤ ਤੇ ਅਮਰੀਕਾ ਫ਼ੌਜੀ ਸਹੂਲਤਾਂ ਵਰਤਣ ਲਈ ਰਾਜ਼ੀ

**ਨਵੀਂ ਦਿੱਲੀ:** ਭਾਰਤ ਅਤੇ ਅਮਰੀਕਾ ਨੇ ਦੋਵੇਂ ਮੁਲਕਾਂ ਦੀਆਂ ਫ਼ੌਜਾਂ ਵੱਲੋਂ ਇਕ-ਦੂਜੇ ਦੀਆਂ ਸਹੂਲਤਾਂ ਵਰਤਣ ਸਬੰਧੀ ਸਮਝੌਤੇ ਨੂੰ ਅਸੂਲੀ ਤੌਰ 'ਤੇ ਮਨਜ਼ੂਰੀ ਦੇਣ ਦਾ ਐਲਾਨ ਕੀਤਾ ਹੈ। ਇਸ ਨਾਲ ਦੋਵੇਂ ਫ਼ੌਜਾਂ ਮੁਰੰਮਤ ਤੇ ਸਪਲਾਈ ਦੇ ਮਕਸਦ ਨਾਲ ਇਕ-ਦੂਜੇ ਦੇ ਫ਼ੌਜੀ ਟਿਕਾਣਿਆਂ ਦਾ ਇਸਤੇਮਾਲ ਕਰ ਸਕਣਗੀਆਂ।

ਇਹ ਐਲਾਨ ਭਾਰਤ ਦੇ ਰੱਖਿਆ ਮੰਤਰੀ ਮਨੋਹਰ ਪਰੀਕਰ ਦੀ ਇਥੇ ਆਪਣੇ ਅਮਰੀਕੀ ਹਮਰੁਤਬਾ ਐਸ਼ਟਨ ਕਾਰਟਰ ਨਾਲ ਹੋਈ ਗੱਲਬਾਤ ਤੋਂ ਬਾਅਦ ਕੀਤਾ ਗਿਆ। ਅਮਰੀਕਾ ਨੇ ਭਾਰਤ ਦੇ 'ਮੇਕ ਇਨ ਇੰਡੀਆ' ਪ੍ਰੋਗਰਾਮ ਨੂੰ ਫ਼ੌਜ ਵਿਚ ਹੁਲਾਰਾ ਦਿੰਦਿਆਂ ਭਾਰਤ ਨੂੰ ਹਵਾਈ ਜਹਾਜ਼ ਲਿਜਾਣ ਵਾਲੇ ਸਮੁੰਦਰੀ ਜਹਾਜ਼ ਬਣਾਉਣ ਸਬੰਧੀ ਤਕਨਾਲੋਜੀ ਦੇਣ ਦਾ ਲਈ ਵੀ ਹਾਮੀ ਭਰੀ ਹੈ।

# ਪੰਜਾਬ ਸਰਕਾਰ ਦੀ ਨਾਲਾਇਕੀ ਨੇ ਖੂੰਜੇ ਲਾਈ ਪੀ.ਆਰ.ਟੀ.ਸੀ.

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸਬਸਿਡੀ ਨਾ ਦੇਣ ਕਰ ਕੇ ਪੀ.ਆਰ.ਟੀ.ਸੀ. ਨੂੰ ਤਕਰੀਬਨ ਪੌਣੇ ਦੋ ਸੌ ਕਰੋੜ ਰੁਪਏ ਦੇ ਭਾਰ ਨੇ ਦੱਬ ਲਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦਾ ਵੀ ਕੋਈ ਅਸਰ ਰਾਜ ਸਰਕਾਰ 'ਤੇ ਨਹੀਂ ਹੋਇਆ ਹੈ। ਪੀ.ਆਰ.ਟੀ.ਸੀ. ਨੂੰ ਬਿਨਾਂ ਸਬਸਿਡੀ ਵਾਲੀ ਰਾਸ਼ੀ ਮਿਲਣ ਤੋਂ ਕਰੋੜਾਂ ਰੁਪਏ ਦੀ ਦੇਣਦਾਰੀ ਤਾਰਨੀ ਮੁਸ਼ਕਲ ਹੋ ਗਈ ਹੈ। ਪੀ.ਆਰ.ਟੀ.ਸੀ. ਨੇ 172.88 ਕਰੋੜ ਰੁਪਏ ਦੇ ਬਕਾਏ ਅਤੇ ਹੋਰ ਦੇਣਦਾਰੀਆਂ ਦੇਣੀਆਂ ਹਨ। ਵੱਡਾ ਬਕਾਇਆ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦਾ ਹੈ। ਪੰਜਾਬ ਸਰਕਾਰ ਤੋਂ ਪੀ.ਆਰ.ਟੀ.ਸੀ. ਨੇ 89.86 ਕਰੋੜ ਦੀ ਸਬਸਿਡੀ ਲੈਣੀ ਹੈ, ਪਰ ਸਰਕਾਰ ਪਿਛਲੇ ਇਕ ਵਰ੍ਹੇ ਤੋਂ ਇਹ ਰਾਸ਼ੀ ਨਹੀਂ ਦੇ ਰਹੀ ਹੈ। ਪੀ.ਆਰ.ਟੀ.ਸੀ. ਸਿਰ ਤਕਰੀਬਨ 45 ਕਰੋੜ ਰੁਪਏ ਦਾ ਬੈਂਕਾਂ ਦਾ ਕਰਜ਼ਾ ਸਿਰ ਖੜ੍ਹਾ ਹੈ।

ਆਰ.ਟੀ.ਆਈ. ਤਹਿਤ ਦਿੱਤੀ ਸੂਚਨਾ ਅਨੁਸਾਰ ਪੀ.ਆਰ.ਟੀ.ਸੀ. ਵੱਲੋਂ ਕਿਲੋਮੀਟਰ ਸਕੀਮ ਵਾਲੀਆਂ ਬੱਸਾਂ ਦੇ ਅਪਰੇਟਰਾਂ ਨੂੰ ਸੱਤ ਕਰੋੜ ਦੇ ਬਕਾਏ ਤਾਰਨੇ ਵੀ ਔਖੇ ਹੋਏ ਪਏ ਹਨ। ਕਾਰਪੋਰੇਸ਼ਨ ਦੀਆਂ ਬੱਸਾਂ ਦੇ ਹਾਦਸਿਆਂ ਕਾਰਨ ਹੋਈ ਜਾਨੀ ਮਾਲੀ ਨੁਕਸਾਨ ਦੇ ਬਦਲੇ ਵਿਚ ਪੀੜਤ ਧਿਰਾਂ ਨੂੰ ਸੱਤ ਕਰੋੜ ਦਿੱਤਾ ਜਾਣਾ ਸੀ ਜੋ ਪੈਸਾ ਨਾ ਹੋਣ ਕਰ ਕੇ ਦਿੱਤਾ ਨਹੀਂ ਜਾ ਸਕਿਆ ਹੈ

ਪੀ.ਆਰ.ਟੀ.ਸੀ. ਵੱਲੋਂ ਆਪਣੀਆਂ ਬੱਸਾਂ ਦਾ ਬੀਮਾ ਨਹੀਂ ਕਰਾਇਆ ਗਿਆ ਹੈ, ਜਿਸ ਕਰ ਕੇ ਹਾਦਸੇ ਹੋਣ ਦੀ ਸੂਰਤ ਵਿਚ ਕਾਰਪੋਰੇਸ਼ਨ ਨੂੰ ਆਪਣੇ ਖ਼ਜ਼ਾਨੇ ਵਿਚੋਂ ਕਲੇਮ ਦੇਣਾ ਪੈਂਦਾ ਹੈ। ਪੀ.ਆਰ.ਟੀ.ਸੀ. ਦੇ ਤਕਰੀਬਨ 3500 ਮੁਲਾਜ਼ਮ ਹਨ ਜਿਨ੍ਹਾਂ ਵਿਚੋਂ 1200 ਦੇ ਕਰੀਬ ਮੁਲਾਜ਼ਮ ਰੈਗੂਲਰ ਹਨ। ਪੈਨਸ਼ਨਰਾਂ ਨੂੰ ਚਾਰ ਵਰ੍ਹਿਆਂ ਤੋਂ ਗਰੈਚੂਟੀ ਨਹੀਂ ਮਿਲੀ ਹੈ ਜਦੋਂ ਕਿ ਦੋ ਵਰ੍ਹਿਆਂ ਤੋਂ ਜੀ.ਪੀ.ਐਫ. ਨਹੀਂ ਦਿੱਤਾ ਗਿਆ ਹੈ।

ਕਾਰਪੋਰੇਸ਼ਨ ਦੇ ਡਰਾਈਵਰਾਂ ਕੰਡਕਟਰਾਂ ਦੇ ਓਵਰ ਟਾਈਮ ਦੇ 3.81 ਕਰੋੜ ਦੇ ਬਕਾਏ ਵੀ ਸਿਰ ਖੜ੍ਹੇ ਹਨ। ਹੁਣ ਤਾਂ ਠੇਕੇ ਵਾਲੇ ਮੁਲਾਜ਼ਮ ਹੋਣ ਕਰਕੇ ਓਵਰ ਟਾਈਮ ਬੰਦ ਵਰਗਾ ਹੀ ਹੈ। ਇਸੇ ਤਰ੍ਹਾਂ ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਦੇ 1.15 ਕਰੋੜ ਦੇ ਬਕਾਏ ਵੀ ਕਾਰਪੋਰੇਸ਼ਨ ਤਾਰ ਨਹੀਂ ਸਕੀ ਹੈ। ਗਰੈਚੂਟੀ ਜੀ.ਪੀ.ਐਫ. ਦੇ ਤਕਰੀਬਨ 28.65 ਕਰੋੜ ਦੀ ਦੇਣਦਾਰੀ ਵੀ ਕਾਰਪੋਰੇਸ਼ਨ ਸਿਰ ਹੈ। ਸੋਧੇ ਪੈਨਸ਼ਨ ਅਤੇ ਪੇ ਸਕੇਲ ਦੇ 18.51 ਕਰੋੜ ਦੇ ਬਕਾਏ ਵੀ ਮੁਲਾਜ਼ਮ ਉਡੀਕ ਰਹੇ ਹਨ। ਕਾਰਪੋਰੇਸ਼ਨ ਤਾਂ 1.23 ਕਰੋੜ ਦੀ ਆਡਿਟ ਫੀਸ ਵੀ ਨਹੀਂ ਤਾਰ ਸਕੀ ਹੈ। ਕਾਰਪੋਰੇਸ਼ਨ ਖੁਦ ਬੇਵੱਸ ਹੈ ਕਿਉਂਕਿ ਸਰਕਾਰ ਤਰਫੋਂ ਸਬਸਿਡੀ ਜਾਰੀ ਨਹੀਂ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਡੇਢ ਦਰਜਨ ਤਰ੍ਹਾਂ ਦੀਆਂ ਕੈਟਾਗਿਰੀਆਂ ਤਹਿਤ ਬੱਸ ਕਿਰਾਏ ਵਿਚ ਯਾਤਰੀਆਂ ਨੂੰ ਛੋਟ ਜਾਂ ਮੁਫ਼ਤ ਬੱਸ ਸਫਰ ਦੀ ਸੁਵਿਧਾ ਦਿੱਤੀ ਹੋਈ ਹੈ। ਪੀ.ਆਰ.ਟੀ.ਸੀ. ਵੱਲੋਂ ਇਨ੍ਹਾਂ ਰਿਆਇਤਾਂ ਦੇ ਬਦਲੇ ਸਰਕਾਰ ਕੋਲ ਬਿੱਲ ਜਮ੍ਹਾਂ ਕਰਾਏ ਜਾਂਦੇ ਹਨ ਅਤੇ ਸਰਕਾਰ ਇਸ ਦੀ ਅਦਾਇਗੀ ਕਰਦੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਸਨ ਕਿ ਪੰਜਾਬ ਸਰਕਾਰ ਹਰ ਚਾਰ ਮਹੀਨੇ ਵਿਚ ਸਬਸਿਡੀ ਬਦਲੇ ਤਕਰੀਬਨ 20 ਕਰੋੜ ਦੀ ਅਦਾਇਗੀ ਕਾਰਪੋਰੇਸ਼ਨ ਨੂੰ ਕਰੇ। ਸਰਕਾਰ ਇਕ ਵਰ੍ਹੇ ਤੋਂ ਅਦਾਇਗੀ ਨਹੀਂ ਕਰ ਰਹੀ ਹੈ। ਪੀ.ਆਰ.ਟੀ.ਸੀ. ਦੇ ਚੇਅਰਮੈਨ ਅਵਤਾਰ ਸਿੰਘ ਬਰਾੜ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਸਬਸਿਡੀ ਵਾਲੀ ਰਾਸ਼ੀ ਮਿਲਣ ਮਗਰੋਂ ਕਾਫੀ ਬਕਾਏ ਕਲੀਅਰ ਹੋ ਜਾਣੇ ਹਨ। ਸਰਕਾਰ ਤੋਂ ਤਕਰੀਬਨ 40 ਕਰੋੜ ਦੀ ਸਬਸਿਡੀ ਕੁਝ ਦਿਨਾਂ ਵਿਚ ਮਿਲਣ ਦੀ ਉਮੀਦ ਹੈ।



# ਮੂਰਥਲ ਕਾਂਡ ਬਾਰੇ ਹਰਿਆਣਾ ਪੁਲਿਸ ਦਾ ਯੂ-ਟਰਨ

**ਚੰਡੀਗੜ੍ਹ:** ਹਰਿਆਣਾ ਪੁਲਿਸ ਨੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਯੂ-ਟਰਨ ਲੈਂਦਿਆਂ ਮੂਰਥਲ ਕਾਂਡ 'ਚ ਦਰਜ ਐਫ.ਆਈ.ਆਰ. 'ਚ ਸਮੂਹਿਕ ਬਲਾਤਕਾਰ ਦੀ ਧਾਰਾ ਵੀ ਜੋੜ ਦਿੱਤੀ ਹੈ। ਵਿਸ਼ੇਸ਼ ਜਾਂਚ ਟੀਮ ਦੇ ਇਕ ਵਿਦਿਆਰਥਣ ਅਤੇ ਐਨ.ਆਰ.ਆਈ. ਮਹਿਲਾ ਵੱਲੋਂ ਲਿਖੇ ਗਏ ਪੱਤਰਾਂ ਦਾ ਨੋਟਿਸ ਲੈਣ ਮਗਰੋਂ ਆਈ.ਪੀ.ਸੀ. ਦੀ ਧਾਰਾ 376-ਡੀ ਜੋੜੀ ਗਈ ਹੈ। ਇਹ ਕਦਮ ਅਹਿਮ ਹੈ ਕਿਉਂਕਿ ਹਰਿਆਣਾ ਪੁਲਿਸ ਜਾਟ ਰਾਖਵੇਂਕਰਨ ਅੰਦੋਲਨ ਦੌਰਾਨ ਬਲਾਤਕਾਰ ਹੋਣ ਦੀਆਂ ਘਟਨਾਵਾਂ ਤੋਂ ਮੁਕਰਦੀ ਰਹੀ ਹੈ। ਅੰਗਰੇਜ਼ੀ ਅਖਬਾਰ 'ਟ੍ਰਿਬਿਊਨ' ਨੇ ਜਾਟ ਅੰਦੋਲਨ ਦੌਰਾਨ ਮਹਿਲਾਵਾਂ ਦੀ ਪੱਤ ਲੁੱਟੇ ਜਾਣ ਦਾ ਮਾਮਲਾ ਉਜਾਗਰ ਕੀਤਾ ਸੀ।

ਕੇਸ ਦੀ ਸੁਣਵਾਈ ਦੌਰਾਨ ਵਿਸ਼ੇਸ਼ ਜਾਂਚ ਟੀਮ ਦੀ ਮੁਖੀ ਅਤੇ ਆਈ.ਜੀ. ਮਮਤਾ ਸਿੰਘ ਨੇ ਅਦਾਲਤ 'ਚ ਸਟੇਟਸ ਰਿਪੋਰਟ ਪੇਸ਼ ਕੀਤੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਫਰੀਦਾਬਾਦ ਦੇ ਪੁਲਿਸ ਕਮਿਸ਼ਨਰ ਨੇ ਵਿਦਿਆਰਥਣ ਅਤੇ ਇਕ ਨਿਊਜ਼ ਚੈਨਲ ਨੇ ਐਨ.ਆਰ.ਆਈ. ਮਹਿਲਾ ਦਾ ਪੱਤਰ ਉਨ੍ਹਾਂ ਨੂੰ ਸੌਂਪਿਆ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਪੱਤਰਾਂ ਦੀ ਤਹਿਕੀਕਾਤ ਕੀਤੀ ਜਾਏਗੀ। ਆਈ.ਜੀ. ਮੁਤਾਬਕ ਅੰਤਮ ਵਰ੍ਹੇ ਦੀ ਵਿਦਿਆਰਥਣ ਨੂੰ ਉਸ ਦਾ ਪਿਤਾ ਲੈਣ ਲਈ ਆਇਆ ਸੀ ਤਾਂ ਇਹ ਕਾਰਾ ਹੋਇਆ ਜਦਕਿ ਐਨ.ਆਰ.ਆਈ. ਮਹਿਲਾ ਆਸਟਰੇਲੀਆ ਤੋਂ ਹਵਾਈ ਅੱਡੇ 'ਤੇ ਪੁੱਜੀ ਸੀ ਅਤੇ ਮੂਰਥਲ ਨੇੜੇ ਕੌਮੀ ਰਾਜਮਾਰਗ ਤੋਂ ਗੁਜ਼ਰ ਰਹੀ ਸੀ ਜਦੋਂ ਉਸ ਨਾਲ ਜਬਰ-ਜਨਾਹ ਕੀਤਾ ਗਿਆ।

ਅਦਾਲਤ ਵੱਲੋਂ ਕੇਸ 'ਚ ਸਹਾਇਤਾ ਲਈ ਨਿਯੁਕਤ ਕੀਤੇ ਗਏ ਵਕੀਲ ਅਨੁਪਮ ਗੁਪਤਾ ਨੇ ਹਰਿਆਣਾ ਸਰਕਾਰ ਦੀ ਲਾਹ-ਪਾਹ ਕਰਦਿਆਂ ਪੱਤਰਾਂ ਨੂੰ ਬੈਂਚ ਮੂਹਰੇ ਰੱਖਣ ਲਈ ਕਿਹਾ। ਸੂਬੇ ਵੱਲੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਮਾਮਲੇ ਦੀ ਵੀਡੀਓ ਅਤੇ ਆਡੀਓ ਰਿਕਾਰਡਿੰਗ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਇਸ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕੈਮਰੇ ਦੀ ਨਿਗਰਾਨੀ ਹੇਠ ਅਦਾਲਤ 'ਚ ਇਹ ਟੇਪਾਂ ਦਿਖਾਉਣ ਦੀ ਗੱਲ ਆਖੀ ਪਰ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪਣ ਤੋਂ ਕੋਰੀ ਨਾਂਹ ਕਰ ਦਿੱਤੀ। ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 4 ਮਈ ਲਈ ਨਿਰਧਾਰਿਤ ਕਰਦਿਆਂ ਵਿਸ਼ੇਸ਼ ਜਾਂਚ ਟੀਮ ਨੂੰ ਜਾਂਚ ਬਾਰੇ ਪ੍ਰਗਤੀ ਰਿਪੋਰਟ ਸੌਂਪਣ ਲਈ ਕਿਹਾ ਹੈ।

# ਰਜਨੀਕਾਂਤ, ਸਾਨੀਆ ਤੇ ਪ੍ਰਿਯੰਕਾ ਚੋਪੜਾ ਨੂੰ ਮਿਲੇ ਪਦਮ ਪੁਰਸਕਾਰ

**ਨਵੀਂ ਦਿੱਲੀ:** ਸੁਪਰ ਸਟਾਰ ਰਜਨੀਕਾਂਤ, ਟੈਨਿਸ ਸਟਾਰ ਸਾਨੀਆ ਮਿਰਜ਼ਾ, ਅਮਰੀਕਾ ਦੇ ਸਾਬਕਾ ਰਾਜਦੂਤ ਰਾਬਰਟ ਡੀ. ਬਲੈਕਵਿਲ ਅਤੇ ਅਦਾਕਾਰਾ ਪ੍ਰਿਯੰਕਾ ਚੋਪੜਾ ਉਨ੍ਹਾਂ 56 ਹਸਤੀਆਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਡੀਆਰਡੀਓ ਦੇ ਸਾਬਕਾ ਪ੍ਰਮੁੱਖ ਵੀਕੇ ਅਤਰੇ, ਤੇਲਗੂ ਦੈਨਿਕ ਇਨਾਇਡੂ ਦੇ ਮੁੱਖ ਸੰਪਾਦਕ ਰਾਮਾਜੀਰਾਓ, ਸਿੱਖਿਆ ਸ਼ਾਸਤਰੀ ਇੰਦੂ ਜੈਨ, ਮਸ਼ਹੂਰ ਵਕੀਲ ਉਜਵਲ ਨਿਕਮ, ਮਾਰੂਤੀ ਸੁਜ਼ੂਕੀ ਇੰਡੀਆ ਦੇ ਪ੍ਰਧਾਨ ਆਰਸੀ ਭਾਰਗਵ ਤੇ ਗਾਇਕ ਉਦਿਤ ਨਰਾਇਣ ਵੀ ਇਥੇ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੋਂ ਪਦਮ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚ ਸ਼ਾਮਲ ਸਨ।

ਰਜਨੀਕਾਂਤ, ਅਤਰੇ, ਰਾਓ, ਮਸ਼ਹੂਰ ਸ਼ਾਸਤਰੀ ਗਾਇਕਾ ਗਿਰਿਜਾ ਦੇਵੀ, ਕੈਂਸਰ ਇੰਸਟੀਚਿਊਟ ਚੇਨੱਈ ਦੇ ਪ੍ਰਧਾਨ ਵੀ. ਸ਼ਾਂਤਾ ਨੂੰ ਪਦਮ ਵਿਭੂਸ਼ਨ ਦਿੱਤਾ ਗਿਆ। ਭਾਰਗਵ, ਜੈਨ, ਬਲੈਕਵਿਲ, ਸਾਨੀਆ ਮਿਰਜ਼ਾ, ਉਦਿਤ ਨਰਾਇਣ, ਮਨੀਪੁਰੀ ਪਟਕਥਾ ਲੇਖਕ ਹੀਸਨਾਮ ਕਨ੍ਹੱਈਆ ਲਾਲ, ਮਸ਼ਹੂਰ ਤੇਲਗੂ ਅਤੇ ਹਿੰਦੀ ਸਾਹਿਤਕਾਰ ਵਾਈ. ਲਕਸ਼ਮੀ ਪ੍ਰਸਾਦ, ਵੇਦਾਂਤ ਦੇ ਅਧਿਆਪਕ ਦਇਆਨੰਦ ਸਰਸਵਤੀ (ਮਰਨ ਉਪਰੰਤ), ਮੂਰਤੀਕਾਰ ਰਾਮਵਾਨੀ ਸੁਤਾਰ, ਇੰਡੋਲੋਜਿਸਟ ਐਨਐਸ ਰਾਮਾਨੁਜ ਤਾਤਾਚਾਰੀਆ ਅਤੇ ਚਿਨਮਇਆ ਮਿਸ਼ਨ ਦੇ ਕੌਮਾਂਤਰੀ ਪ੍ਰਮੁੱਖ ਸਵਾਮੀ ਤੇਜੋਮਯਾਨੰਦ ਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿਯੰਕਾ ਚੋਪੜਾ, ਨਿਕਮ, ਐਡੀਟਰਜ਼ ਗਿਲਡ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਨਾਥ ਬੇਜਬੋਰਾ, ਕਰਨਾਟਕ ਦੇ ਮਸ਼ਹੂਰ ਨਾਵਲਕਾਰ ਐਸ.ਐਲ. ਭਾਇਰੱਪਾ, ਪੁਡੂਚੇਰੀ ਦੇ ਸਮਾਜ ਸਵੇਕ ਮੈਡਲਿਨ ਹਰਮਨ ਡੀ. ਬਿਲਕ, ਬੋਡੋ ਸਾਹਿਤ ਸਭਾ ਦੇ ਪ੍ਰਧਾਨ ਕਾਮੇਸ਼ਵਰ ਬ੍ਰਹਮਾ ਉਨ੍ਹਾਂ 40 ਹਸਤੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਪਦਮਸ੍ਰੀ ਨਾਲ ਨਿਵਾਜਿਆ ਗਿਆ ਹੈ।



ਰਜਨੀਕਾਂਤ

# ਜਗਮੀਤ ਬਰਾੜ ਨੂੰ ਕਾਂਗਰਸ ਵਿਚੋਂ ਕੱਢਿਆ

**ਚੰਡੀਗੜ੍ਹ (ਬਿਊਰੋ):** ਕਾਂਗਰਸ ਹਾਈ ਕਮਾਂਡ ਨੇ ਤਲਵੰਡੀ ਸਾਬੋ ਦੀ ਵਿਸਾਖੀ ਰੈਲੀ ਤੋਂ ਪਹਿਲਾਂ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਦੋ ਵਾਰ ਲੋਕ ਸਭਾ ਮੈਂਬਰ ਰਹੇ ਜਗਮੀਤ ਸਿੰਘ ਬਰਾੜ ਨੂੰ ਪਾਰਟੀ ਵਿਚੋਂ ਬਾਹਰ ਕਰ ਦਿੱਤਾ ਹੈ।

ਹਾਈ ਕਮਾਂਡ ਦਾ ਕਹਿਣਾ ਹੈ ਕਿ ਬਰਾੜ ਪਾਰਟੀ ਵਿਰੋਧੀ ਬਿਆਨਬਾਜ਼ੀ ਨਾ ਕਰਨ ਦੇ ਵਾਰ ਵਾਰ ਵਾਅਦੇ ਕਰਕੇ ਪਿੱਛੇ ਹਟਦੇ ਰਹੇ ਅਤੇ ਅਖ਼ੀਰ ਪਾਰਟੀ ਨੂੰ ਸਖ਼ਤ ਕਦਮ ਚੁੱਕਣਾ ਪਿਆ। ਕੁਝ ਦਿਨ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਸੀਨੀਅਰ ਆਗੂ ਬੀਰਦਵਿੰਦਰ ਸਿੰਘ ਨੂੰ ਛੇ ਸਾਲ ਲਈ ਬਰਖ਼ਾਸਤ ਕਰ ਦਿੱਤਾ ਸੀ। ਪੰਜਾਬ ਵਿਚ ਅਗਲੇ ਸਾਲ ਫਰਵਰੀ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਕਾਂਗਰਸ ਦਸ ਸਾਲਾਂ ਤੋਂ ਸੂਬੇ 'ਚ ਸੱਤਾ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ। ਉਹ ਬਾਗੀਆਂ ਕਾਰਨ ਇਹ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੀ।



*ਜਗਮੀਤ ਬਰਾੜ*

ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਨੇ ਜਗਮੀਤ ਬਰਾੜ ਨੂੰ ਬਰਖਾਸਤੀ ਦੀ ਜਾਣਕਾਰੀ ਦੇਣ ਲਈ ਭੇਜੇ ਪੱਤਰ ਵਿਚ ਕਿਹਾ ਹੈ ਕਿ ਉਹ ਆਪਣੇ ਵਾਅਦੇ ਕਿ ਪਾਰਟੀ ਦੇ ਮਾਮਲਿਆਂ ਨੂੰ ਜਨਤਕ ਤੌਰ 'ਤੇ ਨਹੀਂ ਉਭਾਰਨਗੇ ਅਤੇ ਪਾਰਟੀ ਹਾਈ ਕਮਾਂਡ ਦੀ ਸਲਾਹ ਦੇ ਉਲਟ ਨਹੀਂ ਜਾਣਗੇ, ਉਤੇ ਖਰੇ ਨਹੀਂ ਉੱਤਰੇ ਜਿਸ ਕਰ ਕੇ ਪਾਰਟੀ ਨੂੰ ਕਾਰਵਾਈ ਕਰਨੀ ਪਈ ਹੈ।

ਜਗਮੀਤ ਬਰਾੜ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੇ ਜਾਣ ਖ਼ਿਲਾਫ਼ ਸਨ ਅਤੇ ਉਹ ਆਪਣੀ ਭੜਾਸ ਕੱਢਦੇ ਆ ਰਹੇ ਸਨ। ਮਾਘੀ ਮੇਲੇ ਮੌਕੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਗਈ ਕਾਨਫਰੰਸ ਦੀ ਤਾਰੀਫ਼ ਕਰਦਿਆਂ ਬਰਾੜ ਨੇ ਕਿਹਾ ਸੀ ਕਿ ਮੁਕਤਸਰ ਵਿਚ ਐਨਾ ਵੱਡਾ ਇਕੱਠ ਅੱਜ ਤੱਕ ਕਿਸੇ ਹੋਰ ਧਿਰ ਨੇ ਨਹੀਂ ਕੀਤਾ। 'ਆਪ' ਦੀ ਤਾਰੀਫ ਦੇ ਪੁਲ ਬੰਨ੍ਹਣ ਤੋਂ ਪੰਜਾਬ ਦੀ ਕਾਂਗਰਸੀ ਲੀਡਰਸ਼ਿਪ ਉਨ੍ਹਾਂ ਖ਼ਿਲਾਫ਼ ਸੀ।

ਇਸੇ ਦੌਰਾਨ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ 40 ਸਾਲ ਪਾਰਟੀ ਦੀ ਸੇਵਾ ਕੀਤੀ ਸੀ ਅਤੇ ਪਾਰਟੀ ਵਿਚੋਂ ਕੱਢਣ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਸੁਣਿਆ ਜਾਣਾ ਚਾਹੀਦਾ ਸੀ।

## ਪਰਵਾਸੀ ਭਾਰਤੀਆਂ ਦਾ ਝੁਕਾਅ ਡੈਮੋਕਰੈਟਾਂ ਵੱਲ

**ਵਾਸ਼ਿੰਗਟਨ:** ਅਮਰੀਕਾ ਵਿਚ 9/11 ਬਾਅਦ ਰਿਪਬਲਿਕਨ ਪਾਰਟੀ ਵੱਲੋਂ ਅਖ਼ਤਿਆਰ ਕੀਤੇ ਪਰਵਾਸੀ ਵਿਰੋਧੀ ਰੁਖ਼ ਨੇ ਭਾਰਤੀ-ਅਮਰੀਕੀ ਲੋਕਾਂ ਦਾ ਝੁਕਾਅ ਡੈਮੋਕਰੈਟਾਂ ਵੱਲ ਵਧਾ ਦਿੱਤਾ ਹੈ। ਚੋਣ ਰੁਝਾਨਾਂ ਉਤੇ ਲਿਖੀ ਨਵੀਂ ਕਿਤਾਬ ਦੇ ਲੇਖਕ ਨੇ ਇਹ ਦਾਅਵਾ ਕੀਤਾ ਹੈ। ਲੇਖਕ ਵੱਲੋਂ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀ ਪ੍ਰਾਇਮਰੀ ਚੋਣ ਹੁਣ ਉਨ੍ਹਾਂ ਸ਼ਹਿਰਾਂ ਵਿਚ ਹੋਣੀ ਹਨ, ਜਿਥੇ ਇਸ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿਚ ਹਨ।

'ਦੇਸੀਜ਼ ਡਿਵਾਈਡਡ: ਦਿ ਪੁਲਿਟੀਕਲ ਲਾਈਵਜ਼ ਆਫ ਸਾਊਥ ਏਸ਼ੀਅਨ ਅਮੈਰੀਕਨਜ਼' ਨਾਂ ਦੀ ਪੁਸਤਕ ਦੇ ਲੇਖਕ ਐਸ.ਕੇ. ਮਿਸ਼ਰਾ ਨੇ ਇਕ ਹਾਲੀਆ ਇੰਟਰਵਿਊ ਵਿਚ ਕਿਹਾ ਕਿ ਭਾਰਤੀ-ਅਮਰੀਕੀ ਡੈਮੋਕਰੈਟਿਕ ਪਾਰਟੀ ਦੇ ਵੱਡੇ ਸਮਰਥਕ ਹਨ। ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਉਮੀਦਵਾਰੀ ਦੇ ਦਾਅਵੇਦਾਰ ਪ੍ਰਾਇਮਰੀ ਚੋਣ ਵਿਚ ਇਕ ਇਕ ਡੈਲੀਗੇਟ ਹਾਸਲ ਕਰਨ ਲਈ ਹੱਥ ਪੈਰ ਮਾਰ ਰਹੇ ਹਨ। ਨਿਊ ਯਾਰਕ, ਨਿਊ ਜਰਸੀ, ਮੇਰੀਲੈਂਡ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਵਿਚ ਭਾਰਤੀ-ਅਮਰੀਕੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿਚ ਮੌਜੂਦ ਹਨ। ਅਜਿਹੇ ਵਿਚ ਇਹ ਲੋਕ ਮੌਜੂਦਾ ਸਮੀਕਰਨਾਂ ਵਿਚ ਕਿਸੇ ਨਾ ਕਿਸੇ ਢੰਗ ਨਾਲ ਇਕ ਧਿਰ ਦਾ ਪੱਲੜਾ ਭਾਰੀ ਕਰ ਸਕਦੇ ਹਨ।


**Restaurant For Sale in Florida**

**ਰੈਸਟੋਰੈਂਟ ਵਿਕਾਊ ਹੈ**

**ਫਲੋਰਿਡਾ ਵਿਚ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ**

**ਸੇਲ: $60,000 ਪ੍ਰਤੀ ਮਹੀਨਾ**

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 850-510-3466**

15-16



**Wanted Drivers**

**ਡਰਾਈਵਰਾਂ ਦੀ ਲੋੜ ਹੈ**



ਸੰਪਰਕ ਕਰੋ

**ਫੋਨ: 916-833-5022**

**408-373-4168**



**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**

**ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

# ਮਾਤਾ ਚੰਦ ਕੌਰ ਦੇ ਕਤਲ ਪਿਛੋਂ ਨਾਮਧਾਰੀ ਵਿਵਾਦ ਭਖਿਆ

**ਚੰਡੀਗੜ੍ਹ:** ਲੁਧਿਆਣਾ: ਨਾਮਧਾਰੀ ਸੰਸਥਾ ਦੀ ਗੁਰੂ ਮਾਤਾ ਚੰਦ ਕੌਰ ਦੇ ਕਤਲ ਤੋਂ ਬਾਅਦ ਠਾਕੁਰ ਉਦੈ ਸਿੰਘ ਅਤੇ ਠਾਕੁਰ ਦਲੀਪ ਸਿੰਘ ਦੇ ਸਮਰਥਕਾਂ ਵਿਚ ਦੋਸ਼ ਲਾਉਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ। ਠਾਕੁਰ ਦਲੀਪ ਸਿੰਘ ਦੇ ਸਮਰਥਕਾਂ ਨੇ ਇਸ ਮਾਮਲੇ ਸਬੰਧੀ ਠਾਕੁਰ ਉਦੈ ਸਿੰਘ ਵੱਲ ਉਂਗਲੀ ਚੁੱਕੀ ਹੈ।

ਸੰਗਤ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਕਤਲ ਪਿੱਛੇ ਦਾ ਸੱਚ ਸਭ ਦੇ ਸਾਹਮਣੇ ਲਿਆਂਦਾ ਜਾਵੇ। ਨਾਮਧਾਰੀ ਸੰਗਤ ਦੇ ਚੇਅਰਮੈਨ ਜਸਵਿੰਦਰ ਸਿੰਘ ਅਤੇ ਜਨਰਲ ਸਕੱਤਰ ਨਵਤੇਜ ਸਿੰਘ ਨੇ ਕਿਹਾ ਕਿ ਠਾਕੁਰ ਦਲੀਪ ਸਿੰਘ ਅਤੇ ਉਨ੍ਹਾਂ ਦੇ ਸਮਰਥਕ ਜਗਜੀਤ ਸਿੰਘ ਦੇ ਦੇਹਾਂਤ ਹੋਣ ਤੋਂ ਬਾਅਦ ਮਾਤਾ ਚੰਦ ਕੌਰ ਨੂੰ ਸਤਿਗੁਰੂ ਮੰਨਦੇ ਰਹੇ।

ਠਾਕੁਰ ਦਲੀਪ ਸਿੰਘ ਵੀ ਉਨ੍ਹਾਂ ਨੂੰ ਆਪਣੀ ਮਾਂ ਅਤੇ ਸਤਿਗੁਰੂ ਮੰਨਦੇ ਹਨ। ਅਜਿਹੇ 'ਚ ਠਾਕੁਰ ਦਲੀਪ ਸਿੰਘ ਉਤੇ ਲਾਏ ਜਾ ਰਹੇ ਸਾਰੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਠਾਕੁਰ ਉਦੈ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਠਾਕੁਰ ਦਲੀਪ ਸਿੰਘ ਉਤੇ ਲਾਏ ਜਾ ਰਹੇ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ।

ਚੇਅਰਮੈਨ ਜਸਵਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਮਾਤਾ ਚੰਦ ਕੌਰ ਦਾ ਕਾਤਲ ਪਹਿਲਾਂ ਅਕੈਡਮੀ ਵਿਚ ਹੋ ਰਹੇ ਵਰਨੀ ਪਾਠ 'ਚ ਮੌਜੂਦ ਸੀ। ਉਨ੍ਹਾਂ ਸਵਾਲ ਕੀਤਾ ਕਿ ਅਕੈਡਮੀ ਵਾਲੀ ਸੜਕ 'ਤੇ ਸੀ.ਸੀ.ਟੀ.ਵੀ. ਕੈਮਰਾ ਕਿਉਂ ਨਹੀਂ ਲਗਾਇਆ ਗਿਆ ਤੇ ਮਾਤਾ ਦਾ ਨਿੱਜੀ ਸੇਵਕ ਉਸ ਦਿਨ ਛੁੱਟੀ ਲੈ ਕੇ ਕਿਉਂ ਗਿਆ। ਜਾਂਚ 'ਚ ਪਤਾ ਲੱਗਿਆ ਹੈ ਕਿ ਦੋਵੇਂ ਗੋਲੀਆਂ ਮਾਤਾ ਦੇ ਸਰੀਰ 'ਚੋਂ ਆਰ-ਪਾਰ ਹੋ ਗਈਆਂ, ਜਦਕਿ ਚਾਲਕ ਕਰਤਾਰ ਸਿੰਘ ਉਨ੍ਹਾਂ ਦੇ ਬਿਲਕੁਲ ਨਾਲ ਬੈਠਿਆ ਸੀ, ਪਰ ਆਰ-ਪਾਰ ਹੋਣ ਤੋਂ ਬਾਅਦ ਵੀ ਗੋਲੀ ਉਸ ਨੂੰ ਕਿਉਂ ਨਹੀਂ ਲੱਗੀ।

ਜਸਵਿੰਦਰ ਸਿੰਘ ਅਤੇ ਇੰਟਰਨੈਸ਼ਨਲ ਨਾਮਧਾਰੀ ਸੰਗਤ ਦੇ ਜਨਰਲ ਸਕੱਤਰ ਨਵਤੇਜ ਸਿੰਘ ਨੇ ਕਿਹਾ ਕਿ ਸਾਬਕਾ ਕਾਂਗਰਸ ਪ੍ਰਧਾਨ ਹੰਸਪਾਲ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਸਾਲ 2003 ਵਿਚ ਜਦੋਂ ਠਾਕੁਰ ਦਲੀਪ ਸਿੰਘ, ਜਗਜੀਤ ਸਿੰਘ ਦੇ ਦਰਸ਼ਨ ਕਰਨ ਭੈਣੀ ਸਾਹਿਬ ਗਏ ਤਾਂ ਗੇਟ 'ਤੇ ਹੀ ਉਨ੍ਹਾਂ ਦੀ ਕਾਰ ਭੰਨਣ ਦੀ ਕੋਸ਼ਿਸ਼ ਕੀਤੀ ਗਈ। ਕਟਾਣੀ ਕਲਾਂ ਚੌਕ ਵਿਚ ਕਾਰ ਰੋਕ ਕੇ ਠਾਕੁਰ ਦਲੀਪ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਨਾਲ ਕੁੱਟਮਾਰ ਕੀਤੀ ਗਈ।



### ਕਾਤਲਾਂ ਦੀ ਸੂਹ ਦੇਣ ਵਾਲੇ ਲਈ 30 ਲੱਖ ਇਨਾਮ


**ਲੁਧਿਆਣਾ:** ਮਾਤਾ ਚੰਦ ਕੌਰ ਦੇ ਕਾਤਲਾਂ ਬਾਰੇ ਕੋਈ ਵੀ ਜਾਣਕਾਰੀ ਦੇਣ ਵਾਲੇ ਨੂੰ 30 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ.ਐਸ. ਹੰਸਪਾਲ ਨੇ ਕਿਹਾ ਹੈ ਕਿ ਕਤਲ ਬਾਰੇ ਸੂਹ ਦੇਣ ਵਾਲੇ ਨੂੰ 20 ਲੱਖ ਰੁਪਏ ਦਿੱਤੇ ਜਾਣਗੇ। ਇਸੇ ਦੌਰਾਨ ਪੁਲਿਸ ਨੇ ਇਸ ਕਤਲ ਕਾਂਡ ਦੀ ਤਫਤੀਸ਼ ਲਈ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ। ਪੁਲਿਸ ਨੇ ਚਸ਼ਮਦੀਦਾਂ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਸ਼ੱਕੀ ਹਮਲਾਵਰਾਂ ਦੇ ਸਕੈੱਚ ਵੀ ਜਾਰੀ ਕੀਤੇ ਹੋਏ ਹਨ, ਪਰ ਫਿਲਹਾਲ ਪੁਲਿਸ ਖਾਲੀ ਹੱਥ ਹੈ। ਪੰਜਾਬ ਪੁਲਿਸ ਨੇ ਕਾਤਲਾਂ ਬਾਰੇ ਕੋਈ ਵੀ ਜਾਣਕਾਰੀ ਦੇਣ ਵਾਲੇ ਨੂੰ 10 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਨੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖਣ ਦਾ ਵੀ ਭਰੋਸਾ ਦਿੱਤਾ ਹੈ।

### ਅਪਰਾਧੀ ਸਾਜ਼ਿਸ਼ਕਾਰਾਂ ਦੇ ਨਿਸ਼ਾਨੇ 'ਤੇ ਰਿਹੈ ਭੈਣੀ ਸਾਹਿਬ

**ਚੰਡੀਗੜ੍ਹ:** ਨਾਮਧਾਰੀ ਸੰਪਰਦਾ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਮਾਤਾ ਚੰਦ ਕੌਰ ਦੇ ਕਤਲ ਤੋਂ ਬਾਅਦ ਇਕ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਸ੍ਰੀ ਭੈਣੀ ਸਾਹਿਬ ਪਿਛਲੇ ਲੰਬੇ ਸਮੇਂ ਤੋਂ ਅਪਰਾਧੀ ਸਾਜਿਸ਼ਕਾਰਾਂ ਦੇ ਨਿਸ਼ਾਨੇ ਉਤੇ ਸੀ। ਮਾਤਾ ਚੰਦ ਕੌਰ ਨੂੰ ਕਤਲ ਕਰਨ ਵਾਲੇ ਦੋ ਨੌਜਵਾਨ ਜੋ ਕਿ ਇਕ ਪਲਸਰ ਮੋਟਰਸਾਈਕਲ 'ਤੇ ਸਵਾਰ ਸਨ, ਵੱਲੋਂ 32 ਬੋਰ ਦੇ ਪਿਸਤੌਲ ਨਾਲ ਮਾਤਾ ਚੰਦ ਕੌਰ ਉਪਰ ਗੋਲੀਆਂ ਦਾਗੀਆਂ ਗਈਆਂ, ਜੋ ਮਾਤਾ ਚੰਦ ਕੌਰ ਦੀ ਮੌਤ ਦਾ ਕਾਰਨ ਬਣੀਆਂ। ਇਸ ਤੋਂ ਪਹਿਲਾਂ 12 ਅਪਰੈਲ 2011 ਵਾਲੇ ਦਿਨ ਉਸ ਮੌਕੇ ਦੇ ਗੱਦੀਨਸ਼ੀਨ ਜਗਜੀਤ ਸਿੰਘ ਦੇ ਅਤਿਅੰਤ ਨਜ਼ਦੀਕੀ ਸ਼ਰਧਾਲੂ ਮੰਨੇ ਜਾਂਦੇ ਅਵਤਾਰ ਸਿੰਘ ਤਾਰੀ (57) ਵਾਸੀ ਮੋਹਾਲੀ ਦਾ ਕਤਲ ਵੀ ਭੈਣੀ ਸਾਹਿਬ ਦੇ ਬਿਲਕੁਲ ਨਜ਼ਦੀਕ ਹੋਇਆ ਸੀ। ਇਸ ਤੋਂ ਬਾਅਦ 11 ਅਗਸਤ 2013 ਨੂੰ ਇੰਗਲੈਂਡ ਦੌਰੇ ਦੌਰਾਨ ਉਦੈ ਸਿੰਘ 'ਤੇ ਇਕ ਵਿਅਕਤੀ ਵੱਲੋਂ ਹਮਲਾ ਕੀਤਾ ਗਿਆ। ਉਸ ਤੋਂ ਬਾਅਦ ਚਾਰ ਦਸੰਬਰ 2015 ਨੂੰ ਜਲੰਧਰ ਨਜ਼ਦੀਕ ਇਕ ਕਾਰ ਵਿਚ ਹੋਏ ਧਮਾਕੇ ਦੌਰਾਨ ਦੋ ਵਿਅਕਤੀ ਜ਼ਖਮੀ ਹੋ ਗਏ ਤੇ ਇਕ ਦੀ ਮੌਤ ਹੋ ਗਈ। ਛਾਣਬੀਣ ਤੋਂ ਬਾਅਦ ਜ਼ਖਮੀਆਂ ਨੇ ਖੁਲਾਸਾ ਕੀਤਾ ਕਿ ਉਹ ਜਲੰਧਰ ਵਿਖੇ ਹਰੀਵੱਲਭ ਸੰਮੇਲਨ ਵਿਚ ਨਾਮਧਾਰੀ ਦਰਬਾਰ ਦੇ ਮੌਜੂਦਾ ਮੁਖੀ ਸਤਿਗੁਰੂ ਉਦੈ ਸਿੰਘ ਨੂੰ ਮਨੁੱਖੀ ਬੰਬ ਨਾਲ ਹਮਲਾ ਕਰ ਕੇ ਮਾਰਨ ਦੀ ਸਾਜ਼ਿਸ਼ ਤਿਆਰ ਕਰ ਚੁੱਕੇ ਸਨ।

# ਡਾ. ਗਾਂਧੀ ਵੱਲੋਂ ਖਾਲਿਸਤਾਨ ਬਾਰੇ ਬਹਿਸ ਦੀ ਵਕਾਲਤ

**ਜੈਤੋ:** ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਖਾਲਿਸਤਾਨ ਦੇ ਮੁੱਦੇ 'ਤੇ ਲੋਕ ਸਭਾ ਵਿਚ ਬਹਿਸ ਕੀਤੇ ਜਾਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਆਖਿਆ ਕਿ ਜਮਹੂਰੀਅਤ ਵਿਚ ਹਰ ਸ਼ਖ਼ਸ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਹੈ ਅਤੇ ਜੇਕਰ ਕੋਈ ਖਾਲਿਸਤਾਨ ਦਾ ਮੁੱਦਾ ਉਠਾਉਂਦਾ ਹੈ ਤਾਂ ਸੰਵਿਧਾਨਕ ਦਾਇਰੇ ਵਿਚ ਉਸ 'ਤੇ ਚਰਚਾ ਕੀਤੀ ਜਾਣੀ ਬਣਦੀ ਹੈ।



ਡਾ. ਗਾਂਧੀ ਨੇ ਆਮ ਆਦਮੀ ਪਾਰਟੀ ਉਤੇ 'ਵੰਨ ਮੈਨ ਸ਼ੋਅ' ਬਣਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪਾਰਟੀ 'ਚੋਂ ਜਮਹੂਰੀ ਪ੍ਰਕਿਰਿਆ ਲੋਪ ਹੋ ਚੁੱਕੀ ਹੈ ਅਤੇ ਤਾਨਾਸ਼ਾਹੀ ਵਤੀਰਾ ਭਾਰੂ ਹੈ। ਨੀਤੀਆਂ ਬਾਰੇ ਉਸਾਰੂ ਸੁਝਾਅ ਦੇਣ ਵਾਲਿਆਂ ਨੂੰ ਪਾਰਟੀ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਭਖ ਰਹੇ ਪਾਣੀਆਂ ਦੇ ਮਸਲੇ 'ਤੇ ਆਖਿਆ ਕਿ ਪਾਣੀਆਂ 'ਤੇ ਪਹਿਲਾ ਹੱਕ ਉਨ੍ਹਾਂ ਸੂਬਿਆਂ ਦਾ ਹੈ, ਜਿਥੋਂ ਦੀ ਇਹ ਦਰਿਆ ਵਗਦੇ ਹਨ। ਹੋਰਨਾਂ ਰਾਜਾਂ ਨੂੰ ਪਾਣੀ ਦੇਣ ਦੇ ਇਵਜ਼ ਵਿਚ ਅਜਿਹੇ ਸੂਬੇ ਬਾਕੀ ਰਾਜਾਂ ਤੋਂ ਪਾਣੀ ਦੀ ਕੀਮਤ ਲੈਣ ਦਾ ਅਧਿਕਾਰ ਰੱਖਦੇ ਹਨ, ਬਸ਼ਰਤੇ ਜੇ ਇਹ ਰਾਜ ਆਪਸ ਵਿਚ ਪਾਣੀ ਦੇ ਦੇਣ-ਲੈਣ ਲਈ ਰਜ਼ਾਮੰਦ ਹੋਣ। ਉਨ੍ਹਾਂ ਦੋਸ਼ ਲਾਇਆ ਕਿ ਰਾਜਸਥਾਨ ਵੱਲੋਂ ਕਾਫੀ ਸਮੇਂ ਤੋਂ ਪੰਜਾਬ ਨੂੰ ਪਾਣੀ ਦਾ ਇਵਜ਼ਾਨਾ ਨਹੀਂ ਦਿੱਤਾ ਜਾ ਰਿਹਾ।

ਉਨ੍ਹਾਂ ਅਗਾਮੀ ਵਿਧਾਨ ਸਭਾ ਚੋਣਾਂ ਮੌਕੇ ਇਮਾਨਦਾਰ ਉਮੀਦਵਾਰਾਂ ਦੀ ਮਦਦ ਕੀਤੇ ਜਾਣ ਦਾ ਐਲਾਨ ਕੀਤਾ। ਉਨ੍ਹਾਂ ਉੱਤਰ ਪ੍ਰਦੇਸ਼ ਵਿਚ ਫ਼ਰਜ਼ੀ ਪੁਲਿਸ ਮੁੱਠਭੇੜ ਮਾਮਲੇ ਵਿਚ 47 ਪੁਲਿਸ ਕਰਮਚਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਉਹ ਵਿਅਕਤੀਗਤ ਤੌਰ 'ਤੇ ਫਾਂਸੀ ਦੀ ਸਜ਼ਾ ਦੇ ਤਾਂ ਵਿਰੁੱਧ ਹਨ, ਪਰ ਉਮਰ ਕੈਦ ਦਾ ਅਰਥ 'ਉਮਰ ਕੈਦ' ਹੀ ਹੋਣਾ ਚਾਹੀਦਾ ਹੈ ਨਾ ਕਿ ਕੁਝ ਸਾਲਾਂ ਬਾਅਦ ਦੋਸ਼ੀ ਜੇਲ੍ਹ ਤੋਂ ਬਾਹਰ ਆ ਜਾਣ।

# ਡਾ. ਐਸ.ਪੀ. ਓਬਰਾਏ ਬਾਬਾ ਫਰੀਦ 'ਵਰਸਿਟੀ ਦੇ ਸੈਨੇਟਰ ਨਾਮਜ਼ਦ

**ਪਟਿਆਲਾ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਸ, ਫਰੀਦਕੋਟ ਦਾ ਸੈਨੇਟਰ ਨਾਮਜ਼ਦ ਕੀਤਾ ਗਿਆ ਹੈ। ਇਹ ਨਿਯੁਕਤੀ ਡਾ. ਓਬਰਾਏ ਦੀਆਂ ਸਮਾਜ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਵੇਖਦੇ ਹੋਏ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਰਾਜ ਬਹਾਦੁਰ ਦੀ ਸਿਫਾਰਸ਼ 'ਤੇ ਕੀਤੀ ਗਈ ਹੈ।



ਸੈਨੇਟ ਵਿਚ ਨਿਯੁਕਤੀ ਤੋਂ ਬਾਅਦ ਡਾ. ਓਬਰਾਏ ਵਲੋਂ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਸ ਦੀ ਮੀਟਿੰਗ ਵਿਚ ਹਿੱਸਾ ਲਿਆ। ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦੁਰ ਨੇ ਡਾ. ਓਬਰਾਏ ਦਾ ਸਨਮਾਨ ਕੀਤਾ। ਡਾ. ਰਾਜ ਬਹਾਦੁਰ ਨੇ ਕਿਹਾ ਕਿ ਡਾ. ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਕੀਤੇ ਜਾ ਰਹੇ ਕੰਮਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਏ, ਥੋੜ੍ਹੀ ਹੈ।

ਜ਼ਿਕਰਯੋਗ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਗੁਰੂ ਗੋਬਿੰਦ ਸਿੰਘ ਹਸਪਤਾਲ ਫਰੀਦਕੋਟ ਵਿਚ ਕੈਂਸਰ ਦੇ ਮਰੀਜ਼ਾਂ ਲਈ 50 ਬਿਸਤਰਿਆਂ ਦਾ ਇਕ ਵਿਸ਼ੇਸ਼ ਵਾਰਡ ਤਿਆਰ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਹਸਪਤਾਲ ਦੇ ਨਾਲ ਹੀ ਇਕ ਰੈਣ ਬਸੇਰਾ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਿਆਰ ਕੀਤਾ ਗਿਆ ਹੈ।

# ਪਾਕਿਸਤਾਨ ਸਿੱਖ ਸੰਗਤ ਲਈ ਖੋਲ੍ਹੇਗਾ ਹੋਰ ਗੁਰਦੁਆਰੇ

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਨੇ ਲਾਹੌਰ ਸਥਿਤ ਦੋ ਹੋਰ ਇਤਿਹਾਸਕ ਗੁਰਦੁਆਰੇ ਸਿੱਖ ਸੰਗਤ ਦੇ ਦਰਸ਼ਨ ਦੀਦਾਰ ਲਈ ਖੋਲ੍ਹਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਤਿੰਨ ਹੋਰ ਇਤਿਹਾਸਕ ਥਾਂਵਾਂ ਸਿੱਖ ਕੌਮ ਨੂੰ ਸੌਂਪਣ ਲਈ ਅਪੀਲ ਕੀਤੀ ਹੈ, ਜਿਸ ਦਾ ਉਨ੍ਹਾਂ ਨੂੰ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਹ ਆਪਣੇ ਭਰਾ ਤੇ ਪਾਰਟੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨਾਲ ਤਿੰਨ ਦਿਨਾਂ ਪਾਕਿਸਤਾਨ ਫੇਰੀ ਤੋਂ ਵਤਨ ਪਰਤੇ ਹਨ। ਉਹ ਉਥੇ ਪੀ.ਐਸ.ਜੀ.ਪੀ.ਸੀ. ਦੇ ਪ੍ਰਧਾਨ ਸ਼ਾਮ ਸਿੰਘ ਨਮਿੱਤ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਗਏ ਸਨ।



ਇਥੇ ਪੁੱਜਣ 'ਤੇ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਰਕਾਰ ਤੇ ਔਕਾਫ਼ ਬੋਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਹੋਈ ਹੈ। ਉਨ੍ਹਾਂ ਲਾਹੌਰ ਸਥਿਤ ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨਾਲ ਸਬੰਧਤ ਦੋ ਗੁਰਦੁਆਰੇ ਸਿੱਖ ਸੰਗਤ ਲਈ ਖੋਲ੍ਹਣ ਦਾ ਐਲਾਨ ਕੀਤਾ ਹੈ। ਇਹ ਗੁਰਦੁਆਰੇ ਲਾਹੌਰ ਦੇ ਬਾਜ਼ਾਰ ਮੰਜਮ ਵਿਖੇ ਹਨ, ਜਿਨ੍ਹਾਂ ਦੀ ਔਕਾਫ ਬੋਰਡ ਵੱਲੋਂ ਮੁਰੰਮਤ ਕਰਾਈ ਗਈ ਹੈ ਅਤੇ ਹੁਣ ਇਨ੍ਹਾਂ ਨੂੰ ਸੰਗਤ ਦੇ ਦਰਸ਼ਨਾਂ ਲਈ ਖੋਲ੍ਹਿਆ ਜਾਵੇਗਾ।

ਉਨ੍ਹਾਂ ਨੇ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਲਾਹੌਰ ਵਿਚ ਚੰਦੂ ਦੀ ਹਵੇਲੀ ਤੇ ਭਾਈ ਮਨੀ ਸਿੰਘ ਦੇ ਸ਼ਹੀਦੀ ਸਥਾਨ ਵਾਲੀ ਜਗ੍ਹਾ ਸਿੱਖਾਂ ਨੂੰ ਸੌਂਪੀ ਜਾਵੇ। ਉਨ੍ਹਾਂ ਦੱਸਿਆ ਕਿ ਭਾਈ ਮਨੀ ਸਿੰਘ ਨੂੰ ਜਿਸ ਥਾਂ ਉਤੇ ਸ਼ਹੀਦ ਕੀਤਾ ਗਿਆ ਸੀ, ਉਥੇ ਇਕ ਇਮਾਰਤ ਬਣੀ ਹੋਈ ਹੈ, ਜਿਥੇ ਹੁਣ ਇਕ ਪਠਾਨ ਵੱਲੋਂ ਦੋ ਖਰਾਦ ਲਾਏ ਹੋਏ ਹਨ, ਪਰ ਇਸ ਇਮਾਰਤ ਵਿਚ ਗੁਰਦੁਆਰੇ ਦਾ ਗੁੰਬਦ ਅੱਜ ਵੀ ਦਿਖਾਈ ਦਿੰਦਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਗੁਰਦੁਆਰੇ ਦੀ ਥਾਂ ਸਿੱਖ ਕੌਮ ਨੂੰ ਸੌਂਪੀ ਜਾਵੇ ਅਤੇ ਉਹ ਇਸ ਬਦਲੇ ਜਗ੍ਹਾ ਉਤੇ ਕਾਬਜ਼ ਪਠਾਨ ਵਿਅਕਤੀ ਨੂੰ ਮੁਆਵਜ਼ਾ ਦੇਣ ਲਈ ਤਿਆਰ ਹਨ।

ਇਸੇ ਤਰ੍ਹਾਂ ਚੰਦੂ ਦੀ ਹਵੇਲੀ, ਜਿਥੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਗਏ ਸਨ, ਵੀ ਸਿੱਖ ਕੌਮ ਨੂੰ ਸੌਂਪੀ ਜਾਵੇ। ਇਹ ਹਵੇਲੀ ਵੀ ਨਾਜਾਇਜ਼ ਕਬਜ਼ੇ ਹੇਠ ਹੈ। ਉਨ੍ਹਾਂ ਦੱਸਿਆ ਕਿ ਰਾਵਲਪਿੰਡੀ ਵਿਚ ਨਿਰੰਕਾਰੀ ਦਰਬਾਰ ਹੈ, ਜਿਸ ਦੀ ਉਸਾਰੀ 1830 ਵਿਚ ਹੋਈ ਸੀ। ਇਸ ਥਾਂ 'ਤੇ ਸੰਨ 1860 ਵਿਚ ਬਾਬਾ ਦਿਆਲ ਸਿੰਘ ਨੇ ਪਹਿਲੀ ਵਾਰ ਅਨੰਦ ਕਾਰਜ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਇਥੇ ਹੁਣ ਸਕੂਲ ਚੱਲ ਰਿਹਾ ਹੈ, ਪਰ ਪੁਰਾਣੀ ਇਮਾਰਤ ਕਾਇਮ ਹੈ। ਇਹ ਥਾਂ ਸਿੱਖ ਵਿਰਾਸਤ ਦਾ ਹਿੱਸਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਸਰਕਾਰ ਵੱਲੋਂ ਸਿੱਖਾਂ ਦੀਆਂ ਇਨ੍ਹਾਂ ਮੰਗਾਂ ਦਾ ਹਾਂ-ਪੱਖੀ ਹੁੰਗਾਰਾ ਦਿੱਤਾ ਹੈ।

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰ ਸੇਵਾ ਬਾਰੇ ਉਨ੍ਹਾਂ ਕਿਹਾ ਕਿ ਅਗਲੇ ਸਾਲ ਤੱਕ ਗੁਰਦੁਆਰੇ ਦੀ ਇਮਾਰਤ ਤਿਆਰ ਹੋ ਜਾਵੇਗੀ ਅਤੇ ਬਾਅਦ ਵਿਚ ਪੱਥਰ, ਟਾਈਲ ਤੇ ਹੋਰ ਅੰਦਰੂਨੀ ਮੁਰੰਮਤ ਦਾ ਕੰਮ ਚੱਲਦਾ ਰਹੇਗਾ।

ਸ. ਸਰਨਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਪੀ.ਜੀ.ਪੀ.ਸੀ. ਦੇ ਮਰਹੂਮ ਪ੍ਰਧਾਨ ਸ਼ਾਮ ਸਿੰਘ ਦੀ ਤਸਵੀਰ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਵਿਚ ਸਥਾਪਤ ਕੀਤੀ ਜਾਵੇਗੀ। ਇਹ ਐਲਾਨ ਭੋਗ ਸਮਾਗਮ ਵਿਚ ਸ਼ਾਮਲ ਹੋਣ ਗਏ ਸਕੱਤਰ ਡਾ. ਰੂਪ ਸਿੰਘ ਨੇ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਔਕਾਫ ਬੋਰਡ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਸੇਵਾ ਦੇਣ ਬਾਰੇ ਵੀ ਗੱਲਬਾਤ ਕੀਤੀ ਗਈ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਕਾਰਜਕਾਰੀ ਪ੍ਰਧਾਨ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲੋਂ ਸਿੱਖ ਕੌਮ ਨੂੰ ਵੱਡੀਆਂ ਉਮੀਦਾਂ ਹਨ।

ਦਿੱਲੀ ਵਿਖੇ ਗੁਰਦੁਆਰਾ ਸੀਸਗੰਜ ਨੇੜੇ ਪਿਆਓ (ਛਬੀਲ) ਨੂੰ ਢਾਹੁਣ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਦਿੱਲੀ ਅਕਾਲੀ ਦਲ ਦਾ ਵਫ਼ਦ ਜਲਦੀ ਗ੍ਰਹਿ ਮੰਤਰੀ ਤੇ ਦਿੱਲੀ ਦੇ ਲੈਫਟੀਨੈਂਟ ਜਨਰਲ ਨੂੰ ਮਿਲੇਗਾ। ਇਹ ਪਿਆਓ ਲਗਪਗ 1935 'ਚ ਬਣਾਇਆ ਗਿਆ ਸੀ। ਉਸ ਵੇਲੇ ਤੋਂ ਹੀ ਇਤਿਹਾਸਕ ਖੂਹ ਵਿਚੋਂ ਪਾਣੀ ਪਿਆਉਣ ਦੀ ਸੇਵਾ ਕੀਤੀ ਜਾ ਰਹੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਇਸ ਇਮਾਰਤ ਨੂੰ ਢਾਹੁਣ ਪਿੱਛੇ ਭਾਜਪਾ ਸਰਕਾਰ ਦਾ ਹੱਥ ਹੈ। ਅਕਾਲੀ ਦਲ 1920 ਵੱਲੋਂ ਵੱਖ-ਵੱਖ ਅਕਾਲੀ ਦਲਾਂ ਨੂੰ ਇਕ ਕਰਨ ਲਈ ਸ਼ੁਰੂ ਕੀਤੇ ਯਤਨ ਦਾ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਅਕਾਲੀ ਦਲ ਇਸ ਮਾਮਲੇ 'ਚ ਸਹਿਯੋਗ ਦੇਵੇਗਾ।

## ਅਨੁਪਮ ਖੇਰ ਨੂੰ ਸ੍ਰੀਨਗਰ ਵਿਚ ਦਾਖਲ ਹੋਣ ਤੋਂ ਰੋਕਿਆ

**ਸ੍ਰੀਨਗਰ:** ਅਨੁਪਮ ਖੇਰ ਨੂੰ ਸ੍ਰੀਨਗਰ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ ਹੈ। ਪੁਲਿਸ ਨੇ ਖੇਰ ਨੂੰ ਏਅਰਪੋਰਟ 'ਤੇ ਹੀ ਰੋਕ ਲਿਆ ਹੈ। ਉਹ ਸ੍ਰੀਨਗਰ ਵਿਚ ਐਨ.ਆਈ.ਟੀ. ਕੈਂਪਸ ਜਾਣਾ ਚਾਹੁੰਦੇ ਸਨ। ਪੁਲਿਸ ਵੱਲੋਂ ਹਿਰਾਸਤ 'ਚ ਲਏ ਜਾਣ ਤੋਂ ਬਾਅਦ ਅਨੁਪਮ ਖੇਰ ਨੇ ਕਿਹਾ ਕਿ ਮੇਰਾ ਭਾਜਪਾ ਨਾਲ ਕੋਈ ਸਬੰਧ ਨਹੀਂ ਹੈ।



ਅਨੁਪਮ ਪਿਛਲੇ ਕੁਝ ਸਮੇਂ ਤੋਂ ਅਜਿਹੇ ਵਿਵਾਦਾਂ ਨੂੰ ਲੈ ਕੇ ਜ਼ਿਆਦਾ ਸਰਗਰਮ ਨਜ਼ਰ ਆ ਰਹੇ ਹਨ। ਜੇ.ਐਨ.ਯੂ. ਵਿਚ ਸ਼ੁਰੂ ਹੋਏ ਕਨ੍ਹਈਆ ਕੁਮਾਰ ਵਿਵਾਦ ਨੂੰ ਲੈ ਕੇ ਵੀ ਉਨ੍ਹਾਂ ਕਾਫੀ ਬਿਆਨਬਾਜ਼ੀ ਕੀਤੀ ਤੇ ਕਨ੍ਹਈਆ ਨੂੰ ਦੇਸ਼ ਵਿਰੋਧੀ ਕਰਾਰ ਦਿੱਤਾ ਸੀ। ਉਹ ਇਸ ਵਿਵਾਦ ਦੌਰਾਨ ਜੇ.ਐਨ.ਯੂ. ਕੈਂਪਸ ਵੀ ਪਹੁੰਚੇ ਸਨ।

# ਪਾਣੀਆਂ ਦੀ ਵੰਡ: ਪੰਜਾਬ ਵੱਲੋਂ ਹੁਣ ਟ੍ਰਿਬਿਊਨਲ ਦੀ ਕਾਇਮੀ ਦਾ ਸੁਝਾਅ

**ਨਵੀਂ ਦਿੱਲੀ**: ਪੰਜਾਬ ਨੇ ਸੁਪਰੀਮ ਕੋਰਟ ਅੱਗੇ ਦਲੀਲ ਦਿੱਤੀ ਹੈ ਕਿ ਇਸ ਦੇ ਹਰਿਆਣਾ ਤੇ ਹੋਰ ਸੂਬਿਆਂ ਨਾਲ ਪਾਣੀਆਂ ਦੀ ਵੰਡ ਬਾਰੇ ਝਗੜੇ ਦਾ ਇਕੋ-ਇਕ ਹੱਲ ਨਵਾਂ ਟ੍ਰਿਬਿਊਨਲ ਕਾਇਮ ਕਰਨਾ ਹੀ ਹੈ, ਜੋ ਇਸ ਬਾਰੇ ਰਿਪੇਰੀਅਨ ਹੱਕਾਂ ਤੇ ਪਾਣੀਆਂ ਦੇ ਘਟ ਰਹੇ ਵਹਾਅ ਸਣੇ ਸਾਰੇ ਪੱਖਾਂ ਉਤੇ ਗੌਰ ਕਰੇ। ਪੰਜਾਬ ਦਾ ਇਹ ਪੱਖ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਅੱਗੇ ਸੂਬੇ ਵੱਲੋਂ ਪੇਸ਼ ਸੀਨੀਅਰ ਵਕੀਲ ਰਾਮ ਜੇਠਮਲਾਨੀ ਨੇ ਰੱਖਿਆ।



ਸ੍ਰੀ ਜੇਠਮਲਾਨੀ ਨੇ ਸੁਪਰੀਮ ਕੋਰਟ ਦੇ ਜਸਟਿਸ ਅਨਿਲ ਆਰ. ਦਵੇ ਦੀ ਅਗਵਾਈ ਵਾਲੇ ਬੈਂਚ ਅੱਗੇ ਇਹ ਦਲੀਲ ਵੀ ਰੱਖੀ ਕਿ ਅਦਾਲਤ ਨੂੰ ਰਾਸ਼ਟਰਪਤੀ ਵੱਲੋਂ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ 2004 ਦੀ ਵਾਜਬੀਅਤ ਸਬੰਧੀ ਮੰਗੇ ਗਏ ਸਪਸ਼ਟੀਕਰਨ ਦਾ ਜਵਾਬ ਦੇਣ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ, ਕਿਉਂਕਿ ਸੁਪਰੀਮ ਕੋਰਟ ਅਜਿਹਾ ਕਰਨ ਦੀ ਪਾਬੰਦ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਸੁਣਵਾਈ ਰਾਸ਼ਟਰਪਤੀ ਵੱਲੋਂ ਮੰਗੇ ਸਪਸ਼ਟੀਕਰਨ ਦੇ ਆਧਾਰ ਉਤੇ ਹੋ ਰਹੀ ਹੈ, ਪਰ ਅਜਿਹਾ ਕੇਂਦਰ ਸਰਕਾਰ ਦੇ ਕਹਿਣ ਉਤੇ ਕੀਤਾ ਗਿਆ ਹੈ, ਜਦਕਿ ਕੇਂਦਰ ਨੂੰ ਪਾਣੀਆਂ ਦੇ ਝਗੜੇ ਬਾਰੇ ਫੈਸਲਾ ਕਰਨ ਦਾ ਕੋਈ ਅਖਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਸਪਸ਼ਟੀਕਰਨ ਸੰਵਿਧਾਨ ਦੀ ਧਾਰਾ 143(1) ਤਹਿਤ ਮੰਗਿਆ ਗਿਆ ਹੈ, ਜਿਹੜੀ ਸਾਫ ਕਹਿੰਦੀ ਹੈ ਕਿ ਸੁਪਰੀਮ ਕੋਰਟ 'ਚਾਹੇ ਤਾਂ' ਇਸ ਦਾ ਜਵਾਬ ਦੇ ਸਕਦਾ ਹੈ, ਜਦੋਂਕਿ ਧਾਰਾ 143(2) ਕਹਿੰਦੀ ਹੈ ਕਿ ਇਸ ਤਹਿਤ ਮੰਗੇ ਸਪਸ਼ਟੀਕਰਨ ਦਾ ਜਵਾਬ 'ਦਿੱਤਾ ਜਾਣਾ' ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਂਜ ਸੁਪਰੀਮ ਕੋਰਟ ਦੇ ਇਕ ਸੱਤ ਮੈਂਬਰੀ ਬੈਂਚ ਨੇ ਕਿਹਾ ਸੀ ਕਿ ਅਦਾਲਤ ਧਾਰਾ 143(2) ਤਹਿਤ ਮੰਗੇ ਸਪਸ਼ਟੀਕਰਨ ਦਾ ਜਵਾਬ ਦੇਣ ਦੀ ਵੀ ਪਾਬੰਦ ਨਹੀਂ ਹੈ।

ਸ੍ਰੀ ਜੇਠਮਲਾਨੀ ਨੇ ਇਹ ਵੀ ਦੱਸਿਆ ਕਿ ਪੰਜਾਬ ਨੇ 2004 ਵਿਚ ਸਮਝੌਤੇ ਤੋੜਨ ਵਾਲਾ ਐਕਟ ਬਣਾਉਣ ਤੋਂ 18 ਮਹੀਨੇ ਪਹਿਲਾਂ 2003 ਵਿਚ ਵੀ ਨਵਾਂ ਟ੍ਰਿਬਿਊਨਲ ਬਣਾਏ ਜਾਣ ਦੀ ਮੰਗ ਕੀਤੀ ਸੀ। ਇਹ ਮੰਗ 1981 ਦੇ ਪਾਣੀਆਂ ਦੀ ਵੰਡ ਬਾਰੇ ਸਮਝੌਤੇ ਦੀ ਨਜ਼ਰਸਾਨੀ ਲਈ ਕੀਤੀ ਗਈ ਸੀ ਤਾਂ ਕਿ ਬਦਲੇ ਹੋਏ ਹਾਲਾਤ ਜਿਵੇਂ ਪਾਣੀਆਂ ਦੇ ਵਹਾਅ ਵਿਚ ਕਮੀ ਅਤੇ ਹਰਿਆਣਾ ਦੀ ਸਥਾਪਨਾ ਆਦਿ ਨੂੰ ਵਿਚਾਰਿਆ ਜਾ ਸਕੇ। ਸੂਬੇ ਨੇ ਇਸ ਮਾਮਲੇ ਉਤੇ ਬੀਤੇ ਸਾਲ ਮੁੜ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ, ਜਿਹੜੀ ਇਸ ਵਕਤ ਅਦਾਲਤ ਦੇ ਜ਼ੇਰੇ-ਗ਼ੌਰ ਹੈ।

ਦੂਜੇ ਪਾਸੇ ਰਾਜਸਥਾਨ ਵੱਲੋਂ ਪੇਸ਼ ਸੀਨੀਅਰ ਵਕੀਲ ਸੀ.ਐਸ. ਵੈਦਿਆਨਾਥਨ ਨੇ ਦਲੀਲ ਦਿੱਤੀ ਕਿ ਪੰਜਾਬ ਨੂੰ ਆਪਣੇ ਤੌਰ 'ਤੇ 2004 ਦਾ ਕਾਨੂੰਨ ਬਣਾ ਕੇ ਉਨ੍ਹਾਂ ਦੇ ਮੁਵੱਕਿਲ ਸੂਬੇ ਰਾਜਸਥਾਨ ਸਮੇਤ ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਜੰਮੂ-ਕਸ਼ਮੀਰ ਨਾਲ ਸਮਝੌਤੇ ਤੋੜਨ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਇਹ ਦਲੀਲ ਵੀ ਦਿੱਤੀ ਕਿ ਭਾਰਤ ਨੇ ਪਾਕਿਸਤਾਨ ਨਾਲ ਸਿੰਧ ਜਲ ਸਮਝੌਤਾ ਖਾਸਕਰ ਰੇਗਿਸਤਾਨੀ ਸੂਬੇ ਰਾਜਸਥਾਨ ਨੂੰ ਪਾਣੀ ਦੀ ਲੋੜ ਦਾ ਹਵਾਲਾ ਦੇ ਕੇ ਹੀ ਕੀਤਾ ਸੀ। ਇਸ ਦੇ ਜਵਾਬ ਵਿਚ ਸ੍ਰੀ ਜੇਠਮਲਾਨੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਨੂੰ 2004 ਦਾ ਕਾਨੂੰਨ ਬਣਾਉਣ ਦਾ ਪੂਰਾ ਹੱਕ ਹੈ, ਭਾਵੇਂ ਇਹ ਹੋਰ ਸੂਬਿਆਂ ਲਈ ਮੰਨਣਾ ਜ਼ਰੂਰੀ ਨਾ ਹੋਵੇ।

ਉਨ੍ਹਾਂ ਕਿਹਾ ਕਿ ਅੰਤਰ-ਰਾਜੀ ਪਾਣੀ ਵਿਵਾਦ ਐਕਟ ਤਹਿਤ ਹਰੇਕ ਸਮਝੌਤੇ ਦੀ ਬਦਲੇ ਹਾਲਾਤ ਉਤੇ ਗ਼ੌਰ ਕਰਨ ਲਈ ਨਜ਼ਰਸਾਨੀ ਕੀਤੀ ਜਾਣੀ ਜ਼ਰੂਰੀ ਹੈ। ਸ੍ਰੀ ਜੇਠਮਲਾਨੀ ਨੇ ਹਰਿਆਣਾ ਦੀ ਪਾਣੀ ਦੇ ਹਿੱਸੇ ਲਈ ਮੰਗ ਦਾ ਵੀ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ 1966 ਵਿਚ ਵੱਖਰਾ ਰਾਜ ਬਣਨ ਕਾਰਨ ਇਹ ਯਮੁਨਾ ਦਰਿਆ ਦਾ ਰਿਪੇਰੀਅਨ ਸੂਬਾ ਬਣ ਗਿਆ ਸੀ ਤੇ ਉਸ ਤੋਂ ਪਾਣੀ ਦਾ ਹਿੱਸਾ ਵੀ ਲੈ ਰਿਹਾ ਹੈ, ਪਰ ਇਸ ਦੇ ਨਾਲ ਹੀ ਇਸ ਦਾ ਪੰਜਾਬ ਦੇ ਦਰਿਆਵਾਂ ਤੋਂ ਪਾਣੀਆਂ ਦਾ ਹੱਕ ਖਤਮ ਹੋ ਗਿਆ ਸੀ।

## 'ਆਪ' ਵੱਲੋਂ ਪਾਣੀ ਬਾਰੇ ਸਟੈਂਡ ਲੈਣ ਵਾਲੇ ਵਕੀਲ ਦੀ ਛੁੱਟੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦਿੱਲੀ ਸਰਕਾਰ ਦੇ ਵਕੀਲ ਵੱਲੋਂ ਪੰਜਾਬ ਜਲ ਸਮਝੌਤੇ ਰੱਦ ਕਰਨ ਬਾਰੇ ਕਾਨੂੰਨ 2004 ਉਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਵਿਚ ਲਏ ਸਟੈਂਡ ਬਾਰੇ ਸਪਸ਼ਟੀਕਰਨ ਦਿੱਤਾ ਹੈ। ਦਿੱਲੀ ਸਰਕਾਰ ਨੇ ਦਿੱਲੀ ਜਲ ਬੋਰਡ ਦੇ ਵਕੀਲ ਸੁਰੇਸ਼ ਚੰਦ ਤ੍ਰਿਪਾਠੀ ਵੱਲੋਂ ਅਦਾਲਤ ਵਿਚ ਦਿੱਤੇ ਹਲਫ਼ਨਾਮੇ ਤੋਂ ਖੁਦ ਨੂੰ ਵੱਖ ਕਰਦਿਆਂ ਵਕੀਲ ਨੂੰ ਸਰਕਾਰ ਦੇ ਪੈਨਲ ਤੋਂ ਹਟਾ ਦਿੱਤਾ ਹੈ। 'ਆਪ' ਦੇ ਬੁਲਾਰੇ ਸੁਖਪਾਲ ਖਹਿਰਾ ਨੇ ਦਾਅਵਾ ਕੀਤਾ ਕਿ ਵਕੀਲ ਨੇ ਜਲ ਬੋਰਡ ਦੇ ਅਧਿਕਾਰੀਆਂ ਜਾਂ ਦਿੱਲੀ ਸਰਕਾਰ ਨਾਲ ਸਲਾਹ-ਮਸ਼ਵਰੇ ਤੋਂ ਬਿਨਾਂ ਹੀ ਸੁਪਰੀਮ ਕੋਰਟ ਵਿਚ ਸਟੈਂਡ ਲੈ ਲਿਆ ਸੀ।

## ਸਾਬਕਾ ਜਨਰਲ ਜੇ.ਜੇ. ਸਿੰਘ ਨੂੰ ਫਰਾਂਸੀਸੀ ਪੁਰਸਕਾਰ

**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਸੈਨਾ ਮੁਖੀ ਜਨਰਲ ਜੇ.ਜੇ. ਸਿੰਘ ਨੂੰ ਫਰਾਂਸ ਦੇ ਸਰਬਉੱਚ ਨਾਗਰਿਕ ਪੁਰਸਕਾਰ 'ਆਫੀਸਰ ਆਫ ਦਾ ਲਿਜ਼ਿਨ ਆਫ ਹਾਨਰ' ਨਾਲ ਸਨਮਾਨਤ ਕੀਤਾ ਗਿਆ। ਫਰਾਂਸ ਦੂਤਾਵਾਸ ਨੇ ਇਹ ਸਨਮਾਨ ਜੇ.ਜੇ. ਸਿੰਘ ਨੂੰ ਭਾਰਤੀ ਸੈਨਾ ਦੇ ਆਧੁਨਿਕੀਕਰਨ ਅਤੇ ਭਾਰਤ-ਫਰਾਂਸ ਦੀਆਂ ਸੈਨਾ ਵਿਚਾਲੇ ਸਹਿਯੋਗ ਮਜ਼ਬੂਤ ਕਰਨ 'ਚ ਉਨ੍ਹਾਂ ਦੀ ਭੂਮਿਕਾ ਬਦਲੇ ਦਿੱਤਾ ਹੈ।

## ਚੋਣ ਰੱਦ ਕਰਨ ਵਾਲੇ ਮਾਮਲੇ ਵਿਚ ਹਰਸਿਮਰਤ ਨੇ ਹੋਰ ਸਮਾਂ ਮੰਗਿਆ

**ਚੰਡੀਗੜ੍ਹ:** ਕੇਂਦਰੀ ਕੈਬਨਿਟ ਮੰਤਰੀ ਅਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਆਪਣੇ ਖਿਲਾਫ਼ ਪਾਈ ਪਟੀਸ਼ਨ ਦਾ ਜਵਾਬ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਸਮਾਂ ਮੰਗਿਆ ਹੈ। ਹਾਈ ਕੋਰਟ ਵਿਚ ਬੀਬੀ ਬਾਦਲ ਦੀ ਚੋਣ ਮੁਹਿੰਮ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਮਾਮਲੇ ਵਿਚ ਹੀ ਬੀਬੀ ਬਾਦਲ ਵੱਲੋਂ ਦੋ ਵਕੀਲ ਹਾਈ ਕੋਰਟ 'ਚ ਪੇਸ਼ ਹੋਏ। ਹਾਈ ਕੋਰਟ ਨੇ ਸਮਾਂ ਦਿੰਦਿਆਂ ਮਾਮਲੇ ਦੀ ਸੁਣਵਾਈ 13 ਜੁਲਾਈ ਨੂੰ ਤੈਅ ਕੀਤੀ ਹੈ। ਦੱਸ ਦਈਏ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੁੜ ਤੋਂ ਉਨ੍ਹਾਂ ਖਿਲਾਫ਼ ਪਾਈ ਗਈ ਚੋਣ ਪਟੀਸ਼ਨ 'ਤੇ 20 ਜਨਵਰੀ ਨੂੰ ਨੋਟਿਸ ਜਾਰੀ ਕੀਤਾ ਸੀ।

ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨ.ਐਸ.ਯੂ.ਆਈ. ਦੇ ਆਗੂ ਨਵਜੋਤ ਸਿੰਘ ਵੱਲੋਂ ਆਪਣੇ ਵਕੀਲ ਸੁਰਜੀਤ ਸਿੰਘ ਸਵੈਚ ਰਾਹੀਂ ਹਾਈ ਕੋਰਟ 'ਚ ਇਹ ਚੋਣ ਪਟੀਸ਼ਨ ਦਾਇਰ ਕਰਦਿਆਂ ਬੀਬੀ ਬਾਦਲ 'ਤੇ 2014 ਦੀਆਂ ਲੋਕ ਸਭਾ ਆਮ ਚੋਣਾਂ ਦੌਰਾਨ ਤੈਅ ਹੱਦ ਤੋਂ ਵੱਧ 1.05 ਕਰੋੜ ਰੁਪਏ ਚੋਣ ਖਰਚ ਕਰਨ, ਪ੍ਰਚਾਰ ਵਿਚ ਕੌਮੀ ਝੰਡੇ ਅਤੇ ਸਿੱਖ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਜਿਹੇ ਦੋਸ਼ ਲਾਉਂਦੇ ਹੋਏ ਚੋਣ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਸ ਮਾਮਲੇ ਵਿਚ ਬੀਬੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਵਕੀਲ ਜ਼ਰੀਏ ਅਰਜ਼ੀ ਦਾਇਰ ਕਰਕੇ ਕਿਹਾ ਸੀ ਕਿ ਉਨ੍ਹਾਂ ਖਿਲਾਫ਼ ਪਟੀਸ਼ਨ ਦਾਇਰ ਕਰਨ ਵਿਚ ਦੇਰੀ ਹੋਈ ਹੈ, ਜਦੋਂ ਕਿ ਪਟੀਸ਼ਨਕਰਤਾ ਦੇ ਵਕੀਲ ਦਾ ਦਾਅਵਾ ਸੀ ਕਿ ਪਟੀਸ਼ਨ ਸਮੇਂ ਸਿਰ ਹੀ ਪਾਈ ਗਈ ਹੈ।

# ਡਾਕਟਰਾਂ ਨੇ ਕਢਵਾਏ ਸਰਕਾਰ ਦੇ ਹਾੜ੍ਹੇ

**ਚੰਡੀਗੜ੍ਹ:** ਪੰਜਾਬ ਵਿਚ ਡਾਕਟਰਾਂ ਦੀ ਭਰਤੀ ਨੇ ਸਰਕਾਰ ਨੂੰ ਸਾਹੋ-ਸਾਹ ਕੀਤਾ ਹੋਇਆ ਹੈ। ਮਾਹਿਰ ਡਾਕਟਰ ਤਾਂ ਦੂਰ ਦੀ ਗੱਲ ਸਰਕਾਰ ਨੂੰ ਮੈਡੀਕਲ ਅਫਸਰ (ਜਨਰਲ) ਭਰਤੀ ਕਰਨ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਡਾਕਟਰਾਂ ਨੂੰ ਵਾਰੀ-ਵਾਰੀ ਤਰੀਕਾਂ ਦੇ ਕੇ ਜੁਆਇਨ ਕਰਨ ਦੀ ਅਪੀਲ ਕਰ ਰਹੀ ਹੈ। ਪੰਜਾਬ ਸਰਕਾਰ ਨੇ 345 ਮੈਡੀਕਲ ਅਫਸਰਾਂ ਦੀ ਭਰਤੀ ਪ੍ਰਕਿਰਿਆ



ਸ਼ੁਰੂ ਕੀਤੀ ਸੀ। 29 ਫਰਵਰੀ ਨੂੰ 129 ਉਮੀਦਵਾਰ ਕੌਂਸਲਿੰਗ ਲਈ ਬੁਲਾਏ ਸਨ। ਇਨ੍ਹਾਂ ਵਿਚੋਂ 26 ਉਮੀਦਵਾਰ ਨਾ ਪਹੁੰਚੇ ਅਤੇ ਉਨ੍ਹਾਂ ਦੀ ਮੰਗ 'ਤੇ ਸਰਕਾਰ ਨੇ ਇਕ ਮਹੀਨੇ ਦਾ ਸਮਾਂ ਦੇ ਦਿੱਤਾ ਸੀ, ਪਰ ਇਨ੍ਹਾਂ 26 ਉਮੀਦਵਾਰਾਂ ਨੇ 28 ਮਾਰਚ ਨੂੰ ਵੀ ਆਪਣੀ ਹਾਜ਼ਰੀ ਰਿਪੋਰਟ ਨਹੀਂ ਦਿੱਤੀ।

ਡਾਕਟਰਾਂ ਦੀ ਜਥੇਬੰਦੀ ਦਾ ਕਹਿਣਾ ਹੈ ਕਿ ਸਰਕਾਰ ਡਾਕਟਰਾਂ ਨੂੰ ਪਰਖ ਅਧੀਨ ਸਮੇਂ ਤੱਕ ਬੇਸਿਕ ਪੇ ਦੇਣ ਵਾਲੀ ਸ਼ਰਤ ਵਿਚੋਂ ਕੱਢੇ ਕਿਉਂਕਿ ਸਿਹਤ ਮੰਤਰੀ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਮਾਹਿਰ ਡਾਕਟਰਾਂ ਵਾਂਗ ਉਨ੍ਹਾਂ ਨੂੰ ਵੀ ਇਸ ਸ਼ਰਤ ਵਿਚੋਂ ਕੱਢਿਆ ਜਾਵੇਗਾ ਪਰ ਅਜੇ ਤੱਕ ਇਹ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪੀ.ਜੀ.ਆਈ. ਅਧਿਐਨ ਨੇ ਖੋਲ੍ਹੀ ਪੰਜਾਬ 'ਚ ਸਿਹਤ ਸਹੂਲਤਾਂ ਦੀ ਪੋਲ

**ਮੁਫਤ ਦਵਾਈਆਂ ਵਿਚੋਂ ਸਿਰਫ 45.2% ਉਪਲਬਧ**




**ਚੰਡੀਗੜ੍ਹ:** ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ.ਜੀ.ਆਈ.) ਦੇ ਪਬਲਿਕ ਹੈਲਥ ਸਕੂਲ ਵੱਲੋਂ ਕੀਤੇ ਗਏ ਇਕ ਅਧਿਐਨ ਅਨੁਸਾਰ ਪੰਜਾਬ ਦੀਆਂ ਸਿਹਤ ਸੰਸਥਾਵਾਂ ਵਿਚ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ 92 ਜ਼ਰੂਰੀ ਮੁਫਤ ਦਵਾਈਆਂ ਦੀ ਸੂਚੀ ਵਿਚੋਂ ਅੱਧਿਓਂ ਵੱਧ ਦਵਾਈਆਂ ਸਟਾਕ ਵਿਚ ਉਪਲਬਧ ਹੀ ਨਹੀਂ ਹਨ। ਰਿਪੋਰਟ ਅਨੁਸਾਰ ਸੂਬੇ ਦੇ ਸਰਕਾਰੀ ਹਸਪਤਾਲਾਂ, ਮੈਡੀਕਲ ਕਾਲਜਾਂ, ਕਮਿਊਨਿਟੀ ਹੈਲਥ ਸੈਂਟਰਾਂ ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਵਿਚ 92 ਮੁਫਤ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਵਿਚੋਂ ਸਿਰਫ 45.2 ਫੀਸਦੀ ਹੀ ਉਪਲਬਧ ਹਨ ਜੋ ਕਿ ਵਿਸ਼ਵ ਸਿਹਤ ਸੰਸਥਾ ਦੇ 80 ਫੀਸਦੀ ਦੇ ਮਾਪਦੰਡ ਤੋਂ ਘੱਟ ਹਨ। ਇਹ ਮਾਤਰਾ ਤਾਮਿਲਨਾਡੂ ਵਿਚ 88 ਫੀਸਦੀ ਹੈ ਜਦੋਂਕਿ ਬਿਹਾਰ ਵਰਗੇ ਪਛੜੇ ਸੂਬੇ ਵਿਚ ਵੀ ਇਹ ਮਾਤਰਾ ਪੰਜਾਬ ਤੋਂ ਮਾਮੂਲੀ ਘੱਟ 43 ਫੀਸਦੀ ਹੈ।

ਇਸੇ ਅਧਿਐਨ ਅਨੁਸਾਰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀਆਂ ਦਵਾਈਆਂ ਵੀ ਕ੍ਰਮਵਾਰ 60 ਅਤੇ 44 ਫੀਸਦੀ ਹੀ ਉਪਲਬਧ ਹਨ ਪਰ ਦਰਦਾਂ, ਉਲਟੀਆਂ ਅਤੇ ਔਰਤਾਂ ਨਾਲ ਸਬੰਧਤ ਆਮ ਰੋਗਾਂ ਦੀਆਂ ਕੁਝ ਦਵਾਈਆਂ ਜ਼ਰੂਰ ਮਿਲਦੀਆਂ ਹਨ। ਸੂਬੇ ਦੇ ਲੋਕਾਂ ਦੀ ਜਾਨ ਦਾ ਖੌਅ ਬਣੀ ਕੈਂਸਰ ਦੀਆਂ ਦਵਾਈਆਂ ਵੀ ਸਿਰਫ 30 ਫੀਸਦੀ ਹੀ ਮਿਲਦੀਆਂ ਹਨ। ਅਧਿਐਨ ਸਮੇਂ ਇਹ ਵੀ ਦੇਖਣ ਵਿਚ ਆਇਆ ਕਿ ਇਨ੍ਹਾਂ ਵਿਚ 40 ਫੀਸਦੀ ਦਵਾਈਆਂ 3 ਤੋਂ 6 ਮਹੀਨੇ ਅਤੇ 19 ਫੀਸਦੀ ਛੇ ਮਹੀਨਿਆਂ ਤੋਂ ਸਟਾਕ ਵਿਚ ਨਹੀਂ ਸਨ। ਬਲੱਡ ਪ੍ਰੈਸ਼ਰ ਦੀਆਂ 27 ਫੀਸਦੀ ਅਤੇ ਸ਼ੂਗਰ ਦੀਆਂ 19 ਫੀਸਦੀ ਦਵਾਈਆਂ ਵੀ ਛੇ ਮਹੀਨਿਆਂ ਤੋਂ ਹਸਪਤਾਲਾਂ ਵਿਚ ਨਹੀਂ ਜਦੋਂਕਿ ਕਈ ਹੋਰ ਦਵਾਈਆਂ 6 ਤੋਂ 8 ਮਹੀਨਿਆਂ ਤੋਂ ਸਿਹਤ ਸੰਸਥਾਵਾਂ ਦੇ ਸਟਾਕ ਵਿਚ ਨਹੀਂ ਸਨ। ਸੂਬੇ ਦੀਆਂ 95 ਫੀਸਦੀ ਸਿਹਤ ਸੰਸਥਾਵਾਂ ਵਿਚ ਦਵਾਈਆਂ ਦੇ ਭੰਡਾਰਨ ਦੀ ਯੋਗ ਵਿਵਸਥਾ ਦੇ ਬਾਵਜੂਦ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ 92 ਮੁਫਤ ਦਵਾਈਆਂ ਵਿਚੋਂ ਅੱਧਿਓਂ ਬਹੁਤੀਆਂ ਦਾ ਸਟਾਕ ਵਿਚ ਨਾ ਹੋਣਾ ਸਰਕਾਰ ਦੀ ਜਨਤਕ ਸਿਹਤ ਸੇਵਾਵਾਂ ਪ੍ਰਤੀ ਬੇਰੁਖੀ ਵੱਲ ਸਪਸ਼ਟ ਸੰਕੇਤ ਕਰਦਾ ਹੈ।

ਸਿਹਤ ਵਿਭਾਗ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਦਵਾਈਆਂ ਖਰੀਦਣ ਦੇ ਮਾਮਲੇ ਵਿਚ ਵੱਡੇ ਪੱਧਰ 'ਤੇ ਹੁੰਦੀ ਘਪਲੇਬਾਜ਼ੀ ਗ਼ੈਰ-ਮਿਆਰੀ ਦਵਾਈਆਂ ਦੀ ਖਰੀਦ ਦਾ ਕਾਰਨ ਬਣਦੀ ਹੈ। ਮੌਜੂਦਾ ਸਰਕਾਰ ਦੀ ਪਹਿਲੀ ਪਾਰੀ ਵੇਲੇ ਇਮਾਨਦਾਰ ਕਹਾਉਂਦੀ ਸਿਹਤ ਮੰਤਰੀ ਨੇ ਦਵਾਈਆਂ ਖਰੀਦਣ ਵਾਲੀ ਕਮੇਟੀ ਵਿਚ ਆਪਣੀ ਸਕੂਲ ਅਧਿਆਪਕਾ ਸਕੀ ਭੈਣ ਨੂੰ ਹੀ ਮੈਂਬਰ ਨਾਮਜ਼ਦ ਕੀਤਾ ਹੋਇਆ ਸੀ। ਅਜਿਹੀ ਸਥਿਤੀ ਵਿਚ ਮਿਆਰੀ ਦਵਾਈਆਂ ਦੀ ਖਰੀਦ ਸੰਭਵ ਹੀ ਨਹੀਂ ਹੋ ਸਕਦੀ। ਮੌਜੂਦਾ ਸਰਕਾਰ ਦੇ ਹੀ ਇਕ ਹੋਰ ਤਤਕਾਲੀਨ ਸਿਹਤ ਮੰਤਰੀ ਨੇ ਆਪਣੇ ਕਾਰਜਕਾਲ ਦੌਰਾਨ ਸੂਬੇ ਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫਤ ਮਿਲਣ ਵਾਲੀਆਂ ਦਵਾਈਆਂ ਦੀ ਸੂਚੀ ਲਗਵਾਈ ਸੀ, ਪਰ ਦਵਾਈਆਂ ਦੀ ਘਾਟ ਕਾਰਨ ਹਸਪਤਾਲਾਂ ਦੇ ਪ੍ਰਬੰਧਕਾਂ ਨੇ ਜਲਦੀ ਹੀ ਉਸ ਨੂੰ ਇਧਰ-ਉਧਰ ਕਰ ਦਿੱਤਾ। ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਜਨ ਔਸ਼ਧੀ ਸਟੋਰ ਖੋਲ੍ਹਣ ਦਾ ਵੀ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਸੀ, ਪਰ ਦਵਾਈਆਂ ਦੀ ਘਾਟ ਕਾਰਨ ਇਹ ਸਟੋਰ ਵੀ ਚਿੱਟੇ ਹਾਥੀ ਹੀ ਬਣ ਕੇ ਰਹਿ ਗਏ ਹਨ। ਸਰਕਾਰੀ ਹਸਪਤਾਲਾਂ ਵਿਚ ਮੁਫਤ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਘਾਟ ਲਈ ਸਰਕਾਰ ਦੇ ਨਾਲ-ਨਾਲ ਸਿਹਤ ਵਿਭਾਗ ਦੇ ਡਾਕਟਰ ਅਤੇ ਅਧਿਕਾਰੀ ਵੀ ਇਕ ਹੱਦ ਤੱਕ ਜ਼ਿੰਮੇਵਾਰ ਹਨ।

ਇਨ੍ਹਾਂ ਨਾਲ ਕੈਮਿਸਟਾਂ ਦੀ ਮਿਲੀ-ਭੁਗਤ ਵੀ ਕਿਸੇ ਤੋਂ ਗੁੱਝੀ ਨਹੀਂ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫਤ ਦਵਾਈਆਂ ਦੀ ਘਾਟ ਮਰੀਜ਼ਾਂ ਨੂੰ ਬਾਹਰੋਂ ਕੈਮਿਸਟਾਂ ਤੋਂ ਦਵਾਈਆਂ ਲੈਣ ਲਈ ਮਜਬੂਰ ਕਰਦੀ ਹੈ। ਸਿਹਤ ਮਾਹਿਰਾਂ ਅਨੁਸਾਰ ਸਰਵਵਿਆਪਕ ਸਿਹਤ ਪ੍ਰੋਗਰਾਮ ਯਕੀਨੀ ਬਣਾਉਣ ਲਈ ਜ਼ਰੂਰੀ ਦਵਾਈਆਂ ਮਰੀਜ਼ਾਂ ਨੂੰ ਮੁਫ਼ਤ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਸ ਉਦੇਸ਼ ਦੀ ਪੂਰਤੀ ਲਈ ਦਵਾਈਆਂ ਦੀ ਖਰੀਦ ਵਿਚ ਪਾਰਦਰਸ਼ਤਾ ਲਿਆਉਣ ਦੇ ਨਾਲ-ਨਾਲ ਉਨ੍ਹਾਂ ਦਾ ਮਿਆਰੀ ਅਤੇ ਲੋੜੀਂਦੀ ਮਾਤਰਾ ਵਿਚ ਉਪਲਬਧ ਕਰਵਾਉਣਾ ਵੀ ਜ਼ਰੂਰੀ ਹੈ।

# ਆਪਣੀ ਪਾਰਟੀ ਦੀ ਕਮਾਨ ਵੀ ਨਿਤਿਸ਼ ਕੁਮਾਰ ਦੇ ਹੱਥ ਆਈ



**ਨਵੀਂ ਦਿੱਲੀ:** ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਜਨਤਾ ਦਲ (ਯੂ) ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ। ਇਸ ਕਾਰਵਾਈ ਨਾਲ ਉਨ੍ਹਾਂ ਪਾਰਟੀ 'ਤੇ ਮੁਕੰਮਲ ਗਲਬਾ ਬਣ ਗਿਆ ਹੈ ਕਿਉਂਕਿ ਉਹ ਪਾਰਟੀ ਦਾ ਸੂਬੇ ਤੋਂ ਬਾਹਰ ਪਾਸਾਰ ਕਰਨ ਅਤੇ 2019 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਕਰਨੀਆਂ ਚਾਹੁੰਦੇ ਹਨ। ਉਨ੍ਹਾਂ ਦੀ ਚੋਣ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਕੀਤੀ ਗਈ ਜਿਸ ਨਾਲ ਸ਼ਰਦ ਯਾਦਵ ਦੀ ਇਕ ਦਹਾਕੇ ਤੋਂ ਚਲੀ ਆ ਰਹੀ ਮਿਆਦ ਖਤਮ ਹੋ ਗਈ ਜਿਨ੍ਹਾਂ ਨੇ ਚਾਰ ਵਾਰ ਤੋਂ ਵੱਧ ਸਮਾਂ ਪਾਰਟੀ ਦੀ ਕਮਾਨ ਸੰਭਾਲੀ ਰੱਖੀ। ਇਹ ਪਹਿਲਾ ਮੌਕਾ ਹੈ ਜਦੋਂ ਬਿਹਾਰ ਵਿਚ ਜਨਤਾ ਦਲ (ਯੂ) ਦਾ ਚਿਹਰਾ ਸੂਬਾ ਕੇਂਦਰਿਤ ਪਾਰਟੀ ਦਾ ਪ੍ਰਧਾਨ ਚੁਣਿਆ ਗਿਆ ਹੈ। ਇਸ ਦੇ ਦੋ ਪਹਿਲੇ ਪ੍ਰਧਾਨ ਜਾਰਜ ਫਰਨਾਂਡਿਸ ਅਤੇ ਸ਼ਰਦ ਯਾਦਵ ਬਿਹਾਰ ਤੋਂ ਬਾਹਰ ਦੇ ਆਗੂ ਸਨ।

# ਸ਼ੇਕਸਪੀਅਰ ਦੀਆਂ ਰਚਨਾਵਾਂ ਮਿਲੀਆਂ

**ਲੰਡਨ:** ਉੱਘੇ ਸਾਹਿਤਕਾਰ ਵਿਲੀਅਮ ਸ਼ੇਕਸਪੀਅਰ ਦੀਆਂ 36 ਰਚਨਾਵਾਂ ਵਾਲੀ ਪ੍ਰਕਾਸ਼ਤ ਕਿਤਾਬ ਦੀ ਮੂਲ ਪਹਿਲੀ ਜਿਲਦ ਸਕੌਟਿਸ਼ ਟਾਪੂ ਤੋਂ ਲੱਭੀ ਹੈ। ਇਹ ਕਿਤਾਬ ਸ਼ੇਕਸਪੀਅਰ ਦੀ ਮੌਤ ਦੇ ਸੱਤ ਸਾਲਾਂ ਬਾਅਦ 1623 ਵਿਚ ਪ੍ਰਕਾਸ਼ਤ ਕੀਤੀ ਗਈ ਸੀ।

ਇਹ ਕਿਤਾਬ ਬੂਟ ਟਾਪੂ ਦੇ ਮਾਊਂਟ ਸਟੂਅਰਟ ਹਾਊਸ ਤੋਂ ਮਿਲੀ ਹੈ ਅਤੇ ਇਸ ਨੂੰ ਛੇਤੀ ਹੀ ਆਮ ਲੋਕਾਂ ਲਈ ਪ੍ਰਦਰਸ਼ਤ ਕੀਤਾ ਜਾਏਗਾ। ਇਹ ਖੋਜ ਸ਼ੇਕਸਪੀਅਰ ਦੀ 23 ਅਪਰੈਲ ਨੂੰ 400ਵੀਂ ਬਰਸੀ ਤੋਂ ਪਹਿਲਾਂ ਹੋਈ ਹੈ। ਆਕਸਫੋਰਡ ਯੂਨੀਵਰਸਿਟੀ 'ਚ ਸ਼ੇਕਸਪੀਅਰ ਸਟੱਡੀਜ਼ ਦੇ ਏਮਾ ਸਮਿੱਥ ਨੇ ਕਿਤਾਬ ਨੂੰ ਦੁਰਲੱਭ ਅਤੇ ਅਹਿਮ ਪ੍ਰਾਪਤੀ ਦੱਸਿਆ। ਮਾਊਂਟ ਸਟੂਅਰਟ ਹਾਊਸ ਟਰੱਸਟ ਦੇ ਡਾਇਰੈਕਟਰ ਐਲਿਸ ਜੋਨਸ ਨੇ ਕਿਹਾ ਕਿ ਪਹਿਲੀ ਜਿਲਦ ਦੀ ਮੂਲ ਕਾਪੀ ਮਿਲਣਾ ਅਚੰਭੇ 'ਚ ਪਾ ਦੇਣ ਵਾਲੀ ਘਟਨਾ ਹੈ। ਪਹਿਲੀ ਜਿਲਦ (ਫਸਟ ਫੋਲੀਓ) ਦੀਆਂ ਕਰੀਬ 230 ਕਾਪੀਆਂ ਦੱਸੀਆਂ ਗਈਆਂ ਹਨ। ਆਕਸਫੋਰਡ ਯੂਨੀਵਰਸਿਟੀ ਨੇ ਇਸ ਦੀ ਕਾਪੀ 2003 ਵਿਚ 35 ਲੱਖ ਪੌਂਡ ਵਿਚ ਵੇਚੀ ਸੀ।

# ਮੰਦਿਰ ਅਗਨੀ ਕਾਂਡ ਵਿਚ 110 ਤੋਂ ਵੱਧ ਮੌਤਾਂ

**ਸਮਾਗਮ ਵਿਚ ਆਤਿਸ਼ਬਾਜ਼ੀ ਕਾਰਨ ਵਾਪਰੀਆ ਹਾਦਸਾ**



**ਕੋਲਮ:** ਕੇਰਲਾ ਦੇ ਪਾਰਾਵੂਰ ਪੁਟਿੰਗਲ ਦੇਵੀ ਮੰਦਰ ਕੰਪਲੈਕਸ ਵਿਚ ਵਾਪਰੇ ਅਗਨੀ ਕਾਂਡ ਨੇ ਭੀੜ-ਭੜੱਕੇ ਵਾਲੀਆਂ ਥਾਵਾਂ, ਖਾਸ ਕਰਕੇ ਧਰਮ ਅਸਥਾਨਾਂ ਵਿਚ ਇਹਤਿਆਤੀ ਪ੍ਰਬੰਧਾਂ ਦੀ ਘਾਟ ਅਤੇ ਪ੍ਰਬੰਧਕੀ ਅਵੇਸਲੇਪਨ ਦੇ ਰੁਝਾਨ ਵੱਲ ਇਕ ਵਾਰ ਫਿਰ ਧਿਆਨ ਖਿੱਚਿਆ ਹੈ।

ਕੋਲਮ ਜ਼ਿਲ੍ਹੇ ਵਿਚ ਸਥਿਤ ਇਸ ਇਤਿਹਾਸਕ ਮੰਦਰ ਵਿਚ ਸਾਲਾਨਾ ਸਮਾਗਮ ਦੌਰਾਨ ਆਤਿਸ਼ਬਾਜ਼ੀ ਤੇ ਪਟਾਕਿਆਂ ਦੇ ਗੁਦਾਮ ਨੂੰ ਅੱਗ ਲੱਗਣ ਕਾਰਨ ਮੰਦਰ ਕੰਪਲੈਕਸ ਵਿਚ ਜ਼ੋਰਦਾਰ ਧਮਾਕਾ ਹੋਇਆ ਅਤੇ ਪਲਾਂ ਵਿਚ ਹੀ ਚਫੇਰੇ ਅੱਗ ਫੈਲ ਗਈ। ਇਸ ਦੁਖਾਂਤ ਵਿਚ 110 ਜਾਨਾਂ ਜਾਣ ਅਤੇ 350 ਤੋਂ ਵੱਧ ਲੋਕਾਂ ਦੇ ਫੱਟੜ ਹੋਣ ਦੀਆਂ ਖਬਰਾਂ ਹਨ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਮੰਦਰ ਕੰਪਲੈਕਸ ਦੇ ਨੇੜੇ ਸਥਿਤ ਟਰਾਵਨਕੋਰ ਦੇਵਾਸਮ ਬੋਰਡ ਦੀ ਦਫਤਰੀ ਇਮਾਰਤ ਵੀ ਇਸ ਦੇ ਅਸਰ ਕਾਰਨ ਢਹਿ-ਢੇਰੀ ਹੋ ਗਈ। ਕੇਰਲਾ ਸਰਕਾਰ ਨੇ ਇਸ ਦੁਖਾਂਤ ਦੀ ਹਾਈ ਕੋਰਟ ਦੇ ਸਿਟਿੰਗ ਜੱਜ ਪਾਸੋਂ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਹਨ। ਕੇਰਲਾ ਵਿਚ ਇਹ ਪਹਿਲੀ ਵਾਰ ਨਹੀਂ ਜਦੋਂ ਕਿਸੇ ਧਾਰਮਿਕ ਅਨੁਸ਼ਠਾਨ ਦੌਰਾਨ ਵੱਡਾ ਦੁਖਾਂਤ ਵਾਪਰਿਆ। ਪਿਛਲੇ ਪੰਜ ਸਾਲਾਂ ਦੌਰਾਨ ਉਸ ਰਾਜ ਵਿਚ ਧਾਰਮਿਕ ਉਤਸਵਾਂ ਦੌਰਾਨ ਨਿੱਕੇ-ਵੱਡੇ 11 ਦੁਖਾਂਤ ਵਾਪਰ ਚੁੱਕੇ ਹਨ। ਇਨ੍ਹਾਂ ਵਿਚ 343 ਜਾਨਾਂ ਗਈਆਂ ਜੋ ਕਿ ਕੋਈ ਛੋਟਾ-ਮੋਟਾ ਅੰਕੜਾ ਨਹੀਂ।

ਸੂਬਾ ਸਰਕਾਰ ਨੇ ਇਸ ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਲਈ ਦੋ ਦੋ ਲੱਖ ਰੁਪਏ ਅਤੇ ਮਾਮੂਲੀ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਹ ਮੰਦਰ ਕੇਰਲਾ ਦੀ ਰਾਜਧਾਨੀ ਤਿਰੂਵੰਨਤਪੁਰਮ ਤੋਂ ਤਕਰੀਬਨ 70 ਕਿਲੋਮੀਟਰ ਦੂਰ ਹੈ।

ਮੰਦਿਰ ਵਿਚ ਸਾਲਾਨਾ ਸਮਾਰੋਹ ਤਹਿਤ ਅੱਧੀ ਰਾਤ ਨੂੰ ਆਤਿਸ਼ਬਾਜ਼ੀ ਸ਼ੁਰੂ ਹੋਈ। ਆਤਿਸ਼ਬਾਜ਼ੀ ਦੇਖਣ ਲਈ ਹਜ਼ਾਰਾਂ ਲੋਕ ਮੰਦਰ ਕੰਪਲੈਕਸ ਵਿਚ ਪੁੱਜੇ ਹੋਏ ਸਨ। ਪੁਲਿਸ ਮੁਤਾਬਕ ਆਤਿਸ਼ਬਾਜ਼ੀ ਦੌਰਾਨ ਗੁਦਾਮ 'ਕੰਬਪੁਰ' ਵਿਚ ਚੰਗਿਆੜੇ ਡਿੱਗੇ ਅਤੇ ਉਥੇ ਰੱਖੇ ਪਟਾਕਿਆਂ ਵਿਚ ਧਮਾਕਾ ਹੋ ਗਿਆ। ਇਸ ਧਮਾਕੇ ਦੀ ਆਵਾਜ਼ ਇਕ ਕਿਲੋਮੀਟਰ ਤੋਂ ਦੂਰ ਤਕ ਸੁਣੀ ਗਈ। ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਬਿਜਲੀ ਸਪਲਾਈ ਠੱਪ ਹੋਣ ਬਾਅਦ ਚਾਰੇ ਪਾਸੇ ਹਨੇਰਾ ਛਾ ਗਿਆ ਅਤੇ ਲੋਕ ਘਬਰਾ ਕੇ ਭੱਜਣ ਲੱਗੇ।

ਅਗਨੀਕਾਂਡ ਬਾਅਦ ਲਾਸ਼ਾਂ ਅਤੇ ਮਨੁੱਖੀ ਅੰਗ ਮੰਦਰ ਕੰਪਲੈਕਸ ਵਿਚ ਖਿੰਡੇ ਪਏ ਸਨ। ਕੇਰਲਾ ਦੇ ਮੰਦਰ ਵਿਚ ਵਾਪਰੇ ਦਰਦਨਾਕ ਹਾਦਸੇ ਉਤੇ ਰਾਸ਼ਟਰਪਤੀ ਪ੍ਰਣਬ ਮੁਖਰਜੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਵਿੱਤ ਮੰਤਰੀ ਅਰੁਣ ਜੇਤਲੀ, ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ, ਲੋਕ ਸਭਾ ਸਪੀਕਰ ਸੁਮਿਤਰਾ ਮਹਾਜਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਹੁਣ ਕੈਨੇਡਾ ਵਿਚ ਨਹੀਂ ਲੱਗ ਸਕਣਗੇ ਪੰਜਾਬੀ ਸਿਆਸਤ ਦੇ ਅਖਾੜੇ



**ਵੈਨਕੂਵਰ:** ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਰਵਾਸੀਆਂ ਪੰਜਾਬੀਆਂ ਨੂੰ ਭਰਮਾਉਣਾ ਰਾਜਨੀਤਕ ਪਾਰਟੀਆਂ ਲਈ ਸੌਖਾ ਨਹੀਂ ਹੋਵੇਗਾ। ਖਾਸ ਤੌਰ ਉਤੇ ਕੈਨੇਡਾ 'ਚ ਆ ਕੇ ਪੰਜਾਬੀਆਂ ਆਗੂਆਂ ਲਈ ਸਿਆਸਤ ਕਰਨੀ ਸੌਖੀ ਨਹੀਂ ਹੋਏਗੀ।

ਅਸਲ ਵਿਚ ਕੈਨੇਡੀਅਨ ਮੀਡੀਆ ਦੇ ਹਵਾਲੇ ਨਾਲ ਇਹ ਖਬਰਾਂ ਆ ਰਹੀਆਂ ਹਨ ਕਿ ਕੈਨੇਡਾ ਦੀ ਧਰਤੀ ਉਤੇ ਦੂਜੇ ਦੇਸ਼ਾਂ ਦੇ ਆਗੂਆਂ ਨੂੰ ਸਿਆਸਤ ਕਰਨ ਦੀ ਆਗਿਆ ਸਰਕਾਰ ਹੁਣ ਨਹੀਂ ਦੇਵੇਗੀ। ਇਸ ਬਾਰੇ ਸਰਕਾਰ ਕਾਨੂੰਨ ਵੀ ਬਣਾਉਣ ਜਾ ਰਹੀ ਹੈ। ਕੈਨੇਡਾ ਦੀ ਸਰਕਾਰ ਵੱਲੋਂ ਅਜਿਹੇ ਪ੍ਰਬੰਧ ਕੀਤੇ ਜਾਣ ਦੀ ਚਰਚਾ ਛਿੜ ਗਈ ਹੈ ਕਿ ਕੈਨੇਡਾ ਪ੍ਰਭੂਸੱਤਾ ਸੰਪੰਨ ਦੇਸ਼ ਹੈ ਤੇ ਇਥੇ ਕਿਸੇ ਹੋਰ ਦੇਸ਼ ਦੇ ਨਾਗਰਿਕ, ਚਾਹੇ ਉਹ ਲੀਡਰ ਵੀ ਹੋਣ, ਆਪਣੇ ਦੇਸ਼ ਦੀ ਸਿਆਸਤ ਬਾਰੇ ਪ੍ਰਚਾਰ ਨਹੀਂ ਕਰ ਸਕਦੇ।

ਕੈਨੇਡੀਅਨ ਸਰਕਾਰ ਨੇ ਹੁਣ ਕਾਨੂੰਨ ਦੀਆਂ ਕਿਤਾਬਾਂ ਵਿਚੋਂ ਉਹ ਨਿਯਮ ਲੱਭ ਲਏ ਹਨ ਜਿਸ ਦੇ ਆਧਾਰ 'ਤੇ ਵਿਦੇਸ਼ੀ ਪਾਰਟੀਆਂ ਦੇ ਹੱਕ ਜਾਂ ਵਿਰੋਧ 'ਚ ਰੈਲੀਆਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ।

ਕੈਨੇਡੀਅਨ ਮੀਡੀਆ ਅਨੁਸਾਰ ਸਰਕਾਰ ਵੱਲੋਂ ਅਜਿਹੇ ਪ੍ਰਬੰਧ ਕੀਤੇ ਜਾ ਰਹੇ ਹਨ ਕਿ ਵਿਦੇਸ਼ ਤੋਂ ਆਏ ਕਿਸੇ ਵੀ ਆਗੂ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਮਿਲਣ ਦੀ ਆਗਿਆ ਤਾਂ ਹੋਏਗੀ ਪਰ ਉਹ ਇਕੱਠ ਕਰ ਕੇ ਸਿਆਸੀ ਗੱਲ ਨਹੀਂ ਕਰ ਸਕਣਗੇ। ਸਰਕਾਰ ਇਹ ਵੀ ਨਿਯਮ ਬਣਾਉਣ ਜਾ ਰਹੀ ਹੈ ਕਿ ਜੇਕਰ ਕੋਈ ਆਗੂ ਕੈਨੇਡਾ ਦੀ ਧਰਤੀ ਉਤੇ ਆ ਕੇ ਸਿਆਸੀ ਗੱਲ ਕਰੇਗਾ ਤਾਂ ਉਸ ਦਾ ਵੀਜ਼ਾ ਰੱਦ ਕਰ ਕੇ ਤੁਰਤ ਕੈਨੇਡਾ ਤੋਂ ਬਾਹਰ ਕਰ ਦਿੱਤਾ ਜਾਵੇਗਾ।

ਯਾਦ ਰਹੇ ਕਿ ਪਿਛਲੇ ਸਾਲ ਕੈਨੇਡਾ ਦੀ ਧਰਤੀ ਉਤੇ ਕਈ ਅਕਾਲੀ ਮੰਤਰੀਆਂ ਅਤੇ ਵਿਧਾਇਕ ਪੰਜਾਬ ਸਰਕਾਰ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਗਏ ਸਨ, ਪਰ ਕੈਨੇਡਾ ਦੇ ਪੰਜਾਬੀਆਂ ਨੇ ਅਕਾਲੀ ਆਗੂਆਂ ਦਾ ਭਰਵਾਂ ਵਿਰੋਧ ਕੀਤਾ ਸੀ। ਇਸ ਤੋਂ ਇਲਾਵਾ ਪੰਜਾਬ ਦੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਕੈਨੇਡੀਅਨ ਪੁਲਿਸ ਦੀ ਕੀਤੀ ਗਈ ਅਲੋਚਨਾ ਦੀ ਵੀ ਕਾਫੀ ਚਰਚਾ ਹੋਈ ਸੀ।

## ਆਸਟਰੇਲੀਆ ਨੇ ਪੰਜਾਬ ਬੋਰਡ ਨੂੰ ਕੀਤਾ ਫੇਲ੍ਹ?

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਬਾਰ੍ਹਵੀਂ ਪਾਸ ਕਰ ਕੇ ਆਸਟਰੇਲੀਆ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਬੁਰੀ ਖਬਰ ਹੈ। ਇਸ ਬੋਰਡ ਤੋਂ ਬਾਰ੍ਹਵੀਂ ਪਾਸ ਵਿਦਿਆਰਥੀਆਂ ਨੂੰ ਆਸਟਰੇਲੀਆ ਹਾਈ ਕਮਿਸ਼ਨ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਪਿੱਛੇ ਹਾਈ ਕਮਿਸ਼ਨ ਦੀ ਦਲੀਲ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਨੂੰ ਆਸਟਰੇਲੀਆ ਦੀ ਸਿੱਖਿਆ ਨੀਤੀ ਮਾਨਤਾ ਨਹੀਂ ਦਿੰਦੀ। ਇਸ ਮੁੱਦੇ ਨੂੰ ਲੈ ਕੇ ਪੰਜਾਬ ਦਾ ਸਿੱਖਿਆ ਵਿਭਾਗ ਤੁਰਤ ਹਰਕਤ ਵਿਚ ਆ ਗਿਆ ਹੈ। ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਮਾਮਲੇ ਨੂੰ ਕੇਂਦਰੀ ਮਨੁੱਖੀ ਵਸੀਲਿਆਂ ਬਾਰੇ ਮੰਤਰੀ ਅਤੇ ਵਿਦੇਸ਼ ਮੰਤਰਾਲੇ ਕੋਲ ਚੁੱਕਣ ਦਾ ਫੈਸਲਾ ਕੀਤਾ। ਕੁਝ ਵਿਦਿਆਰਥੀਆਂ ਦੀ ਵੀਜ਼ਾ ਅਰਜ਼ੀਆਂ ਇਸ ਦਲੀਲ 'ਤੇ ਰੱਦ ਕਰ ਦਿੱਤੀਆਂ ਗਈਆਂ ਕਿ ਉਨ੍ਹਾਂ ਨੇ ਬਾਰ੍ਹਵੀਂ ਦੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕੀਤੀ ਹੈ। ਵੀਜ਼ਾ ਰੱਦ ਕਰਨ ਤੋਂ ਬਾਅਦ ਹਾਈ ਕਮਿਸ਼ਨ ਵੱਲੋਂ ਬਕਾਇਦਾ ਈ-ਮੇਲ ਭੇਜ ਕੇ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਦਿੱਤੀ ਹੈ। ਹਾਈ ਕਮਿਸ਼ਨ ਦੇ ਇਸ ਫੈਸਲੇ ਨਾਲ ਆਸਟਰੇਲੀਆ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੇ ਸੁਪਨੇ ਟੁੱਟ ਗਏ ਹਨ। ਅਸਲ ਵਿਚ ਵਿਦੇਸ਼ ਪੜ੍ਹਾਈ ਕਰਨ ਦੇ ਮਾਮਲੇ ਵਿਚ ਕਈ ਸਹਾਇਕ ਕਿੱਤੇ ਜੁੜੇ ਹੋਏ ਹਨ। ਆਈਲੈਟਸ ਪਾਸ ਕਰਵਾਉਣ ਵਾਲੇ ਸੰਸਥਾਨ ਅਤੇ ਇਮੀਗ੍ਰੇਸ਼ਨ ਕੰਸਲਟੈਂਸੀ ਇੰਡਸਟਰੀ ਲਈ ਇਹ ਵੱਡਾ ਝਟਕਾ ਹੈ।

# ਬਿਹਾਰ ਵਿਚ ਸ਼ਰਾਬਬੰਦੀ ਪਿਛੋਂ ਪੰਜਾਬ ਦੇ ਹੁਕਮਰਾਨਾਂ 'ਤੇ ਸਵਾਲਾਂ ਦੀ ਵਾਛੜ

**ਚੰਡੀਗੜ੍ਹ:** ਸ਼ਰਾਬ ਦੀ ਵਿਕਰੀ ਤੋਂ ਹੋਣ ਵਾਲੀ ਤਕਰੀਬਨ 4000 ਕਰੋੜ ਰੁਪਏ ਦੀ ਆਮਦਨ ਦਾ ਮੋਹ ਤਿਆਗਦਿਆਂ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਬਿਹਾਰ ਸਰਕਾਰ ਨੇ ਸੂਬੇ ਵਿਚ ਮੁਕੰਮਲ ਸ਼ਰਾਬਬੰਦੀ ਲਾਗੂ ਕਰ ਕੇ ਚੋਣਾਂ ਸਮੇਂ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ।



ਬਿਹਾਰ ਦੀ ਇਸ ਪਹਿਲ ਪਿਛੋਂ ਪੰਜਾਬ ਸਰਕਾਰ ਦੇ ਸ਼ਰਾਬ ਕਾਰੋਬਾਰ ਬਾਰੇ ਮੋਹ 'ਤੇ ਸਵਾਲ ਉਠਣ ਲੱਗੇ ਹਨ। ਸਵਾਲ ਕੀਤਾ ਜਾ ਰਿਹਾ ਹੈ ਕਿ ਜੇ ਬਿਹਾਰ ਸਰਕਾਰ ਲੋਕ ਹਿੱਤਾਂ ਲਈ ਸ਼ਰਾਬ ਤੋਂ ਹੋਣ ਵਾਲੀ 4000 ਕਰੋੜ ਰੁਪਏ ਦੀ ਆਮਦਨ ਦਾ ਮੋਹ ਤਿਆਗ ਸਕਦੀ ਹੈ ਤਾਂ ਪੰਜਾਬ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕਦੀ। ਸ਼ਰਾਬ ਅਤੇ ਹੋਰ ਨਸ਼ਿਆਂ ਨੇ ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਨਸ਼ਿਆਂ ਦਾ ਮੁੱਦਾ ਭਾਰੂ ਰਿਹਾ ਅਤੇ ਸੱਤਾਧਾਰੀ ਧਿਰ ਨੂੰ ਇਸ ਪਾਸੇ ਧਿਆਨ ਨਾ ਦੇਣ ਦਾ ਖਮਿਆਜ਼ਾ ਵੀ ਭੁਗਤਣਾ ਪਿਆ। ਇਸ ਦੇ ਬਾਵਜੂਦ ਇਹ ਆਪਣੇ ਸੋਮੇ, ਸਿਆਸੀ, ਕਾਰੋਬਾਰੀ ਅਤੇ ਆਰਥਿਕ ਮੰਤਵਾਂ ਕਰ ਕੇ ਇਸ ਅਹਿਮ ਸਮੱਸਿਆ ਨੂੰ ਅਣਗੌਲਿਆ ਕਰ ਰਹੀ ਹੈ।

ਦੱਸਣਯੋਗ ਹੈ ਕਿ ਇਸ ਵਾਰ ਪੰਜਾਬ ਵਿਚ 5100 ਤੋਂ 5200 ਕਰੋੜ ਰੁਪਏ ਵਿਚ ਠੇਕਿਆਂ ਦੀ ਨਿਲਾਮੀ ਹੋਈ ਹੈ। ਐਤਕੀਂ ਸ਼ਰਾਬ ਦੇ ਠੇਕੇ ਲੈਣ ਦੇ ਚਾਹਵਾਨਾਂ ਦੀਆਂ ਤਕਰੀਬਨ 47 ਹਜ਼ਾਰ ਅਰਜ਼ੀਆਂ ਪੁੱਜੀਆਂ ਸਨ, ਜਿਨ੍ਹਾਂ ਤੋਂ ਫੀਸ ਦੇ ਰੂਪ ਵਿਚ 145 ਕਰੋੜ ਰੁਪਏ ਦੀ ਆਮਦਨ ਹੋਈ ਹੈ। ਹਾਲਾਂਕਿ ਸਰਕਾਰ ਨੂੰ ਇਸ ਵਾਰ ਕਮਾਈ ਘਟਣ ਦਾ ਝੋਰਾ ਹੈ, ਕਿਉਂਕਿ ਸਰਕਾਰ ਵੱਲੋਂ ਨਵੀਂ ਆਬਕਾਰੀ ਨੀਤੀ ਲਿਆਉਣ ਦੇ ਬਾਵਜੂਦ ਠੇਕਿਆਂ ਦੀ ਨਿਲਾਮੀ ਤੋਂ ਮਿਥੇ ਗਏ ਟੀਚੇ ਮੁਤਾਬਕ 300 ਕਰੋੜ ਰੁਪਏ ਦਾ ਘੱਟ ਮਾਲੀਆ ਇਕੱਠਾ ਹੋਇਆ ਹੈ। ਇਸ ਨਿਲਾਮੀ ਲਈ ਅਰਜ਼ੀ ਫੀਸ ਵੀ ਪਿਛਲੇ ਸਾਲ ਨਾਲੋਂ 146 ਕਰੋੜ ਰੁਪਏ ਘੱਟ ਪ੍ਰਾਪਤ ਹੋਈ। ਐਤਕੀਂ ਸ਼ਰਾਬ ਦੇ ਕਾਰੋਬਾਰ ਤੋਂ ਸਰਕਾਰ ਨੂੰ ਤਕਰੀਬਨ 450 ਕਰੋੜ ਰੁਪਏ ਘੱਟ ਕਮਾਈ ਹੋਈ ਹੈ। ਕਰ ਤੇ ਆਬਕਾਰੀ ਵਿਭਾਗ ਵੱਲੋਂ ਸ਼ਰਾਬ ਦੇ ਠੇਕਿਆਂ ਤੋਂ 5440 ਕਰੋੜ ਰੁਪਏ ਕਮਾਉਣ ਦਾ ਟੀਚਾ ਸੀ, ਪਰ ਅੰਕੜਾ ਤਕਰੀਬਨ 300 ਕਰੋੜ ਹੇਠਾਂ ਰਿਹਾ।

ਗੌਰਤਲਬ ਹੈ ਕਿ ਕੁਝ ਸਾਲ ਪਹਿਲਾਂ ਹਰਿਆਣਾ, ਆਂਧਰਾ ਪ੍ਰਦੇਸ਼ ਅਤੇ ਤਾਮਿਲ ਨਾਡੂ ਨੇ ਵੀ ਸ਼ਰਾਬ ਦੀ ਵਿਕਰੀ ਅਤੇ ਸੇਵਨ ਉਤੇ ਪਾਬੰਦੀ ਲਗਾਈ ਸੀ, ਪਰ ਨਾਜਾਇਜ਼ ਸ਼ਰਾਬ ਦਾ ਧੰਦਾ ਵਧਣ ਅਤੇ ਸ਼ਰਾਬ ਦੇ ਕਾਰੋਬਾਰੀਆਂ ਤੇ ਰਸੂਖਵਾਨਾਂ ਦੇ ਦਬਾਅ ਹੇਠ ਉਨ੍ਹਾਂ ਨੂੰ ਪਿੱਛੇ ਹਟਣਾ ਪੈ ਗਿਆ ਸੀ।

# ਯੂਕਰੇਨ 'ਚ ਚਾਕੂ ਹਮਲਾ; ਦੋ ਭਾਰਤੀ ਵਿਦਿਆਰਥੀ ਕਤਲ

**ਯੂਕਰੇਨ:** ਯੂਕਰੇਨ ਵਿਚ ਦੋ ਭਾਰਤੀ ਵਿਦਿਆਰਥੀਆਂ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਯੂਕਰੇਨ ਦੇ ਮੈਡੀਕਲ ਕਾਲਜ ਵਿਚ ਪੜ੍ਹਾਈ ਲਈ ਗਏ ਤਿੰਨ ਵਿਦਿਆਰਥੀਆਂ ਉਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਚਾਕੂ ਨਾਲ ਹਮਲਾ ਕਰ ਦਿੱਤਾ।




ਇਨ੍ਹਾਂ ਵਿਚੋਂ ਦੋ ਵਿਦਿਆਰਥੀਆਂ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦੋਂਕਿ ਇਕ ਗੰਭੀਰ ਜ਼ਖਮੀ ਹੋ ਗਿਆ।

ਭਾਰਤੀ ਵਿਦੇਸ਼ ਮੰਤਰਾਲੇ ਅਨੁਸਾਰ ਮ੍ਰਿਤਕ ਭਾਰਤੀ ਵਿਦਿਆਰਥੀਆਂ ਦੀ ਪਛਾਣ ਪ੍ਰਣਵ ਸਿੰਦਲਾ ਤੇ ਓਂਕਰ ਸਿੰਘ ਹੈ। ਮ੍ਰਿਤਕ ਵਿਦਿਆਰਥੀ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਸਨ। ਜ਼ਖਮੀ ਇੰਦਰਜੀਤ ਸਿੰਘ ਚੌਹਾਨ ਇਸ ਸਮੇਂ ਹਸਪਤਾਲ ਵਿਚ ਇਲਾਜ ਅਧੀਨ ਹੈ। ਇੰਦਰਜੀਤ ਸਿੰਘ ਦੀ ਸ਼ਿਕਾਇਤ ਉਤੇ ਹਮਲਾਵਰਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਹਮਲਾਵਰ ਯੂਕਰੇਨ ਦੇ ਹੀ ਨਾਗਰਿਕ ਹਨ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਇਸ ਸਬੰਧੀ ਯੂਕਰੇਨ ਦੀ ਸਰਕਾਰ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

# ਬ੍ਰਿਟੇਨ ਦੇ ਸ਼ਾਹੀ ਜੋੜੇ ਦਾ ਭਾਰਤ ਵਿਚ ਸ਼ਾਹੀ ਸਵਾਗਤ



**ਮੁੰਬਈ:** ਬ੍ਰਿਟਿਸ਼ ਰਾਜਕੁਮਾਰ ਪ੍ਰਿੰਸ ਵਿਲੀਅਮ ਤੇ ਉਨ੍ਹਾਂ ਦੀ ਪਤਨੀ ਕੇਟ ਮਿਡਲਟਨ ਦਾ ਭਾਰਤ ਪਹੁੰਚਣ 'ਤੇ ਸ਼ਾਹੀ ਸਵਾਗਤ ਕੀਤਾ ਗਿਆ।

ਸ਼ਾਹੀ ਜੋੜੇ ਦਾ ਇਹ ਪਹਿਲਾ ਭਾਰਤੀ ਦੌਰਾ ਹੈ। ਇਹ ਜੋੜਾ ਸਭ ਤੋਂ ਪਹਿਲਾਂ ਮੁੰਬਈ ਪਹੁੰਚਿਆ ਤੇ ਇਥੇ ਇਹ ਇਕ ਰੰਗਾ ਰੰਗ ਪ੍ਰੋਗਰਾਮ ਵਿਚ ਸ਼ਾਮਲ ਹੋਇਆ। ਇਸ 'ਚ ਸ਼ਾਹਰੁਖ ਖਾਨ, ਆਮਿਰ ਖਾਨ, ਰਿਸ਼ੀ ਕਪੂਰ ਤੇ ਐਸ਼ਵਰੀਆ ਰਾਏ ਬੱਚਨ ਸਮੇਤ ਬਾਲੀਵੁੱਡ ਦੀਆਂ ਕਈ ਹਸਤੀਆਂ ਵੀ ਸ਼ਾਮਲ ਸਨ। ਭਾਰਤ ਦੇ ਜ਼ਰੂਰਤਮੰਦ ਬੱਚਿਆਂ ਦੀ ਮਦਦ ਲਈ ਰਾਸ਼ੀ ਜੁਟਾਉਣ ਦੇ ਮਕਸਦ ਵਾਲਾ ਇਹ ਪ੍ਰੋਗਰਾਮ ਮੁੰਬਈ ਵਿਚ ਹੋਇਆ।

# ਮੋਦੀ ਦੀ ਜਨ ਧਨ ਯੋਜਨਾ ਵਾਲੇ ਖਾਤੇ ਖਾਲੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਜਨ ਧਨ ਯੋਜਨਾ ਦੀ ਹਵਾ ਨਿਕਲ ਗਈ ਹੈ। ਯੋਜਨਾ ਤਹਿਤ ਖੋਲ੍ਹੇ 11 ਕਰੋੜ ਤੋਂ ਵੱਧ ਖਾਤੇ ਬੈਂਕਾਂ ਲਈ ਮੁਸੀਬਤ ਦਾ ਸਬੱਬ ਬਣ ਗਏ ਹਨ। ਖਾਤਾਧਾਰਕਾਂ ਨੇ ਇਕ ਵਾਰ ਖਾਤਾ ਖੁਲ੍ਹਵਾਉਣ ਤੋਂ ਬਾਅਦ ਬੈਂਕਾਂ ਵੱਲ ਮੂੰਹ ਨਹੀਂ ਕੀਤਾ, ਪਰ ਆਰ.ਬੀ.ਆਈ. ਦੇ ਦਬਾਅ ਕਾਰਨ ਇਨ੍ਹਾਂ ਖਾਤਿਆਂ ਨੂੰ ਚਲਦਾ ਰੱਖਣ ਲਈ ਬੈਂਕ ਖੁਦ ਹੀ ਪੈਸੇ ਜਮ੍ਹਾਂ ਕਰਵਾ ਰਹੇ ਹਨ।

ਬੈਂਕ ਅਧਿਕਾਰੀਆਂ ਮੁਤਾਬਕ, ਜਨ ਧਨ ਖਾਤੇ ਮੁਸੀਬਤ ਦਾ ਸਬੱਬ ਬਣੇ ਹੋਏ ਹਨ। ਉਸ ਵੇਲੇ ਸਰਕਾਰ ਦੀ ਹਦਾਇਤ 'ਤੇ ਜ਼ੀਰੋ ਬੈਲੇਂਸ ਖਾਤੇ ਖੋਲ੍ਹੇ ਗਏ ਸਨ, ਪਰ ਬਾਅਦ ਵਿਚ ਇਨ੍ਹਾਂ 'ਚ ਇਕ ਵੀ ਪੈਸਾ ਜਮਾਂ ਨਹੀਂ ਹੋਇਆ। ਭਾਰਤੀ ਰਿਜ਼ਰਵ ਬੈਂਕ ਵੱਲੋਂ ਇਨ੍ਹਾਂ ਖਾਤਿਆਂ ਨੂੰ ਐਕਟਿਵ ਰੱਖਣ ਦਾ ਦਬਾਅ ਇਸ ਕਦਰ ਹੈ ਕਿ ਬੈਂਕ ਆਪਣੀ ਜੇਬ ਵਿਚੋਂ ਪੈਸੇ ਜਮ੍ਹਾਂ ਕਰਵਾ ਜ਼ੀਰੋ ਬੈਲੇਂਸ ਦਾ ਠੱਪਾ ਉਤਾਰ ਰਹੇ ਹਨ। ਭਾਰਤੀ ਸਟੇਟ

**ਬੈਂਕਾਂ ਲਈ ਮੁਸੀਬਤ ਬਣੇ 11 ਕਰੋੜ ਤੋਂ ਵੱਧ ਖਾਤੇ**




ਬੈਂਕ ਦੇ ਇਕ ਅਧਿਕਾਰੀ ਮੁਤਾਬਕ ਦੋ ਲੱਖ ਰੁਪਏ ਦੇ ਬੀਮੇ ਤੇ 5 ਹਜ਼ਾਰ ਰੁਪਏ ਦੇ ਓਵਰਡਰਾਫਟ ਦੇ ਲਾਲਚ ਵਿਚ ਪੂਰੇ ਦੇਸ਼ ਵਿਚ 11 ਕਰੋੜ ਤੋਂ ਵੱਧ ਖਾਤੇ ਖੋਲ੍ਹੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ 4 ਕਰੋੜ ਤੋਂ ਵੱਧ ਖਾਤਿਆਂ ਵਿਚ ਇਕ ਵੀ ਪੈਸਾ ਨਹੀਂ ਹੈ। ਉਨ੍ਹਾਂ ਮੁਤਾਬਕ ਜ਼ੀਰੋ ਬੈਲੇਂਸ ਹੋਣ ਕਾਰਨ ਖਾਤਿਆਂ ਨੂੰ ਨਾ ਤਾਂ ਬੀਮੇ ਦਾ ਲਾਭ ਮਿਲ ਰਿਹਾ ਹੈ ਤੇ ਨਾ ਹੀ ਓਵਰ ਡਰਾਫਟ ਦਾ। ਅਜਿਹੇ ਖਾਤਿਆਂ ਨੂੰ ਚੱਲਦਾ ਰੱਖਣ ਲਈ ਭਾਰਤੀ ਰਿਜ਼ਰਵ ਬੈਂਕ ਦਾ ਭਾਰੀ ਦਬਾਅ ਹੈ। ਇਸ ਦਬਾਅ ਦੇ ਚੱਲਦੇ ਬੈਂਕ ਵੀ ਮਜਬੂਰ ਹਨ।

ਜ਼ਿਕਰਯੋਗ ਹੈ ਕਿ ਸ੍ਰੀ ਮੋਦੀ ਇਸ ਯੋਜਨਾ ਦੀ ਤਾਰੀਫ ਕਰਦੇ ਰਹਿੰਦੇ ਹਨ। ਉਹ ਇਹ ਵੀ ਦਾਅਵਾ ਕਰਦੇ ਹਨ ਕਿ ਆਜ਼ਾਦੀ ਮਗਰੋਂ ਪਿਛਲੇ ਦੋ ਸਾਲਾਂ 'ਚ ਜਿੰਨੇ ਖਾਤੇ ਖੋਲ੍ਹੇ ਗਏ ਹਨ, ਉਨੇ ਕਦੇ ਵੀ ਨਹੀਂ ਖੋਲ੍ਹੇ ਗਏ ਸਨ। ਨੋਇਡਾ 'ਚ ਹੋਏ ਇਕ ਸਮਾਗਮ ਦੌਰਾਨ ਮੋਦੀ ਨੇ ਕਿਹਾ ਸੀ ਕਿ ਜਨ ਧਨ ਖਾਤਿਆਂ ਨਾਲ ਦੇਸ਼ ਦੇ ਖਜ਼ਾਨੇ ਵਿਚ 35 ਹਜ਼ਾਰ ਰੁਪਏ ਇਕੱਠੇ ਹੋਏ ਹਨ, ਪਰ ਬੈਂਕ ਅਧਿਕਾਰੀਆਂ ਮੁਤਾਬਕ ਇਸ ਯੋਜਨਾ ਦੀ ਸੱਚਾਈ ਕੁਝ ਹੋਰ ਹੈ।

# ਪੀਲੀਭੀਤ ਮੁਕਾਬਲਾ: ਪੀੜਤਾਂ ਵੱਲੋਂ ਕਾਹਲੋਂ ਦੇ ਦਾਅਵੇ ਝੂਠੇ ਕਰਾਰ

**ਕਾਹਨੂੰਵਾਨ:** ਪੀਲੀਭੀਤ ਮਾਮਲੇ ਬਾਰੇ ਸੀ.ਬੀ.ਆਈ. ਕੋਰਟ ਦੇ ਫੈਸਲੇ ਮਗਰੋਂ ਹਰਜਿੰਦਰ ਕਾਹਲੋਂ ਵੱਲੋਂ ਕੀਤੇ ਗਏ ਦਾਅਵਿਆਂ ਨੂੰ ਪੀੜਤ ਪਰਿਵਾਰਾਂ ਨੇ ਝੂਠ ਦਾ ਪੁਲੰਦਾ ਦੱਸਿਆ ਹੈ। ਪੀੜਤ ਪਰਿਵਾਰਾਂ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਹਰਜਿੰਦਰ ਕਾਹਲੋਂ ਦੇ ਇਸ ਮਾਮਲੇ ਬਾਰੇ ਕੀਤੇ ਗਏ ਦਾਅਵਿਆਂ ਨੂੰ ਤੱਥਾਂ ਤੋਂ ਰਹਿਤ ਅਤੇ ਸਿੱਖ ਜਗਤ ਦੀ ਵਾਹ-ਵਾਹ ਖੱਟਣ ਵਾਲੇ ਕਰਾਰ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਕੋਰਟ ਲਖਨਊ ਵੱਲੋਂ 1991 ਵਿਚ ਤਿੰਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ 11 ਸਿੱਖ ਨੌਜਵਾਨ ਯਾਤਰੂਆਂ ਦੇ ਮਾਮਲੇ ਵਿਚ ਉੱਤਰ ਪ੍ਰਦੇਸ਼ ਦੇ 47 ਪੁਲਿਸ ਕਰਮਚਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਮਗਰੋਂ ਉੱਤਰ ਪ੍ਰਦੇਸ਼ ਦੇ ਇਕ ਸਿੱਖ ਹਰਜਿੰਦਰ ਸਿੰਘ ਕਾਹਲੋਂ ਨੇ ਪੰਜਾਬ ਆ ਕੇ ਪ੍ਰੈਸ ਕਾਨਫਰੰਸ ਕਰ ਕੇ ਦਾਅਵਾ ਕੀਤਾ ਹੈ ਕਿ ਫੈਸਲੇ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੀ ਅਤੇ ਮਾਲੀ ਨੁਕਸਾਨ ਦਾ ਖਤਰਾ ਹੈ ਕਿਉਂਕਿ ਉਸ ਵੱਲੋਂ ਯੂ.ਪੀ. ਦੇ ਤਤਕਾਲੀ ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਗੰਭੀਰ ਯਤਨ ਕੀਤੇ ਗਏ ਸਨ।

ਹਰਜਿੰਦਰ ਕਾਹਲੋਂ ਦੇ ਮੀਡੀਆ ਵਿਚ ਆਏ ਬਿਆਨਾਂ ਨੂੰ ਸੁਣਨ ਪੜ੍ਹਨ ਤੋਂ ਬਾਅਦ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਾਂ ਨੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਮਾਰੇ ਗਏ ਸਿੱਖ ਨੌਜਵਾਨ ਬਲਜੀਤ ਸਿੰਘ ਪੱਪੂ, ਅਰਜਨ ਪੁਰ ਦੀ ਪਤਨੀ ਬਲਵਿੰਦਰਜੀਤ ਕੌਰ ਅਤੇ ਉੱਤਰ ਪ੍ਰਦੇਸ਼ ਦੇ ਨੌਜਵਾਨ ਤਲਵਿੰਦਰ ਸਿੰਘ ਦੇ ਪਿਤਾ ਮਲਕੀਤ ਸਿੰਘ ਨੇ ਦੱਸਿਆ ਕਿ ਹਰਜਿੰਦਰ ਕਾਹਲੋਂ ਦੇ ਇਸ ਮਾਮਲੇ ਬਾਰੇ ਕੀਤੇ ਗਏ ਦਾਅਵੇ ਗਲਤ ਹਨ। ਬਲਜੀਤ ਸਿੰਘ ਦੀ ਪਤਨੀ ਅਤੇ ਪਰਿਵਾਰ ਨੇ ਕਿਹਾ ਕਿ ਇਸ ਮਾਮਲੇ ਦੀ ਪੈਰਵੀ ਸਾਬਕਾ ਜੱਜ ਆਰ.ਐਸ. ਸੋਢੀ ਅਤੇ ਸਿੱਖ ਪ੍ਰਤੀਨਿਧ ਬੋਰਡ ਉੱਤਰ ਪ੍ਰਦੇਸ਼ ਦੇ ਡਾ. ਗੁਰਮੀਤ ਸਿੰਘ ਤੋਂ ਇਲਾਵਾ ਸ਼ਹੀਦ ਸਤਵਿੰਦਰ ਸਿੰਘ ਮਿੰਟੂ ਸਤਕੋਹਾ ਦੇ ਪਿਤਾ ਅਜੀਤ ਸਿੰਘ ਅਤੇ ਸ਼ਹੀਦ ਮੁਖਵਿੰਦਰ ਸਿੰਘ ਦੇ ਪਿਤਾ ਸੰਤੋਖ ਸਿੰਘ ਨੇ ਕੀਤੀ ਹੈ।

ਮਾਰੇ ਗਏ ਨੌਜਵਾਨ ਤਲਵਿੰਦਰ ਸਿੰਘ ਦੇ ਪਿਤਾ ਮਲਕੀਤ ਸਿੰਘ ਦਾ ਕਹਿਣਾ ਹੈ ਕਿ 1991 ਵਿਚ ਇਸ ਮੁਕਾਬਲੇ ਤੋਂ ਬਾਅਦ ਪੁਲਿਸ ਵੱਲੋਂ ਉਸ ਦੇ ਪਰਿਵਾਰ ਨੂੰ ਜ਼ਲੀਲ ਕੀਤਾ ਗਿਆ। ਉਸ ਨੂੰ ਉੱਤਰ ਪ੍ਰਦੇਸ਼ ਦੀ ਪੁਲਿਸ ਨੇ ਬੇਘਰ ਕਰ ਦਿੱਤਾ। 1995 ਵਿਚ ਉਹ ਪਰਿਵਾਰ ਸਮੇਤ ਪੰਜਾਬ ਆ ਗਿਆ। ਉਹ ਡਰਦਾ ਯੂ.ਪੀ. ਵੀ ਨਹੀਂ ਸੀ ਜਾ ਸਕਦਾ, ਜਿਸ ਕਾਰਨ ਉਸ ਦੀ ਖੇਤੀ ਅਤੇ ਹੋਰ ਕਾਰੋਬਾਰ ਤਹਿਸ-ਨਹਿਸ ਹੋ ਗਿਆ। ਮਲਕੀਤ ਸਿੰਘ ਨੇ ਖੁਲਾਸਾ ਕੀਤਾ ਕਿ ਹਰਜਿੰਦਰ ਕਾਹਲੋਂ ਦੇ ਭਰਾ ਨਿੰਦਰ ਦੀ ਇਸ ਮਾਮਲੇ ਵਿਚ ਸੀ.ਬੀ.ਆਈ. ਕੋਰਟ 'ਚ ਗਵਾਹੀ ਸੀ, ਪਰ ਹਰਜਿੰਦਰ ਨੇ ਯੂ.ਪੀ. ਦੀ ਪੁਲਿਸ ਨਾਲ ਮਿਲੀਭੁਗਤ ਕਰ ਕੇ ਆਪਣੇ ਭਰਾ ਦੀ ਗਵਾਹੀ ਵੀ ਨਹੀਂ ਹੋਣ ਦਿੱਤੀ ਅਤੇ ਯੂ.ਪੀ. ਦੀ ਪੁਲਿਸ ਨਾਲ ਮਿਲ ਕੇ ਇਕ ਹੋਰ ਅਹਿਮ ਗਵਾਹ ਮਹਿੰਦਰ ਸਿੰਘ ਅਤੇ ਰਾਮ ਕੁਮਾਰ ਤੋਂ ਇਲਾਵਾ ਮੇਜਰ ਚੱਬਾ ਨੂੰ ਵੀ ਪ੍ਰੇਸ਼ਾਨ ਕੀਤਾ। ਇਨ੍ਹਾਂ ਪਰਿਵਾਰਾਂ ਨੇ ਸਿੱਖ ਸੰਗਤ ਅਤੇ ਪੰਥਕ ਦਲਾਂ ਨੂੰ ਅਪੀਲ ਕੀਤੀ ਕਿ ਹਰਜਿੰਦਰ ਕਾਹਲੋਂ ਦੇ ਕਿਸੇ ਵੀ ਬਿਆਨ ਅਤੇ ਕਹਾਣੀ ਉਤੇ ਵਿਸ਼ਵਾਸ ਨਾ ਕੀਤਾ ਜਾਵੇ। ਕੇਵਲ ਪੀੜਤ ਪਰਿਵਾਰਾਂ ਅਤੇ ਦਿੱਲੀ ਸਿੱਖ ਪ੍ਰਤੀਨਿਧ ਬੋਰਡ ਤੋਂ ਇਲਾਵਾ ਸਾਬਕਾ ਜੱਜ ਆਰ.ਐਸ. ਸੋਢੀ ਦੇ ਯਤਨਾਂ ਅਤੇ ਕੋਰਟ ਦੇ ਫੈਸਲਿਆਂ ਅਨੁਸਾਰ ਹੀ ਅਗਲੀ ਕਾਰਵਾਈ ਲਈ ਯਤਨ ਕੀਤੇ ਜਾਣ।

## ਵਾਦੀ 'ਚ ਸਾਰੇ ਸ਼ੱਕੀ ਪੁਲਿਸ ਮੁਕਾਬਲਿਆਂ ਦੀ ਜਾਂਚ ਮੰਗੀ

**ਸ੍ਰੀਨਗਰ:** ਪਿਛਲੇ ਸਾਲਾਂ ਦੌਰਾਨ ਜੰਮੂ ਕਸ਼ਮੀਰ ਤੇ ਬਾਹਰ ਹੋਏ ਸਾਰੇ ਸ਼ੱਕੀ ਪੁਲਿਸ ਮੁਕਾਬਲਿਆਂ ਦੀ ਡੂੰਘਾਈ ਨਾਲ ਜਾਂਚ ਦੀ ਮੰਗ ਕਰਦਿਆਂ ਆਲ ਪਾਰਟੀ ਸਿੱਖ ਤਾਲਮੇਲ ਕਮੇਟੀ (ਏ.ਪੀ.ਐਸ.ਸੀ.ਸੀ.) ਨੇ ਕਿਹਾ ਕਿ ਇਸ ਨਾਲ ਸੱਚ ਸਾਹਮਣੇ ਲਿਆਉਣ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਮਦਦ ਮਿਲੇਗੀ। ਪੀਲੀਭੀਤ (ਉੱਤਰ ਪ੍ਰਦੇਸ਼) ਫਰਜ਼ੀ ਪੁਲਿਸ ਮੁਕਾਬਲੇ ਬਾਰੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਹਾਲੀਆ ਰਿਪੋਰਟ ਦਾ ਹਵਾਲਾ ਦਿੰਦਿਆਂ ਕਮੇਟੀ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਜੰਮੂ ਕਸ਼ਮੀਰ, ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਪਿਛਲੇ ਕਈ ਦਹਾਕਿਆਂ ਵਿਚ ਹੋਏ ਮੁਕਾਬਲਿਆਂ ਉਤੇ ਸ਼ੱਕ ਦੀ ਉਂਗਲ ਉਠੀ ਹੈ ਅਤੇ ਇਨ੍ਹਾਂ ਦੀ ਸਹੀ ਤਰੀਕੇ ਨਾਲ ਜਾਂਚ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਵੱਡੀ ਕਾਨੂੰਨਸਾਜ਼ ਸੰਸਥਾ ਸੰਸਦ ਦਾ ਸੈਸ਼ਨ ਸੱਦ ਕੇ ਅਜਿਹੇ ਮਸਲਿਆਂ 'ਤੇ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ। ਦੱਖਣੀ ਕਸ਼ਮੀਰ ਦੇ ਛੱਤੀਸਿੰਘਪੁਰਾ ਵਿਚ 20 ਮਾਰਚ 2000 ਵਿਚ 35 ਸਿੱਖਾਂ ਦਾ ਕਤਲ ਕਰਨ ਦੇ ਮਾਮਲੇ ਦੀ ਕਦੇ ਜਾਂਚ ਨਹੀਂ ਹੋਈ। ਹੁਣ ਸਮਾਂ ਆ ਗਿਆ ਹੈ ਕਿ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿੱਤਾ ਜਾਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਅਪਰੈਲ 2016*

## ਕਾਮਾਗਾਟਾਮਾਰੂ, ਪਰਵਾਸ ਤੇ ਪੰਜਾਬ

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਾਮਾਗਾਟਾਮਾਰੂ ਦੁਖਾਂਤ ਬਾਰੇ ਪਾਰਲੀਮੈਂਟ ਵਿਚ ਮੁਆਫੀ ਮੰਗਣ ਦੇ ਐਲਾਨ ਨਾਲ ਸੰਸਾਰ ਭਰ ਵਿਚ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦਾ ਨਵਾਂ ਅਧਿਆਏ ਜੁੜ ਗਿਆ ਹੈ। ਪੰਜਾਬੀ ਭਾਈਚਾਰੇ ਦੀ ਇਹ ਚਿਰੋਕਣੀ ਮੰਗ ਸੀ ਕਿ ਕੈਨੇਡੀਅਨ ਸਰਕਾਰ ਇਸ ਦੁਖਾਂਤ ਬਾਰੇ ਪਾਰਲੀਮੈਂਟ ਵਿਚ ਮੁਆਫੀ ਮੰਗੇ। ਇਸ ਤੋਂ ਪਹਿਲਾਂ ਕੈਨੇਡੀਅਨ ਸਰਕਾਰ ਇਸ ਦੁਖਾਂਤ ਲਈ ਅਫਸੋਸ ਤਾਂ ਜ਼ਾਹਿਰ ਕਰ ਚੁੱਕੀ ਹੈ, ਪਰ ਪੰਜਾਬੀਆਂ ਦਾ ਆਖਣਾ ਸੀ ਕਿ ਇਸ ਸਬੰਧੀ ਪਾਰਲੀਮੈਂਟ ਵਿਚ ਬਾਕਾਇਦਾ ਮੁਆਫੀ ਮੰਗੀ ਜਾਵੇ। ਯਾਦ ਰਹੇ, ਇਹ ਦੁਖਾਂਤ ਇਕ ਸਦੀ ਪਹਿਲਾਂ ਵਾਪਰਿਆ ਸੀ ਜਦੋਂ ਬਰਤਾਨਵੀ ਸਾਮਰਾਜ ਦੇ ਅਸਰ ਹੇਠ ਕੈਨੇਡਾ ਦੀ ਸਰਕਾਰ ਨੇ ਪਰਵਾਸੀਆਂ ਦਾ ਦਾਖਲਾ ਰੋਕਣ ਲਈ ਨਵੇਂ ਕਾਨੂੰਨ ਬਣਾਉਣੇ ਅਰੰਭ ਦਿੱਤੇ ਸਨ। ਸਰਕਾਰ ਵੱਲੋਂ ਉਦੋਂ ਪਰਵਾਸੀਆਂ ਦੇ ਦਾਖਲੇ ਲਈ ਬਣਾਏ ਕਾਨੂੰਨਾਂ ਵਿਚੋਂ ਇਕ ਕਾਨੂੰਨ ਇਹ ਵੀ ਸੀ ਕਿ ਸਿੱਧੇ ਆਪਣੇ ਮੁਲਕ ਤੋਂ ਯਾਤਰਾ ਕਰ ਕੇ ਆਉਣ ਵਾਲਿਆਂ ਨੂੰ ਹੀ ਮੁਲਕ ਵਿਚ ਦਾਖਲਾ ਮਿਲ ਸਕੇਗਾ। ਉਦੋਂ ਇਹ ਕਾਨੂੰਨ ਵੀ ਲਾਗੂ ਕਰ ਦਿੱਤਾ ਗਿਆ ਸੀ ਕਿ ਬ੍ਰਿਟਿਸ਼ ਕੋਲੰਬੀਆ ਪੁੱਜਣ ਵਾਲੇ ਯਾਤਰੀ ਕੋਲ ਘੱਟ ਤੋਂ ਘੱਟ 200 ਡਾਲਰ ਦੀ ਰਕਮ ਵੀ ਜ਼ਰੂਰ ਹੋਣੀ ਚਾਹੀਦੀ ਹੈ। ਇਹ ਸਾਰਾ ਕੁਝ ਪਰਵਾਸੀਆਂ ਨੂੰ ਡੱਕਣ ਲਈ ਹੀ ਕੀਤਾ ਜਾ ਰਿਹਾ ਸੀ। ਇਹੀ ਨਹੀਂ, ਉਦੋਂ ਸਰਕਾਰ ਵੱਲੋਂ ਇਕ ਹੋਰ ਕਾਨੂੰਨ ਬਣਾ ਕੇ ਭਾਰਤੀਆਂ ਦਾ ਵੋਟ ਦੇਣ ਦਾ ਅਧਿਕਾਰ ਅਤੇ ਅਹਿਮ ਅਹੁਦਿਆਂ ਉਤੇ ਨਿਯੁਕਤੀ ਦਾ ਹੱਕ ਵੀ ਖਤਮ ਕਰ ਦਿੱਤਾ ਗਿਆ ਸੀ। ਉਦੋਂ ਇਕ ਪੰਜਾਬੀ ਕਾਰੋਬਾਰੀ ਗੁਰਦਿੱਤ ਸਿੰਘ ਨੇ ਸਰਕਾਰ ਦੀ ਇਹ ਵੰਗਾਰ ਵੀ ਸਵੀਕਾਰ ਕੀਤੀ। ਉਹ ਆਪਣੇ ਹਮਵਤਨਾਂ ਦੀ ਮਦਦ ਲਈ ਅੱਗੇ ਆਏ ਅਤੇ ਸੋਚ-ਵਿਚਾਰ ਤੋਂ ਬਾਅਦ ਉਨ੍ਹਾਂ ਸਰਕਾਰ ਦੀਆਂ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰੀਆਂ ਕਰਨ ਲਈ ਹਿੰਮਤ ਦਿਖਾਈ। ਉਨ੍ਹਾਂ ਇਕ ਜਪਾਨੀ ਕੰਪਨੀ ਤੋਂ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਕਿਰਾਏ ਉਤੇ ਲੈ ਲਿਆ ਅਤੇ ਸਿੱਧੇ ਕੈਨਡਾ ਲਈ ਚਾਲੇ ਪਾ ਦਿੱਤੇ। ਇਨ੍ਹਾਂ ਮੁਸਾਫਿਰਾਂ ਵਿਚੋਂ ਬਹੁਤੇ ਪੰਜਾਬੀ ਸਿੱਖ ਹੀ ਸਨ। ਸੱਤ ਹਫਤਿਆਂ ਦੇ ਸਫਰ ਤੋਂ ਬਾਅਦ ਇਹ ਜਹਾਜ਼ ਵੈਨਕੂਵਰ ਦੀ ਬੰਦਰਗਾਹ 'ਤੇ ਪੁੱਜ ਗਿਆ, ਪਰ ਪ੍ਰਸ਼ਾਸਨ ਨੇ ਮੁਸਾਫਿਰਾਂ ਨੂੰ ਉਥੇ ਉਤਰਨ ਦੀ ਆਗਿਆ ਹੀ ਨਾ ਦਿੱਤੀ। ਕੋਈ ਦੋ ਮਹੀਨੇ ਜਦੋ-ਜਹਿਦ ਚੱਲਦੀ ਰਹੀ ਅਤੇ ਰਾਸ਼ਣ-ਪਾਣੀ ਵੀ ਖਤਮ ਹੋਣ ਕੰਢੇ ਪੁੱਜ ਗਿਆ। ਬਰਤਾਨਵੀ ਸਰਕਾਰ ਦੀ ਹੱਲਾਸ਼ੇਰੀ ਨਾਲ ਕੈਨੇਡੀਅਨ ਸਰਕਾਰ ਅੜੀ ਰਹੀ ਅਤੇ ਆਖਰਕਾਰ ਜਹਾਜ਼ ਨੂੰ ਪਿਛੇ ਮੁੜਨ ਲਈ ਮਜਬੂਰ ਹੋਣਾ ਪਿਆ। ਉਧਰ, ਇਹ ਜਹਾਜ਼ ਜਿਉਂ ਹੀ ਕੋਲਕਾਤਾ ਦੇ ਬਜਬਜ ਘਾਟ 'ਤੇ ਅੱਪੜਿਆ, ਬ੍ਰਿਟਿਸ਼ ਸਰਕਾਰ ਨੇ ਮੁਸਾਫਿਰਾਂ ਉਤੇ ਗੋਲੀ ਚਲਾ ਦਿੱਤੀ। ਇਸ ਗੋਲੀਬਾਰੀ ਵਿਚ 19 ਮੁਸਾਫਿਰਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਪਰ ਕੁਝ ਮੁਸਾਫਿਰ ਬਚ ਨਿਕਲਣ ਵਿਚ ਕਾਮਯਾਬ ਰਹੇ। ਇਨ੍ਹਾਂ ਮੁਸਾਫਿਰਾਂ ਰਾਹੀ ਕੈਨੇਡੀਅਨ ਅਤੇ ਬ੍ਰਿਟਿਸ਼ ਸਰਕਾਰਾਂ ਵੱਲੋਂ ਕੀਤੀ ਗਈ ਤੱਦੀ ਸਾਹਮਣੇ ਆਈ।

ਹੁਣ ਇਕ ਸਦੀ ਬਾਅਦ ਹਾਲਾਤ ਬਿਲਕੁਲ ਬਦਲ ਗਏ ਹਨ। ਅੱਜ ਕੈਨੇਡਾ ਵਿਚ ਸੰਸਾਰ ਦੇ ਹੋਰ ਭਾਈਚਾਰਿਆਂ ਵਾਂਗ ਹੀ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦਾ ਖਾਸਾ ਆਧਾਰ ਬਣ ਚੁੱਕਾ ਹੈ। ਪੰਜਾਬੀਆਂ ਨੇ ਮੁਲਕ ਦੇ ਸਮਾਜਿਕ ਅਤੇ ਸਿਆਸੀ ਤਾਣੇ-ਬਾਣੇ ਵਿਚ ਵਿਸ਼ੇਸ਼ ਮੁਕਾਮ ਵੀ ਹਾਸਲ ਕਰ ਲਿਆ ਹੈ। ਆਰਥਿਕ ਪੱਖੋਂ ਵੀ ਇਹ ਹੁਣ ਕਿਸੇ ਹੋਰ ਭਾਈਚਾਰੇ ਤੋਂ ਪਿਛੇ ਨਹੀਂ ਹਨ। ਪਿਛੇ ਜਿਹੇ ਹੋਈਆਂ ਕੌਮੀ ਚੋਣਾਂ ਵਿਚ ਭਾਰਤੀ ਮੂਲ ਦੇ ਕਈ ਪਰਵਾਸੀਆਂ ਨੇ ਸਿੱਧੀ ਸ਼ਮੂਲੀਅਤ ਕੀਤੀ ਸੀ ਅਤੇ ਇਨ੍ਹਾਂ ਆਗੂਆਂ ਵਿਚੋਂ 17 ਪੰਜਾਬੀ ਮੁਲਕ ਦੀ ਸੰਸਦ ਵਿਚ ਪੁੱਜਣ ਵਿਚ ਕਾਮਯਾਬ ਰਹੇ। ਇਹ ਆਗੂ ਮੁਲਕ ਦੀਆਂ ਤਿੰਨ ਵੱਡੀਆਂ ਪਾਰਟੀਆਂ ਦੀ ਟਿਕਟ ਉਤੇ ਚੋਣ ਜਿੱਤੇ ਸਨ। ਹੁਣ ਇਨ੍ਹਾਂ ਵਿਚੋਂ ਚਾਰ ਜਣੇ ਲੇਬਰ ਪਾਰਟੀ ਵਾਲੀ ਸਰਕਾਰ ਵਿਚ ਮੰਤਰੀ ਬਣਨ ਵਿਚ ਵੀ ਸਫਲ ਰਹੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬੀਆਂ ਨੇ ਪਿਛਲੀ ਇਕ ਸਦੀ ਦੇ ਪਰਵਾਸ ਦੌਰਾਨ ਕੀ ਕੁਝ ਹਾਸਲ ਕੀਤਾ ਹੈ ਅਤੇ ਹੋਰ ਅਗਾਂਹ ਜਾਣ ਲਈ ਇਹ ਕਿਸ ਗਤੀ ਨਾਲ ਅੱਗੇ ਵਧ ਰਹੇ ਹਨ। ਇਹੀ ਕਾਰਨ ਹੈ ਕਿ ਕੈਨੇਡੀਅਨ ਸਰਕਾਰ ਨੇ ਇਕ ਸਦੀ ਪਹਿਲਾਂ ਵਾਪਰੇ ਇਸ ਦੁਖਾਂਤ ਲਈ 18 ਮਈ ਨੂੰ ਸੰਸਦ ਵਿਚ ਮੁਆਫੀ ਮੰਗਣ ਦਾ ਐਲਾਨ ਕੀਤਾ ਹੈ। ਦੋਹਾਂ ਧਿਰਾਂ ਲਈ ਇਹ ਕਦਮ ਬਹੁਤ ਸਾਰੇ ਪੱਖਾਂ ਤੋਂ ਇਤਿਹਾਸਕ ਹੈ। ਕੈਨੇਡਾ ਦੇ ਇਸ ਕਦਮ ਨਾਲ ਪਰਵਾਸੀਆਂ ਦਾ ਮੁਲਕ ਦੀ ਮੁੱਖਧਾਰਾ ਨਾਲ ਹੋਰ ਪੀਡੇ ਰੂਪ ਵਿਚ ਜੁੜਨ ਲਈ ਰਾਹ ਮੋਕਲਾ ਹੋ ਗਿਆ ਹੈ। ਇਸ ਖਾਸ ਮੌਕੇ ਉਤੇ ਹੁਣ ਪਰਵਾਸੀਆਂ ਵੱਲ ਵੀ ਖਾਸ ਧਿਆਨ ਗਿਆ ਹੈ। ਇਸ ਦੇ ਨਾਲ ਹੀ ਸੱਚ ਇਹ ਵੀ ਹੈ ਕਿ ਅੱਜ ਵੀ ਵੱਖ-ਵੱਖ ਮੁਲਕਾਂ ਵਿਚੋਂ ਲੋਕ ਕੈਨੇਡਾ ਵਿਚ ਪੁੱਜ ਰਹੇ ਹਨ, ਬਲਕਿ ਕੈਨੇਡਾ ਪੁੱਜਣ ਵਾਲਿਆਂ ਦੀ ਇਹ ਗਿਣਤੀ ਹੁਣ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਵੀ ਹੈ। ਹੁਣ ਭਾਵੇਂ ਇਕ ਸਦੀ ਪਹਿਲਾਂ ਵਾਲੇ ਹਾਲਾਤ ਨਹੀਂ ਹਨ, ਪਰ ਪਰਵਾਸ ਬਾਰੇ ਕੈਨੇਡੀਅਨ ਸਰਕਾਰ ਦੀ ਕੋਸ਼ਿਸ਼ ਮੋਟੇ ਰੂਪ ਵਿਚ ਇਹੀ ਜਾਪ ਰਹੀ ਹੈ ਕਿ ਪਰਵਾਸੀਆਂ ਦੀ ਆਮਦ ਨੂੰ ਕੁਝ-ਕੁਝ ਠੱਲ੍ਹਿਆ ਜਾਵੇ, ਘੱਟੋ-ਘੱਟ ਵਿੰਗੇ-ਟੇਢੇ ਜਾਂ ਗੈਰ-ਕਾਨੂੰਨੀ ਢੰਗ ਨਾਲ ਜਿਹੜੀ ਆਮਦ ਹੋ ਰਹੀ ਹੈ, ਉਸ ਨੂੰ ਜ਼ਰੂਰ ਰੋਕਿਆ ਜਾਵੇ। ਇਸੇ ਪ੍ਰਸੰਗ ਵਿਚ ਹੀ ਆਵਾਸ ਅਤੇ ਪਰਵਾਸ ਬਾਰੇ ਨਿੱਤ ਨਵੀਆਂ ਨੀਤੀਆਂ ਦਾ ਐਲਾਨ ਹੁੰਦਾ ਹੈ। ਕੈਨੇਡਾ ਵਿਚ ਹੀ ਨਹੀਂ, ਹੋਰ ਪੱਛਮੀ ਮੁਲਕਾਂ ਵਿਚ ਵੀ ਸਰਕਾਰਾਂ ਵੱਲੋਂ ਅਜਿਹੀਆਂ ਨੀਤੀਆਂ ਬਣਾਉਣ ਬਾਰੇ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਇਸ ਬਾਰੇ ਸਰਕਾਰਾਂ ਦਾ ਆਪੋ-ਆਪਣਾ ਵੱਖਰਾ ਤਰਕ ਹੈ, ਪਰ ਸੱਚ ਇਹੀ ਹੈ ਕਿ ਆਵਾਸ ਤੇ ਪਰਵਾਸ ਦਾ ਮਸਲਾ ਵੱਡਾ ਮਸਲਾ ਹੈ ਅਤੇ ਨਜਿੱਠਿਆ ਜਾਣਾ ਬਣਦਾ ਹੈ। ਹੁਣ ਇਸ ਮਸਲੇ ਨੂੰ ਵੱਖ-ਵੱਖ ਪੱਖਾਂ ਤੋਂ ਮੋਕਲੇ ਰੂਪ ਵਿਚ ਵਿਚਾਰਨ ਦਾ ਵਕਤ ਹੈ। ਇਸ ਪਾਸੇ ਪਰਵਾਸੀ ਅਹਿਮ ਭੂਮਿਕਾ ਨਿਭਾ ਸਕਦੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਮੂਰਖਮੱਤ ਦੀ ਨਿਸ਼ਾਨੀ!*

ਚਾਨਣ ਗਿਆਨ ਦਾ ਨਹੀਂ ਪਸੰਦ ਸਾਨੂੰ, ਬਣੇ ਹੋਏ ਹਾਂ ਗਾਹਕ ਹਨੇਰਿਆਂ ਦੇ।
ਚੰਗੇ ਦਿਨ ਦਿਖਾਈ ਨਾ ਦੇਣ ਕਿਧਰੇ, ਵਹਿਮ-ਭਰਮ ਤੇ 'ਕਿਸਮਤਾਂ' ਘੇਰਿਆਂ ਦੇ।
ਮੱਥੇ ਟੇਕ ਕੇ ਚੇਲਿਆਂ-ਚਪਟਿਆਂ ਨੂੰ, ਝਗੜੇ ਪਏ ਨੇ ਘਰੀਂ ਬਥੇਰਿਆਂ ਦੇ।
ਰੀਝਾਂ ਨਾਲ ਉਡੀਕਦੇ 'ਲਾਭ' ਰਹੀਏ, ਪਾਏ ਧਰਮ-ਅਸਥਾਨਾਂ ਨੂੰ ਫੇਰਿਆਂ ਦੇ।
ਮੰਜੇ ਛੱਡ ਕੇ ਆਉਣ ਦੀ ਰੀਤ ਪੈ ਗਈ, ਬਿਰਧ-ਆਸ਼ਰਮ ਬੁੱਢਿਆਂ-ਠੇਰਿਆਂ ਦੇ।
ਸੋਝੀ ਸਾਡੇ ਤੋਂ ਕੋਹਾਂ ਹੈ ਦੂਰ ਹਾਲੇ, ਦੱਸਣ ਡਹੇ ਨੇ 'ਬੋਰਡ' ਜਠੇਰਿਆਂ ਦੇ!

# ਰਾਮਦੇਵ ਦਾ ਪਤੰਜਲੀ ਯੋਗ ਤੇ ਪਸ਼ੂ ਬਲ ਨੂੰ ਪਿਆ ਕਾਨੂੰਨੀ ਸੰਗਲ



**ਦਲਜੀਤ ਅਮੀ**
**ਫੋਨ: +91-97811-21873**

ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ ਵਿਚ ਵੈਸਟ ਇੰਡੀਜ਼ ਦੀ ਕ੍ਰਿਕਟ ਟੀਮ ਨੇ ਇੰਡੀਆ ਦੀ ਟੀਮ ਖ਼ਿਲਾਫ਼ ਸ਼ਾਨਦਾਰ ਜਿੱਤ ਹਾਸਿਲ ਕੀਤੀ। ਇਸ ਖੇਡ ਮੁਕਾਬਲੇ ਵਿਚੋਂ ਉਪਜੇ ਜਸ਼ਨ ਅਤੇ ਅਫ਼ਸੋਸ ਦਾ ਮੁਕਾਬਲਾ ਸ੍ਰੀਨਗਰ ਦੀ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ ਵਿਚ ਖੇਡਿਆ ਗਿਆ। ਦੂਜੇ ਮੁਕਾਬਲੇ ਦੇ ਖਿਡਾਰੀ ਅਤੇ ਦਰਸ਼ਕ ਕਿਸੇ ਖੇਡ ਨੇਮ ਨਾਲ ਨਹੀਂ, ਸਗੋਂ ਖੇਡ-ਵਿਰੋਧੀ ਰਾਸ਼ਟਰਵਾਦੀ ਖ਼ਾਸੇ ਨਾਲ ਬੱਝੇ ਹੋਏ ਹਨ। ਕ੍ਰਿਕਟ ਨੂੰ ਭਾਰਤ ਵਿਚ ਰਾਸ਼ਟਰੀ ਧਰਮ ਕਿਹਾ ਜਾਂਦਾ ਹੈ। ਇੱਕ ਖੇਡ ਦਾ ਧਰਮ ਹੋ ਜਾਣਾ ਆਪਣੇ-ਆਪ ਵਿਚ ਆਪਾ-ਵਿਰੋਧੀ ਮਸਲਾ ਹੈ। ਖੇਡ ਦਾ ਖ਼ਾਸਾ ਬੰਦੇ ਦਾ ਬਾਹਰਮੁਖੀ ਵਿਕਾਸ ਹੈ ਅਤੇ ਧਰਮ ਦਾ ਖ਼ਾਸਾ ਅੰਦਰਮੁਖੀ ਸ਼ਰਧਾ ਉਤੇ ਟਿਕਿਆ ਹੋਇਆ ਹੈ ਜੋ ਬਾਹਰਮੁਖੀ ਹੁੰਦੇ ਸਾਰ ਹਮਲਾਵਰ ਹੋ ਜਾਂਦੀ ਹੈ। ਖੇਡ ਮਨੁੱਖ ਨੂੰ ਬਰਾਬਰੀ ਦਾ ਅਹਿਸਾਸ ਕਰਵਾਉਂਦੀ ਹੈ, ਪਰ ਧਰਮ ਆਪੋ-ਆਪਣੇ ਪੈਰੋਕਾਰਾਂ ਨੂੰ ਸਰਵਉੱਤਮ ਕਰਾਰ ਦਿੰਦੇ ਹੋਏ ਆਪਣੇ-ਪਰਾਏ ਵਿਚ ਨਿਖੇੜਾ ਕਰਨਾ ਸਿਖਾਉਂਦਾ ਹੈ। ਮੌਜੂਦਾ ਦੌਰ ਵਿਚ ਖੇਡ ਪ੍ਰਬੰਧ ਮੁਨਾਫ਼ਾਖ਼ੋਰੀ ਅਤੇ ਧਰਮ ਕੱਟੜਵਾਦੀ ਰਾਸ਼ਟਰਵਾਦ ਨਾਲ ਜੋਟੀ ਪਾ ਚੁੱਕਿਆ ਹੈ।

ਆਧੁਨਿਕ ਖੇਡ ਮੁਕਾਬਲਿਆਂ ਦੀ ਅਹਿਮੀਅਤ ਹੀ ਕੱਟੜ ਦੇਸ਼ ਭਗਤੀ ਨੂੰ ਠੰਢਾ ਕਰਨ ਵਿਚ ਨਿਹਿਤ ਹੈ। ਇਹ ਵੱਖਰੀ ਗੱਲ ਹੈ ਕਿ ਖੇਡ ਮੁਕਾਬਲੇ ਦੇਸ਼ ਭਗਤੀ ਦੀ ਕੱਟੜਤਾ ਦਾ ਮੁਜ਼ਾਹਰਾ ਬਣ ਰਹੇ ਹਨ। ਕੌਮਾਂਤਰੀ ਖੇਡ ਪ੍ਰਬੰਧਕਾਂ ਦੀ ਸਾਖ਼ ਕਈ ਮੁਲਕਾਂ ਦੀਆਂ ਸਰਕਾਰਾਂ ਤੋਂ ਵੱਡੀ ਹੋ ਗਈ ਹੈ। ਇਨ੍ਹਾਂ ਖੇਡ ਮੁਕਾਬਲਿਆਂ ਰਾਹੀਂ ਬਹੁਤ ਸਾਰੀ ਸਿਆਸੀ-ਵਿੱਤੀ ਸੌਦੇਬਾਜ਼ੀ ਹੁੰਦੀ ਹੈ। ਗ਼ਰੀਬ ਮੁਲਕਾਂ ਵਿਚ ਅਮੀਰ ਮੁਲਕਾਂ ਨਾਲੋਂ ਬਿਹਤਰ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਨ੍ਹਾਂ ਦਾ ਕਰਜ਼ਾ ਅਤੇ ਹਰ ਤਰ੍ਹਾਂ ਦਾ ਬੋਝ ਆਵਾਮ 'ਤੇ ਪੈਂਦਾ ਹੈ, ਕਾਰਪੋਰੇਟ ਕਮਾਈਆਂ ਕਰਦੇ ਹਨ। ਇਸ ਵੇਲੇ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਮੱਧ ਪ੍ਰਦੇਸ਼ ਦੇ ਕਈ ਇਲਾਕਿਆਂ ਵਿਚ ਸੋਕਾ ਪਿਆ ਹੋਇਆ ਹੈ, ਪਰ ਹਰੇ ਘਾਹ ਉਤੇ ਇੰਡੀਅਨ ਪ੍ਰੀਮੀਅਰ ਲੀਗ ਖੇਡੀ ਜਾ ਰਹੀ ਹੈ। ਲੋਕ ਅਤੇ ਪਸ਼ੂ-ਪੰਛੀ ਪਾਣੀ ਦੀ ਥੁੜ ਕਾਰਨ ਹਿਜਰਤ ਲਈ ਮਜਬੂਰ ਹਨ, ਪਰ ਲੀਗ ਲਈ ਪਾਣੀ ਦੀ ਕਮੀ ਨਹੀਂ। ਇੰਡੀਅਨ ਪ੍ਰੀਮੀਅਰ ਲੀਗ ਕੰਪਨੀਆਂ ਦਾ ਖੇਡ ਮੁਕਾਬਲਾ ਹੈ ਜਿਸ ਉਤੇ ਸਰਕਾਰੀ ਖ਼ਜ਼ਾਨੇ ਵਿਚੋਂ ਬੇਇੰਤਹਾ ਖ਼ਰਚ ਕੀਤਾ ਜਾਂਦਾ ਹੈ। ਸ੍ਰੀ ਸ੍ਰੀ ਰਵੀ ਸ਼ੰਕਰ, ਗੁਰਮੀਤ ਰਾਮ ਰਹੀਮ, ਰਾਮਦੇਵ ਅਤੇ ਆਸਾਰਾਮ ਵਰਗਿਆਂ ਦੇ ਸਮਾਗਮਾਂ ਮੌਕੇ ਵੀ ਅਜਿਹੇ ਹੀ ਬੰਦੋਬਸਤ ਕੀਤੇ ਜਾਂਦੇ ਹਨ।

ਇਸ ਸਮੁੱਚੇ ਗੱਠਜੋੜ ਨੂੰ ਸ੍ਰੀਨਗਰ ਦੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਮੁਕਾਮੀ ਵਿਦਿਆਰਥੀਆਂ ਨੇ ਇੰਡੀਅਨ ਕ੍ਰਿਕਟ ਟੀਮ ਦੀ ਹਾਰ 'ਤੇ ਖ਼ੁਸ਼ੀ ਮਨਾਈ, ਦੂਜੇ ਪਾਸਿਓਂ ਗ਼ੈਰ-ਕਸ਼ਮੀਰੀ ਵਿਦਿਆਰਥੀਆਂ ਨੇ ਇਤਰਾਜ਼ ਕੀਤਾ। ਇਸ ਟਕਰਾਅ ਵਿਚ ਕਈ ਵਿਦਿਆਰਥੀ ਜ਼ਖ਼ਮੀ ਹੋਏ। ਦੂਜੇ ਦਿਨ ਗ਼ੈਰ-ਕਸ਼ਮੀਰੀ ਵਿਦਿਆਰਥੀਆਂ ਨੇ ਤਿਰੰਗਾ ਝੰਡਾ ਲਹਿਰਾ ਕੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਾਏ। 'ਹਿੰਦੋਸਤਾਨ ਜ਼ਿੰਦਾਬਾਦ' ਤੇ 'ਪਾਕਿਸਤਾਨ ਮੁਰਦਾਬਾਦ' ਨਾਅਰੇ ਲਗਾਉਣ ਵਾਲੇ ਵਿਦਿਆਰਥੀ ਦੇ ਪੱਖ ਵਿਚ ਭਾਜਪਾ ਦੇ ਸੰਸਦ ਮੈਂਬਰ ਤਰੁਣ ਵਿਜੇ ਦਾ ਬਿਆਨ ਆਇਆ ਕਿ ਦੇਸ਼ ਭਗਤ ਵਿਦਿਆਰਥੀ ਨੇ ਤਿਰੰਗਾ ਲਹਿਰਾ ਕੇ ਦੇਸ਼ ਧਰੋਹੀਆਂ ਨੂੰ ਚੰਗਾ ਸਬਕ ਸਿਖਾਇਆ ਹੈ।

ਕਸ਼ਮੀਰ ਵਿਚ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਮੁਕਾਮੀ ਵਸੋਂ ਲਈ ਭਾਰਤ ਖ਼ਿਲਾਫ਼ ਆਪਣੀ ਆਵਾਜ਼ ਨੂੰ ਬੁਲੰਦ ਕਰਨ ਦਾ ਮੌਕਾ ਬਣਦਾ ਹੈ। ਜੇ ਕਸ਼ਮੀਰੀ ਲੱਕੜੀ ਦੇ ਬਣੇ ਬੱਲਿਆਂ ਦੇ ਇਸ਼ਤਿਹਾਰ ਦੇਖੇ ਜਾਣ ਤਾਂ ਸੜਕਾਂ 'ਤੇ ਇੰਡੀਆ ਅਤੇ ਪਾਕਿਸਤਾਨ ਦੇ ਖਿਡਾਰੀਆਂ ਦੀਆਂ ਤਸਵੀਰਾਂ ਨਜ਼ਰ ਆਉਂਦੀਆਂ ਹਨ। ਭਾਰਤੀ ਖਿਡਾਰੀ ਉਨ੍ਹਾਂ ਦੇ ਵਪਾਰ ਅਤੇ ਪਾਕਿਸਤਾਨੀ ਖਿਡਾਰੀ ਉਨ੍ਹਾਂ ਦੇ ਜਜ਼ਬਾਤ ਦੇ ਦੂਤ ਬਣਦੇ ਹਨ। ਜੇ ਇਸ ਸਿਆਸੀ ਮਾਹੌਲ ਨੂੰ ਦੂਰੋਂ ਸਮਝਣ ਦਾ ਉਪਰਾਲਾ ਕੀਤਾ ਜਾਵੇ ਤਾਂ ਖੇਡ ਪ੍ਰੇਮੀ ਆਪਣੀ ਪਸੰਦ ਮੁਤਾਬਕ ਆਪਣੀ ਟੀਮ ਜਾਂ ਖਿਡਾਰੀ ਦੀ ਹੌਸਲਾ-ਅਫ਼ਜਾਈ ਕਰਦੇ ਹਨ। ਖੇਡ ਦਾ ਮਤਲਬ ਹੀ ਖੇਡ ਹੈ ਅਤੇ ਤਵੱਕੋ ਕੀਤੀ ਜਾਂਦੀ ਹੈ ਕਿ ਚੰਗੀ ਖੇਡ ਦੀ ਸਿਫ਼ਤ ਕੀਤੀ ਜਾਵੇ। ਜੇ ਅਜਿਹਾ ਨਾ ਹੋਵੇ ਤਾਂ ਦੱਖਣੀ ਏਸ਼ੀਆ ਵਿਚ ਫੁੱਟਬਾਲ ਦੀਆਂ ਇੰਗਲਿਸ਼, ਸਪੈਨਿਸ਼, ਜਰਮਨ, ਇਟਾਲੀਅਨ ਲੀਗਾਂ ਅਤੇ ਪ੍ਰੀਮੀਅਰ ਚੈਂਪੀਅਨਸ਼ਿਪ ਦਾ ਪ੍ਰਸਾਰਨ ਕਿਉਂ ਹੋਵੇ? ਇਸੇ ਤਰ੍ਹਾਂ ਅਮਰੀਕਾ ਦੀ ਬਾਸਕਟਬਾਲ ਅਤੇ ਬੇਸਬਾਲ ਜਾਂ ਪੇਸ਼ੇਵਰ ਮੁੱਕੇਬਾਜ਼ੀ ਨਾਲ ਦੱਖਣੀ ਏਸ਼ੀਆਈ ਦਰਸ਼ਕਾਂ ਦਾ ਕੀ ਰਿਸ਼ਤਾ ਹੈ!

ਜਦੋਂ ਭਾਰਤ ਤੇ ਪਾਕਿਸਤਾਨ ਦੇ ਖੇਡ ਮੁਕਾਬਲਿਆਂ ਦਾ ਸੁਆਲ ਆਉਂਦਾ ਹੈ ਤਾਂ ਮੈਦਾਨ ਤੋਂ ਬਾਹਰ ਖੇਡ ਭਾਵਨਾ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ। ਦੋਵਾਂ ਮੁਲਕਾਂ ਵਿਚੋਂ ਕਦੇ ਇਹ ਬਿਆਨ ਨਹੀਂ ਆਉਂਦਾ ਕਿ ਖੇਡ ਤਾਂ ਖੇਡ ਹੈ, ਇਸ ਦਾ ਆਨੰਦ ਮਾਣੋ। ਇਸ ਦੇ ਉਲਟ ਖੇਡਾਂ ਦਾ ਹੋਣਾ ਹੀ ਸਿਆਸੀ ਫ਼ੈਸਲਾ ਹੁੰਦਾ ਹੈ ਜਿਸ ਉਤੇ ਕਾਰਪੋਰੇਟ ਤੋਂ ਜ਼ਿਆਦਾ ਕੋਈ ਅਸਰਅੰਦਾਜ਼ ਨਹੀਂ ਹੁੰਦਾ। ਸ੍ਰੀਨਗਰ ਦੇ ਮਾਮਲੇ ਵਿਚ ਭਾਜਪਾ ਦੇ ਹੱਥ ਕੁਝ ਬੰਨ੍ਹੇ ਹੋਏ ਸਨ ਕਿਉਂਕਿ ਜੰਮੂ ਕਸ਼ਮੀਰ ਵਿਚ ਪੀ.ਡੀ.ਪੀ. ਨਾਲ ਸਾਂਝੀ ਸਰਕਾਰ ਹੈ। ਇਸ ਕਾਰਨ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਮਾਮਲੇ ਵਿਚ ਦੇਸ਼ ਧਰੋਹੀ ਅਤੇ ਅਤਿਵਾਦ ਵਰਗੇ ਸ਼ਬਦਾਂ ਦੀ ਵਰਤੋਂ ਕਰਨ ਵਾਲੇ ਮੰਤਰੀਆਂ ਤੇ ਆਗੂਆਂ ਨੇ ਪਾਸਾ ਵੱਟ ਲਿਆ, ਪਰ ਦੂਜੇ ਦਰਜੇ ਦੇ ਆਗੂਆਂ ਅਤੇ ਜਥੇਬੰਦੀਆਂ ਨੇ ਮੋਰਚਾ ਸੰਭਾਲ ਲਿਆ।

ਭਗਤ ਸਿੰਘ ਕ੍ਰਾਂਤੀ ਸੈਨਾ ਦੇ ਆਗੂ ਤੇਜਿੰਦਰਪਾਲ ਸਿੰਘ ਬੱਗਾ ਨੇ ਵੱਖ-ਵੱਖ ਅਦਾਰਿਆਂ ਦੇ ਸੌ ਵਿਦਿਆਰਥੀਆਂ ਨਾਲ ਗੁਰਦੁਆਰਾ ਰਕਾਬ ਗੰਜ ਤੋਂ 'ਗਰੁੱਪ ਆਫ਼ ਸਿਟੀਜ਼ਨਜ਼' ਦੇ ਨਾਮ 'ਤੇ ਸ੍ਰੀਨਗਰ ਨੂੰ ਤਿਰੰਗਾ ਯਾਤਰਾ ਸ਼ੁਰੂ ਕਰ ਦਿੱਤੀ। ਇਸ ਯਾਤਰਾ ਨੂੰ ਲਖਣਪੁਰ ਵਿਚ ਰੋਕ ਲਿਆ ਗਿਆ। ਹੁਣ ਬੱਗਾ ਦਾ ਪਿਛੋਕੜ ਜਾਣਨਾ ਜ਼ਰੂਰੀ ਹੈ। ਇਹ ਭਗਤ ਸਿੰਘ ਕ੍ਰਾਂਤੀ ਸੈਨਾ ਸਮੇਤ ਕਸ਼ਮੀਰ ਦੇ ਹਵਾਲੇ ਨਾਲ ਚਰਚਾ ਵਿਚ ਰਿਹਾ ਹੈ। ਇਸ ਨੇ ਵਕੀਲ ਪ੍ਰਸ਼ਾਤ ਭੂਸ਼ਨ, ਸਈਅਦ ਅਲੀ ਸ਼ਾਹ ਗਿਲਾਨੀ, ਮੀਰਵਾਇਜ਼ ਉਮਰ ਫਾਰੂਕ ਅਤੇ ਅਰੁੰਧਤੀ ਰਾਏ ਉਤੇ ਹਮਲੇ ਕੀਤੇ ਹਨ। ਉਹ ਮੋਦੀਵਾਦ ਦੇ ਪਸਾਰੇ ਲਈ ਉਹ ਟੀ-ਸ਼ਰਟ, ਕੌਮਿਕਸ ਅਤੇ ਗੇਮਸ ਬਣਾਉਂਦਾ ਹੈ। ਇਸ ਦੀ ਰਾਮਦੇਵ, ਅੰਨਾ ਹਜ਼ਾਰੇ ਅਤੇ ਸ੍ਰੀ ਸ੍ਰੀ ਰਵੀ ਸ਼ੰਕਰ ਨਾਲ ਨੇੜਤਾ ਦੀਆਂ ਤਸਵੀਰਾਂ ਇੰਟਰਨੈੱਟ 'ਤੇ ਘੁੰਮਦੀਆਂ ਰਹੀਆਂ ਹਨ। ਸੁਆਲ ਸਿਰਫ਼ ਬੱਗਾ ਦੀ ਸਿਆਸਤ ਦਾ ਨਹੀਂ ਹੈ, ਇਸ ਦੇ ਭਾਜਪਾ ਅਤੇ ਮੁਲਕ ਵਿਚ ਪਸਰੇ ਸ਼ਰਧਾ ਕਾਰੋਬਾਰ ਨਾਲ ਰਿਸ਼ਤੇ ਦਾ ਹੈ।

ਇੱਕ ਪਾਸੇ ਰਾਮਦੇਵ ਸ਼ਰੇਆਮ ਧਮਕੀ ਦਿੰਦਾ ਹੈ ਕਿ ਕਾਨੂੰਨ ਦੀ ਪਾਬੰਦੀ ਨਾ ਹੋਵੇ ਤਾਂ ਉਹ ਭਾਰਤ ਮਾਤਾ ਦਾ ਅਪਮਾਨ ਕਰਨ ਵਾਲਿਆਂ ਦੇ ਲੱਖਾਂ ਸਿਰ ਕਲਮ ਕਰ ਸਕਦੇ ਹਨ। ਸ੍ਰੀ ਸ੍ਰੀ ਰਵੀ ਸ਼ੰਕਰ ਸਰਕਾਰੀ ਸਕੂਲ ਬੰਦ ਕਰਨ ਦੀ ਵਕਾਲਤ ਕਰਦਾ ਹੈ ਕਿ ਇਹ ਨਕਸਲੀ ਪੈਦਾ ਕਰਦੇ ਹਨ। ਇਹ ਤਿੰਨੇ ਨਰੇਂਦਰ ਮੋਦੀ ਦੇ ਪੱਕੇ ਭਗਤ ਹਨ ਅਤੇ ਉਨ੍ਹਾਂ ਉਤੇ ਕੋਈ ਸੁਆਲ ਨਹੀਂ ਸੁਣ ਸਕਦੇ। ਰਾਸ਼ਟਰੀ ਸਵੈਮਸੇਵਕ ਸੰਘ ਦੇ ਪਰਚੇ 'ਪੰਚਜਨਿਆ' ਦੇ ਦਹਾਕਿਆਂ ਬੱਧੀ ਸੰਪਾਦਕ ਰਹੇ ਤਰੁਣ ਵਿਜੇ ਦੀ ਬੋਲੀ ਇਨ੍ਹਾਂ ਨਾਲ ਮਿਲਦੀ ਹੈ। ਇਸ ਗੱਠਜੋੜ ਦੀਆਂ ਅਗਲੀਆਂ-ਪਿਛਲੀਆਂ ਸੰਗਲੀਆਂ ਭਾਜਪਾ-ਰਾਸ਼ਟਰੀ ਸਵੈਮਸੇਵਕ ਸੰਘ ਦੇ ਸਮੁੱਚੇ ਲਾਣੇ ਨਾਲ ਮਿਲਦੀਆਂ ਹਨ। ਇਹ ਲਾਣਾ ਹਰ ਮਸਲੇ ਵਿਚ ਤਿਰੰਗਾ, ਦੇਸ਼ ਭਗਤੀ, ਭਾਰਤ ਮਾਤਾ ਅਤੇ ਧਰਮ ਦੀ ਰਾਖੀ ਨੂੰ ਲੈ ਆਉਂਦਾ ਹੈ। ਇਸ ਦੇ ਨਾਲ ਹੀ ਦੂਜੀ ਧਿਰ ਨੂੰ ਦੇਸ਼ ਧਰੋਹੀ, ਅਤਿਵਾਦੀ, ਵੱਖਵਾਦੀ, ਜਹਾਦੀ, ਨਕਸਲਵਾਦੀ ਅਤੇ ਮਾਓਵਾਦੀ ਕਰਾਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਲੱਖਾਂ ਸਿਰ ਤਾਂ ਸਿਰਫ਼ ਕਾਨੂੰਨ ਕਾਰਨ ਕਲਮ ਹੋਣ ਤੋਂ ਬਚ ਜਾਂਦੇ ਹਨ। ਇਸੇ ਕਾਨੂੰਨ ਦੇ ਹਵਾਲੇ ਨਾਲ ਤਾਂ ਤਰੁਣ ਵਿਜੇ ਨੇ ਦਾਦਰੀ ਵਿਚ ਇਖ਼ਲਾਕ ਦੇ ਕਤਲ ਤੋਂ ਬਾਅਦ ਲਿਖਿਆ ਸੀ ਕਿ ਮਹਿਜ਼ ਗਾਂ ਮਾਸ ਦਾ ਸ਼ੱਕ ਹੋਣ ਕਾਰਨ ਕਿਸੇ ਦਾ ਕਤਲ ਗ਼ਲਤ ਹੈ। ਮਤਲਬ ਸਾਫ਼ ਹੈ ਕਿ ਜੇ ਗਾਂ ਮਾਸ ਹੋਵੇ ਤਾਂ ਕਤਲ ਜਾਇਜ਼ ਹੈ ਅਤੇ ਕੋਈ ਕਾਨੂੰਨ ਮਾਅਨੇ ਨਹੀਂ ਰੱਖਦਾ।

> ***ਇਹ ਲਾਣਾ ਹਰ ਮਸਲੇ ਵਿਚ ਤਿਰੰਗਾ, ਦੇਸ਼ ਭਗਤੀ, ਭਾਰਤ ਮਾਤਾ ਅਤੇ ਧਰਮ ਦੀ ਰਾਖੀ ਨੂੰ ਲੈ ਆਉਂਦਾ ਹੈ। ਇਸ ਦੇ ਨਾਲ ਹੀ ਦੂਜੀ ਧਿਰ ਨੂੰ ਦੇਸ਼ ਧਰੋਹੀ, ਅਤਿਵਾਦੀ, ਵੱਖਵਾਦੀ, ਜਹਾਦੀ, ਨਕਸਲਵਾਦੀ ਅਤੇ ਮਾਓਵਾਦੀ ਕਰਾਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਲੱਖਾਂ ਸਿਰ ਤਾਂ ਸਿਰਫ਼ ਕਾਨੂੰਨ ਕਾਰਨ ਕਲਮ ਹੋਣ ਤੋਂ ਬਚ ਜਾਂਦੇ ਹਨ। ਇਸੇ ਕਾਨੂੰਨ ਦੇ ਹਵਾਲੇ ਨਾਲ ਤਾਂ ਤਰੁਣ ਵਿਜੇ ਨੇ ਦਾਦਰੀ ਵਿਚ ਇਖ਼ਲਾਕ ਦੇ ਕਤਲ ਤੋਂ ਬਾਅਦ ਲਿਖਿਆ ਸੀ ਕਿ ਮਹਿਜ਼ ਗਾਂ ਮਾਸ ਦਾ ਸ਼ੱਕ ਹੋਣ ਕਾਰਨ ਕਿਸੇ ਦਾ ਕਤਲ .ਗਲਤ ਹੈ। ਮਤਲਬ ਸਾ.ਫ ਹੈ ਕਿ ਜੇ ਗਾਂ ਮਾਸ ਹੋਵੇ ਤਾਂ ਕਤਲ ਜਾਇਜ਼ ਹੈ ਅਤੇ ਕੋਈ ਕਾਨੂੰਨ ਮਾਅਨੇ ਨਹੀਂ ਰੱਖਦਾ।***

ਸ੍ਰੀਨਗਰ ਦੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੋਲੋਜੀ ਵਿਚ ਗ਼ੈਰ-ਕਸ਼ਮੀਰੀ ਵਿਦਿਆਰਥੀ ਆਪਣੀ ਸੁਰੱਖਿਆ ਲਈ ਖ਼ਤਰਾ ਮਹਿਸੂਸ ਕਰਦੇ ਹਨ। ਉਧਰ, ਭਾਜਪਾ ਪਹਿਲਾਂ ਹੀ ਸਾਰੇ ਵਿਦਿਅਕ ਅਦਾਰਿਆਂ ਨੂੰ ਥਾਣੇ ਜਾਂ ਛਾਉਣੀਆਂ ਬਣਾ ਦੇਣਾ ਚਾਹੁੰਦੀ ਹੈ। ਗ਼ੈਰ-ਕਸ਼ਮੀਰੀਆਂ ਦੀ ਮੰਨੀਆਂ ਮੰਗਾਂ ਦਿਲਚਸਪ ਹਨ। ਉਨ੍ਹਾਂ ਦੀ ਇਹ ਮੰਗ ਮੰਨ ਲਈ ਗਈ ਹੈ ਕਿ ਕੁੜੀਆਂ ਆਪਣੇ ਹੋਸਟਲਾਂ ਤੋਂ ਬਿਨਾਂ ਇਜਾਜ਼ਤ ਬਾਹਰ ਜਾ ਸਕਣਗੀਆਂ ਅਤੇ ਬਾਹਰ ਰਹਿ ਸਕਣ ਵਾਲੇ ਸਮੇਂ ਵਿਚ ਇੱਕ ਘੰਟੇ ਦਾ ਵਾਧਾ ਕੀਤਾ ਗਿਆ ਹੈ। ਕੁੜੀਆਂ ਨੂੰ ਹੋਸਟਲਾਂ ਵਿਚ ਤਾੜਿਆ ਨਹੀਂ ਜਾਣਾ ਚਾਹੀਦਾ ਅਤੇ ਉਨ੍ਹਾਂ ਦੀ ਤੁਰਨ-ਫਿਰਨ ਦੀ ਆਜ਼ਾਦੀ ਵਿਚ ਕੋਈ ਖ਼ਲਲ ਨਹੀਂ ਹੋਣਾ ਚਾਹੀਦਾ, ਪਰ ਸ੍ਰੀਨਗਰ ਦੇ ਹਵਾਲੇ ਨਾਲ ਇਸ ਦਾ ਅਰਥ ਕੁਝ ਹੋਰ ਹੈ। ਜੇ ਸੁਰੱਖਿਆ ਨੂੰ ਖ਼ਤਰਾ ਹੈ ਤਾਂ ਇੱਕ ਘੰਟਾ ਵਾਧੂ ਬਾਹਰ ਰਹਿਣ ਦੀ ਮੰਗ ਕਿਥੋਂ ਆਉਂਦੀ ਹੈ? ਮਤਲਬ ਸਾਫ਼ ਹੈ ਕਿ ਸੁਰੱਖਿਆ ਵਾਲੀ ਦਲੀਲ ਨਾਲ ਘਰਾਂ ਦੇ ਨੇੜਲੇ ਅਦਾਰਿਆਂ ਵਿਚ ਤਬਾਦਲੇ ਦੀ ਮੰਗ ਪੇਸ਼ ਹੋ ਸਕਦੀ ਹੈ। ਭਾਜਪਾ ਭਾਵੇਂ ਤਬਾਦਲੇ ਦੀ ਮੰਗ ਦੀ ਹਮਾਇਤ ਨਾ ਕਰੇ, ਪਰ ਸੁਰੱਖਿਆ ਵਾਲੀ ਦਲੀਲ ਉਨ੍ਹਾਂ ਦੀ ਸਿਆਸਤ ਨੂੰ ਰਾਸ ਆਉਂਦੀ ਹੈ। ਦੂਜੀ ਮੰਗ ਇਹ ਮੰਨੀ ਗਈ ਹੈ ਕਿ ਹੋਸਟਲਾਂ ਵਿਚ ਸਾਰੇ ਤਿਉਹਾਰ ਮਨਾਉਣ ਦੀ ਇਜਾਜ਼ਤ ਹੋਵੇਗੀ। ਇਹ ਕਿਸੇ ਅਖ਼ਬਾਰ ਵਿਚ ਨਹੀਂ ਲਿਖਿਆ ਗਿਆ ਕਿ ਪਹਿਲਾਂ ਤਿਉਹਾਰ ਮਨਾਉਣ ਦੀ ਪਾਬੰਦੀ ਸੀ ਜਾਂ ਨਹੀਂ?

ਜੇ ਭਾਜਪਾ ਦੀ ਜੰਮੂ ਕਸ਼ਮੀਰ ਵਿਚ ਸਰਕਾਰ ਨਾ ਹੁੰਦੀ ਤਾਂ ਇਸ ਨੂੰ ਇਸ ਨੇ ਵੱਡਾ ਮੁੱਦਾ ਬਣਾਉਣਾ ਸੀ। ਇਸ ਦਾ ਮਤਲਬ ਇਹ ਨਹੀਂ ਕਿ ਹੁਣ ਇਹ ਮੁੱਦਾ ਭਾਜਪਾ ਦੀ ਸਿਆਸਤ ਤੋਂ ਬਾਹਰ ਹੈ। ਇਹ ਭਾਜਪਾਈ ਸਿਆਸਤ ਦਾ ਹਿੱਸਾ ਹੈ। ਉਨ੍ਹਾਂ ਨੇ ਸਰਕਾਰ ਨਾ ਹੋਣ ਦੀ ਹਾਲਤ ਵਿਚ ਜੋ ਮੰਗ ਕਰਨੀ ਸੀ, ਉਹ ਹੁਣ ਲਾਗੂ ਕਰ ਰਹੀ ਹੈ। ਵਿਦਿਅਕ ਅਦਾਰਿਆਂ ਨੂੰ 'ਦੇਸ਼ ਭਗਤੀ' ਦੇ ਇਜ਼ਹਾਰ ਤੱਕ ਮਹਿਦੂਦ ਕਰ ਕੇ ਛਾਉਣੀਆਂ ਵਿਚ ਤਬਦੀਲ ਕਰਨ ਦਾ ਕੀ ਮਤਲਬ ਹੈ? ਭਾਜਪਾ ਦੀ ਸਿਆਸਤ ਨੂੰ ਮੌਜੂਦਾ ਮਾਹੌਲ ਰਾਸ ਆਇਆ ਹੈ। ਨੌਜਵਾਨ ਤਬਕੇ ਦੀ ਬੇਚੈਨੀ ਨੂੰ ਹਮਲਾਵਰ 'ਦੇਸ਼ ਭਗਤੀ' ਅਤੇ 'ਧਰਮ ਦੀ ਸੇਵਾ' ਦਾ ਰਾਹ ਮਿਲ ਗਿਆ ਹੈ ਤਾਂ ਕਾਨੂੰਨ, ਇਖ਼ਲਾਕ, ਸਿਧਾਂਤ ਅਤੇ ਹਕੂਕ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ! ਇਸ ਦੌਰ ਵਿਚ ਮੁਲਕ ਦੇ ਗੁਰੂ ਦਰਅਸਲ ਰਾਮਦੇਵ ਹੀ ਹਨ ਜੋ ਪਤੰਜਲੀ ਦੇ ਮੰਤਰ ਨੂੰ ਯੋਗ ਆਸਣਾਂ ਅਤੇ ਜੜੀ-ਬੂਟੀਆਂ ਵਜੋਂ ਵੇਚ ਰਹੇ ਹਨ। ਉਹ ਸਰੀਰ ਦੀ ਤੰਦਰੁਸਤੀ ਵੱਲ ਤਵੱਜੋ ਦਿੰਦੇ ਹਨ ਅਤੇ ਦਿਮਾਗ਼ ਦੀ ਥਾਂ ਪਸ਼ੂ-ਬਲ ਦੀ ਵਰਤੋਂ ਦਾ ਪਾਠ ਪੜ੍ਹਾ ਰਹੇ ਹਨ। ਕੀ ਪਤੰਜਲੀ ਨੇ ਇਹ ਨਹੀਂ ਸੀ ਪੜ੍ਹਾਇਆ ਕਿ ਤੰਦਰੁਸਤ ਮਨੁੱਖ ਸੋਚ-ਵਿਚਾਰ ਨਾਲ ਫ਼ੈਸਲੇ ਲੈਣ ਦੇ ਸਮਰੱਥ ਹੁੰਦਾ ਹੈ? ਇਹ ਰਾਮਦੇਵ ਦਾ ਯੋਗ ਕੀ ਹੈ ਜੋ ਕਾਨੂੰਨ ਕਾਰਨ ਆਪਣੇ ਅੰਦਰਲੇ ਪਸ਼ੂ ਨੂੰ ਸੰਗਲ ਪਾਉਣ ਲਈ ਮਜਬੂਰ ਹੋਇਆ ਹੈ?

# ਰਾਸ਼ਟਰ ਵਿਰੋਧੀ ਹੋਣ ਦਾ ਮਤਲਬ

***ਲੋਕ ਪੱਖੀ ਪੱਤਰਕਾਰਾਂ ਨੂੰ ਮੀਡੀਆ ਵਿਚ ਕੰਮ ਕਰਦਿਆਂ ਕਿਸ ਤਰ੍ਹਾਂ ਦੀਆਂ ਚੁਣੌਤੀਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਦੇ ਵੇਰਵੇ ਗੁਰਪ੍ਰੀਤ ਸਿੰਘ ਨੇ ਆਪਣੀ ਇਸ ਹੱਡਬੀਤੀ ਵਿਚ ਬਿਆਨ ਕੀਤੇ ਹਨ। 'ਦਿ ਟ੍ਰਿਬਿਊਨ' ਦੇ ਸਾਬਕਾ ਪੱਤਰਕਾਰ ਗੁਰਪ੍ਰੀਤ ਸਿੰਘ, ਕੈਨੇਡਾ ਤੋਂ ਨਿਕਲਦੇ ਮਾਸਿਕ ਅੰਗਰੇਜ਼ੀ 'ਰੈਡੀਕਲ ਦੇਸੀ' ਦੇ ਬਾਨੀ ਹਨ। ਉਹ ਇਸ ਵਕਤ ਸਪਾਈਸ ਰੇਡੀਓ, ਬਰਨਬੀ ਵਿਖੇ ਨਿਊਜ਼ਕਾਸਟਰ ਅਤੇ ਟਾਕ-ਸ਼ੋਅ ਹੋਸਟ ਹਨ। ਇਸ ਤੋਂ ਬਿਨਾਂ ਉਹ ਬਤੌਰ ਫਰੀਲਾਂਸ ਲੇਖਕ ਹਨ ਅਤੇ 'ਜਾਰਜੀਆ ਸਟਰੇਟ', 'ਪੀਪਲਜ਼ ਵਾਇਸ' ਤੇ 'ਹਿੰਦੁਸਤਾਨ ਟਾਈਮਜ਼' ਆਦਿ ਅਖ਼ਬਾਰਾਂ ਲਈ ਲਿਖਦੇ ਹਨ। ਅੰਗਰੇਜ਼ੀ ਵਿਚ ਲਿਖੇ ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

"ਤੁਸੀਂ ਸ਼ੇਰ ਹੋ, ਮਿਸਟਰ ਸਿੰਘ। ਸਾਨੂੰ ਹਿੰਦੁਸਤਾਨੀਆਂ ਨੂੰ ਤੁਹਾਡੇ ਉਪਰ ਮਾਣ ਹੈ", ਵੈਨਕੂਵਰ ਆਧਾਰਿਤ ਭਾਜਪਾ ਆਗੂ ਦੇ ਇਹ ਸ਼ਬਦ ਅੱਜ ਵੀ ਚੇਤੇ ਹਨ। ਉਸ ਨੇ ਕੈਨੇਡਾ ਵਿਚ ਸਰਗਰਮ ਸਿੱਖ ਵੱਖਵਾਦੀਆਂ ਬਾਰੇ ਮੇਰੀ ਤਕਰੀਰ ਸੁਣਨ ਪਿਛੋਂ ਮੇਰੇ ਉਪਰ ਤਾਰੀਫ਼ਾਂ ਦੀ ਝੜੀ ਲਾ ਦਿੱਤੀ ਸੀ। ਜਦੋਂ ਏਅਰ ਇੰਡੀਆ ਕਾਂਡ ਵਿਚ ਮਾਰੇ ਗਏ ਲੋਕਾਂ ਬਾਰੇ 2013 ਵਿਚ ਮੇਰੀ ਕਿਤਾਬ ਦਾ ਪੰਜਾਬੀ ਐਡੀਸ਼ਨ ਰਿਲੀਜ਼ ਕੀਤਾ ਗਿਆ ਤਾਂ ਆਪਣੀ ਤਕਰੀਰ ਵਿਚ ਮੈਂ ਅਤਿਵਾਦੀਆਂ ਦੀ ਤਿੱਖੀ ਆਲੋਚਨਾ ਕੀਤੀ ਸੀ। 1985 ਵਿਚ ਏਅਰ ਇੰਡੀਆ ਦੀ ਉਡਾਣ ਨੰਬਰ 182 ਨੂੰ ਬੰਬ ਨਾਲ ਉਡਾਉਣ ਕਾਰਨ 329 ਲੋਕ ਮਾਰੇ ਗਏ ਸਨ। ਇਸ ਜੁਰਮ ਦਾ ਇਲਜ਼ਾਮ ਸਿੱਖ ਵੱਖਵਾਦੀਆਂ ਉਪਰ ਲੱਗਿਆ ਜਿਨ੍ਹਾਂ ਦੀ ਮਨਸ਼ਾ 1984 ਵਿਚ ਆਪਣੇ ਸਭ ਤੋਂ ਮੁਕੱਦਸ ਸਥਾਨ ਉਪਰ ਹਿੰਦੁਸਤਾਨੀ ਸਰਕਾਰ ਵਲੋਂ ਕੀਤੇ ਗਏ ਹਮਲੇ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕੀਤੇ ਗਏ ਸਿੱਖਾਂ ਦੇ ਕਤਲੇਆਮ ਦਾ ਬਦਲਾ ਲੈਣ ਦੀ ਸੀ।



**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ**

ਸੋਸ਼ਲ ਮੀਡੀਆ ਉਪਰ ਪਾਈ ਮੇਰੀ ਇਹ ਤਕਰੀਰ ਇਸ ਆਪੇ-ਸਜੇ ਦੇਸ਼ ਭਗਤ ਦੇ ਨਜ਼ਰੀਂ ਚੜ੍ਹ ਗਈ। ਉਹ ਇਹ ਦੇਖ ਕੇ ਜੋਸ਼ ਵਿਚ ਸੀ ਕਿ ਮੇਰੇ ਵਰਗਾ ਇੰਡੋ-ਕੈਨੇਡੀਅਨ ਪੱਤਰਕਾਰ "ਬਹਾਦਰੀ ਨਾਲ" "ਹਿੰਦੁਸਤਾਨ ਵਿਰੋਧੀ" ਵੱਖਵਾਦੀਆਂ ਦੀ ਨੁਕਤਾਚੀਨੀ ਕਰ ਰਿਹਾ ਸੀ ਜਿਨ੍ਹਾਂ ਨੂੰ ਕੈਨੇਡਾ ਵਿਚ ਹਮੇਸ਼ਾ ਬਹੁਤ ਤਾਕਤਵਰ ਅਤੇ ਬਾਰਸੂਖ਼ ਮੰਨਿਆ ਜਾਂਦਾ ਹੈ।

ਉਹ ਫ਼ੋਨ ਕਰ ਕੇ ਮੈਨੂੰ ਵੈਨਕੂਵਰ ਵਿਚ ਭਾਜਪਾ ਦੀਆਂ ਸਰਗਰਮੀਆਂ ਦੀ ਜਾਣਕਾਰੀ ਦਿੰਦਾ, ਤੇ ਮੈਂ ਬਤੌਰ ਰਿਪੋਰਟਰ ਇਨ੍ਹਾਂ ਦੀ ਰਿਪੋਰਟ ਕਰਦਾ, ਪਰ 2014 ਵਿਚ ਵਿਵਾਦਪੂਰਨ ਸਿਆਸੀ ਸ਼ਖ਼ਸ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੇ ਭਾਰੀ ਬਹੁਮਤ ਨਾਲ ਸੱਤਾਧਾਰੀ ਹੋਣ ਨਾਲ ਬੜੀ ਭਿਆਨਕ ਚੀਜ਼ ਵਾਪਰ ਗਈ।


ਮੋਦੀ ਉਦੋਂ ਗੁਜਰਾਤ ਦਾ ਮੁੱਖ ਮੰਤਰੀ ਸੀ ਜਦੋਂ 2002 'ਚ ਉਥੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ। ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਕਤਲੇਆਮ 'ਚੋਂ ਜ਼ਿੰਦਾ ਬਚੇ ਲੋਕਾਂ ਦਾ ਕਹਿਣਾ ਹੈ ਕਿ ਇਹ ਸਭ ਮੋਦੀ ਦੀ ਮਿਲੀਭੁਗਤ ਨਾਲ ਹੋਇਆ। ਇਹ ਮੰਜ਼ਰ 1984 ਵਿਚ ਹਿੰਦੁਸਤਾਨ ਵਿਚ ਕੀਤੇ ਸਿੱਖਾਂ ਦੇ ਕਤਲੇਆਮ ਤੋਂ ਵੱਖਰਾ ਨਹੀਂ ਸੀ। ਫ਼ਰਕ ਕੇਵਲ ਇਹ ਸੀ ਕਿ ਮੁਸਲਮਾਨਾਂ ਵਿਰੁੱਧ ਹਿੰਸਾ ਨੂੰ ਸੱਜੇ ਪੱਖੀ ਹਿੰਦੂ ਰਾਸ਼ਟਰਵਾਦੀ ਪਾਰਟੀ ਨੇ ਅੰਜਾਮ ਦਿੱਤਾ ਸੀ, ਜਦੋਂਕਿ ਸਿੱਖ ਕਤਲੇਆਮ ਕਰਵਾਉਣ ਵਾਲੀ ਇੰਦਰਾ ਗਾਂਧੀ ਦੀ ਕਾਂਗਰਸ ਪਾਰਟੀ ਧਰਮ-ਨਿਰਪੱਖ ਹੋਣ ਦਾ ਦਾਅਵਾ ਕਰਦੀ ਹੈ।

ਧਰਮ-ਨਿਰਪੱਖ ਬੰਦਾ ਹੋਣ ਦੇ ਨਾਤੇ, ਮੈਂ ਸਾਰੀਆਂ ਧਾਰਮਿਕ ਅਤਿਵਾਦੀ ਵਿਚਾਰਧਾਰਾਵਾਂ ਦਾ ਆਲੋਚਕ ਹਾਂ। ਉਸ ਵਕਤ ਮੈਂ ਸਰੀ ਦੇ 'ਰੇਡੀਓ ਇੰਡੀਆ' ਦੇ ਟਾਕ-ਸ਼ੋਅ ਦਾ ਹੋਸਟ ਸੀ। ਪਰਵਾਸ ਤੋਂ ਬਾਅਦ 2001 'ਚ ਇਸ ਸੰਸਥਾ ਨਾਲ ਜੁੜਿਆ ਸਾਂ। ਹਿੰਦੁਸਤਾਨ ਤੋਂ ਵੱਖ ਹੋ ਕੇ ਪੰਜਾਬ ਵਿਚੋਂ ਸਿੱਖਾਂ ਲਈ ਵੱਖਰਾ ਹੋਮਲੈਂਡ, ਖ਼ਾਲਿਸਤਾਨ ਬਣਾਉਣ ਦੀ ਸੋਚ ਦੇ ਧਾਰਨੀ ਸਿੱਖ ਵੱਖਵਾਦੀ ਉਦੋਂ ਕੈਨੇਡਾ ਵਿਚ ਬਹੁਤ ਸਰਗਰਮ ਸਨ ਅਤੇ ਮੈਨੂੰ ਅਕਸਰ ਉਨ੍ਹਾਂ ਖ਼ਿਲਾਫ਼ ਜ਼ਬਾਨ ਬੰਦ ਰੱਖਣ ਦੀ ਨਸੀਹਤ ਮਿਲਦੀ ਸੀ। ਐਪਰ, ਮੈਂ ਪੰਜਾਬ ਵਿਚ ਖ਼ਾਲਿਸਤਾਨੀਆਂ ਵਲੋਂ ਕੀਤੇ ਜਾ ਰਹੇ ਜੁਰਮਾਂ ਬਾਰੇ ਆਪਣੀ ਗੱਲ ਠੋਕ-ਵਜਾ ਕੇ ਕਹਿੰਦਾ। ਯਾਦ ਰਹੇ, ਮੈਂ ਹਿੰਦੁਸਤਾਨੀ ਸਰਕਾਰ ਵਲੋਂ ਖਾੜਕੂਆਂ ਨੂੰ ਦਬਾਉਣ ਲਈ ਕੀਤੀ ਸਖ਼ਤੀ 1984 ਵਿਚ ਸਿੱਖਾਂ ਉਪਰ ਢਾਹੇ ਜ਼ੁਲਮਾਂ ਦਾ ਬਰਾਬਰ ਆਲੋਚਕ ਰਿਹਾ ਹਾਂ। 'ਰੇਡੀਓ ਇੰਡੀਆ' ਨਾਲ ਜੁੜਨ ਤੋਂ ਸਾਲ ਬਾਅਦ ਜਦੋਂ ਮੋਦੀ ਵਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਖੁੱਲ੍ਹ ਦਿੱਤੀ ਗਈ ਤਾਂ ਮੈਂ ਉਸ ਦੀ ਵੀ ਇਸੇ ਤਰ੍ਹਾਂ ਆਲੋਚਨਾ ਕੀਤੀ ਸੀ, ਪਰ ਇਸ ਦੇ ਬਾਵਜੂਦ ਖ਼ਾਲਿਸਤਾਨ ਦੇ ਹਮਾਇਤੀ ਮੇਰੇ ਉਪਰ "ਸਿੱਖ ਵਿਰੋਧੀ" ਅਤੇ "ਹਿੰਦੁਸਤਾਨੀ ਏਜੰਟ" ਹੋਣ ਦਾ ਠੱਪਾ ਲਾਉਂਦੇ ਰਹੇ। ਧਮਕੀਆਂ ਦਾ ਸਿਲਸਿਲਾ ਉਦੋਂ ਸ਼ੁਰੂ ਹੋ ਗਿਆ ਜਦੋਂ ਮੈਂ ਏਅਰ ਇੰਡੀਆ ਜਹਾਜ਼ ਨੂੰ ਬੰਬ ਨਾਲ ਉਡਾਉਣ ਵਿਚ ਸ਼ਾਮਲ ਬੰਦਿਆਂ ਦੀ ਆਲੋਚਨਾ ਕੀਤੀ। ਮੇਰੇ ਰੇਡੀਓ ਸੰਚਾਲਕ ਮਨਿੰਦਰ ਸਿੰਘ ਗਿੱਲ ਵਲੋਂ ਉਦੋਂ ਮੈਨੂੰ ਕੱਢਣ ਲਈ ਪਾਏ ਜਾ ਰਹੇ ਦਬਾਓ ਦੀ ਪ੍ਰਵਾਹ ਨਾ ਕਰਦੇ ਹੋਏ ਤਹਿ-ਦਿਲੋਂ ਮੇਰੀ ਹਮਾਇਤ ਕੀਤੀ ਗਈ। ਉਹ ਇਹ ਸ਼ਿਕਵਾ ਜ਼ਰੂਰ ਕਰਦੇ ਸਨ ਕਿ ਮੇਰੇ ਤਬਸਰੇ ਨਾਲ ਉਨ੍ਹਾਂ ਦੀ ਸੰਸਥਾ ਦਾ ਮਾਇਕ ਨੁਕਸਾਨ ਹੋ ਰਿਹਾ ਸੀ, ਕਿਉਂਕਿ ਖ਼ਾਲਿਸਤਾਨੀ ਵਿਚਾਰਧਾਰਾ ਵਾਲੇ ਸਾਡੇ ਪ੍ਰੋਗਰਾਮਾਂ ਨੂੰ ਸਪਾਂਸਰ ਕਰਨ ਤੋਂ ਹਿਚਕਚਾਹਟ ਦਿਖਾਉਂਦੇ ਸਨ।

ਮੋਦੀ ਦੇ ਪ੍ਰਧਾਨ ਮੰਤਰੀ ਬਣ ਜਾਣ ਨਾਲ ਸਥਿਤੀ ਬਦਲ ਗਈ। ਨਾ ਸਿਰਫ਼ ਹਿੰਦੁਸਤਾਨ ਵਿਚ, ਸਗੋਂ ਹੋਰ ਮੁਲਕਾਂ ਵਿਚ ਵੀ ਉਸ ਦੀ ਆਲੋਚਨਾ ਕਰਨ ਵਾਲਿਆਂ ਲਈ ਨਾਖ਼ੁਸ਼ਗਵਾਰ ਹਾਲਤ ਪੈਦਾ ਹੋ ਗਈ। ਹਿੰਦੂ ਅਤਿਵਾਦੀਆਂ ਦੇ ਹੌਸਲੇ ਵਧ ਗਏ। ਉਨ੍ਹਾਂ ਨੇ ਹਰ ਉਸ ਬੰਦੇ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਜੋ ਮੋਦੀ ਅਤੇ ਉਸ ਦੀ ਘ੍ਰਿਣਾ ਫੈਲਾਉਣ ਦੀ ਸਿਆਸਤ ਦੀ ਨੁਕਤਾਚੀਨੀ ਕਰਦਾ ਸੀ। ਹਿੰਦੁਸਤਾਨ ਵਿਚ ਮੋਦੀ ਦੇ ਆਲੋਚਕ, ਮੀਡੀਆ ਵਾਲਿਆਂ ਨੂੰ ਦਬਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਈ ਮੀਡੀਆ ਵਾਲੇ ਮਹਿਸੂਸ ਕਰਨ ਲੱਗੇ ਕਿ ਸੱਜੇ ਪੱਖੀ ਸਰਕਾਰ ਹੇਠ, ਸੈਂਸਰਸ਼ਿਪ ਦੇ ਦੌਰ ਦੀ ਸ਼ੁਰੂਆਤ ਹੋ ਗਈ ਹੈ। ਚੁਣੇ ਜਾਣ ਤੋਂ ਬਾਅਦ ਜਦੋਂ ਭਾਜਪਾ ਸੱਤਾਧਾਰੀ ਹੋ ਗਈ ਤਾਂ ਇਸ ਨੂੰ ਦੁਨੀਆ ਭਰ ਵਿਚ ਵਾਜਬੀਅਤ ਹਾਸਲ ਹੋ ਗਈ। ਜਿਹੜੇ ਬਹੁਤ ਸਾਰੇ ਮੁਲਕ ਮੁਸਲਮਾਨਾਂ ਉਪਰ ਕੀਤੀ ਹਿੰਸਾ ਕਾਰਨ ਮੋਦੀ ਨੂੰ ਵੀਜ਼ਾ ਨਹੀਂ ਸਨ ਦੇ ਰਹੇ, ਹੁਣ ਉਸ ਨੂੰ ਉਥੇ ਜਾਣ ਦੀ ਖੁੱਲ੍ਹ ਮਿਲ ਗਈ ਸੀ। ਭਾਜਪਾ ਅਤੇ ਇਸ ਦੇ ਹਮਾਇਤੀਆਂ ਦਾ ਇੰਡੋ-ਕੈਨੇਡੀਅਨ ਭਾਈਚਾਰੇ ਵਿਚ ਵੀ ਹੱਥ ਉਪਰ ਹੋ ਗਿਆ ਸੀ ਅਤੇ ਹਿੰਦੁਸਤਾਨੀ ਕੌਂਸਲਖ਼ਾਨਿਆਂ ਅੰਦਰ ਰਸੂਖ਼ ਵਧ ਗਿਆ ਸੀ।

ਇਨ੍ਹਾਂ ਹਾਲਾਤ ਵਿਚ, ਕਈ ਗਰੁੱਪਾਂ ਨੇ ਮੋਦੀ ਦੇ ਅਮਰੀਕਾ ਦੌਰੇ ਵਕਤ ਇਸ ਦੇ ਖ਼ਿਲਾਫ਼ ਵਿਰੋਧ-ਰੈਲੀਆਂ ਜਥੇਬੰਦ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚੋਂ ਇਕ ਰੈਲੀ ਮਨੁੱਖੀ ਹੱਕਾਂ ਦਾ ਹਮਾਇਤੀ ਗਰੁੱਪ 'ਸਿੱਖਸ ਫਾਰ ਜਸਟਿਸ' (ਐੱਸ.ਐਫ.ਜੇ.) ਜੋ ਸਿੱਖ ਪ੍ਰਭੂਸੱਤਾ ਦੀ ਹਮਾਇਤ ਕਰਦਾ ਹੈ, ਦੀ ਸੀ। ਮੈਂ ਮੋਦੀ ਦੇ ਵਿਵਾਦਪੂਰਨ ਦੌਰੇ ਨੂੰ ਉਜਾਗਰ ਕਰਨ ਅਤੇ ਐੱਸ.ਐੱਫ.ਜੇ. ਨੂੰ ਆਪਣੇ ਪ੍ਰੋਗਰਾਮ ਵਿਚ ਕੁਝ ਵਕਤ ਦੇਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦੇ ਸਿੱਖ ਪ੍ਰਭੂਸੱਤਾ ਦੇ ਏਜੰਡੇ ਨਾਲ ਭਾਵੇਂ ਮੇਰੇ ਸਖ਼ਤ ਮਤਭੇਦ ਹਨ, ਪਰ ਬਤੌਰ ਪੱਤਰਕਾਰ ਮੈਂ ਉਨ੍ਹਾਂ ਦੇ ਆਗੂਆਂ ਨਾਲ ਮੋਦੀ ਦੇ ਦੌਰੇ ਅਤੇ ਸਤੰਬਰ 2014 ਵਿਚ ਉਸ ਦੌਰੇ ਖ਼ਿਲਾਫ਼ ਵਿਉਂਤੇ ਗਏ ਵਿਰੋਧ-ਪ੍ਰਦਰਸ਼ਨ ਬਾਰੇ ਉਨ੍ਹਾਂ ਦੇ ਆਗੂਆਂ ਨਾਲ ਗੱਲ ਕਰਨੀ ਜ਼ਰੂਰੀ ਸਮਝਦਾ ਸੀ। ਇਸ ਤੋਂ ਮੇਰਾ ਰੇਡੀਓ ਸੰਚਾਲਕ ਬਹੁਤ ਖ਼ਫ਼ਾ ਹੋਇਆ। ਖ਼ਾਸ ਤੌਰ 'ਤੇ ਉਸ ਨੂੰ ਸਿੱਖ ਹੋਮਲੈਂਡ ਦੇ ਕਿਸੇ ਹਮਾਇਤੀ ਨਾਲ ਇੰਟਰਵਿਊ ਕੀਤੇ ਜਾਣ ਤੋਂ ਔਖ ਸੀ। ਗੱਲ ਇੰਨੀ ਕੁ ਨਹੀਂ ਸੀ, ਉਹ ਚਾਹੁੰਦਾ ਸੀ ਕਿ ਮੈਂ ਰੇਡੀਓ ਸਟੇਸ਼ਨ ਦੀ ਤਰਫ਼ੋਂ ਮੋਦੀ ਦੇ ਦੌਰੇ ਦੇ ਗੁਣ ਗਾਉਣੇ ਸ਼ੁਰੂ ਕਰਾਂ। ਜੇ ਮੈਂ ਇਉਂ ਨਹੀਂ ਕਰ ਸਕਦਾ, ਤਾਂ ਮੈਨੂੰ ਮਸ਼ਵਰਾ ਦਿੱਤਾ ਗਿਆ ਕਿ ਇਸ ਦੀ ਥਾਂ ਹੋਰ ਡਿਊਟੀ ਕਰ ਲਵਾਂ। ਇਸ ਨੂੰ ਲੈ ਕੇ ਤਕਰਾਰ ਹੋ ਗਿਆ ਅਤੇ ਮੈਂ ਉਸ ਸੰਸਥਾ ਨੂੰ ਛੱਡਣ ਦਾ ਫ਼ੈਸਲਾ ਕਰ ਲਿਆ।

***ਜੇ ਇਕੱਲੇ ਸਿੱਖ ਵੱਖਵਾਦੀਆਂ ਨੂੰ ਸਵਾਲ ਕਰਨ ਨਾਲ ਹੀ ਤੁਸੀਂ ਦੇਸ਼ ਭਗਤ ਬਣ ਜਾਂਦੇ ਹੋ, ਤੇ ਹਿੰਦੂ ਵੱਖਵਾਦੀਆਂ ਨੂੰ ਵੰਗਾਰਨ ਨਾਲ ਤੁਸੀਂ ਰਾਸ਼ਟਰ ਵਿਰੋਧੀ ਬਣ ਜਾਂਦੇ ਹੋ, ਤਾਂ ਹਿੰਦੁਸਤਾਨ ਦੇ ਹਮਾਇਤੀਆਂ ਨੂੰ ਸ਼ਰੇਆਮ ਕਬੂਲ ਕਰ ਲੈਣਾ ਚਾਹੀਦਾ ਹੈ ਕਿ ਮੌਜੂਦਾ ਹਿੰਦੁਸਤਾਨੀ ਸਟੇਟ ਨੂੰ ਹਕੀਕਤ ਵਿਚ ਹਿੰਦੂ ਰਾਸ਼ਟਰ ਬਣਾਇਆ ਜਾ ਰਿਹਾ ਹੈ, ਤੇ ਇਹ ਹੁਣ ਉਹ ਧਰਮ-ਨਿਰਪੱਖ ਅਤੇ ਬਹੁ-ਸਭਿਆਚਾਰ ਵਾਲਾ ਹਿੰਦੁਸਤਾਨ ਨਹੀਂ ਹੋਵੇਗਾ ਜਿਸ ਨੂੰ ਮੈਂ ਮੁਹੱਬਤ ਕਰਦਾ ਸੀ ਅਤੇ ਜਿਸ ਵਿਚ ਮੈਂ ਜੰਮਿਆ-ਪਲਿਆ ਸੀ।***



ਇਸ ਕਦਮ ਨੇ ਮੈਨੂੰ ਉਨ੍ਹਾਂ ਹੀ ਲੋਕਾਂ ਵਿਚੋਂ ਅਲੱਗ-ਥਲੱਗ ਕਰ ਦਿੱਤਾ ਜੋ ਖ਼ਾਲਿਸਤਾਨੀਆਂ ਖ਼ਿਲਾਫ਼ ਮੇਰੇ ਪੈਂਤੜੇ ਦੀਆਂ ਤਾਰੀਫ਼ਾਂ ਕਰਦੇ ਸਨ। ਜਿਹੜੇ ਭਾਜਪਾ ਆਗੂ ਮੈਨੂੰ ਸ਼ੇਰ ਕਹਿੰਦੇ ਸਨ, ਹੁਣ ਉਨ੍ਹਾਂ ਮੈਥੋਂ ਐਨੀ ਕੰਨੀ ਕਤਰਾਉਣੀ ਸ਼ੁਰੂ ਕਰ ਦਿੱਤੀ ਕਿ ਜਦੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਉਥੇ ਆਉਣਾ ਸੀ ਤਾਂ ਸਮਾਗਮ ਦੀ ਰਿਪੋਰਟ ਕਰਨ ਲਈ ਮੈਨੂੰ ਸੱਦਾ ਨਹੀਂ ਦਿੱਤਾ। ਜਦੋਂ ਸੀਨੀਅਰ ਸਿਆਸਤਦਾਨ ਪ੍ਰੇਮ ਸਿੰਘ ਚੰਦੂਮਾਜਰਾ ਆਇਆ, ਉਦੋਂ ਵੀ ਮੈਨੂੰ ਇਉਂ ਹੀ ਅਪਮਾਨਤ ਕੀਤਾ ਗਿਆ। ਚੰਦੂਮਾਜਰਾ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ ਸੱਤਾ ਦੀ ਸਾਂਝ ਹੈ। ਇਸ ਦੇ ਹਮਾਇਤੀ ਸਾਲਾਂ ਤੋਂ ਮੇਰੇ ਵਾਕਫ਼ ਹਨ। ਕਿਸੇ ਨੇ ਵੀ ਮੈਨੂੰ ਮੀਡੀਆ ਕਾਨਫਰੰਸ ਵਿਚ ਨਹੀਂ ਸੱਦਿਆ, ਇਸ ਤੱਥ ਦੇ ਬਾਵਜੂਦ ਕਿ ਭਾਜਪਾ ਅਤੇ ਅਕਾਲੀ ਦਲ ਦੋਵਾਂ ਪਾਰਟੀਆਂ ਦੇ ਹਮਾਇਤੀ ਜਾਣਦੇ ਸਨ ਕਿ ਮੈਂ ਅਜੇ ਵੀ ਹਿੰਦੁਸਤਾਨ ਦੀਆਂ 'ਹਿੰਦੁਸਤਾਨ ਟਾਈਮਜ਼' ਵਰਗੀਆਂ ਨਾਮਵਰ ਅਖ਼ਬਾਰਾਂ ਲਈ ਲਿਖਦਾ ਹਾਂ ਜਿਨ੍ਹਾਂ ਲਈ ਖੱਟੜ ਅਤੇ ਚੰਦੂਮਾਜਰਾ ਦੀਆਂ ਫੇਰੀਆਂ ਦੀ ਕਵਰੇਜ ਅਹਿਮ ਸੀ।

ਵੈਨਕੂਵਰ ਵਿਚਲੇ ਹਿੰਦੁਸਤਾਨੀ ਏਜੰਟਾਂ ਨੇ ਵੀ ਮੈਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ। ਮੈਨੂੰ ਖ਼ਬਰ ਮਿਲਦੀ ਰਹਿੰਦੀ ਕਿ ਉਹ ਮੇਰੇ ਤਬਸਰੇ ਤੋਂ ਡਾਢੇ ਪ੍ਰੇਸ਼ਾਨ ਹਨ ਜੋ ਜ਼ਾਹਿਰਾ ਤੌਰ 'ਤੇ ਧਾਰਮਿਕ ਘੱਟ-ਗਿਣਤੀਆਂ ਦੇ ਖ਼ਿਲਾਫ਼ ਭਾਜਪਾ ਦੀਆਂ ਸੱਜੇ ਪੱਖੀ ਨੀਤੀਆਂ ਅਤੇ ਮੋਦੀ ਦੇ ਰਾਜ ਵਿਚ ਮੁਸਲਮਾਨਾਂ ਤੇ ਈਸਾਈਆਂ ਉਪਰ ਵਧ ਰਹੇ ਹਮਲਿਆਂ ਦੇ ਹੱਕ ਵਿਚ ਨਹੀਂ ਹੁੰਦੇ। ਮੈਨੂੰ ਹੁਣ ਕਦੇ ਉਨ੍ਹਾਂ ਦੇ ਸਮਾਗਮਾਂ ਦੀ ਕਵਰੇਜ ਲਈ ਸੱਦਾ ਨਹੀਂ ਆਉਂਦਾ, ਹਾਲਾਂਕਿ ਉਨ੍ਹਾਂ ਨੇ 2010 'ਚ ਹਿੰਦੁਸਤਾਨ ਵਿਚ ਕੀਤੇ ਪਰਵਾਸੀ ਹਿੰਦੁਸਤਾਨੀ ਭਾਈਚਾਰੇ ਦੇ ਸਾਲਾਨਾ ਸਮਾਗਮ ਦੀ ਕਵਰੇਜ ਲਈ ਮੇਰੇ ਨਾਂ ਦੀ ਸਿਫ਼ਾਰਸ਼ ਕੀਤੀ ਸੀ।

ਜਦੋਂ ਮੈਂ 'ਸਪਾਈਸ' ਰੇਡੀਓ ਨਾਲ ਜੁੜਿਆ ਤਾਂ ਕੁਝ ਹਿੰਦੁਸਤਾਨ ਅਧਿਕਾਰੀਆਂ ਨੇ ਇਸ ਰੇਡੀਓ ਦੀ ਸੰਚਾਲਕ ਸੁਸ਼ਮਾ ਦੱਤ ਕੋਲ ਆਪਣੀ ਨਾਖ਼ੁਸ਼ੀ ਦਾ ਇਜ਼ਹਾਰ ਕੀਤਾ, ਪਰ ਉਹ ਕਿਸੇ ਨਾਜਾਇਜ਼ ਦਬਾਓ ਹੇਠ ਨਹੀਂ ਆਏ ਅਤੇ ਮੈਨੂੰ ਸਾਫ਼-ਸੁਥਰੇ ਢੰਗ ਨਾਲ ਤੇ ਬੇਖ਼ੌਫ਼ ਹੋ ਕੇ ਕੰਮ ਕਰਨ ਦੀ ਆਜ਼ਾਦੀ ਦਿੱਤੀ। ਆਖ਼ਿਰਕਾਰ, ਉਹ ਤਜਰਬੇਕਾਰ ਬਰਾਡਕਾਸਟਰ ਹਨ ਜਿਨ੍ਹਾਂ ਨੂੰ ਇਹ ਸੂਝ ਹੈ ਕਿ ਮੀਡੀਆ ਨੂੰ ਦਿਆਨਤਦਾਰੀ ਨਾਲ ਕਿਵੇਂ ਚਲਾਉਣਾ ਹੈ। ਜਦੋਂ ਮੈਂ ਮੋਦੀ ਖ਼ਿਲਾਫ਼ 'ਸਿੱਖਸ ਫਾਰ ਜਸਟਿਸ' ਦੇ ਕਾਰਕੁਨਾਂ ਨੂੰ ਰੇਡੀਓ ਉਪਰ ਆਪਣੇ ਮਨ ਦੀ ਗੱਲ ਕਹਿਣ ਲਈ ਵਕਤ ਦਿੱਤਾ, ਜਾਂ ਮੋਦੀ ਦੇ ਦੌਰੇ ਦਾ ਵਿਰੋਧ ਕਰਨ ਵਾਲਿਆਂ ਨਾਲ ਇੰਟਰਵਿਊ ਕੀਤੀਆਂ, ਤਾਂ ਉਨ੍ਹਾਂ ਨੇ ਕਦੇ ਵੀ ਦਖ਼ਲ ਨਹੀਂ ਦਿੱਤਾ, ਪਰ ਉਨ੍ਹਾਂ ਦੀ ਦਰਿਆਦਿਲੀ ਦੇ ਬਾਵਜੂਦ, ਸਾਡੇ ਭਾਈਚਾਰੇ ਦੇ ਕੁਝ ਅਗਾਂਹਵਧੂ ਕਹਾਉਣ ਵਾਲਿਆਂ ਨੇ ਮੈਨੂੰ ਸਵਾਲ ਕੀਤੇ ਕਿ ਹਿੰਦੂ ਹੋ ਕੇ ਕੀ ਉਹ ਮੈਨੂੰ ਮੋਦੀ ਦੀ ਆਲੋਚਨਾ ਕਰਨ ਦੀ ਇਜਾਜ਼ਤ ਦੇਵੇਗੀ? ਮਹਿਜ਼ ਇਸ ਕਰ ਕੇ ਕਿ ਉਹ ਹਿੰਦੂ ਹੈ, ਇਹ ਨਹੀਂ ਮੰਨਿਆ ਜਾ ਸਕਦਾ ਕਿ ਉਹ ਭਾਜਪਾ ਦੀ ਹਮਾਇਤੀ ਹੈ। ਕੀ ਹੁਣ ਇਹ ਪੁੱਛਿਆ ਜਾ ਸਕਦਾ ਹੈ ਕਿ ਸਾਊਥ ਏਸ਼ੀਅਨ ਰੇਡੀਓ ਸਟੇਸ਼ਨਾਂ ਦੇ ਮਰਦ ਸਿੱਖ ਮਾਲਕਾਂ ਦੇ ਨਸਲੀ-ਸਭਿਆਚਾਰਕ ਪਿਛੋਕੜ ਨੂੰ ਲੈ ਕੇ ਇਨ੍ਹਾਂ ਲੋਕਾਂ ਨੇ ਕਿੰਨੀ ਕੁ ਵਾਰ ਐਸੇ ਸਵਾਲ ਕੀਤੇ ਹਨ?

***ਮੋਦੀ ਦੇ ਪ੍ਰਧਾਨ ਮੰਤਰੀ ਬਣ ਜਾਣ ਨਾਲ ਸਥਿਤੀ ਬਦਲ ਗਈ। ਨਾ ਸਿਰਫ਼ ਹਿੰਦੁਸਤਾਨ ਵਿਚ, ਸਗੋਂ ਹੋਰ ਮੁਲਕਾਂ ਵਿਚ ਵੀ ਉਸ ਦੀ ਆਲੋਚਨਾ ਕਰਨ ਵਾਲਿਆਂ ਲਈ ਨਾਖ਼ੁਸ਼ਗਵਾਰ ਹਾਲਤ ਪੈਦਾ ਹੋ ਗਈ। ਹਿੰਦੂ ਅਤਿਵਾਦੀਆਂ ਦੇ ਹੌਸਲੇ ਵਧ ਗਏ। ਉਨ੍ਹਾਂ ਨੇ ਹਰ ਉਸ ਬੰਦੇ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਜੋ ਮੋਦੀ ਅਤੇ ਉਸ ਦੀ ਘ੍ਰਿਣਾ ਫੈਲਾਉਣ ਦੀ ਸਿਆਸਤ ਦੀ ਨੁਕਤਾਚੀਨੀ ਕਰਦਾ ਸੀ। ਹਿੰਦੁਸਤਾਨ ਵਿਚ ਮੋਦੀ ਦੇ ਆਲੋਚਕ, ਮੀਡੀਆ ਵਾਲਿਆਂ ਨੂੰ ਦਬਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ।***




ਇਥੇ ਹੀ ਬਸ ਨਹੀਂ, ਮੁਕਾਮੀ ਸਿੱਖ ਭਾਈਚਾਰੇ ਵਿਚਲੇ ਨਰਮ-ਖ਼ਿਆਲ ਅਤੇ ਧਰਮ-ਨਿਰਪੱਖ ਸੱਜਣਾਂ ਜੋ ਸਿੱਖ ਮੂਲਵਾਦ ਦੇ ਖ਼ਿਲਾਫ਼ ਹਨ ਤੇ ਅਕਸਰ ਹਿੰਦੁਸਤਾਨ ਦਾ ਪੱਖ ਲੈਂਦੇ ਹਨ, ਉਨ੍ਹਾਂ ਨੇ ਵੀ ਮੈਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ; ਹਾਲਾਂਕਿ ਇਕ ਐਸੇ ਸਮਾਗਮ ਵਿਚ ਮੈਂ ਉਨ੍ਹਾਂ ਦੇ ਹੱਕ ਵਿਚ ਖੜ੍ਹਿਆ ਸੀ ਜੋ ਧਾਰਮਿਕ ਮਾਮਲਿਆਂ ਉਪਰ ਮੂਲਵਾਦੀ ਤਾਕਤਾਂ ਦੀ ਤਰਫ਼ੋਂ ਕੱਟੜ ਸਿੱਖ ਪੁਜਾਰੀ ਵਰਗ ਨੇ ਉਨ੍ਹਾਂ ਨੂੰ ਭਾਈਚਾਰੇ ਵਿਚੋਂ ਛੇਕਣ ਲਈ ਜਥੇਬੰਦ ਕੀਤਾ ਸੀ। ਉਨ੍ਹਾਂ ਵਿਚੋਂ ਕੁਝ ਤਾਂ ਅਮਰੀਕਾ ਵਿਚ ਮੋਦੀ ਨੂੰ ਜਾ ਮਿਲੇ ਅਤੇ ਉਨ੍ਹਾਂ ਵਿਚ ਸ਼ਾਮਲ ਹੋਏ ਜਿਨ੍ਹਾਂ ਨੇ 2015 'ਚ ਮੋਦੀ ਦੇ ਵੈਨਕੂਵਰ ਦੌਰੇ ਸਮੇਂ ਉਸ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਬਾਕੀ ਜੋ ਖ਼ੁਦ ਨੂੰ ਮਾਰਕਸਵਾਦੀ ਕਹਾਉਂਦੇ ਹਨ ਅਤੇ ਹਿੰਦੁਸਤਾਨ ਦੀਆਂ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ ਨਾਲ ਜੁੜੇ ਹੋਏ ਹਨ ਜੋ ਮੋਦੀ ਦਾ ਵਿਰੋਧ ਕਰਦੀਆਂ ਹਨ, ਉਹ ਵੈਨਕੂਵਰ ਵਿਚ ਮੋਦੀ ਸਰਕਾਰ ਖ਼ਿਲਾਫ਼ ਹੋਈ ਕਿਸੇ ਵੀ ਸਰਗਰਮੀ ਜਾਂ ਵਿਰੋਧ-ਪ੍ਰਦਰਸ਼ਨ ਪ੍ਰਤੀ ਉਦਾਸੀਨ ਰਹੇ। ਗ਼ੌਰਤਲਬ ਹੈ ਕਿ ਉਹ ਸਿੱਖ ਵੱਖਵਾਦੀਆਂ ਨੂੰ ਗੁਰਦੁਆਰਿਆਂ ਤੋਂ ਪਰ੍ਹਾਂ ਰੱਖਣ ਦੇ ਮਨੋਰਥ ਨਾਲ ਉਥੇ ਨਰਮ-ਖ਼ਿਆਲੀਆਂ ਦਾ ਕੰਟਰੋਲ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਹਮਾਇਤ ਕਰਦੇ ਆ ਰਹੇ ਹਨ। ਉਨ੍ਹਾਂ ਦੇ ਹਿੰਦੁਸਤਾਨੀ ਏਜੰਟਾਂ ਨਾਲ ਵੀ ਨਿੱਘੇ ਸਬੰਧ ਹਨ।

ਲਗਦਾ ਹੈ ਕਿ ਨਰਮ-ਖ਼ਿਆਲੀਆਂ ਦੇ ਇਸ ਮਹਾਂ ਗੱਠਜੋੜ ਦੀ ਧਰਮ-ਨਿਰਪੱਖਤਾ ਪ੍ਰਤੀ ਵਚਨਬੱਧਤਾ ਝੂਠੀ ਅਤੇ ਚੋਣਵੀਂ ਹੈ। ਇਹ ਮੋਦੀ ਦੀ ਪਾਰਟੀ ਦੇ ਮੂਲਵਾਦ ਨੂੰ ਸਹਿਜੇ ਹੀ ਨਜ਼ਰਅੰਦਾਜ਼ ਕਰ ਦਿੰਦੇ ਹਨ, ਤੇ ਸਿੱਖ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਹ ਅਜਿਹਾ ਜਾਂ ਤਾਂ ਆਪਣੀ ਅੰਨ੍ਹੀ ਦੇਸ਼ ਭਗਤੀ ਕਾਰਨ ਕਰਦੇ ਹਨ ਜਾਂ ਫਿਰ ਨਵੀਂ ਦਿੱਲੀ ਵਿਚਲੇ ਆਪਣੇ ਸਿਆਸੀ ਪ੍ਰਭੂਆਂ ਨੂੰ ਖ਼ੁਸ਼ ਰੱਖਣ ਦੇ ਏਜੰਡੇ ਨਾਲ।

ਹੁਣ ਜਦੋਂ ਮੋਦੀ ਸਰਕਾਰ ਨੂੰ ਸੱਤਾਧਾਰੀ ਹੋਇਆਂ ਦੋ ਸਾਲ ਹੋਣ ਵਾਲੇ ਹਨ, ਤਾਂ ਹਿੰਦੂ ਅਤਿਵਾਦ ਦਾ ਖ਼ਤਰਾ ਬਹੁਤ ਵਧ ਚੁੱਕਾ ਹੈ। ਜਿਹੜਾ ਵੀ ਕੋਈ ਉਨ੍ਹਾਂ ਦੀ ਵਿਚਾਰਧਾਰਾ ਅਤੇ ਘੱਟ-ਗਿਣਤੀਆਂ ਵਿਰੋਧੀ ਪੈਂਤੜੇ ਨੂੰ ਵੰਗਾਰਦਾ ਹੈ, ਉਸ ਉਪਰ ਰਾਸ਼ਟਰ ਵਿਰੋਧੀ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਜਦੋਂ ਹਿੰਦੁਸਤਾਨ ਉਪਰ ਬਰਤਾਨੀਆ ਦਾ ਕਬਜ਼ਾ ਸੀ, ਉਦੋਂ ਘੋਰ ਹਿੰਦੂ ਰਾਸ਼ਟਰਵਾਦੀ ਜਥੇਬੰਦੀ- ਰਾਸ਼ਟਰੀ ਸੋਇਮਸੇਵਕ ਸੰਘ, ਨੇ ਕਦੇ ਵੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਨਹੀਂ ਲਿਆ। ਇਨ੍ਹਾਂ ਨੇ 1948 ਵਿਚ ਸ਼ਾਂਤਮਈ ਵਿਰੋਧ ਲਹਿਰ ਦੇ ਸਿਰਕੱਢ ਆਗੂ ਮਹਾਤਮਾ ਗਾਂਧੀ ਨੂੰ ਕਤਲ ਕੀਤਾ, ਕਿਉਂਕਿ ਉਹ ਮੁਸਲਮਾਨਾਂ ਉਪਰ ਹਿੰਸਾ ਅਤੇ ਛੂਆਛਾਤ ਦੋਹਾਂ ਦੇ ਸਖ਼ਤ ਖ਼ਿਲਾਫ਼ ਸੀ ਜਿਸ ਛੂਆਛਾਤ ਦੀ ਖੁੱਲ੍ਹ ਰੂੜ੍ਹੀਵਾਦੀ ਹਿੰਦੂ ਸਮਾਜ ਦਿੰਦਾ ਸੀ। ਗਾਂਧੀ ਨੂੰ ਹਮੇਸ਼ਾ ਹਿੰਦੁਸਤਾਨ ਦਾ ਰਾਸ਼ਟਰ ਪਿਤਾ ਮੰਨਿਆ ਜਾਂਦਾ ਰਿਹਾ ਹੈ। ਜਦੋਂ ਤੋਂ ਮੋਦੀ ਸੱਤਾ ਵਿਚ ਆਇਆ ਹੈ, ਨੱਥੂਰਾਮ ਗੋਡਸੇ ਦੇ ਬੁੱਤ ਲਗਾਉਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ ਜੋ ਹਿੰਦੂ ਅਲਹਿਦਾਪਸੰਦੀ ਦਾ ਗਹਿ-ਗੱਡਵਾਂ ਹਮਾਇਤੀ ਅਤੇ ਗਾਂਧੀ ਦਾ ਕਾਤਲ ਸੀ।

ਇਸ ਵਰ੍ਹੇ ਕਈ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਵਿਦਿਆਰਥੀਆਂ, ਵਿਦਵਾਨਾਂ, ਪੱਤਰਕਾਰਾਂ, ਕਾਰਕੁਨਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ, ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਜਾਂ ਉਨ੍ਹਾਂ ਉਪਰ ਰਾਜਧ੍ਰੋਹ ਦੇ ਇਲਜ਼ਾਮ ਥੋਪੇ ਗਏ ਜੋ ਧਾਰਮਿਕ ਅਸਹਿਣਸ਼ੀਲਤਾ ਅਤੇ ਹਿੰਦੂ ਰਾਸ਼ਟਰਵਾਦ ਦੇ ਵਧ ਰਹੇ ਖ਼ਤਰੇ ਦੀ ਆਲੋਚਨਾ ਕਰਦੇ ਹਨ। ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਉਪਰ ਰਾਜਧ੍ਰੋਹ ਦੇ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਕਿਉਂਕਿ ਉਹ ਮੋਦੀ ਸਰਕਾਰ ਉਪਰ ਸਵਾਲ ਉਠਾਉਂਦੇ ਸਨ। ਜਦੋਂ ਮੈਨੂੰ 'ਰੇਡੀਓ ਇੰਡੀਆ' ਛੱਡਣਾ ਪਿਆ ਅਤੇ ਮੈਂ ਖ਼ਾਮੋਸ਼ ਸਮਾਜੀ ਬਾਈਕਾਟ ਦਾ ਸ਼ਿਕਾਰ ਹੋਇਆ, ਉਦੋਂ ਕਦੇ-ਕਦਾਈਂ ਮੈਂ ਬਹੁਤ ਇਕੱਲਾ ਮਹਿਸੂਸ ਕਰਦਾ ਸੀ, ਪਰ ਅੱਜ ਜਦੋਂ ਮੈਂ ਲੋਕਾਂ ਵਲੋਂ ਮੋਦੀ ਸਰਕਾਰ ਨਾਲ ਦੇ ਕੀਤੇ ਜਾ ਰਹੇ ਟਾਕਰੇ ਨੂੰ ਦੇਖਦਾ ਹਾਂ ਤਾਂ ਮੈਂ ਐਸੀ ਭਾਵਨਾ ਤੋਂ ਮੁਕਤ ਮਹਿਸੂਸ ਕਰਦਾ ਹਾਂ; ਸਗੋਂ ਮੈਨੂੰ ਮਾਣ ਹੈ ਕਿ ਮੈਂ ਮੋਦੀ ਜਨੂੰਨ ਖ਼ਿਲਾਫ਼ ਡਟ ਕੇ ਖੜ੍ਹਿਆ ਹਾਂ। ਜੇ ਤਰਕ, ਬਹੁਲਤਾਵਾਦ ਅਤੇ ਮਨੁੱਖਤਾ ਲਈ ਖੜ੍ਹਨ ਬਦਲੇ ਕਿਸੇ ਉਪਰ ਰਾਸ਼ਟਰ ਵਿਰੋਧੀ ਹੋਣ ਦਾ ਠੱਪਾ ਲਾਇਆ ਜਾਂਦਾ ਹੈ ਤਾਂ ਮੈਨੂੰ ਨਿਸ਼ਚੇ ਹੀ ਰਾਸ਼ਟਰ ਵਿਰੋਧੀ ਹੋਣ ਉਪਰ ਪੂਰਾ ਮਾਣ ਹੈ।

ਹੁਣ ਮੇਰਾ ਸਵਾਲ ਉਨ੍ਹਾਂ ਨੂੰ ਹੈ ਜੋ ਰਾਸ਼ਟਰਵਾਦੀ ਹੋਣ ਦੇ ਦਾਅਵੇ ਕਰਦੇ ਹਨ: ਉਨ੍ਹਾਂ ਦੀ ਰਾਸ਼ਟਰ ਦੀ ਵਿਆਖਿਆ ਕੀ ਹੈ? ਕੀ ਇਹ ਮਹਿਜ਼ ਇਲਾਕਾ, ਜ਼ਮੀਨ ਦਾ ਟੁਕੜਾ, ਜਾਂ ਸਿਆਸੀ ਸਰਹੱਦਾਂ ਤੇ ਧਰਤੀ ਨੂੰ ਲੈ ਕੇ ਬਣਤਰ ਹੀ ਰਾਸ਼ਟਰ ਹੈ? ਜਾਂ ਰਾਸ਼ਟਰ ਦੀ ਨੁਮਾਇੰਦਗੀ ਲੋਕ ਕਰਦੇ ਹਨ? ਜਾਂ ਉਹ ਮਨੁੱਖੀ ਪ੍ਰਾਣੀ ਰਾਸ਼ਟਰ ਹਨ ਜਿਨ੍ਹਾਂ ਦੇ ਬਿਹਤਰ ਜ਼ਿੰਦਗੀ ਦੇ ਸੁਪਨੇ ਹਨ ਅਤੇ ਜੋ ਮਾਣ-ਸਨਮਾਨ ਵਾਲੀ ਜ਼ਿੰਦਗੀ ਚਾਹੁੰਦੇ ਹਨ? ਰਾਸ਼ਟਰ ਵਿਰੋਧੀ ਉਹ ਨਹੀਂ ਜੋ ਲੋਕਾਂ ਦੇ ਹੱਕਾਂ ਲਈ ਜੂਝਦੇ ਹਨ, ਸਗੋਂ ਉਹ ਰਾਸ਼ਟਰ ਵਿਰੋਧੀ ਹਨ ਜੋ ਸੱਤਾ ਦੀਆਂ ਜੁੱਤੀਆਂ ਚੱਟਦੇ ਹਨ ਅਤੇ ਲੋਕਾਂ ਦੇ ਖ਼ਿਲਾਫ਼ ਕੰਮ ਕਰਦੇ ਹਨ, ਤੇ ਜੋ ਆਪਣੀ ਸਿਆਸੀ ਹੋਂਦ ਬਣਾਈ ਰੱਖਣ ਲਈ ਲੋਕਾਂ ਵਿਚ ਵੰਡੀਆਂ ਪਾਉਂਦੇ ਹਨ। ਜਿਹੜੇ ਹਿੰਦੁਸਤਾਨੀ ਸੰਵਿਧਾਨ ਵਿਚ ਸੰਜੋਏ ਧਰਮ-ਨਿਰਪੱਖਤਾ ਅਤੇ ਜਮਹੂਰੀਅਤ ਦੇ ਅਸੂਲਾਂ ਨੂੰ ਭੰਗ ਕਰਦੇ ਹਨ, ਸਭ ਤੋਂ ਵੱਡੇ ਰਾਸ਼ਟਰ ਧ੍ਰੋਹੀ ਤਾਂ ਉਹ ਹਨ। ਜੇ ਇਕੱਲੇ ਸਿੱਖ ਵੱਖਵਾਦੀਆਂ ਨੂੰ ਸਵਾਲ ਕਰਨ ਨਾਲ ਹੀ ਤੁਸੀਂ ਦੇਸ਼ ਭਗਤ ਬਣ ਜਾਂਦੇ ਹੋ, ਤੇ ਹਿੰਦੂ ਵੱਖਵਾਦੀਆਂ ਨੂੰ ਵੰਗਾਰਨ ਨਾਲ ਤੁਸੀਂ ਰਾਸ਼ਟਰ ਵਿਰੋਧੀ ਬਣ ਜਾਂਦੇ ਹੋ, ਤਾਂ ਹਿੰਦੁਸਤਾਨ ਦੇ ਹਮਾਇਤੀਆਂ ਨੂੰ ਸ਼ਰੇਆਮ ਕਬੂਲ ਕਰ ਲੈਣਾ ਚਾਹੀਦਾ ਹੈ ਕਿ ਮੌਜੂਦਾ ਹਿੰਦੁਸਤਾਨੀ ਸਟੇਟ ਨੂੰ ਹਕੀਕਤ ਵਿਚ ਹਿੰਦੂ ਰਾਸ਼ਟਰ ਬਣਾਇਆ ਜਾ ਰਿਹਾ ਹੈ, ਤੇ ਇਹ ਹੁਣ ਉਹ ਧਰਮ-ਨਿਰਪੱਖ ਅਤੇ ਬਹੁ-ਸਭਿਆਚਾਰ ਵਾਲਾ ਹਿੰਦੁਸਤਾਨ ਨਹੀਂ ਹੋਵੇਗਾ ਜਿਸ ਨੂੰ ਮੈਂ ਮੁਹੱਬਤ ਕਰਦਾ ਸੀ ਅਤੇ ਜਿਸ ਵਿਚ ਮੈਂ ਜੰਮਿਆ-ਪਲਿਆ ਸੀ।

# ਇੱਕੋ ਪਾਰਟੀ ਦੇ ਪੈਂਤੜਿਆਂ ਤੋਂ ਘਬਰਾਈ ਪੰਜਾਬ ਦੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਿਉਂ ਜਿਉਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਅਗੇਤੇ ਹੋਣ ਦੇ ਕਿਆਸ ਤੇਜ਼ ਹੁੰਦੇ ਜਾਂਦੇ ਹਨ, ਪੰਜਾਬ ਦੀ ਰਾਜਨੀਤੀ ਪੈਰੋ-ਪੈਰ ਆਪਣੇ ਰੰਗ ਏਦਾਂ ਬਦਲ ਰਹੀ ਹੈ, ਜਿਵੇਂ ਪ੍ਰਮੁੱਖ ਪਾਰਟੀਆਂ ਦੀ ਲੀਡਰਸ਼ਿਪ ਇੱਕੋ ਪਾਰਟੀ ਦੀ ਰਾਜਨੀਤੀ ਦੇ ਪੈਂਤੜਿਆਂ ਵੱਲ ਵੇਖ ਕੇ ਅਗਲੇ ਕਦਮਾਂ ਦਾ ਫੈਸਲਾ ਕਰਨ ਲੱਗੀ ਹੋਵੇ। ਇਸ ਹਫਤੇ ਵਿਚ ਦੋ-ਤਿੰਨ ਬੜੀਆਂ ਅਹਿਮ ਘਟਨਾਵਾਂ ਇਸ ਦੀ ਝਲਕ ਪੇਸ਼ ਕਰਨ ਵਾਲੀਆਂ ਵਾਪਰ ਗਈਆਂ ਹਨ।

ਪਹਿਲੀ ਗੱਲ ਇਹ ਕਿ ਇਸ ਵੇਲੇ ਸੁਪਰੀਮ ਕੋਰਟ ਵਿਚ ਇੱਕ ਮੁਕੱਦਮਾ ਪੰਜਾਬ ਅਤੇ ਹਰਿਆਣੇ ਵਿਚ ਪਾਣੀ ਦੇ ਝਗੜੇ ਤੋਂ ਸ਼ੁਰੂ ਹੋਣ ਪਿੱਛੋਂ ਇੱਕ ਵੱਖਰੇ ਮੋੜ ਉਤੇ ਆ ਪਹੁੰਚਿਆ ਹੈ, ਜਿਸ ਵਿਚ ਸਿਰਫ ਪਾਣੀ ਦੇ ਮੁੱਦੇ ਦੀ ਗੱਲ ਨਹੀਂ ਰਹਿ ਗਈ, ਕਈ ਹੋਰ ਪੱਖਾਂ ਬਾਰੇ ਵੀ ਵਿਚਾਰ ਹੋਣੀ ਹੈ। ਮਾਮਲਾ ਪਹਿਲਾਂ ਪਾਣੀ ਤੀਕ ਸੀਮਤ ਸੀ, ਪਰ ਜਦੋਂ ਸੁਪਰੀਮ ਕੋਰਟ ਨੇ ਇਹ ਹੁਕਮ ਕਰ ਦਿੱਤਾ ਕਿ ਹਰਿਆਣੇ ਨਾਲ ਹੋਏ ਸਮਝੌਤੇ ਮੁਤਾਬਕ ਪਾਣੀ ਦੇਣ ਵਾਸਤੇ ਜਿਹੜੀ ਨਹਿਰ ਬਣਨੀ ਤੈਅ ਕੀਤੀ ਸੀ, ਉਹ ਬਣਾਉਣੀ ਪਵੇਗੀ ਤਾਂ ਪੰਜਾਬ ਨੇ ਸਮਝੌਤੇ ਤੋੜਨ ਵਾਲਾ ਬਿੱਲ ਪਾਸ ਕਰ ਦਿੱਤਾ। ਪੰਜਾਬ ਦੇ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਕਿ ਕਿਸੇ ਇਕੱਲੇ ਰਾਜ ਨੂੰ ਦੁਵੱਲੇ ਸਮਝੌਤੇ ਤੋੜਨ ਦਾ ਹੱਕ ਹੈ ਜਾਂ ਨਹੀਂ ਤੇ ਇਸ ਬਾਰੇ ਸੁਪਰੀਮ ਕੋਰਟ ਹੁਣ ਵਿਚਾਰ ਕਰ ਰਹੀ ਹੈ। ਚਾਰ ਗਵਾਂਢੀ ਰਾਜਾਂ ਦੀਆਂ ਸਰਕਾਰਾਂ ਦਾ ਇੱਕੋ ਸਟੈਂਡ ਸਾਹਮਣੇ ਆਇਆ ਕਿ ਇੱਕ-ਤਰਫਾ ਤੌਰ ਉਤੇ ਸਮਝੌਤੇ ਤੋੜਨ ਦਾ ਪੰਜਾਬ ਨੂੰ ਹੱਕ ਨਹੀਂ। ਇਨ੍ਹਾਂ ਚਾਰ ਰਾਜਾਂ ਵਿਚ ਦੋ ਗਵਾਂਢੀ ਰਾਜ, ਭਾਜਪਾ ਸਰਕਾਰਾਂ ਵਾਲੇ ਹਰਿਆਣਾ ਤੇ ਰਾਜਸਥਾਨ ਅਤੇ ਤੀਸਰਾ ਕਾਂਗਰਸੀ ਸਰਕਾਰ ਵਾਲਾ ਹਿਮਾਚਲ ਪ੍ਰਦੇਸ਼ ਹੈ। ਚੌਥਾ ਦਿੱਲੀ ਦਾ ਰਾਜ ਹੈ, ਜਿੱਥੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਹੈ। ਪੰਜਾਬ ਦੀ ਅਕਾਲੀ ਤੇ ਗੈਰ-ਅਕਾਲੀ-ਸਾਰੀ ਲੀਡਰਸ਼ਿਪ, ਜਿਸ ਵਿਚ ਕਾਂਗਰਸ ਤੇ ਭਾਜਪਾ ਵਾਲੇ ਸ਼ਾਮਲ ਹਨ, ਇਹੋ ਦੁਹਾਈ ਦੇਣ ਲੱਗੀ ਕਿ ਕੇਜਰੀਵਾਲ ਨੇ ਪੰਜਾਬ ਦੀ ਪਿੱਠ ਵਿਚ ਛੁਰਾ ਮਾਰ ਦਿੱਤਾ ਹੈ। ਉਨ੍ਹਾਂ ਸਭ ਨੇ ਗਵਾਂਢ ਦੇ ਬਾਕੀ ਇਨ੍ਹਾਂ ਤਿੰਨਾਂ ਰਾਜਾਂ ਦੇ ਮੁੱਖ ਮੰਤਰੀਆਂ-ਦੋ ਭਾਜਪਾ ਤੇ ਇੱਕ ਕਾਂਗਰਸੀ ਮੁੱਖ ਮੰਤਰੀ ਨੂੰ ਏਦਾਂ ਦਾ ਮਿਹਣਾ ਨਹੀਂ ਦਿੱਤਾ। ਹੁਣ ਜਦੋਂ ਦਿੱਲੀ ਦੀ ਸਰਕਾਰ ਨੇ ਉਹ ਵਕੀਲ ਬਦਲ ਦਿੱਤਾ ਹੈ, ਜਿਸ ਨੇ ਮੁੱਖ ਮੰਤਰੀ ਨੂੰ ਪੁੱਛੇ ਬਿਨਾਂ ਅਦਾਲਤ ਵਿਚ ਸਟੈਂਡ ਲਿਆ ਸੀ, ਤੇ ਵਕੀਲ ਵੀ ਕਾਂਗਰਸ ਦੀ ਸ਼ੀਲਾ ਦੀਕਸ਼ਤ ਸਰਕਾਰ ਵੇਲੇ ਨਿਯੁਕਤ ਹੋਇਆ ਸੀ, ਕੀ ਪੰਜਾਬ ਦੇ ਇਹ ਸਾਰੇ ਲੀਡਰ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਦੀਆਂ ਸਰਕਾਰਾਂ ਨੂੰ ਵੀ ਏਦਾਂ ਕਰਨ ਨੂੰ ਕਹਿਣਗੇ?

ਉਹ ਕਹਿਣ ਜਾਂ ਨਾ ਕਹਿਣ, ਇਸ ਇੱਕੋ ਪੈਂਤੜੇ ਨਾਲ, ਜਿਹੜੇ ਪੈਂਤੜੇ ਉਤੇ ਕਾਂਗਰਸੀ ਤੇ ਅਕਾਲੀ-ਦੋਵੇਂ ਹੀ ਸਿਰਫ ਆਮ ਆਦਮੀ ਪਾਰਟੀ ਉਤੇ ਚਾਂਦਮਾਰੀ ਕਰਦੇ ਦਿਖਾਈ ਦਿੱਤੇ ਹਨ, ਇਹ ਗੱਲ ਸਾਫ ਹੈ ਕਿ ਦੋਵਾਂ ਵੱਲੋਂ ਇੱਕ ਸਾਂਝਾ ਦੁਸ਼ਮਣ ਹੁਣ ਆਮ ਆਦਮੀ ਪਾਰਟੀ ਮੰਨੀ ਜਾ ਰਹੀ ਹੈ, ਜਿਸ ਨੂੰ ਰੋਕਣਾ ਮੁਸ਼ਕਲ ਜਾਪਦਾ ਹੈ। ਸੁਪਰੀਮ ਕੋਰਟ ਦੇ ਇਸ ਕੇਸ ਦੇ ਇਲਾਵਾ ਵੀ ਕਈ ਗੱਲਾਂ ਇਸ ਤਰ੍ਹਾਂ ਦਾ ਪ੍ਰਭਾਵ ਦੇਣ ਵਾਲੀਆਂ ਹਨ।




ਇੱਕ ਮੁੱਦਾ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਾਹਰ ਬਣਾਏ ਗਏ ਇੱਕ ਪਿਆਊ ਨਾਲ ਸਬੰਧਤ ਸੀ, ਜਿੱਥੋਂ ਰਾਹ ਜਾਂਦੇ ਲੋਕਾਂ ਨੂੰ ਪਾਣੀ ਪਿਆਇਆ ਜਾਂਦਾ ਸੀ। ਅਦਾਲਤੀ ਹੁਕਮ ਉਤੇ ਉਹ ਢਾਹ ਦਿੱਤਾ ਗਿਆ। ਢਾਹੁਣ ਦੀ ਕਾਰਵਾਈ ਭਾਜਪਾ ਦੇ ਕਬਜ਼ੇ ਵਾਲੀ ਉਤਰੀ ਦਿੱਲੀ ਨਗਰ ਨਿਗਮ ਦੀ ਟੀਮ ਨੇ ਕੀਤੀ ਹੈ। ਉਸ ਇਲਾਕੇ ਵਿਚੋਂ ਵਿਧਾਇਕ ਆਮ ਆਦਮੀ ਪਾਰਟੀ ਦੀ ਅਲਕਾ ਲਾਂਬਾ ਹੈ। ਇਹ ਉਹੋ ਅਲਕਾ ਹੈ, ਜਿਸ ਬਾਰੇ ਇੱਕ ਦਿਨ ਦਿੱਲੀ ਅਸੈਂਬਲੀ ਵਿਚ ਇੱਕ ਭਾਜਪਾ ਵਿਧਾਇਕ ਨੇ ਬੜੀ ਗੰਵਾਰੂ ਟਿੱਪਣੀ ਕਰ ਦਿੱਤੀ ਸੀ ਤੇ ਫਿਰ ਉਸ ਦੇ ਖਿਲਾਫ ਕਾਰਵਾਈ ਹੋਈ ਸੀ। ਬਾਦਲ ਅਕਾਲੀ ਦਲ ਦੇ ਕਬਜ਼ੇ ਵਾਲੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਦੁਹਾਈ ਚੁੱਕ ਦਿੱਤੀ ਕਿ ਸਿੱਖਾਂ ਦੇ ਧਰਮ ਅਸਥਾਨ ਅੱਗੇ ਬਣੇ ਪਿਆਊ ਨੂੰ ਢਾਹੁਣ ਦੀ ਇਹ ਕਾਰਵਾਈ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੁੰਦਿਆਂ ਤੇ ਉਸ ਪਾਰਟੀ ਦੀ ਵਿਧਾਇਕਾ ਅਲਕਾ ਲਾਂਬਾ ਦੀ ਸਹਿਮਤੀ ਨਾਲ ਹੋਈ ਹੈ।

ਪਿਆਊ ਢਾਹੁਣ ਦੀ ਕਾਰਵਾਈ ਅਦਾਲਤੀ ਹੁਕਮ ਉਤੇ ਹੋਈ, ਪਿਆਊ ਤੋੜਨ ਵਾਲੀ ਮਸ਼ੀਨਰੀ ਤੇ ਮੁਲਾਜ਼ਮ ਭਾਜਪਾ ਦੇ ਕਬਜ਼ੇ ਵਾਲੀ ਮਿਉਂਸਪਲ ਕਾਰਪੋਰੇਸ਼ਨ ਨੇ ਭੇਜੇ ਤੇ ਭਾਂਡਾ ਵਿਧਾਇਕ ਦੇ ਸਿਰ ਭੰਨ ਦਿੱਤਾ ਗਿਆ, ਜਿਸ ਦਾ ਇਸ ਨਾਲ ਵਾਸਤਾ ਹੀ ਨਹੀਂ। ਇਹ ਗੱਲ ਦੱਸਦੀ ਹੈ ਕਿ ਮੁੱਖ ਦੁਸ਼ਮਣ ਆਮ ਆਦਮੀ ਪਾਰਟੀ ਮੰਨੀ ਜਾ ਰਹੀ ਹੈ। ਪੰਜਾਬ ਦੇ ਕੁਝ ਸਾਧ-ਸੰਤ ਇਸ ਮਾਮਲੇ ਵਿਚ ਬਾਦਲ ਅਕਾਲੀ ਦਲ ਦੀ ਬੀ-ਟੀਮ ਵਰਗੇ ਬਿਆਨ ਦਾਗ ਕੇ 'ਆਪ' ਨੂੰ ਚੁਣੌਤੀਆਂ ਦੇਣ ਲੱਗ ਪਏ ਹਨ। ਇਹ ਵੀ ਘਬਰਾਹਟ ਤੋਂ ਨਿਕਲਿਆ ਸਿਆਸੀ ਪੈਂਤੜਾ ਹੈ। ਥੋੜ੍ਹਾ ਸਮਝ ਕੇ ਚੱਲੇ ਹੁੰਦੇ ਤਾਂ ਅਕਾਲੀ ਆਗੂਆਂ ਬਾਰੇ ਇਹ ਪ੍ਰਭਾਵ ਨਾ ਪੈਂਦਾ ਕਿ ਉਹ ਇੱਕੋ ਪਾਰਟੀ ਦਾ ਰਾਹ ਰੋਕਣ ਉਤੇ ਉਤਾਰੂ ਹਨ।

ਹੁਣ ਆਈਏ ਇਸ ਹਫਤੇ ਦੀ ਇਸ ਖਾਸ ਖਬਰ ਵੱਲ ਕਿ ਭਾਜਪਾ ਨੇ ਪੰਜਾਬ ਦੀ ਪ੍ਰਧਾਨਗੀ ਦੀ ਚੋਣ ਦਾ ਨਾਟਕ ਕਰਨਾ ਛੱਡ ਕੇ ਸਿੱਧਾ ਕੇਂਦਰ ਤੋਂ ਰਾਜ ਮੰਤਰੀ ਵਿਜੇ ਸਾਂਪਲਾ ਨੂੰ ਇਹ ਪਦਵੀ ਦੇ ਦਿੱਤੀ ਹੈ। ਪੰਜਾਬ ਵਿਚੋਂ ਭਾਜਪਾ ਦੇ ਦੋ ਉਮੀਦਵਾਰ ਲੋਕ ਸਭਾ ਚੋਣ ਜਿੱਤੇ ਸਨ। ਵਿਜੇ ਸਾਂਪਲਾ ਨਾਲ ਜਿੱਤਣ ਵਾਲਾ ਦੂਸਰਾ ਉਮੀਦਵਾਰ ਵਿਨੋਦ ਖੰਨਾ ਸੀ, ਜਿਹੜਾ ਪਹਿਲਾਂ ਕੇਂਦਰੀ ਮੰਤਰੀ ਰਹਿ ਚੁੱਕਾ ਹੈ। ਉਸ ਨੂੰ ਅਤੇ ਰਾਜ ਸਭਾ ਵਿਚ ਬੈਠੇ ਸੀਨੀਅਰ ਲੀਡਰ ਅਵਿਨਾਸ਼ ਖੰਨਾ ਨੂੰ ਛੱਡ ਕੇ ਵਿਜੇ ਸਾਂਪਲਾ ਨੂੰ ਇਸ ਲਈ ਕੇਂਦਰੀ ਰਾਜ ਮੰਤਰੀ ਬਣਾਇਆ ਸੀ ਕਿ ਹੁਸ਼ਿਆਰਪੁਰ ਦੀ ਜਿਸ ਸੀਟ ਤੋਂ ਉਹ ਚੁਣਿਆ ਗਿਆ ਸੀ, ਉਹ ਅਨੁਸੂਚਿਤ ਜਾਤੀ ਲਈ ਰਿਜ਼ਰਵ ਹੈ। ਜਿਹੜੀ ਗੱਲ ਅੱਜ ਪ੍ਰਧਾਨ ਦਾ ਅਹੁਦਾ ਵਿਜੇ ਸਾਂਪਲਾ ਨੂੰ ਸੌਂਪਣ ਨਾਲ ਹੋਈ ਹੈ, ਅਸੀਂ ਉਹ ਪਾਰਲੀਮੈਂਟ ਚੋਣਾਂ ਵੇਲੇ ਹੀ ਲਿਖ ਦਿੱਤੀ ਸੀ ਕਿ ਪੰਜਾਬ ਦੀ ਰਾਜਨੀਤੀ ਵਿਚ ਹੁਣ ਦਲਿਤ ਵੋਟ ਦੀ ਅਹਿਮੀਅਤ ਕਈ ਗੱਲਾਂ ਕਾਰਨ ਪਹਿਲਾਂ ਤੋਂ ਬਹੁਤ ਵਧ ਜਾਣੀ ਹੈ।

ਦਲਿਤ ਰਾਜਨੀਤੀ ਦੀ ਅਹਿਮੀਅਤ ਵਧਾਉਣ ਵਾਲੀਆਂ ਉਨ੍ਹਾਂ ਗੱਲਾਂ ਵਿਚ ਸਭ ਤੋਂ ਵੱਡੀ ਗੱਲ ਰਿਜ਼ਰਵ ਸੀਟਾਂ ਤੋਂ ਆਮ ਆਦਮੀ ਪਾਰਟੀ ਦੀ ਅਗੇਤ ਹੋਣਾ ਸੀ। ਇਸ ਦਾ ਪਹਿਲਾ ਲੇਖਾ ਤਾਂ ਇਹ ਸੀ ਕਿ ਪਾਰਲੀਮੈਂਟ ਲਈ ਪੰਜਾਬ ਦੀਆਂ ਤੇਰਾਂ ਸੀਟਾਂ ਵਿਚੋਂ ਚਾਰ ਰਿਜ਼ਰਵ ਹਨ, ਇਨ੍ਹਾਂ ਚਹੁੰ ਸੀਟਾਂ ਵਿਚੋਂ ਇੱਕ ਕਾਂਗਰਸ ਲੈ ਗਈ ਤੇ ਇੱਕ ਭਾਜਪਾ ਦੇ ਹਿੱਸੇ ਆਈ, ਬਾਕੀ ਦੋਵੇਂ ਸੀਟਾਂ ਆਮ ਆਦਮੀ ਪਾਰਟੀ ਲੈ ਗਈ ਸੀ ਅਤੇ ਅਕਾਲੀਆਂ ਦੇ ਹਿੱਸੇ ਦਾ ਨੌਂਗਾ ਨਹੀਂ ਸੀ ਨਿਕਲਿਆ। ਦੂਸਰੀ ਗੱਲ ਇਸ ਤੋਂ ਵੱਧ ਖਾਸ ਸੀ। ਪੰਜਾਬ ਵਿਚੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਮਸਾਂ ਦਸ ਕੁ ਰਿਜ਼ਰਵ ਸੀਟਾਂ ਜਿੱਤਣ ਜੋਗੀ ਹੋਈ ਤੇ ਦੋ ਦਰਜਨ ਸੀਟਾਂ ਅਕਾਲੀ-ਭਾਜਪਾ ਗੱਠਜੋੜ ਜਿੱਤਣ ਵਿਚ ਕਾਮਯਾਬ ਰਿਹਾ, ਪਰ ਪੌਣੇ ਦੋ ਦਰਜਨ ਸੀਟਾਂ ਇਕੱਲੇ ਅਕਾਲੀ ਦਲ ਕੋਲ ਜਾ ਕੇ ਭਾਜਪਾ ਕੋਲ ਤਿੰਨ ਕੁ ਸਨ। ਜਿਨ੍ਹਾਂ ਅਕਾਲੀਆਂ ਨੇ ਵਿਧਾਨ ਸਭਾ ਚੋਣਾਂ ਵੇਲੇ ਪੌਣੇ ਦੋ ਦਰਜਨ ਰਿਜ਼ਰਵ ਵਿਧਾਨ ਸਭਾ ਸੀਟਾਂ ਜਿੱਤੀਆਂ ਸਨ, ਤਿੰਨ ਪਾਰਲੀਮੈਂਟ ਸੀਟਾਂ ਲਈ ਬੰਦੇ ਖੜੇ ਕਰ ਕੇ ਉਹ ਇੱਕ ਵੀ ਪਾਰਲੀਮੈਂਟ ਸੀਟ ਨਾ ਜਿੱਤ ਸਕੇ। ਕਾਂਗਰਸ ਨੇ ਵਿਧਾਨ ਸਭਾ ਚੋਣਾਂ ਮੌਕੇ ਮਸਾਂ ਦਸ ਰਿਜ਼ਰਵ ਸੀਟਾਂ ਜਿੱਤੀਆਂ ਸਨ, ਪਾਰਲੀਮੈਂਟ ਚੋਣਾਂ ਵਿਚ ਉਹ ਦਸਾਂ ਦੀ ਥਾਂ ਬਾਰਾਂ ਵਿਧਾਨ ਸਭਾ ਹਲਕਿਆਂ ਵਿਚ ਅਗੇਤ ਲੈ ਗਈ। ਅੱਧੀ ਦਰਜਨ ਤੋਂ ਘੱਟ ਸੀਟਾਂ ਉਤੇ ਅੱਗੇ ਰਹਿਣ ਵਾਲੇ ਅਕਾਲੀਆਂ ਦੇ ਮੁਕਾਬਲੇ ਇਹ ਕਾਂਗਰਸ ਦੀ ਮਾਮੂਲੀ ਅਗੇਤ ਮੰਨੀ ਜਾ ਸਕਦੀ ਸੀ, ਉਨ੍ਹਾਂ ਨੂੰ ਵੱਡੀ ਠੋਕਰ ਇਹ ਲੱਗੀ ਸੀ ਕਿ ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਪੰਜਾਬ ਵਿਚ ਕੋਈ ਚੋਣ ਲੜੀ ਅਤੇ ਚੌਦਾਂ ਵਿਧਾਨ ਸਭਾ ਹਲਕਿਆਂ ਵਿਚ ਅੱਗੇ ਰਹਿਣ ਦੇ ਨਾਲ ਕੁਝ ਹਲਕਿਆਂ ਵਿਚ ਦੂਸਰੀ ਥਾਂ ਲੈਣ ਵਾਸਤੇ ਇੱਕ ਜਾਂ ਦੂਸਰੀ ਪਾਰਟੀ ਨੂੰ ਮੋਢਾ ਮਾਰ ਕੇ ਪਾਸੇ ਕਰ ਛੱਡਿਆ ਸੀ।

ਜਦੋਂ ਕਾਂਗਰਸ ਪਾਰਟੀ ਵਿਚ ਪੰਜਾਬ ਦੀ ਪ੍ਰਧਾਨਗੀ ਦੀ ਜੰਗ ਜ਼ਿਆਦਾ ਭਖ ਪਈ ਤੇ ਪ੍ਰਤਾਪ ਸਿੰਘ ਬਾਜਵਾ ਨੂੰ ਪਾਸੇ ਕਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ, ਉਦੋਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਵੀ ਬਦਲਿਆ ਗਿਆ। ਸਭ ਨੂੰ ਹੈਰਾਨੀ ਹੋਈ ਕਿ ਵਿਧਾਨ ਸਭਾ ਵਿਚ ਬਹੁਤ ਸਾਰੇ ਸੀਨੀਅਰ ਆਗੂ ਬੈਠੇ ਹੋਏ ਸਨ, ਪਰ ਵਿਰੋਧੀ ਧਿਰ ਦਾ ਆਗੂ ਚਰਨਜੀਤ ਸਿੰਘ ਚੰਨੀ ਬਣਾ ਦਿੱਤਾ ਗਿਆ, ਤੇ ਇਸ ਲਈ ਬਣਾਇਆ ਕਿ ਜਿਹੜੀ ਸੀਟ ਤੋਂ ਉਹ ਚੁਣਿਆ ਗਿਆ ਸੀ, ਉਹ ਅਨੁਸੂਚਿਤ ਜਾਤੀ ਦੀ ਰਿਜ਼ਰਵ ਸੀ। ਬੂਟਾ ਸਿੰਘ ਤੋਂ ਪਿੱਛੋਂ ਦਲਿਤ ਆਗੂ ਕਹਾਉਣ ਵਾਲਾ ਕੋਈ ਚਿਹਰਾ ਹੁਣ ਕਾਂਗਰਸ ਪਾਰਟੀ ਕੋਲ ਉਭਰਵਾਂ ਹੈ ਨਹੀਂ ਤੇ ਚੰਨੀ ਦੇ ਬਹਾਨੇ ਹਾਈ ਕਮਾਂਡ ਨੇ ਇਸ ਪੱਖ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਹੈ। ਕਾਂਗਰਸ ਕੋਲ ਮਹਿੰਦਰ ਸਿੰਘ ਕੇ ਪੀ ਅਤੇ ਚੌਧਰੀ ਸੰਤੋਖ ਸਿੰਘ ਹਨ, ਡਾਕਟਰ ਰਾਜ ਕੁਮਾਰ ਵੀ ਹੈ, ਸ਼ਮਸ਼ੇਰ ਸਿੰਘ ਦੂਲੋ ਵੀ, ਪਰ ਗੁੱਟਬੰਦੀ ਕੋਈ ਦਾਲ ਹੀ ਨਹੀਂ ਗਲਣ ਦਿੰਦੀ।

ਪਿਛਲੇ ਦਿਨੀਂ ਜਦੋਂ ਅਰਵਿੰਦ ਕੇਜਰੀਵਾਲ ਨੇ ਅਚਾਨਕ ਇੱਕ ਦਿਨ ਬਾਬੂ ਕਾਂਸ਼ੀ ਰਾਮ ਦੇ ਪਿੰਡ ਆਉਣ ਲਈ ਪ੍ਰੋਗਰਾਮ ਬਣਾ ਲਿਆ ਤੇ ਉਥੇ ਆ ਕੇ ਕਾਂਸ਼ੀ ਰਾਮ ਦੇ ਲਈ ਭਾਰਤ-ਰਤਨ ਦੇ ਖਿਤਾਬ ਦੀ ਮੰਗ ਉਛਾਲ ਦਿੱਤੀ ਤਾਂ ਉਸ ਨੇ ਇਨ੍ਹਾਂ ਪਾਰਟੀਆਂ ਦੀ ਦਲਿਤ ਵੋਟ ਬਾਰੇ ਚਿੰਤਾ ਹੋਰ ਵਧਾ ਦਿੱਤੀ। ਇਸੇ ਚਿੰਤਾ ਵਿਚ ਬੀਤੇ ਹਫਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਗਤ ਰਵੀਦਾਸ ਜੀ ਦੀ ਯਾਦ ਵਿਚ ਖੁਰਾਲਗੜ੍ਹ ਵਿਚ 'ਬੇਗਮਪੁਰਾ ਮੀਨਾਰ' ਤੇ ਹੋਰ ਪ੍ਰਾਜੈਕਟਾਂ ਦਾ ਨੀਂਹ-ਪੱਥਰ ਜਾ ਰੱਖਿਆ ਤੇ ਉਨ੍ਹਾਂ ਲਈ ਕੁਝ ਸਹੂਲਤਾਂ ਦੇਣ ਦੇ ਐਲਾਨ ਵੀ ਬਹੁਤ ਕਾਹਲੀ ਵਿਚ ਕਰ ਦਿੱਤੇ। ਉਹ ਤਾਂ ਡੇਰਾ ਸੱਚਖੰਡ ਬੱਲਾਂ ਤੱਕ ਵੀ ਪਹੁੰਚ ਕਰਦੇ ਰਹੇ ਕਿ ਉਸ ਡੇਰੇ ਦੇ ਸੰਤ ਜੀ ਇਸ ਪ੍ਰਾਜੈਕਟ ਦੇ ਨੀਂਹ-ਪੱਥਰ ਮੌਕੇ ਦਰਸ਼ਨ ਦੇਣ ਲਈ ਆ ਜਾਣ, ਪਰ ਉਸ ਡੇਰੇ ਤੱਕ ਕੀਤੀ ਪਹੁੰਚ ਦਾ ਖਾਸ ਨਤੀਜਾ ਨਹੀਂ ਸੀ ਨਿਕਲ ਸਕਿਆ। ਇਹ ਕੋਸ਼ਿਸ਼ ਹਾਲੇ ਵੀ ਚੱਲ ਰਹੀ ਸੁਣੀਂਦੀ ਹੈ ਤੇ ਚੱਲਦੀ ਵੀ ਰਹੇਗੀ।

ਹੁਣ ਜਦੋਂ ਭਾਜਪਾ ਲੀਡਰਸ਼ਿਪ ਨੇ ਕਈ ਦਾਅਵੇਦਾਰਾਂ ਨੂੰ ਪਾਸੇ ਕਰ ਕੇ ਪੰਜਾਬ ਦੀ ਪ੍ਰਧਾਨਗੀ ਵਿਜੇ ਸਾਂਪਲਾ ਨੂੰ ਸੌਂਪ ਦਿੱਤੀ ਹੈ ਤਾਂ ਇਸ ਵਿਚ ਸਿਰਫ ਉਸ ਦੀ ਯੋਗਤਾ ਹੀ ਇੱਕੋ ਇੱਕ ਕਾਰਨ ਨਹੀਂ। ਵਿਜੇ ਸਾਂਪਲਾ ਰਾਜਨੀਤੀ ਦੇ ਪੈਂਤੜਿਆਂ ਪੱਖੋਂ ਬਿਨਾਂ ਸ਼ੱਕ ਬੜਾ ਸੁਲਝਿਆ ਹੋਇਆ ਆਗੂ ਹੈ ਅਤੇ ਇਸ ਅਹੁਦੇ ਲਈ ਇਹ ਚੋਣ ਮਾੜੀ ਨਹੀਂ, ਪਰ ਚੋਣ ਵਿਚ ਉਸ ਦੀ ਯੋਗਤਾ ਨਾਲੋਂ ਵੱਧ ਅਹਿਮੀਅਤ ਹੋਰ ਗੱਲ ਦੀ ਹੈ। ਭਾਜਪਾ ਨੂੰ ਦਲਿਤ ਵੋਟਾਂ ਦੀ ਚਿੰਤਾ ਹੈ। ਇਹ ਚਿੰਤਾ ਪਹਿਲਾਂ ਏਨੀ ਜ਼ਿਆਦਾ ਕਦੀ ਨਹੀਂ ਸੀ ਰਹੀ, ਪਿਛਲੀਆਂ ਪਾਰਲੀਮੈਂਟ ਚੋਣਾਂ ਵਿਚ ਨਵੀਂ ਉਠੀ ਪਾਰਟੀ ਵੱਲੋਂ ਰਿਜ਼ਰਵ ਸੀਟਾਂ ਉਤੇ ਵੱਡੀਆਂ ਜਿੱਤਾਂ ਤੋਂ ਇਹ ਚਿੰਤਾ ਉਭਰੀ ਤੇ ਬਾਬੂ ਕਾਂਸ਼ੀ ਰਾਮ ਦੇ ਪਿੰਡ ਕੇਜਰੀਵਾਲ ਦੀ ਫੇਰੀ ਨੇ ਹੋਰ ਵਧਾ ਦਿੱਤੀ ਹੈ। ਇਸੇ ਲਈ ਬਹੁਤ ਵੱਡੀ ਆਸ ਲਾਈ ਬੈਠੇ ਨਵਜੋਤ ਸਿੱਧੂ ਤੇ ਪਾਰਟੀ ਦੇ ਕੌਮੀ ਪ੍ਰਧਾਨ ਦੀ ਚੋਣ ਲਈ ਰਿਟਰਨਿੰਗ ਅਫਸਰ ਬਣ ਚੁੱਕੇ ਅਵਿਨਾਸ਼ ਖੰਨਾ ਨੂੰ ਵੀ ਭਾਜਪਾ ਨੂੰ ਪਾਸੇ ਕਰਨਾ ਪੈ ਗਿਆ ਹੈ।

ਮੁੱਦਾ ਪੰਜਾਬ ਦੇ ਪਾਣੀਆਂ ਦਾ ਹੋਵੇ, ਦਿੱਲੀ ਦੇ ਇੱਕ ਧਰਮ ਅਸਥਾਨ ਦੇ ਬਾਹਰ ਪਿਆਊ ਢਾਹੇ ਜਾਣ ਦਾ ਜਾਂ ਫਿਰ ਖੁਰਾਲਗੜ੍ਹ ਪਿੰਡ ਵਾਲੇ ਪੰਜਾਬ ਸਰਕਾਰ ਦੇ ਪ੍ਰਾਜੈਕਟ ਦਾ, ਇਨ੍ਹਾਂ ਸਾਰੇ ਕਦਮਾਂ ਤੋਂ ਇੱਕ ਪਾਰਟੀ ਤੇ ਬੱਸ ਇੱਕੋ ਪਾਰਟੀ, ਦੇ ਵਿਰੋਧ ਦੇ ਪੈਂਤੜੇ ਮੱਲੇ ਜਾਂਦੇ ਨਜ਼ਰ ਆਉਂਦੇ ਹਨ। ਕਾਂਗਰਸ ਪਾਰਟੀ ਹੋਵੇ ਜਾਂ ਅਕਾਲੀ ਦਲ ਤੇ ਭਾਜਪਾ ਦੀ ਲੀਡਰਸ਼ਿਪ ਦਾ ਵਿਹਾਰ, ਉਨ੍ਹਾਂ ਦਾ ਹਰ ਕਦਮ ਇਸ ਵਿਚੋਂ ਇੱਕ ਘਬਰਾਹਟ ਜਿਹੀ ਦੀ ਝਲਕ ਦੇ ਰਿਹਾ ਹੈ।

# ਬੀ.ਐਡ. ਵਿਚ ਦਾਖਲੇ ਦੀ ਸਾਖੀ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਮੇਰੇ ਦੋ ਬੇਟੇ ਹਨ, ਪੜ੍ਹ ਲਿਖ ਕੇ ਦੋਵੇਂ ਬਾਹਰਲੇ ਦੇਸਾਂ ਵਿਚ ਜਾ ਕੇ ਨੌਕਰੀਆਂ ਕਰਨ ਲਗੇ। ਕਦੀ ਉਹ ਮਿਲ ਜਾਂਦੇ ਕਦੀ ਅਸੀਂ ਮਿਲ ਆਉਂਦੇ। ਦੋਵੇਂ ਅਕਸਰ ਕਿਹਾ ਕਰਦੇ, ਪਾਪਾ ਇਕ ਦਿਨ ਤੁਹਾਨੂੰ ਸਾਡੇ ਕੋਲ ਆਉਣਾ ਪੈਣਾ ਹੈ। ਇਥੇ ਆ ਕੇ ਹੋ ਸਕਦੈ ਕੰਮ ਕਰਨ ਬਗੈਰ ਤੁਹਾਡਾ ਦਿਲ ਨਾ ਲੱਗੇ। ਤੁਹਾਡੀ ਕਮਾਈ ਨਾਲ ਹੀ ਗੁਜ਼ਾਰਾ ਚਲੇਗਾ, ਗੱਲ ਇਹ ਨਹੀਂ, ਵਿਹਲੇ ਬੈਠੇ ਬੰਦੇ ਦਾ ਦਿਨ ਨਹੀਂ ਲੰਘਦਾ। ਅਧਿਆਪਨ ਤੋਂ ਬਗੈਰ ਹੋਰ ਕੋਈ ਕੰਮ ਤੁਸੀਂ ਕੀਤਾ ਨਹੀਂ। ਇਥੇ ਯੂਨੀਵਰਸਿਟੀ ਵਿਚ ਤਾਂ ਨੌਕਰੀ ਮਿਲਣੀ ਔਖੀ ਹੈ, ਸਕੂਲ ਵਿਚ ਮਿਲ ਜਾਏਗੀ। ਇਥੇ ਖਾਲਸਾ ਸਕੂਲ ਬੜੇ ਹਨ। ਹਰੇਕ ਗੁਰਦੁਆਰੇ ਨਾਲ ਸਕੂਲ ਅਟੈਚ ਹੈ। ਇਨ੍ਹਾਂ ਸਕੂਲਾਂ ਦੇ ਪ੍ਰਬੰਧਕ ਤੁਹਾਨੂੰ ਜਾਣਦੇ ਹਨ। ਪ੍ਰਿੰਸੀਪਲ ਲਾ ਦੇਣਗੇ। ਚਾਹੇ ਮਾਸਟਰ ਲੱਗਣਾ ਹੋਵੇ ਚਾਹੇ ਪ੍ਰਿੰਸੀਪਲ, ਨੌਕਰੀ ਦੀ ਸ਼ਰਤ ਬੀ.ਐਡ. ਹੋਣੀ ਜਰੂਰੀ ਹੈ। ਤੁਸੀਂ ਬੀ.ਐਡ ਕਰ ਲਉ।

ਕੁਝ ਸਮਾਂ ਸੋਚਦਿਆਂ ਲੰਘਾ ਦਿੱਤਾ। ਫਿਰ ਸੋਚਿਆ ਡਿਸਟੈਂਸ ਐਜੂਕੇਸ਼ਨ ਮੇਰੀ ਪੰਜਾਬੀ ਯੂਨੀਵਰਸਿਟੀ ਵਿਚ ਹੈ ਹੀ, ਕੀ ਮੁਸ਼ਕਲ ਹੈ, ਕਰ ਲੈਂਦਾ ਹਾਂ। ਪਤਾ ਕੀਤਾ, ਪੰਦਰਾਂ ਸੌ ਰੁਪਏ ਦਾਖਲਾ ਟੈਸਟ ਫੀਸ ਭਰ ਕੇ ਟੈਸਟ ਦਿਉ। ਟੈਸਟ ਦੀ ਰੂਪ ਰੇਖਾ ਪੁੱਛੀ, ਤਿੰਨ ਘੰਟਿਆਂ ਦਾ ਪੇਪਰ ਹੋਵੇਗਾ, ਜਿਸਦੇ ਤਿੰਨ ਭਾਗ ਹੋਣਗੇ-ਅੰਗਰੇਜ਼ੀ, ਦਿਮਾਗੀ ਕੁਸ਼ਲਤਾ ਅਤੇ ਚਲੰਤ ਮਾਮਲਿਆਂ ਦਾ ਜਨਰਲ ਨਾਲਜ। ਅੰਗਰੇਜ਼ੀ ਦਾ ਕੰਮ ਤਾਂ ਹੋ ਜਾਵੇਗਾ ਪਰ ਦਿਮਾਗ? ਜਨਰਲ ਨਾਲਜ? ਇਸ ਵੇਲੇ ਮੈਂ ਦਸਵੀਂ ਦੇ ਇਮਤਿਹਾਨ ਵਿਚ ਬੈਠ ਜਾਵਾਂ ਤਾਂ ਫੇਲ ਹੋਜਾਂ। ਉਹ ਵੇਲੇ ਲੰਘ ਗਏ ਜਦੋਂ ਮੈਰਿਟ ਵਿਚ ਆਇਆ ਸੀ।

ਦੁਕਾਨ ਤੋਂ ਦਿਮਾਗੀ ਕੁਸ਼ਲਤਾ ਅਤੇ ਆਮ ਗਿਆਨ ਦੀ ਕਿਤਾਬ ਲੈਣ ਗਿਆ। 800 ਪੰਨਿਆਂ ਦੀ ਕਿਤਾਬ ਮੇਰੇ ਹੱਥ ਫੜਾ ਕੇ 800 ਰੁਪਏ ਮੰਗ ਲਏ। ਮੈਂ ਕਿਹਾ, ਓ ਭਾਈ ਮੈਂ ਕਿਹੜਾ ਆਈ.ਏ.ਐਸ ਕਰਨੀ ਹੈ। ਛੋਟੀ ਮੋਟੀ ਕਿਤਾਬ ਦੇ ਦੇਹ ਕੰਮ ਚਲਾਊ ਜਿਹੀ। ਉਸ ਨੇ 70 ਪੰਨਿਆਂ ਦੀ ਕਿਤਾਬ 50 ਰੁਪਏ ਵਿਚ ਦੇ ਦਿੱਤੀ। ਫੀਸ ਭਰ ਦਿੱਤੀ, ਕਿਤਾਬ ਪੜ੍ਹ ਦਿੱਤੀ। ਪੇਪਰ ਕਿਹੋ ਜਿਹਾ ਹੋਵੇਗਾ? ਪਤਾ ਨਹੀਂ।

ਵੱਡਾ ਡਰ ਇਹ ਸੀ ਕਿ ਜੇ ਫੇਲ ਹੋ ਗਿਆ ਤਾਂ ਅਖਬਾਰ ਵਿਚ ਵਡੀ ਮੋਟੀ ਖਬਰ ਛਪੇਗੀ, ਪੰਜਾਬੀ ਯੂਨੀਵਰਸਿਟੀ ਦਾ ਪ੍ਰੋਫੈਸਰ ਅਤੇ ਡੀਨ ਰਿਸਰਚ ਬੀ.ਐਡ. ਦਾਖਲਾ ਪ੍ਰੀਖਿਆ ਵਿਚੋਂ ਫੇਲ੍ਹ।

ਬੀ.ਐਡ. ਕਰਨ ਵਾਲਿਆਂ ਵਿਰੁੱਧ ਬਥੇਰੇ ਮਜ਼ਾਕ ਘੜਿਆ ਕਰਦੇ ਸਾਂ। ਦੋਸਤ ਨੂੰ ਮਿਲਦਿਆਂ ਇਕ ਜਣਾ ਕਹਿਣ ਲੱਗਾ, ਵਧਾਈ ਹੋਵੇ ਤੁਹਾਡੀ ਬੀਵੀ ਨੇ ਬੀ.ਐਡ. ਕਰ ਲਈ ਹੈ। ਦੋਸਤ ਨੇ ਪੁੱਛਿਆ, ਹਾਂ, ਤੁਹਾਨੂੰ ਕਿਸ ਨੇ ਦੱਸਿਆ? ਕਿਸੇ ਨੇ ਨਹੀਂ। ਕੱਲ੍ਹ ਸਬਜੀ ਮੰਡੀ ਵਿਚ ਦੇਖੀ। ਥੈਗ ਵਿਚ ਪਹਿਲਾਂ ਕਿਲੋ ਟਮਾਟਰ ਪੁਆ ਲਏ, ਬਾਦ ਵਿਚ ਉਨ੍ਹਾਂ ਉਪਰ ਪੰਸੇਰੀ ਆਲੂ ਪੁਆਏ ਤਾਂ ਮੈਂ ਉਦੋਂ ਸਮਝ ਗਿਆ ਕਿ ਬੀ.ਐਡ. ਹੋ ਚੁਕੀ ਹੈ ਪੂਰੀ।

ਬੀ.ਐਡ. ਪਾਸ ਕਰਨ ਵਾਲਿਆਂ ਨੂੰ ਮਜ਼ਾਕ ਕਰਨ ਵਾਲੇ ਤੋਂ ਦਾਖਲਾ ਟੈਸਟ ਪਾਸ ਨਾ ਹੋਇਆ ਫੇਰ? ਆਪਣੇ ਆਪ ਨੂੰ ਕਿਹਾ, ਮੈਂ ਕਿਹੜਾ ਕਿਸੇ ਨੂੰ ਦੱਸਣੈ। ਚੁਪ ਕਰਕੇ ਪੇਪਰ ਦੇ ਆਵਾਂਗਾ। ਰਿਜਲਟ ਪਤਾ ਕਰਨ ਲਈ ਵੀ ਕਿਸੇ ਹੋਰ ਨੂੰ ਭੇਜਾਂਗਾ।

ਡੀਨ ਅਕਾਦਮਿਕ ਮਾਮਲੇ ਅਤੇ ਵਾਈਸ ਚਾਂਸਲਰ ਤੋਂ ਪ੍ਰਵਾਨਗੀ ਚੁਪਚਾਪ ਦਸਤੀ ਲੈ ਲਈ ਤਾਂਕਿ ਫਾਈਲਾਂ ਵਿਚ ਨਾ ਅਰਜੀਆਂ ਚੜ੍ਹ ਜਾਣ। ਇਮਤਿਹਾਨ ਦੇ ਦਿਨ ਐਤਵਾਰ ਨੂੰ ਜਦੋਂ ਚੁਪਚਾਪ ਨੀਵੀਂ ਪਾਈ ਅੰਦਰ ਲੰਘਿਆ ਤਾਂ ਸਾਰਾ ਡਿਊਟੀ ਸਟਾਫ ਸਤਿਕਾਰ ਵਜੋਂ ਖੜ੍ਹਾ ਹੋ ਗਿਆ। ਸਮਝੇ ਕਿ ਪ੍ਰੋਫੈਸਰ ਸੈਂਟਰ ਚੈਕ ਕਰਨ ਆਇਆ ਹੈ। ਬੇੜਾ ਗਰਕ। ਇਕ ਨਵੀਂ ਲੈਕਚਰਾਰ ਕੁੜੀ ਨੂੰ ਇਕ ਪਾਸੇ ਲਿਜਾ ਕੇ ਮੈਂ ਕਿਹਾ, ਮੈਨੂੰ ਮੇਰੀ ਸੀਟ ਦੱਸ, ਆਹ ਫੜ ਮੇਰਾ ਰੋਲ ਨੰਬਰ। ਪੇਪਰ ਦੇਣੈ। ਕਿਸੇ ਨੂੰ ਦਸੀ ਨਾਂ। ਉਹ ਖੂਬ ਹੱਸੀ। ਆਪਣੀ ਹਥੇਲੀ 'ਤੇ ਮੇਰਾ ਰੋਲ ਨੰਬਰ ਲਿਖ ਕੇ ਬੋਲੀ, ਸਭ ਤੋਂ ਪਹਿਲਾਂ ਰਿਜ਼ਲਟ ਮੈਂ ਦੇਖੂੰਗੀ।

ਮੈਨੂੰ ਜ਼ਿੰਦਗੀ ਵਿਚ ਇਮਤਿਹਾਨ ਦੇਣ ਤੋਂ ਕਦੀ ਡਰ ਨਹੀਂ ਲੱਗਾ ਕਿਉਂਕਿ ਤਿਆਰੀ ਵਿਚ ਕਸਰ ਨਹੀਂ ਹੁੰਦੀ ਸੀ। ਇਥੇ ਇਮਤਿਹਾਨ ਤੋਂ ਵੀ ਡਰ ਤੇ ਫੇਲ੍ਹ ਹੋਣ ਪਿਛੋਂ ਬਦਨਾਮੀ ਦੇ ਕਲੰਕ ਦਾ ਵੀ ਡਰ।

ਪੇਪਰ ਵੰਡੇ ਗਏ। ਪੜ੍ਹਿਆ ਤਾਂ ਮਾਮੂਲੀ ਕੁ ਡਰ ਘਟਿਆ। ਬਹੁਤੇ ਔਖੇ ਸਵਾਲ ਨਹੀਂ ਸਨ। ਫਿਰ ਵੀ ਦਿਮਾਗੀ ਕੁਸ਼ਲਤਾ ਵਾਲੇ ਸਵਾਲ ਟੇਢੇ ਸਨ। ਅੰਗਰੇਜ਼ੀ ਅਤੇ ਆਮ ਵਾਕਫੀ ਦਾ ਪੇਪਰ ਠੀਕ ਠੀਕ ਹੋ ਗਿਆ...ਸੋ...ਸੋ। ਦਿਮਾਗੀ ਕੁਸ਼ਲਤਾ ਦੇ ਅੱਧੇ ਤੋਂ ਵੱਧ ਸਵਾਲ ਨਹੀਂ ਆਏ, ਖਾਲੀ ਛਡ ਦਿੱਤਾ। ਪੇਪਰ ਕੰਪਿਊਟਰ ਨੇ ਦੇਖਣੇ ਸਨ। ਹਫਤੇ ਬਾਦ ਰਿਜ਼ਲਟ ਆ ਗਿਆ।

ਦਿਲ ਧੜਕਣ ਲੱਗਾ। ਸਕੀਮ ਸੁੱਝੀ, ਟੈਲੀਫੋਨ ਕਰਕੇ ਪੁੱਛਦੇ ਹਾਂ। ਫੋਨ ਕੀਤਾ। ਰੋਲ ਨੰਬਰ ਦੱਸ ਕੇ ਰਿਜ਼ਲਟ ਪੁੱਛਿਆ। ਮੁਲਾਜ਼ਮ ਨੇ ਦੱਸਿਆ, ਮੈਰਿਟ ਵਿਚ ਛੇਵਾਂ ਨੰਬਰ ਹੈ ਜੀ ਇਸ ਉਮੀਦਵਾਰ ਦਾ। ਮੈਂ ਪੁੱਛਿਆ, ਪਾਸ ਹੈ? ਉਹ ਕਹਿੰਦਾ, ਪਾਸ? ਬਹੁਤ ਨੰਬਰ ਨੇ ਜੀ।

ਕਰਾਮਾਤ ਹੋ ਗਈ! ਦਾਖਲਾ ਫੀਸ ਭਰਨ ਗਿਆ। ਕਲਰਕ ਨੇ ਕਿਹਾ, ਤੁਹਾਨੂੰ ਦਾਖਲਾ ਨਹੀਂ ਮਿਲ ਸਕਦਾ। ਕਾਰਨ ਪੁੱਛਣ 'ਤੇ ਬੋਲਿਆ, ਸਕੂਲ ਵਿਚ ਪੜ੍ਹਾਉਣ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਚਾਹੀਦੈ। ਮੈਂ ਕਿਹਾ, ਪਰ ਮੇਰਾ 35 ਸਾਲ ਦਾ ਤਜਰਬਾ ਹੈ ਤੇ ਸਰਟੀਫਿਕੇਟ ਨੱਥੀ ਹੈ। ਉਸ ਨੇ ਕਿਹਾ, ਆਹ ਦੇਖੋ ਜੀ ਕੀ ਲਿਖਿਐ। ਉਹੋ ਲਿਖਿਆ ਸੀ ਜੋ ਕਲਰਕ ਨੇ ਦੱਸਿਆ। ਮੈਂ ਪੁੱਛਿਆ, ਇਹ ਕਿਉਂ ਇਹੋ ਜਿਹੀ ਬਕਵਾਸ ਸ਼ਰਤ ਲਾਈ ਹੈ? ਮੇਰੇ ਕੋਲ ਕੁਝ ਵਧ ਹੀ ਹੈ ਘੱਟ ਤਾਂ ਨਹੀਂ। ਜਵਾਬ ਸੀ, ਇਹ ਕੋਰਸ ਹੈ ਈ ਸਕੂਲ ਮਾਸਟਰਾਂ ਦੀ ਸਹਾਇਤਾ ਵਾਸਤੇ।

ਵਿਭਾਗ ਦੇ ਮੁਖੀ, ਰਜਿਸਟਰਾਰ, ਡੀਨ ਅਕਾਦਮਿਕ ਮਾਮਲੇ, ਵਾਈਸ ਚਾਂਸਲਰ ਸਭ ਨੂੰ ਮਿਲਿਆ ਤੇ ਦੱਸਿਆ ਕਿ ਬੀ.ਐਡ. ਕਰਨ ਦੀ ਪ੍ਰਵਾਨਗੀ ਲਈ ਹੋਈ ਹੈ। ਸਭ ਨੇ ਉਤਰ ਦਿੱਤਾ, ਬੀ.ਐਡ. ਕਰਨ ਦੀ ਪ੍ਰਵਾਨਗੀ ਤਾਂ ਹੈ, ਯੋਗਤਾ ਹੈ ਕਿ ਨਹੀਂ, ਇਹ ਤਾਂ ਦਾਖਲਾ ਕਮੇਟੀ ਦੇਖੇਗੀ। ਕਮੇਟੀ ਨੇ ਦੇਖ ਲਿਐ, ਤੁਸੀਂ ਯੋਗ ਨਹੀਂ। ਮੰਦਰ ਵਿਚ ਅਕਲ ਦੀ ਗੱਲ ਨਹੀਂ ਸੁਣੀ ਜਾਏਗੀ ਜੋ ਪੁਜਾਰੀ ਕਹੇਗਾ, ਮੰਨੀ ਜਾਏਗੀ। ਕਲਰਕ ਸਰਕਾਰ ਦਾ ਪੁਜਾਰੀ ਹੈ। ਇਸ ਪੁਜਾਰੀ ਦੀ ਕਿਰਪਾ ਸਦਕਾ ਮੈਂ ਪ੍ਰੋਫੈਸਰ ਤੋਂ ਮਾਸਟਰ ਬਣਦਾ ਬਣਦਾ ਰਹਿ ਗਿਆ। ਘਰ ਆ ਕੇ ਪਤਨੀ ਨੂੰ ਸਾਰਾ ਸਾਕਾ ਸੁਣਾਇਆ। ਉਹ ਬੋਲੀ, ਹੁਣ ਕੀ ਕਰੋਗੇ? ਮੈਂ ਕਿਹਾ, ਉਹੀ ਕਰਾਂਗਾ, ਜੋ ਧ੍ਰੂ ਅਤੇ ਪ੍ਰਹਿਲਾਦ ਨੇ ਕੀਤਾ ਸੀ:

ਰਾਮ ਜਪਉ ਜੀਅ ਐਸੇ ਐਸੇ॥
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥

# ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ

8100 Stine Rd. Bakersfield,CA

ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ ਸਮੂਹ ਸੰਗਤਾਂ ਦੇ ਸਹਯੋਗ ਨਾਲ

## 13ਵਾਂ ਮਹਾਨ ਨਗਰ ਕੀਰਤਨ

24 ਅਪ੍ਰੈਲ ਨੂੰ ਹੋ ਰਿਹਾ ਹੈ।



ਭਾਈ ਵਰਿੰਦਰ ਸਿੰਘ ਜੀ ਵਾਰਸ ਅਤੇ ਸਾਥੀ



ਭਾਈ ਪਿੰਦਰਪਾਲ ਸਿੰਘ ਜੀ



ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)



ਭਾਈ ਜਸਮੇਰ ਸਿੰਘ ਜੀ

ਭਾਈ ਪਿੰਦਰਪਾਲ ਸਿੰਘ ਜੀ 20 ਅਪ੍ਰੈਲ ਤੋਂ ਲੈਕੇ 24 ਅਪ੍ਰੈਲ ਤੱਕ ਸੰਗਤਾਂ ਨੂੰ ਗੁਰਬਾਣੀ ਕਥਾ ਰਾਹੀਂ ਨਿਹਾਲ ਕਰਣਗੇ

ਭਾਈ ਵਰਿੰਦਰ ਸਿੰਘ ਜੀ ਵਾਰਸ ਅਤੇ ਸਾਥੀ ਢਾਡੀ ਜੱਥਾ 18 ਅਪ੍ਰੈਲ ਥੋਂ ਲੈਕੇ 24 ਅਪ੍ਰੈਲ ਤੱਕ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਣਗੇ॥

23 ਅਪ੍ਰੈਲ ਦਿਨ ਸ਼ਨੀਵਾਰ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 24 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ ਅਤੇ ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ॥

ਦੀਵਾਨ ਦੀ ਸਮਾਪਤੀ ਉਪਰੰਤ 12:30 ਵਜੇ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ

ਬੇਨਤੀ ਹੈ ਕਿ ਨਗਰ ਕੀਰਤਨ ਦੋਰਾਨ ਸੰਗਤ ਦੇ ਵਿੱਚ ਕਾਰਾਂ ਯਾਂ ਪਿੱਕਅਪ ਨਾ ਲਿਜਾਏ ਜਾਣ॥

ਨਗਰ ਕੀਰਤਨ ਦਾ ਰੂਟ

ਗੁਰਦੁਆਰਾ ਸਾਹਿਬ ਤੋਂ ਸਟਾਈਨ ਰੋਡ ਸੱਜੇ, ਹਾਸਕਿੰਗ ਰੋਡ ਸੱਜੇ, ਏਕਰਸ ਤੋਂ ਸੱਜੇ, ਮੈਕੀ ਤੋਂ ਸੱਜੇ, ਸਟਾਈਨ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ:- ਗੁਰਪ੍ਰੀਤ ਸਿੰਘ ਰਾਏ 661-978-6333

**ਫਲੋਟ ਸਜਾਉਣ ਦੀ ਅਤੇ ਲਗਵਾਉਣ ਦੀ ਸੇਵਾ**
ਗੁਰਜੀਤ ਸਿੰਘ ਮਾਣਕ 661-444-7799
ਜਗਤਾਰ ਸਿੰਘ ਗਿੱਲ 661-900-7466

**ਲੰਗਰ ਸਟਾਲ ਦੀ ਸੇਵਾ**
ਗੁਰਪ੍ਰੀਤ ਸਿੰਘ ਰਾਏ 661-978-6333
ਗੁਰਜੀਤ ਸਿੰਘ ਮਾਣਕ 661-444-7799

**ਪੰਜ ਪਿਆਰਿਆਂ ਦੀ ਸੇਵਾ**
ਬਲਵੀਰ ਸਿੰਘ 661-444-3902
ਰਮਿੰਦਰ ਸਿੰਘ ਬਸਰਾ 661-903-5149

**ਗੁਰੂ ਕੇ ਲੰਗਰ ਦੀ ਸੇਵਾ**
ਸੁਖਬੀਰ ਸਿੰਘ ਸੰਧੂ 661-703-1842
ਮਨਜੀਤ ਸਿੰਘ ਜੌਹਲ 661-444-6635
ਸੇਵਾ ਸਿੰਘ ਰੰਧਾਵਾ 661-832-8412

**ਦਾਨੀ ਸੱਜਣ ਸੰਪਰਕ ਕਰਣ**
ਗੁਰਦੀਪ ਸਿੰਘ ਢੀਂਡਸਾ 661-444-7666
ਸ਼ਿੰਦਾ ਸਿੰਘ ਉਪਲ 661-303-6711
ਬਲਵੀਰ ਸਿੰਘ 661-444-3902

**ਦੁਕਾਨਾਂ ਦੀ ਸੇਵਾ**
ਕੁਲਵਿੰਦਰ ਸਿੰਘ 661-201-0777
ਰਮਿੰਦਰ ਸਿੰਘ ਬਸਰਾ 661-903-5149

**ਸਹਯੋਗ:** ਸਮੂਹ ਸੰਗਤ ਬੇਕਰਸਫ਼ੀਲਡ ਸਿੱਖ ਟੈਂਪਲ, ਪੀ. ਸਟ੍ਰੀਟ॥ ਗੁਰ ਨਾਨਕ ਮਿਸ਼ਨ ਸਿੱਖ ਸੈਂਟਰ॥ ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ॥ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ॥ ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਆਫ ਬੇਕਰਸਫ਼ੀਲਡ। ਸਿੱਖ ਰਾਈਡਰਸ ਆਫ ਅਮੇਰਿਕਾ॥

NK SIGN INDUSTRY INC. 661-978-7319

# ਪ੍ਰੋ. ਧੂੰਦਾ ਨੂੰ ਸੁਣਨ ਲਈ ਸੰਗਤਾਂ ਵਹੀਰਾਂ ਘੱਤ ਕੇ ਪਹੁੰਚੀਆਂ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦਵਾਰਾ ਸਿੰਘ ਸਭਾ ਵਿਖੇ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਹਿਯੋਗ ਨਾਲ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਲੰਘੇ ਐਤਵਾਰ ਨੂੰ ਸਜਾਏ ਗਏ ਵਿਸ਼ੇਸ਼ ਦੀਵਾਨ ਵਿਚ ਸੰਗਤਾਂ ਨਿਧੱੜਕ ਕਥਾਵਾਚਕ ਪ੍ਰੋ. ਸਰਬਜੀਤ ਸਿੰਘ ਧੂੰਦਾ ਨੂੰ ਸੁਣਨ ਲਈ ਵਹੀਰਾਂ ਘੱਤ ਕੇ ਪਹੁੰਚੀਆਂ। ਜ਼ਿਕਰਯੋਗ ਹੈ ਕਿ ਪ੍ਰੋ. ਧੂੰਦਾ ਬੜੀ ਬੇਬਾਕੀ ਨਾਲ ਸੰਗਤਾਂ ਨੂੰ ਡੇਰਾਵਾਦ ਅਤੇ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਲਈ ਯਤਨਸ਼ੀਲ ਹਨ।

ਸੰਗਤ ਦੀ ਗਿਣਤੀ ਇੰਨੀ ਸੀ ਕਿ ਗੁਰੂਘਰ ਦੀ ਕਈ ਏਕੜਾਂ ਵਿਚ ਬਣੀ ਕਾਰ ਪਾਰਕਿੰਗ ਨੱਕੋ ਨੱਕ ਭਰ ਜਾਣ ਕਰਕੇ ਸੰਗਤਾਂ ਨੂੰ ਗੱਡੀਆਂ ਪਾਰਕ ਕਰਨ ਵਿਚ ਕਾਫੀ ਮੁਸ਼ਕਲ ਆਈ। ਗੁਰਦਵਾਰਾ ਸਾਹਿਬ ਦੀ ਹਦੂਦ ਅੰਦਰ ਰੰਗ-ਬਰੰਗੀਆਂ ਚੁੰਨੀਆਂ ਅਤੇ ਦਸਤਾਰਾਂ ਨਾਲ ਪੂਰਾ ਪੰਡਾਲ ਖਾਲਸਾਈ ਰੰਗ ਵਿਚ ਰੰਗਿਆ ਮਹਿਸੂਸ ਹੋ ਰਹਿਆ ਸੀ। ਗੁਰੂ ਗ੍ਰੰਥ ਸਹਿਬ ਅੱਗੇ ਨਤਮਸਤਕ ਹੋਣ ਲਈ ਸੰਗਤਾਂ ਦੀਆਂ ਲੰਮੀਆਂ ਕਤਾਰਾਂ ਲਗੀਆਂ ਹੋਈਆਂ ਸਨ।









ਦੀਵਾਨ ਦੇ ਸ਼ੁਰੂ ਵਿਚ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਗੁਰੂ ਫਤਿਹ ਸਾਂਝੀ ਕਰਨ ਉਪਰੰਤ ਕਿਹਾ ਕਿ ਕੋਈ ਵੀ ਦੀਵਾਨ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਨਾ ਕਰੇ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਜਦੋਂ ਪ੍ਰੋ. ਧੂੰਦਾ ਕਥਾ ਕਰ ਰਹੇ ਸਨ ਤਾਂ ਕੁਝ ਲੋਕਾਂ ਨੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਤਾੜਨਾ ਕੀਤੀ ਕਿ ਚਲਦੇ ਦੀਵਾਨ ਵਿਚ ਜੇ ਕਿਸੇ ਨੇ ਖੱਲਲ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਖਤੀ ਨਾਲ ਨਜਿਠਿਆ ਜਾਵੇਗਾ। ਜੇ ਕਿਸੇ ਵੀਰ-ਭੈਣ ਦੇ ਕੋਈ ਸੁਆਲ ਹਨ, ਤਾਂ 'ਕਿਛ ਕਹੀਏ ਕਿਛ ਸੁਣੀਐ' ਦੀ ਭਾਵਨਾ ਨਾਲ ਗੱਲ ਕਰ ਸਕਦੇ ਹਨ। ਇਸ ਪਿਛੋਂ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਇੱਕ ਘੰਟਾ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ ਅਤੇ ਸੰਗਤਾਂ ਨੇ ਵੀ ਉਨ੍ਹਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਡੇਰਾਵਾਦ ਅਤੇ ਸੰਪਰਦਾਵਾਂ ਨੂੰ ਸਿੱਖ ਪੰਥ ਨੂੰ ਲੱਗੀ ਸਿਓਂਕ ਦੱਸਦਿਆਂ ਸੰਗਤਾਂ ਨੂੰ ਦੇਹਧਾਰੀ ਪਖੰਡੀਆਂ ਤੋਂ ਸਾਵਧਾਨ ਰਹਿਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਪ੍ਰੇਰਣਾ ਕੀਤੀ।



ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਸੁੰਦਰ ਨਗਰ ਵਾਲਿਆਂ ਦੇ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ। ਭਾਈ ਮਲਕੀਤ ਸਿੰਘ ਨੇ ਹੁਕਮਨਾਮੇ ਦੀ ਵਿਆਖਿਆ ਕੀਤੀ।

ਦੀਵਾਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਪ੍ਰੋ. ਧੂੰਦਾ ਸਿੱਖ ਪੰਥ ਦਾ ਉਹ ਯੋਧਾ ਹੈ, ਜੋ ਗੁਰਬਾਣੀ ਤੋਂ ਬੇਮੁਖ ਹੋ ਰਹੇ ਸਿੱਖਾਂ ਨੂੰ ਗੁਰਮਤਿ ਨਾਲ ਜੋੜਨ ਲਈ ਯਤਨਸ਼ੀਲ ਹਨ। ਲੇਕਿਨ ਚੰਦ ਕੁ ਗੁੰਮਰਾਹ ਹੋ ਚੁਕੇ ਵੀਰ ਸਾਰੀ ਕੌਮ ਨੂੰ ਵੰਡਣ 'ਤੇ ਤੁਰੇ ਹੋਏ ਨੇ। ਉਨ੍ਹਾਂ ਕਿਹਾ ਕਿ ਅਗਰ ਕਿਸੇ ਵੀਰ ਨੂੰ ਪ੍ਰੋ. ਧੂੰਦਾ ਦੇ ਵਿਚਾਰ ਨਹੀਂ ਚੰਗੇ ਲਗਦੇ ਤਾਂ ਨਾਂ ਸੁਣੇ, ਆਪ ਮੁਹਾਰੇ ਵਹੀਰਾਂ ਘੱਤ ਕੇ ਪ੍ਰੋ. ਸਹਿਬ ਦੇ ਵਿਚਾਰ ਸੁਣਨ ਪਹੁੰਚੀਆਂ ਸੰਗਤਾਂ ਨੂੰ ਗੁੰਮਰਾਹ ਕਰਨ ਅਤੇ ਚਲ ਰਹੇ ਪ੍ਰੋਗਰਾਮ ਵਿਚ ਵਿਘਨ ਪਾਉਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਹੈ। ਉਨ੍ਹਾਂ ਸਵਾਲ ਕੀਤਾ ਕਿ ਸਿਮਰਨ ਨੂੰ ਢਾਲ੍ਹ ਬਣਾ ਕੇ ਕਿਸੇ ਨੂੰ ਚੁਪ ਕਰਵਾਉਣਾ ਕਿਹੜੀ ਰਹਿਤ ਮਰਿਆਦਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਸੀਂ ਖੁਦ ਬਿਖੇੜਾ ਖੜਾ ਕਰਦੇ ਹਾਂ ਅਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਪੱਗਾਂ ਲਾਉਣ ਤਕ ਜਾਂਦੇ ਹਾਂ ਅਤੇ ਫਿਰ ਰੌਲ੍ਹਾ ਪਾਉਂਦੇ ਹਾਂ ਕਿ ਪੁਲਿਸ ਨੰਗੇ ਸਿਰ ਸਣੇ ਬੂਟ ਅੰਦਰ ਆ ਗਈ। ਮੱਤਭੇਦ ਸਾਨੂੰ ਰਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ, ਲੜਾਈ ਨਾਲ ਨਹੀਂ।











ਤਸਵੀਰਾਂ: ਡੇਅ ਐਂਡ ਨਾਈਟ ਵੀਡੀਓ, ਫਰਿਜ਼ਨੋ



# ਗੁਰਦੁਆਰਾ ਸਾਹਿਬ ਐਲ ਸਬਰਾਂਟੇ (ਕੈਲੀਫੋਰਨੀਆ)

3550 Hillcrest Rd, El Sobrante, CA 94803

ਪੂਜਾ ਅਕਾਲ ਕੀ॥ ਪਰਚਾ ਸ਼ਬਦ ਕਾ॥ ਦੀਦਾਰ ਖਾਲਸੇ ਕਾ।

# ਸਮੂਹ ਸੰਗਤ ਨੂੰ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ





ਸਮੂਹ ਸਾਧ ਸੰਗਤ ਅਤੇ ਸੇਵਾਦਾਰਾਂ ਵਲੋਂ ਖਾਲਸਾ ਸਿਰਜਣਾ ਦਿਵਸ ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਸਾਰੇ ਗੁਰਦੁਆਰਾ ਐਲ ਸਬਰਾਂਟੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਜੀ।

ਖਾਲਸਾ ਸਿਰਜਣਾ ਦਿਵਸ ਅਤੇ ਸੰਗਰਾਂਦ ਦਾ ਦਿਹਾੜਾ 14 ਅਪਰੈਲ ਨੂੰ ਹੈ ਪ੍ਰੰਤੂ ਇਸ ਸਬੰਧੀ ਵਿਸ਼ੇਸ਼ ਪ੍ਰੋਗਰਾਮ 15 ਅਪਰੈਲ ਤੋਂ 17 ਅਪਰੈਲ ਤੱਕ ਉਲੀਕੇ ਗਏ ਹਨ। ਇਸ ਸਬੰਧੀ 15 ਅਪਰੈਲ 2016 (ਸ਼ੁੱਕਰਵਾਰ) ਨੂੰ ਸਵਰੇ 10:30 ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਵੇਗਾ ਅਤੇ 17 ਅਪਰੈਲ 2016 (ਐਤਵਾਰ) ਨੂੰ ਸਵੇਰੇ 10:30 ਵਜੇ ਭੋਗ ਪਾਏ ਜਾਣਗੇ। ਇਸ ਮੌਕੇ ਭਾਈ ਹਰਬਲਜੀਤ ਸਿੰਘ ਬਟਾਲੇ ਵਾਲੇ, ਭਾਈ ਭਗਵੰਤ ਸਿੰਘ ਨਾਗਪੁਰ ਵਾਲੇ, ਭਾਈ ਬਲਵਿੰਦਰ ਸਿੰਘ ਗੁਰਦੁਆਰਾ ਐਲ ਸਬਰਾਂਟੇ ਵਾਲੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਤਿੰਨੋ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਿਠਾਈਆਂ ਅਤੇ ਜੂਸ ਦੇ ਸਟਾਲ ਲਾਏ ਜਾਣਗੇ।

ਵਿਸਾਖੀ ਸਬੰਧੀ ਅਖੰਡ ਪਾਠ ਅਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਭਾਈ ਗੁਰਜੀਤ ਸਿੰਘ, ਭਾਈ ਮੱਖਣ ਸਿੰਘ, ਭਾਈ ਰਣਜੀਤ ਸਿੰਘ ਅਤੇ ਸਮੂਹ ਸਾਧ ਸੰਗਤ ਵਲੋਂ ਹੋਵੇਗੀ। ਨਿਸ਼ਾਨ ਸਾਹਿਬ ਦੀ ਸੇਵਾ 17 ਅਪਰੇਲ ਨੂੰ ਸਵੇਰੇ 8 ਵਜੇ ਹੋਵੇਗੀ।

## ਅੰਮ੍ਰਿਤ ਛਕੋ, ਸਿੰਘ ਸਜੋ

ਸਨਿਚਰਵਾਰ 16 ਅਪਰੈਲ ਨੂੰ ਸਵੇਰੇ 9 ਵਜੇ ਅੰਮਿਤ ਸੰਚਾਰ ਹੋਵੇਗਾ। ਕੱਕਾਰ ਗੁਰਦੁਆਰਾ ਸਾਹਿਬ ਵਲੋਂ ਫਰੀ ਦਿੱਤੇ ਜਾਣਗੇ।
ਅੰਮ੍ਰਿਤ ਛਕਣ ਦੇ ਅਭਿਲਾਖੀ ਸੱਜਣ ਬਾਬਾ ਸਰਵਣ ਸਿੰਘ ਫੋਨ: 510-734-5277 ਤੇ ਭਾਈ ਜਸਬੀਰ ਸਿੰਘ ਫੋਨ: 510-309-8547 ਨਾਲ ਸੰਪਰਕ ਕਰ ਸਕਦੇ ਹਨ।

11 ਅਪਰੈਲ ਤੋਂ 17 ਅਪਰੈਲ ਤੱਕ ਭਾਈ ਸੁਲੱਖਣ ਸਿੰਘ ਰਿਆੜ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਏਗਾ।

**ਨੋਟ:** ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ 'ਚ ਅਮੈਂਡਮੈਂਟ ਸਬੰਧੀ ਮੀਟਿੰਗ 24 ਅਪਰੈਲ ਨੂੰ ਦੁਪਹਿਰ 12 ਵਜੇ ਹੋਵੇਗੀ।
-24 ਅਪਰੈਲ ਨੂੰ ਬਾਅਦ ਦੁਪਹਿਰ 2:30 ਤੋਂ ਦੇਰ ਸ਼ਾਮ ਤੱਕ ਬੱਚਿਆਂ ਦੇ ਗਤਕੇ ਦੇ ਅਖਾੜੇ ਲੱਗਣਗੇ। ਹੋਰ ਟੀਮਾਂ ਵੀ ਬਾਹਰੋਂ ਆ ਕੇ ਗਤਕੇ ਦੇ ਜੌਹਰ ਵਿਖਾਉਣਗੀਆਂ

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਇੰਦਰਜੀਤ ਸਿੰਘ (ਪ੍ਰਧਾਨ) 510-774-4118, ਵਰਿੰਦਰ ਸਿੰਘ (ਸਕੱਤਰ) 510-928-4625
ਕੁਲਵਿੰਦਰ ਸਿੰਘ (ਵਾਈਸ ਸਕੱਤਰ) 510-472-2749

## ਵਲੋਂ: ਸਮੂਹ ਸਾਧ ਸੰਗਤ ਅਤੇ ਸੇਵਾਦਾਰ, ਗੁਰਦੁਆਰਾ ਐਲ ਸਬਰਾਂਟੇ

# 'ਵਿਸਾਖੀ ਲਿਸਟ' ਮੇਰੇ ਕੈਰੀਅਰ ਦੀ ਬਿਹਤਰੀਨ ਫਿਲਮ:ਜਿੰਮੀ ਸ਼ੇਰਗਿੱਲ

**ਯੂਨੀਅਨ ਸਿਟੀ (ਬਿਊਰੋ):** ਵਿਸਾਖੀ ਲਿਸਟ ਫਿਲਮ ਇਕ ਪਰਿਵਾਰਕ ਤੇ ਮਨੋਰੰਜਨ ਭਰਪੂਰ ਫਿਲਮ ਹੀ ਨਹੀਂ, ਸਗੋਂ ਵਿਸਾਖੀ ਦੇ ਮੌਕੇ 'ਤੇ ਸਰਕਾਰ ਵਲੋਂ ਚੰਗੇ ਕੈਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕੁਝ ਸਹੂਲਤਾਂ ਦੀ ਵੀ ਕਹਾਣੀ ਹੈ। ਇਸ ਵੱਖਰੇ ਹੀ ਵਿਸ਼ੇ 'ਤੇ ਪਹਿਲੀ ਵਾਰ ਕੋਈ ਪੰਜਾਬੀ ਫਿਲਮ ਬਣੀ ਹੈ ਜਿਸ ਵਿਚ ਨਾਮੀ ਅਦਾਕਾਰਾਂ ਨੂੰ ਸ਼ਾਮਿਲ ਹੋਣ ਦਾ ਮੌਕਾ ਦਿੱਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਗਾਖਲ ਭਰਾਵਾਂ ਨੇ ਜੀ ਬੀ ਐਂਟਰਟੇਨਮੈਂਟ ਦੇ ਨਾਂ ਹੇਠ ਬਣਾਈ ਇਸ ਫਿਲਮ ਨੂੰ ਮਹਿਜ ਵਪਾਰਕ ਹੀ ਨਹੀਂ ਰੱਖਿਆ ਸਗੋਂ ਜਿਸ ਉਦੇਸ਼ ਨਾਲ ਉਨ੍ਹਾਂ ਨੇ ਫਿਲਮ ਜਗਤ ਵਿਚ ਪ੍ਰਵੇਸ਼ ਕੀਤਾ ਹੈ, ਉਹ ਵੀ ਇਕ ਇਤਿਹਾਸਕ ਪੈੜ ਬਣ ਜਾਵੇਗਾ। ਮੈਨੂੰ ਮਾਣ ਹੈ ਕਿ ਮੈਂ ਸਮੀਪ ਕੰਗ ਦੇ ਨਿਰਦੇਸ਼ਨ ਹੇਠ ਬਣੀ ਇਸ ਫਿਲਮ ਵਿਚ ਵਧੀਆ ਕੰਮ ਕਰ ਸਕਿਆ ਹਾਂ।

ਇਹ ਵਿਚਾਰ ਇੱਥੇ ਰਾਜਾ ਸਵੀਟਸ ਵਿਖੇ 'ਵਿਸਾਖੀ ਲਿਸਟ' ਫਿਲਮ ਦੀ ਪ੍ਰਮੋਸ਼ਨ ਲਈ ਪਹੁੰਚੇ ਉਘੇ ਬਾਲੀਵੁੱਡ ਅਦਾਕਾਰ ਜਿੰਮੀ ਸ਼ੇਰਗਿੱਲ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਪ੍ਰਗਟਾਏ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਜਿੰਮੀ ਨੇ ਕਿਹਾ ਕਿ ਹਾਲ ਹੀ ਵਿਚ ਉਸ ਦੀ ਫਿਲਮ 'ਸ਼ਰੀਕ' ਨੂੰ ਵੀ ਭਰਵਾਂ ਹੁੰਗਾਰਾ ਮਿਲਿਆ ਸੀ ਤੇ ਫਿਲਮ 'ਵਿਸਾਖੀ ਲਿਸਟ' ਨਾਲ ਉਸ ਨੂੰ ਹੋਰ ਵੀ ਸਫਲਤਾ ਹਾਸਲ ਹੋਣ ਦੀ ਉਮੀਦ ਹੈ ਕਿਉਂਕਿ ਫਿਲਮ ਨਾ ਸਿਰਫ ਹਾਸਰਸ ਹੈ ਸਗੋਂ ਜੇਲ੍ਹ 'ਚੋਂ ਭੱਜੇ ਕੈਦੀਆਂ ਦੀ ਮੁੜ ਜੇਲ੍ਹ 'ਚ ਦਾਖਲ ਹੋਣ ਦੀ ਕਹਾਣੀ ਬਹੁਤ ਹੀ ਦਿਲਚਸਪ ਹੈ। ਤਣਾਓਗ੍ਰਸਤ ਜੇਲ੍ਹਾਂ ਦੇ ਮਾਹੌਲ ਨੂੰ ਹਾਸਰਸੀ ਬਣਾਉਣ ਦਾ ਯਤਨ ਜਸਵਿੰਦਰ ਭੱਲਾ ਨੇ ਇਕ ਜੇਲ੍ਹਰ ਦੇ ਰੂਪ ਵਿਚ ਵਧੀਆ ਅਦਾਕਾਰੀ ਕਰਕੇ ਬਣਾਇਆ ਹੈ। ਬੀ ਐਨ ਸ਼ਰਮਾ, ਬੀਨੂੰ ਢਿੱਲੋਂ, ਰਾਣਾ ਰਣਬੀਰ ਤੇ ਬਾਲ ਮੁਕੰਦ ਸ਼ਰਮਾ ਅਤੇ ਅਭਿਨੇਤਰੀ ਸ਼ਰੂਤੀ ਸਿੰਘ ਦੀ ਅਦਾਕਾਰੀ ਵੀ ਬਾਕਮਾਲ ਰਹੇਗੀ।









ਜਿੰਮੀ ਸ਼ੇਰਗਿੱਲ ਨੇ ਹੋਰ ਕਿਹਾ ਕਿ 'ਕਾਮੇਡੀ ਨਾਈਟ' ਰਾਹੀਂ ਚਰਚਿਤ ਹੋਣ ਵਾਲੇ ਪੰਜਾਬੀ ਅਦਾਕਾਰ ਸੁਨੀਲ ਗਰੋਵਰ ਨੇ ਗੁੱਥੀ ਦੇ ਕਿਰਦਾਰ ਵਿਚ ਜਿਹੜੀ ਪ੍ਰਸਿੱਧੀ ਖੱਟੀ ਸੀ, ਉਸ ਤੋਂ ਵੀ ਵਧ ਕੇ 'ਵਿਸਾਖੀ ਲਿਸਟ' ਵਿਚ ਇਕ ਕੈਦੀ ਦਾ ਰੋਲ ਬੜੀ ਖੂਬਸੂਰਤੀ ਨਾਲ ਨਿਭਾਇਆ ਹੈ। ਗਾਖਲ ਭਰਾਵਾਂ ਅਤੇ ਸਮੀਪ ਕੰਗ ਦਾ ਹੀ ਇਹ ਯਤਨ ਸੀ ਕਿ ਉਨ੍ਹਾਂ ਨੇ ਸੁਨੀਲ ਗਰੋਵਰ ਵਰਗਾ ਇਕ ਵਧੀਆ ਅਦਾਕਾਰ ਪੰਜਾਬੀ ਸੰਗੀਤ ਜਗਤ ਦੀ ਝੋਲੀ ਪਾ ਦਿੱਤਾ ਹੈ।

ਫਿਲਮ ਦੇ ਨਿਰਮਾਤਾ ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦੇ ਵੱਡੇ ਭਰਾ ਅਮੋਲਕ ਸਿੰਘ ਗਾਖਲ ਦਾ ਸ਼ੌਕ ਅਤੇ ਲਗਨ ਸੀ ਕਿ ਫਿਲਮੀ ਖੇਤਰ ਵਿਚ ਵੀ ਪ੍ਰਵੇਸ਼ ਕੀਤਾ ਜਾਵੇ ਅਤੇ ਇਸ ਨੂੰ ਇਕ ਕਾਰੋਬਾਰ ਵਜੋਂ ਸਥਾਪਿਤ ਕਰ ਸਕੀਏ। ਸਾਡੇ ਗਾਖਲ ਭਰਾਵਾਂ ਦੇ ਇਤਫਾਕ ਅਤੇ ਵੱਡੇ ਵੀਰ ਅਮੋਲਕ ਸਿੰਘ ਗਾਖਲ ਦੀ ਨੱਸ ਭੱਜ ਹੀ ਉਨ੍ਹਾਂ ਨੂੰ ਫਿਲਮੀ ਖੇਤਰ ਵਿਚ ਚੰਗਾ ਮਾਹੌਲ ਪੈਦਾ ਕਰਕੇ ਦੇਣ ਵਿਚ ਸਹਾਈ ਹੋਈ ਹੈ। ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਹ ਭਵਿੱਖ ਵਿਚ ਚੰਗੀਆਂ ਫਿਲਮਾਂ ਦੇਣ ਲਈ ਵੀ ਵਚਨਬੱਧ ਹਨ।

ਜਿੰਮੀ ਸ਼ੇਰਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਿੱਥੇ ਜੈਦੇਵ ਵਰਗੇ ਸੰਗੀਤਕਾਰ ਦਾ ਸੰਗੀਤ ਇਸ ਫਿਲਮ ਨੂੰ ਨਵੀਂ ਰੂਹ ਦੇਵੇਗਾ ਉਥੇ ਧਨੀ ਰਾਮ ਚਾਤ੍ਰਿਕ ਦਾ ਅਮਰ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਜੋ ਨੌਜਵਾਨਾਂ ਦੇ ਚਹੇਤੇ ਗਾਇਕ ਰਣਜੀਤ ਬਾਵਾ ਨੇ ਗਾਇਆ ਹੈ, ਫਿਲਮ ਦੀ ਜਿੰਦ ਜਾਨ ਹੈ ਤੇ ਰਾਹਤ ਫਤਿਹ ਅਲੀ ਖਾਨ ਦੇ ਗੀਤ ਨੂੰ ਵੀ ਬਰਾਬਰ ਦਾ ਪਿਆਰ ਮਿਲਿਆ ਹੈ।

ਇਸ ਪ੍ਰੈਸ ਮਿਲਣੀ ਦੌਰਾਨ ਕੈਲੀਫੋਰਨੀਆ ਦੀਆਂ ਨਾਮੀ ਹਸਤੀਆਂ ਅਤੇ ਕਾਰੋਬਾਰੀ ਲੋਕ ਪਰਿਵਾਰਾਂ ਸਮੇਤ ਸ਼ਾਮਿਲ ਹੋਏ।

ਫਿਲਮ ਦੇ ਮੀਡੀਆ ਸਲਾਹਕਾਰ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਦੁਨੀਆਂ ਭਰ ਦੇ ਪੰਜਾਬੀ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਏ ਨੇ ਇਸ ਫਿਲਮ ਦਾ ਜ਼ਿਕਰ ਘਰ ਘਰ ਤੀਕਰ ਪਹੁੰਚਾਉਣ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਵਿਸ਼ਵ ਭਰ ਵਿਚ 22 ਅਪ੍ਰੈਲ ਨੂੰ ਰਿਲੀਜ਼ ਹੋਣ ਵਾਲੀ ਫਿਲਮ 'ਵਿਸਾਖੀ ਲਿਸਟ' ਪੰਜਾਬੀਆਂ ਲਈ ਵਧੀਆ ਅਤੇ ਉਦੇਸ਼ ਭਰਪੂਰ ਉਪਰਾਲਾ ਸਾਬਤ ਹੋਵੇਗੀ।





ਪ੍ਰੈਸ ਕਾਨਫਰੰਸ ਦੌਰਾਨ ਰਣਜੀਤ ਬਾਵਾ ਦੇ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਤੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਦੀ ਅਗਵਾਈ ਅਤੇ 'ਵਿਰਸੇ ਦੇ ਸ਼ੌਕੀਨ' ਭੰਗੜਾ ਗਰੁਪ ਨੇ ਸਿੰਘ ਪ੍ਰੀਤ ਦੀ ਅਗਵਾਈ ਹੇਠ ਕੋਰੀਓਗ੍ਰਾਫੀ ਪੇਸ਼ ਕਰਕੇ ਮਾਹੌਲ ਨੂੰ ਮੁਕੰਮਲ ਸੰਗੀਤਕ ਬਣਾ ਦਿੱਤਾ। ਇਸ ਮੌਕੇ ਰਾਜਾ ਸਵੀਟਸ ਦੇ ਮੱਖਣ ਬੈਂਸ ਵਲੋਂ ਸੈਂਕੜਿਆਂ ਦੀ ਗਿਣਤੀ ਵਿਚ ਆਏ ਪਰਿਵਾਰਾਂ ਲਈ ਖਾਣੇ ਅਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਜਿੰਮੀ ਸ਼ੇਰਗਿੱਲ ਦੇ ਆਏ ਹੋਏ ਪ੍ਰਸ਼ੰਸਕਾਂ ਨੇ ਨਾ ਸਿਰਫ ਜੀ ਭਰ ਕੇ ਉਸ ਨਾਲ ਫੋਟੋਆਂ ਹੀ ਖਿਚਵਾਈਆਂ ਸਗੋਂ 'ਮਾਰਦਾ ਦਮਾਮੇ' ਗੀਤ ਤੇ ਜਿੰਮੀ ਨਾਲ ਨੱਚਣ ਦਾ ਚਾਅ ਵੀ ਪੂਰਾ ਕੀਤਾ।

## ਨੀਤਾ ਅੰਬਾਨੀ ਸਭ ਤੋਂ ਪ੍ਰਭਾਵਸ਼ਾਲੀ ਮਹਿਲਾ ਕਾਰੋਬਾਰੀ

**ਨਿਊ ਯਾਰਕ:** ਰਿਲਾਇੰਸ ਫਾਊਂਡੇਸ਼ਨ ਦੀ ਚੇਅਰਪਰਸਨ ਨੀਤਾ ਅੰਬਾਨੀ ਨੂੰ ਫੋਰਬਸ ਨੇ ਏਸ਼ੀਆ ਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਮਹਿਲਾ ਕਾਰੋਬਾਰੀ ਦੱਸਿਆ ਹੈ। ਖਿੱਤੇ ਦੀਆਂ 50 ਮੋਹਰੀ ਮਹਿਲਾ ਕਾਰੋਬਾਰੀਆਂ ਦੀ ਇਸ ਸੂਚੀ ਵਿਚ ਅੱਠ ਭਾਰਤੀ ਔਰਤਾਂ ਸ਼ਾਮਲ ਹਨ।



ਐਸ.ਬੀ.ਆਈ. ਦੀ ਚੇਅਰਪਰਸਨ ਤੇ ਮੈਨੇਜਿੰਗ ਡਾਇਰੈਕਟਰ ਅਰੁੰਧਤੀ ਭੱਟਾਚਾਰੀਆ ਨੂੰ ਸੂਚੀ ਵਿਚ ਦੂਜੀ ਥਾਂ ਮਿਲੀ ਹੈ। ਇਸ ਵਿਚ ਚੀਨ, ਇੰਡੋਨੇਸ਼ੀਆ, ਆਸਟਰੇਲੀਆ, ਵੀਅਤਨਾਮ, ਥਾਈਲੈਂਡ, ਹਾਂਗਕਾਂਗ, ਜਾਪਾਨ, ਸਿੰਗਾਪੁਰ, ਫਿਲਪੀਨ ਤੇ ਨਿਊਜ਼ੀਲੈਂਡ ਦੀਆਂ ਮਹਿਲਾ ਕਾਰੋਬਾਰੀਆਂ ਨੂੰ ਵੀ ਜਗ੍ਹਾ ਦਿੱਤੀ ਗਈ ਹੈ। ਭਾਰਤ ਦੀਆਂ ਜਿਨ੍ਹਾਂ ਹੋਰ ਛੇ ਮਹਿਲਾ ਕਾਰੋਬਾਰੀਆਂ ਨੂੰ ਸੂਚੀ ਵਿਚ ਸ਼ਾਮਲ ਕੀਤਾ ਗਿਆ, ਉਨ੍ਹਾਂ ਵਿਚ ਮੁ ਸਿਗਮਾ ਦੀ ਸੀਈਓ ਅੰਬਿਗਾ ਧੀਰਜ 14ਵੇਂ, ਵੇਲਸਪੰਨ ਇੰਡੀਆ ਦੀ ਸੀਈਓ ਦੀਪਾਲੀ ਗੋਇਨਕਾ 16ਵੇਂ, ਲੁਪਿਨ ਦੀ ਸੀ.ਈ.ਓ. ਵਿਨੀਤਾ ਗੁਪਤਾ 18ਵੇਂ, ਆਈ.ਸੀ.ਆਈ.ਸੀ.ਆਈ. ਬੈਂਕ ਦੀ ਮੈਨੇਜਿੰਗ ਡਾਇਰੈਕਟਰ ਤੇ ਸੀ.ਈ.ਓ. ਚੰਦਾ ਕੋਛੜ 22ਵੇਂ, ਵੀ.ਐਲ.ਸੀ.ਸੀ. ਹੈਲਥ ਕੇਅਰ ਦੀ ਬਾਨੀ ਤੇ ਉਪ ਚੇਅਰਮੈਨ ਵੰਦਨਾ ਲੂਥਰਾ 26ਵੇਂ ਅਤੇ ਬਾਇਓਕੋਨ ਦੀ ਬਾਨੀ, ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਕਿਰਨ ਮਜੂਮਦਾਰ ਸ਼ਾਹ 28ਵੇਂ ਸਥਾਨ ਉਤੇ ਰਹੀ।

ਫੋਰਬਸ ਨੇ ਵਪਾਰਕ ਸੰਸਾਰ ਵਿਚ ਔਰਤਾਂ ਦੀ ਚੜ੍ਹਤ ਦੀ ਸ਼ਲਾਘਾ ਕੀਤੀ, ਪਰ ਨਾਲ ਹੀ ਮੰਨਿਆ ਕਿ ਇਸ ਖੇਤਰ ਵਿਚ ਲਿੰਗਕ ਨਾਬਰਾਬਰੀ ਹੈ। ਫੋਰਬਸ ਨੇ ਨੀਤਾ ਅੰਬਾਨੀ ਨੂੰ 'ਭਾਰਤੀ ਵਪਾਰ ਦੀ ਪ੍ਰਥਮ ਮਹਿਲਾ' ਦੱਸਿਆ।

## ਸੁਖਪਾਲ ਸਿੰਘ ਖਹਿਰਾ 19 ਨੂੰ ਫਰਿਜ਼ਨੋ ਆਉਣਗੇ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ (ਪੰਜਾਬ) ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ 19 ਅਪਰੈਲ, ਮੰਗਲਵਾਰ ਨੂੰ ਸ਼ਾਮੀਂ 6 ਵਜੇ ਸਥਾਨਕ ਐਡੀਸਨ ਸੋਸ਼ਲ ਕਲੱਬ ਵਿਚ ਪੰਜਾਬੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨਗੇ




ਅਤੇ ਪਰਵਾਸੀ ਪੰਜਾਬੀਆਂ ਨੂੰ ਪਾਰਟੀ ਏਜੰਡੇ ਤੋਂ ਜਾਣੂ ਕਰਵਾਉਣਗੇ। ਜ਼ਿਕਰਯੋਗ ਹੈ ਕਿ ਸ. ਖਹਿਰਾ 14 ਅਪਰੈਲ ਤੋਂ ਪਹਿਲੀ ਮਈ ਤੱਕ ਅਮਰੀਕਾ ਫੇਰੀ 'ਤੇ ਆ ਰਹੇ ਹਨ।

ਫਰਿਜ਼ਨੋ ਜਲਸੇ ਦੀਆਂ ਤਿਆਰੀਆਂ ਸਬੰਧੀ ਆਮ ਆਦਮੀ ਪਾਰਟੀ (ਆਪ) ਦੇ ਵਲੰਟੀਅਰਾਂ ਦੀ ਇੱਕ ਮੀਟਿੰਗ ਸਥਾਨਕ ਇੰਡੀਆ ਓਵਨ ਰੈਸਟੋਰੈਂਟ ਵਿਚ ਹੋਈ। ਮੀਟਿੰਗ ਦੌਰਾਨ 'ਆਪ' ਫਰਿਜ਼ਨੋ ਇਕਾਈ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਸਾਨੂੰ ਆਸ ਹੈ ਕਿ ਲੋਕੀਂ ਵੱਡੀ ਗਿਣਤੀ ਵਿਚ ਪਹੁੰਚ ਕੇ ਆਪਣੇ ਮਹਿਬੂਬ ਲੀਡਰ ਦੇ ਵਿਚਾਰ ਸੁਣਨਗੇ। ਇਸੇ ਦੌਰਾਨ ਸਵਾਲ-ਜਵਾਬ ਦੇ ਦੌਰ ਦੌਰਾਨ ਉਹ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਨਸ਼ੇ ਵਿਚ ਡੁਬਦੇ ਜਾਂਦੇ ਪੰਜਾਬ ਨੂੰ ਬਚਾਉਣ ਲਈ ਵਿਚਾਰਾਂ ਕਰਨਗੇ। ਸ. ਬਾਗੜੀ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਇਸ ਸਮਾਗਮ ਵਿਚ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਪ੍ਰੋਗਰਾਮ ਲਈ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਫਰੀ ਪਾਰਕਿੰਗ ਦੇ ਨਾਲ ਨਾਲ ਜਿਥੇ ਚਾਹ ਪਕੌੜਿਆਂ ਦਾ ਪ੍ਰਬੰਧ ਹੋਵੇਗਾ ਉਥੇ ਸਭਨਾਂ ਲਈ ਲੰਗਰ ਵੀ ਅਟੁਟ ਵਰਤੇਗਾ।

ਹੋਰ ਜਾਣਕਾਰੀ ਗੁਰਨੇਕ ਸਿੰਘ ਬਾਗੜੀ (559-916-6953, ਅਮੋਲਕ ਸਿੰਘ ਸਿੱਧੂ (559-709-0089), ਸਤਵੰਤ ਵਿਰਕ (559-78-3361) ਜਾਂ ਜੰਗੀਰ ਸਿੰਘ ਗਿੱਲ (559-260-1240) ਪਾਸੋਂ ਲਈ ਜਾ ਸਕਦੀ ਹੈ।


A&J
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us
100%
SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


Need Water? Tired of waiting in Line?
Are you looking for a drilling company
to drill water well at your farm?
Hydrotech Solutions do best deep water drilling in
shortest time and no one can beat our price.
Hydrotech convert
pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street
in C21 at Ag Show
Hydrotech Solutions LLC

ਪੰਜਾਬ ਟਾਈਮਜ਼

# 16ਵੀਂ ਵਰ੍ਹੇਗੰਢ: ਤਸਵੀਰਾਂ ਦੀ ਜ਼ੁਬਾਨੀ

ਪੰਜਾਬ ਟਾਈਮਜ਼












































ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ

# ਸ. ਸੁਖਪਾਲ ਸਿੰਘ ਖਹਿਰਾ

## ਮੰਗਲਵਾਰ 19 ਅਪਰੈਲ 2016 ਨੂੰ ਫਰਿਜ਼ਨੋ ਪਹੁੰਚਣਗੇ




ਆਮ ਆਦਮੀ ਪਾਰਟੀ, ਪੰਜਾਬ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ 14 ਅਪਰੈਲ ਤੋਂ ਅਮਰੀਕਾ ਫੇਰੀ 'ਤੇ ਆ ਰਹੇ ਹਨ। ਇਸ ਫੇਰੀ ਦੌਰਾਨ 19 ਅਪਰੈਲ ਮੰਗਲਵਾਰ ਨੂੰ ਉਹ ਫਰਿਜ਼ਨੋ ਪਹੁੰਚ ਰਹੇ ਹਨ। ਉਨ੍ਹਾਂ ਦੀ ਇਸ ਫੇਰੀ ਸਮੇਂ ਇਕ ਜਲਸਾ ਸ਼ਾਮੀਂ 6 ਵਜੇ ਐਡੀਸਨ ਸੋਸ਼ਲ ਕਲੱਬ, ਫਰਿਜ਼ਨੋ ਵਿਚ ਰੱਖਿਆ ਗਿਆ ਹੈ। ਇਸ ਜਲਸੇ ਵਿਚ ਸ. ਖਹਿਰਾ ਆਮ ਆਦਮੀ ਪਾਰਟੀ ਦੇ ਮੈਨੀਫੈਸਟੋ ਬਾਰੇ ਵਿਚਾਰ-ਵਟਾਂਦਰਾ ਕਰਨਗੇ। ਆਪ ਸਭ ਪੰਜਾਬ ਹਿਤੈਸ਼ੀਆਂ ਨੂੰ ਬੇਨਤੀ ਹੈ ਕਿ ਜਲਸੇ ਵਿਚ ਸ. ਖਹਿਰਾ ਦੇ ਵਿਚਾਰ ਸੁਣਨ ਲਈ ਹੁਮ ਹੁਮਾ ਕੇ ਪਹੁੰਚੋ ਜੀ।




**ADDRESS: EDISON SOCIAL CLUB 3325 W CLINTON AVE. FRESNO. CA 93722**

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਨੇਕ ਸਿੰਘ ਬਾਗੜੀ (559) 916-6953 ਅਮੋਲਕ ਸਿੰਘ ਸਿੱਧੂ (559) 709-0089
ਸਤਵੰਤ ਸਿੰਘ ਵਿਰਕ (559) 978-3361 ਜੰਗੀਰ ਸਿੰਘ ਗਿੱਲ (559) 260-1240

Street Crossing- Clinton & Marks near park. Directions-HWY 99 EXIT CLINTON AVE GO 1 MILE WEST ON CLINTON AVE CROSS MARKS LOOK ON LEFT HAND SIDE. ਖੱਬੇ ਹੱਥ ਨੀਲੇ ਰੰਗ ਦੀ ਬਿਲਡਿੰਗ, ਫਰੀ ਪਾਰਕਿੰਗ ਅਤੇ ਲੰਗਰ ਅਤੁੱਟ ਵਰਤੇਗਾ।

**ਮੀਡੀਆ ਸਪਾਂਸਰ : ਨੀਟਾ ਮਾਛੀਕੇ ਅਤੇ ਕੁਲਵੰਤ ਉਭੀ ਧਾਲੀਆਂ**



# ਸਾਹਿਤ ਦੀ ਸਰਪ੍ਰਸਤੀ

## ਢਾਹਾਂ ਕੌਮਾਂਤਰੀ ਇਨਾਮ ਦੀ ਗਾਥਾ

ਕਲਾ ਪਰਿਕਰਮਾ

ਜਗਜੀਤ ਸਿੰਘ ਸੇਖੋਂ

ਅੱਧੀ ਸਦੀ ਪਹਿਲਾਂ 10 ਕੁ ਵਰ੍ਹਿਆਂ ਦਾ ਬਰਜਿੰਦਰ ਸਿੰਘ ਜਦੋਂ ਆਪਣੇ ਪਿਤਾ ਬੁੱਧ ਸਿੰਘ ਢਾਹਾਂ ਨਾਲ ਕੈਨੇਡਾ ਦੀ ਧਰਤੀ ਉਤੇ ਪੁੱਜਾ ਸੀ, ਤਾਂ ਉਸ ਦੇ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਉਹ ਕਦੀ ਆਪਣੀ ਮਾਂ-ਬੋਲੀ ਨੂੰ ਇੰਝ ਘੁੱਟ ਕੇ ਮੁੜ ਗਲਵੱਕੜੀ ਪਾਏਗਾ! ਦੋ ਸਾਲ ਪਹਿਲਾਂ ਬਰਜਿੰਦਰ ਸਿੰਘ ਜੋ ਹੁਣ ਕੈਨੇਡਾ ਵਿਚ ਬਾਰਜ ਢਾਹਾਂ ਵਜੋਂ ਸਫਲ ਕਾਰੋਬਾਰੀ ਵਜੋਂ ਆਪਣਾ ਡੰਕਾ ਵਜਾ ਚੁੱਕਾ ਹੈ, ਨੇ ਆਪਣੀ ਮਾਂ-ਬੋਲੀ ਅਤੇ ਪੰਜਾਬੀ ਸਾਹਿਤ ਜਗਤ ਲਈ ਬਹੁਤ ਉਚੀ ਉਡਾਣ ਭਰੀ ਹੈ। ਉਸ ਨੇ ਕੌਮਾਂਤਰੀ ਪੱਧਰ ਦਾ ਅਜਿਹਾ ਇਨਾਮ ਆਰੰਭ ਕੀਤਾ ਹੈ ਜੋ ਸਮੁੱਚੇ ਸੰਸਾਰ ਦੇ ਪੰਜਾਬੀਆਂ ਨੂੰ ਆਪਣੇ ਕਲਾਵੇ ਵਿਚ ਲੈ ਰਿਹਾ ਹੈ। ਆਪਣੇ ਪਿੰਡ ਢਾਹਾਂ ਦੇ ਨਾਂ ਉਤੇ ਉਹਨੇ ਕੌਮਾਂਤਰੀ ਪੱਧਰ ਦੇ ਇਸ ਸਾਹਿਤ ਇਨਾਮ ਦਾ ਨਾਂ ਰੱਖਿਆ ਹੈ।



ਕੈਨੇਡੀਅਨ ਕਾਰੋਬਾਰੀ ਬਾਰਜ ਢਾਹਾਂ ਜਿਨ੍ਹਾਂ ਢਾਹਾਂ ਇਨਾਮ ਸ਼ੁਰੂ ਕੀਤਾ।

ਬਾਰਜ ਢਾਹਾਂ ਦੇ ਪਿਤਾ ਬੁੱਧ ਸਿੰਘ ਢਾਹਾਂ 1967 ਵਿਚ ਕੈਨੇਡਾ ਪੁੱਜੇ ਸਨ ਅਤੇ ਉਨ੍ਹਾਂ ਨੇ 1980ਵਿਆਂ ਵਿਚ ਪੰਜਾਬ ਪੁੱਜ ਕੇ ਕੈਨੇਡਾ ਵਾਲੀਆਂ ਸਿਹਤ ਸਹੂਲਤਾਂ ਪੰਜਾਬ ਦੇ ਪੇਂਡੂ ਖੇਤਰ ਵਿਚ ਸ਼ੁਰੂ ਕਰਨ ਦਾ ਤਹੱਈਆ ਕੀਤਾ ਸੀ। ਇਸੇ ਮਨਸ਼ੇ ਨਾਲ ਉਨ੍ਹਾਂ ਆਪਣੇ ਪਿੰਡ ਢਾਹਾਂ ਵਿਚ ਚੈਰੀਟੇਬਲ ਹਸਪਤਾਲ ਸ਼ੁਰੂ ਕੀਤਾ। ਹੁਣ ਇਹ ਸੰਸਥਾ ਨਰਸਿੰਗ ਦੇ ਖੇਤਰ ਵਿਚ ਵੀ ਅਹਿਮ ਭੂਮਿਕਾ ਨਿਭਾਅ ਰਹੀ ਹੈ। ਇਸ ਨੇ ਪੇਂਡੂ ਅਵਾਮ ਨੂੰ ਨਵੇਂ ਦਿਸਹੱਦੇ ਦਿਖਾਏ ਹਨ ਅਤੇ ਇਲਾਕੇ ਵਿਚ ਨਵੀਆਂ ਪੈੜਾਂ ਪਾਈਆਂ ਹਨ। ਆਪਣੇ ਪਿਤਾ ਦੇ ਨਕਸ਼-ਏ-ਕਦਮ ਉਤੇ ਚੱਲਦਿਆਂ ਬਾਰਜ ਢਾਹਾਂ ਨੇ 2011 ਵਿਚ ਕੌਮਾਂਤਰੀ ਸਾਹਿਤ ਇਨਾਮ ਬਾਰੇ ਸੋਚਿਆ। ਇਹ ਇਨਾਮ ਸਾਲ 2014 ਤੋਂ ਆਰੰਭ ਹੋ ਚੁੱਕਾ ਹੈ। ਇਹ ਇਨਾਮ ਪੰਜਾਬੀ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਲਈ ਦਿੱਤਾ ਜਾਂਦਾ ਹੈ। ਪਹਿਲਾ ਇਨਾਮ 25 ਹਜ਼ਾਰ ਕੈਨੇਡੀਅਨ ਡਾਲਰ ਰੱਖਿਆ ਗਿਆ ਹੈ। ਦੂਜੇ ਦੋ ਇਨਾਮ ਰੱਖੇ ਗਏ ਹਨ ਅਤੇ ਇਨ੍ਹਾਂ ਲਈ 5-5 ਹਜ਼ਾਰ ਕੈਨੇਡੀਅਨ ਡਾਲਰ ਮੁਕੱਰਰ ਕੀਤੇ ਗਏ ਹਨ। ਇਹ ਇਨਾਮ ਗੁਰਮੁਖੀ ਅਤੇ ਸ਼ਾਹਮੁਖੀ ਲਿਪੀਆਂ ਵਿਚ ਛਪਦੀਆਂ ਪੰਜਾਬੀ ਰਚਨਾਵਾਂ ਨੂੰ ਦਿੱਤਾ ਜਾਂਦਾ ਹੈ। ਬਾਕਾਇਦਾ ਪ੍ਰਬੰਧ ਕੀਤਾ ਗਿਆ ਹੈ ਕਿ ਇਨਾਮ ਲਈ ਗੁਰਮੁਖੀ ਅਤੇ ਸ਼ਾਹਮੁਖੀ ਦੀ ਘੱਟੋ-ਘੱਟ ਇਕ ਕਿਤਾਬ ਜ਼ਰੂਰ ਚੁਣੀ ਜਾਵੇ। ਇਸ ਇਨਾਮ ਉਤੇ ਸਾਲਾਨਾ ਇਕ ਲੱਖ ਡਾਲਰ ਦਾ ਖਰਚ ਆ ਰਿਹਾ ਹੈ। ਬਾਰਜ ਢਾਹਾਂ ਇਸ ਪ੍ਰਸੰਗ ਵਿਚ ਕੈਨੇਡਾ ਦੇ ਗਿਲਰ ਇਨਾਮ ਦਾ ਉਚੇਚਾ ਜ਼ਿਕਰ ਕਰਦੇ ਹਨ ਜਿਹੜਾ ਸਾਹਿਤ ਦੇ ਖੇਤਰ ਵਿਚ ਹੁਣ ਸੰਸਾਰ ਪੱਧਰ 'ਤੇ ਨਾਮਣਾ ਖੱਟ ਚੁੱਕਾ ਹੈ। ਉਹ ਚਾਹੁੰਦੇ ਹਨ ਕਿ ਪੰਜਾਬੀ ਦੀ ਚਰਚਾ ਵੀ ਇਸੇ ਪੱਧਰ 'ਤੇ ਹੋਵੇ। ਇਹ ਇਨਾਮ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਏਸ਼ੀਅਨ ਅਧਿਐਨ ਵਿਭਾਗ ਦੇ ਸਹਿਯੋਗ ਨਾਲ ਆਰੰਭ ਹੋਇਆ ਹੈ।

ਇਸ ਇਨਾਮ ਲਈ ਚੋਣ ਕਰਨ ਵਾਲੀ ਜਿਊਰੀ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਇਨਾਮ ਬਾਰੇ ਬਣਾਈ ਸਲਾਹਕਾਰ ਕਮੇਟੀ ਪਹਿਲਾਂ ਗੁਰਮੁਖੀ ਅਤੇ ਸ਼ਾਹਮੁਖੀ ਲਈ ਦੋ ਜਿਊਰੀਆਂ ਬਣਾਉਂਦੀ ਹੈ। ਇਹ ਜਿਊਰੀਆਂ ਆਪੋ-ਆਪਣੀ ਰਾਏ ਮੁਤਾਬਕ ਕਿਤਾਬਾਂ ਛਾਂਟਦੀਆਂ ਹਨ ਜੋ ਅਗਾਂਹ ਵਿਚਾਰ ਹਿਤ ਕੇਂਦਰੀ ਜਿਊਰੀ ਕੋਲ ਜਾਂਦੀਆਂ ਹਨ। ਫਿਰ ਇਹ ਕੇਂਦਰੀ ਜਿਊਰੀ ਹੀ ਅੰਤਿਮ ਫੈਸਲਾ ਕਰਦੀ ਹੈ। ਜਿਊਰੀ ਵਿਚ ਕੌਣ-ਕੌਣ ਹਨ, ਇਨਾਮ ਦੇ ਐਲਾਨ ਤੋਂ ਬਾਅਦ ਹੀ ਪਤਾ ਲੱਗਦਾ ਹੈ। ਮਕਸਦ ਉਮਦਾ ਰਚਨਾ ਨੂੰ ਇਨਾਮ ਨਾਲ ਨਿਵਾਜਣਾ ਅਤੇ ਉਤਮ ਸਾਹਿਤ ਦੀ ਸਹੀ ਸਰਪ੍ਰਸਤੀ ਕਰਨਾ ਹੈ।



ਕੈਨੇਡੀਅਨ ਲੇਖਕਾ ਸ਼ੌਨਾ ਸਿੰਘ ਬਾਲਡਵਿਨ (ਵਿਚਕਾਰ) ਨਾਲ ਬਾਰਜ ਢਾਹਾਂ।

THE DHAHAN PRIZE For Punjabi Literature

ਢਾਹਾਂ ਸਾਹਿਤ ਇਨਾਮ

ڈھاہاں ساہت انعام

ਕੌਮਾਂਤਰੀ ਪੱਧਰ ਦੇ ਢਾਹਾਂ ਸਾਹਿਤ ਇਨਾਮ ਦਾ ਲੋਗੋ।

### ਪਿੰਡ ਅਤੇ ਪੰਜਾਬੀ ਦੀ ਮਹਿਮਾ

*ਬਾਰਜ ਢਾਹਾਂ ਨੇ ਇਨਾਮ ਦਾ ਨਾਂ ਆਪਣੇ ਪਿੰਡ ਦੇ ਨਾਂ ਉਤੇ ਰੱਖਿਆ ਹੈ। ਉਨ੍ਹਾਂ ਦਾ ਦਾਈਆ ਇਹੀ ਹੈ ਕਿ ਸੰਸਾਰ ਦੇ ਕਿਸੇ ਵੀ ਖਿੱਤੇ ਵਿਚ ਵੱਸਦੇ ਪੰਜਾਬੀ ਨੂੰ ਸਾਹਿਤ ਰਾਹੀਂ ਇਕ ਕੜੀ ਵਿਚ ਪਰੋਣਾ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਪਹਿਲੀ ਪੂਣੀ ਕੱਤ ਲਈ ਹੈ ਅਤੇ ਉਨ੍ਹਾਂ ਦੇ ਇਸ ਉੱਦਮ ਨੂੰ ਖੂਬ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦਾ ਸੁਫਨਾ ਹੈ ਕਿ ਪੰਜਾਬੀ ਸੰਸਾਰ ਭਰ ਵਿਚ ਆਪਣੀ ਹੋਂਦ ਜ਼ਾਹਿਰ ਕਰੇ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਅਪਰੈਲ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-217



*ਲਫ ਗਈ ਧੰਨੋ ਪਰ ਸੁੱਚਾ ਸਿਹੁੰ ਲੱਗਦਾ ਹਾਲੇ ਚੰਗਾ।*
*ਉਮਰਾਂ ਨਾਲੋਂ ਵਾਟਾਂ ਲੰਬੀਆਂ, ਕੀ ਕਰ ਲਏਗਾ ਬੰਦਾ!*
*ਹਫੀਆਂ ਜਿੰਦਾਂ ਡਾਂਗ ਸਹਾਰੇ ਖਿੱਚੀ ਜਾਣ ਬੁਢਾਪਾ।*
*ਦੋ ਡੋਲੂ, ਇਕ ਹੱਥ ਵਿਚ ਝੋਲਾ, ਮੁੱਕਦਾ ਨਹੀਂ ਸਿਆਪਾ।*

## ਕੈਪਸ਼ਨ ਮੁਕਾਬਲਾ-215



ਜੱਗ ਦੇ ਥੱਲੇ ਕੱਢ ਕੇ ਗਲੀਆਂ
ਕੈਮਰਾ ਲਿਆ ਬਣਾ।
ਤਿੰਨ ਟੰਗੀ ਦਾ ਜੁਗਾੜ ਬਣਾ ਕੇ
ਉਪਰ ਲਿਆ ਟਿਕਾ।
ਕਾਗਜ਼ ਪੱਤਰ ਇੱਕ ਹੱਥ ਫੜ ਕੇ
ਲਿਆ ਕੰਨ 'ਤੇ ਪੈਨ ਫਸਾ।
ਕਰਕੇ ਪੂਰੀ ਤਿਆਰੀ ਆਪਾਂ
ਨਿਗਾਹ ਲਈ ਟਿਕਾ।
ਜੇਕਰ ਸਾਡੇ ਸੂਤ ਆ ਗਿਆ
ਦਿਆਂਗੇ ਧੂਮ ਮਚਾ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

ਜਨਮਿਆ ਗਰੀਬ ਹੈ
ਪਰ ਸੋਚ ਅਮੀਰ ਹੈ।
ਹੈ ਪਾਰਖੂ, ਕਲਾਤਮਿਕ ਚਿਹਰਾ
ਨਹੀਂ ਲੋੜ ਨਕਟਾਈ,
ਸੂਟ-ਬੂਟ ਦੀ।
ਫੜ੍ਹ ਹੱਥ ਬੋਰਡ
ਫਸਾ ਪੈਨਸਲ ਕੰਨ 'ਚ,
ਲੱਗੇ ਜਿਵੇਂ ਓਵਰਸੀਅਰ।
ਤੂਤ ਦੇ ਦੋ ਮੋਛੇ ਲੈ ਕੇ
ਫਿੱਟ ਕਰ ਦਿੱਤਾ ਕੈਮਰਾ ਉਤੇ।
ਬਣਾ ਦਿੱਤੀ ਚੱਲਦੀ ਫਿਰਦੀ ਟਾਕੀ,
ਜਰੂਰਤ ਨਹੀਂ ਸਿਨਮਾ ਘਰ ਦੀ,
ਦੇਖੋਂਗੇ ਖੁੱਲ੍ਹੇ ਆਕਾਸ਼ ਥੱਲੇ।

*-ਦਰਸ਼ਨਪਾਲ ਦੋਸਾਂਝ*

---

ਨਾ ਡਿਗਰੀ ਨਾ ਡਿਪਲੋਮਾ ਕੋਈ
ਫਿਰ ਵੀ ਐਸਟੀਮੇਟ ਤਾਂ ਲਾਵਾਂਗੇ।
ਸੜਕ ਸਿੱਧੀ ਭਾਵੇਂ ਜਾਏ ਨਾ ਜਾਏ
ਕਾਗਜ਼ਾਂ ਵਿਚ ਪੁੱਲ ਤਾਂ ਬਣਾਵਾਂਗੇ।
ਪੜ੍ਹਨ ਲਿਖਣੋਂ ਤਾ ਰਹਿ ਗਏ ਪਿੱਛੇ
ਨਕਲ ਇੰਜੀਨੀਅਰ ਦੀ ਲਾਵਾਂਗੇ।
ਕੈਮਰਾ ਭਾਵੇਂ ਨਕਲੀ ਚੱਲੇ ਨਾ ਚੱਲੇ
ਪਰ ਖਿਆਲੀ ਦ੍ਰਿਸ਼ ਤਾਂ ਬਣਾਵਾਂਗੇ।
ਸੜਕਾਂ ਤਾਂ ਖਾ ਗਏ ਮੰਤਰੀ ਸੰਤਰੀ
ਪੈਦਲ ਚੱਪਲਾਂ ਪਾ ਤੁਰਦੇ ਜਾਵਾਂਗੇ।

*-ਸਤਵਿੰਦਰ ਥਾਂਦੀ ਦੌਲਤਪੁਰੀਆ।*

# ਭਾਰਤੀਆਂ ਨੇ ਅਮਰੀਕਾ ਵਿਚ ਵਿਛਾਇਆ ਜਾਅਲੀ ਵੀਜ਼ੇ ਦਾ ਜਾਲ

**ਵਾਸ਼ਿੰਗਟਨ:** ਅਮਰੀਕਾ ਦੀ ਪੁਲਿਸ ਨੇ ਦੇਸ਼ ਵਿਚ ਚੱਲ ਰਹੇ ਵੀਜ਼ਾ ਧੋਖਾਧੜੀ ਦੇ ਮਾਮਲੇ ਵਿਚ ਭਾਰਤੀ ਮੂਲ ਦੇ 10 ਅਮਰੀਕੀ ਨਾਗਰਿਕਾਂ ਸਮੇਤ 21 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਬਕਾਇਦਾ ਸਟਿੰਗ ਅਪ੍ਰੇਸ਼ਨ ਵੀ ਕੀਤਾ ਗਿਆ ਜਿਸ ਵਿਚ ਇਹ ਸਾਰੇ ਲੋਕ ਫਸ ਗਏ। ਅਮਰੀਕੀ ਪੁਲਿਸ ਅਨੁਸਾਰ ਜਾਅਲੀ ਯੂਨੀਵਰਸਿਟੀ ਬਣਾ ਕੇ ਇਹ ਲੋਕ ਵਿਦਿਆਰਥੀ ਤੇ ਵਰਕ ਵੀਜ਼ਾ ਵੇਚਦੇ ਸਨ।

ਹੁਣ ਤੱਕ ਇਨ੍ਹਾਂ ਨੇ 1000 ਵਿਦੇਸ਼ੀਆਂ ਨੂੰ ਵੀਜ਼ਾ ਜਾਰੀ ਕਰ ਕੇ ਅਮਰੀਕਾ ਬੁਲਾਇਆ ਵੀ ਹੈ। ਨਿਊਜਰਸੀ ਦੇ ਅਟਾਰਨੀ ਪਾਲ ਜੇ ਫਿਸ਼ਮੈਨ ਨੇ ਦੱਸਿਆ ਕਿ ਇਸ ਲਈ ਦੇਸ਼ ਵਿਆਪੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਖਾਸ ਤੌਰ ਉਤੇ ਨਿਊ ਯਾਰਕ, ਨਿਊਜਰਸੀ, ਵਾਸ਼ਿੰਗਟਨ ਤੇ ਵਰਜੀਨੀਆ ਵਿਚ ਪੁਲਿਸ ਨੇ ਸਬੂਤ ਇਕੱਠੇ ਕਰਨ ਤੋਂ ਬਾਅਦ 21 ਵਿਅਕਤੀਆਂ ਨੂੰ ਇਨ੍ਹਾਂ ਥਾਂਵਾਂ ਤੋਂ ਗ੍ਰਿਫਤਾਰ ਕਰ ਲਿਆ। ਅਮਰੀਕੀ ਪੁਲਿਸ ਨੇ ਜਾਅਲੀ ਵੀਜ਼ੇ ਦੇ ਇਸ ਘੁਟਾਲੇ ਤੋਂ ਪਰਦਾ ਚੁੱਕਣ ਲਈ ਬਕਾਇਦਾ ਇਨ੍ਹਾਂ ਲੋਕਾਂ ਦਾ ਸਟਿੰਗ ਅਪ੍ਰੇਸ਼ਨ ਵੀ ਕੀਤਾ।




ਗ੍ਰਿਫਤਾਰ ਕੀਤੇ ਗਏ ਭਾਰਤੀਆਂ ਦੇ ਨਾਂਅ ਤੇਜਸ ਕੋਠਾਲੀ, ਜਯੋਤੀ ਪਟੇਲ, ਸਹਿਜਦੀ ਪ੍ਰਵੀਨ, ਨਰਿੰਦਰ ਸਿੰਘ, ਸੰਜੀਵ ਸੁਖੀਜਾ, ਹਰਪ੍ਰੀਤ ਸਚਦੇਵਾ, ਅਵਿਨਾਸ਼ ਸ਼ੰਕਰ, ਕਾਰਤਿਕ ਨਿਮਾਲਾ, ਗੋਵਰਧਨ ਦੇਵਾਸਰਾਥੀ ਤੇ ਸਈਦ ਕਾਸਿਮ ਅੱਬਾਸ ਹਨ। ਇਹ ਲੋਕ ਵਿਦੇਸ਼ੀ ਜਿਨ੍ਹਾਂ ਵਿਚ ਬਹੁਗਿਣਤੀ ਭਾਰਤੀ ਵਿਦਿਆਰਥੀ ਸਨ, ਤੋਂ ਲੱਖਾਂ ਰੁਪਏ ਲੈ ਕੇ ਵੀਜ਼ਾ ਦਿੰਦੇ ਸਨ। ਇਸ ਗਰੋਹ ਦੇ ਫੜੇ ਜਾਣ ਤੋਂ ਬਾਅਦ ਉਨ੍ਹਾਂ ਵਿਦਿਆਰਥੀਆਂ ਦੇ ਭਵਿੱਖ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਜੋ ਲੱਖਾਂ ਰੁਪਏ ਲਾ ਕੇ ਅਮਰੀਕਾ ਆਏ ਸਨ।

### ਐਚ-1ਬੀ ਵੀਜ਼ੇ ਲਈ ਭਾਰਤੀਆਂ ਨੇ ਤੋੜੇ ਰਿਕਾਰਡ

**ਵਾਸ਼ਿੰਗਟਨ:** ਐਚ-1ਬੀ ਵੀਜ਼ਾ ਲੈਣ ਲਈ ਸਭ ਤੋਂ ਵੱਧ ਭਾਰਤੀ ਕੰਪਨੀਆਂ ਨੇ ਅਪਲਾਈ ਕੀਤਾ ਹੈ। ਅਮਰੀਕਾ ਦੇ ਸਿਟੀਜ਼ਨ ਤੇ ਇਮੀਗ੍ਰੇਸ਼ਨ ਸਰਵਿਸ ਵੱਲੋਂ ਜਾਰੀ ਜਾਣਕਾਰੀ ਮੁਤਾਬਕ ਐਚ-1ਬੀ ਵੀਜ਼ਾ ਅਪਲਾਈ ਕਰਨ ਵਾਲੀਆਂ ਕੰਪਨੀਆਂ ਭਾਰਤ ਦੀਆਂ ਹਨ ਜਾਂ ਭਾਰਤ ਨਾਲ ਜੁੜੀਆਂ ਹੋਈਆਂ ਹਨ। ਸਿਟੀਜ਼ਨ ਵਿਭਾਗ ਮੁਤਾਬਕ ਐਚ-1ਬੀ ਵੀਜ਼ੇ ਦੀ ਜਨਰਲ ਕੈਟਾਗਰੀ ਤਹਿਤ ਉਸ ਨੂੰ ਢਾਈ ਲੱਖ ਅਰਜ਼ੀਆਂ ਮਿਲੀਆਂ ਹਨ। ਇਸ ਤੋਂ ਇਲਾਵਾ 20 ਹਜ਼ਾਰ ਅਰਜ਼ੀਆਂ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਦੀਆਂ ਹਨ, ਜਿਨ੍ਹਾਂ ਨੇ ਆਪਣੀ ਪੜ੍ਹਾਈ ਅਮਰੀਕਾ ਵਿਚ ਪੂਰੀ ਕੀਤੀ ਹੈ। ਇਕ ਅਪਰੈਲ ਤੋਂ ਸ਼ੁਰੂ ਹੋਏ ਐਚ-1ਬੀ ਵੀਜ਼ਾ ਕੈਟਾਗਰੀ ਲਈ ਹੁਣ ਤੱਕ ਕਿੰਨੇ ਲੋਕਾਂ ਨੇ ਅਪਲਾਈ ਕੀਤਾ ਹੈ, ਇਸ ਦਾ ਵੇਰਵਾ ਵਿਭਾਗ ਵੱਲੋਂ ਜਾਰੀ ਨਹੀਂ ਕੀਤਾ ਗਿਆ, ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਵੀਜ਼ਾ ਅਰਜ਼ੀਆਂ 2017 ਲਈ ਹਨ। ਅਰਜ਼ੀਆਂ ਦੇਣ ਵਾਲੇ ਲੋਕਾਂ ਦਾ ਡਰਾਅ ਕੰਪਿਊਟਰ ਰਾਹੀਂ ਕੱਢਿਆ ਜਾਵੇਗਾ। ਅਮਰੀਕਨ ਇਮੀਗ੍ਰੇਸ਼ਨ ਸੰਗਠਨ ਦੇ ਪ੍ਰਧਾਨ ਬਿਲ ਸਟਾਕ ਮੁਤਾਬਕ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਲੋਕਾਂ ਵੱਲੋਂ ਇਸ ਕੈਟਾਗਰੀ ਤਹਿਤ ਵੀਜ਼ਾ ਅਪਲਾਈ ਕਰਨ ਦੀ ਉਮੀਦ ਹੈ। ਐਚ-1ਬੀ ਵੀਜ਼ੇ ਭਾਰਤੀ ਨੌਜਵਾਨਾਂ ਵਿਚ ਕਾਫੀ ਪ੍ਰਚਲਿਤ ਹੈ ਕਿਉਂਕਿ ਵੀਜ਼ੇ ਦੀ ਇਸ ਸ਼੍ਰੇਣੀ ਰਾਹੀਂ ਉਨ੍ਹਾਂ ਨੂੰ ਅਮਰੀਕਾ ਵਿਚ ਕੰਮ ਕਰਨ ਤੇ ਰਹਿਣ ਦੀ ਆਗਿਆ ਮਿਲਦੀ ਹੈ। ਪਿਛਲੇ ਦਿਨੀਂ ਵੀਜ਼ੇ ਦੀ ਇਸ ਸ਼੍ਰੇਣੀ ਨੂੰ ਲੈ ਕੇ ਕਾਫੀ ਵਿਵਾਦ ਵੀ ਹੋਇਆ ਸੀ। ਰਾਸ਼ਟਰਪਤੀ ਅਹੁਦੇ ਦੀ ਚੋਣ ਵਿਚ ਅੱਗੇ ਚੱਲ ਰਹੇ ਡੋਨਲਡ ਟ੍ਰੰਪ ਨੇ ਇਸ ਨੂੰ ਬੰਦ ਕਰਨ ਦਾ ਬਿਆਨ ਵੀ ਦਿੱਤਾ ਸੀ।

## ਮੁਸ਼ੱਰਫ ਵਿਰੁਧ ਗੈਰ ਜ਼ਮਾਨਤੀ ਵਾਰੰਟ

**ਇਸਲਾਮਾਬਾਦ:** ਪਾਕਿਸਤਾਨ ਦੀ ਅਤਿਵਾਦ ਵਿਰੋਧੀ ਅਦਾਲਤ (ਏ.ਟੀ.ਸੀ.) ਨੇ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ (72) ਵਿਰੁਧ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। 2007 ਵਿਚ ਜੱਜਾਂ ਨੂੰ ਬੰਦੀ ਬਣਾਏ ਜਾਣ ਦੇ ਮਾਮਲੇ 'ਚ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਇਹ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਇਲਾਜ ਲਈ ਪਿਛਲੇ ਮਹੀਨੇ ਦੁਬਈ ਗਏ ਹੋਣ ਕਰ ਕੇ ਮੁਸ਼ੱਰਫ ਅਦਾਲਤ 'ਚ ਹਾਜ਼ਰ ਨਹੀਂ ਹੋਏ ਸਨ।



ਏ.ਟੀ.ਸੀ. ਦੇ ਜੱਜ ਸੋਹੇਲ ਇਕਰਾਮ ਨੇ ਮੁਸ਼ੱਰਫ ਦੀ ਗੈਰ ਹਾਜ਼ਰੀ 'ਤੇ ਨਾਖੁਸ਼ੀ ਜ਼ਾਹਰ ਕੀਤੀ ਅਤੇ ਕਿਹਾ ਕਿ ਵਿਦੇਸ਼ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਅਦਾਲਤ ਤੋਂ ਇਜਾਜ਼ਤ ਲੈਣੀ ਚਾਹੀਦੀ ਸੀ। ਮੁਸ਼ੱਰਫ ਦੇ ਵਕੀਲ ਅਖ਼ਤਰ ਸ਼ਾਹ ਅਤੇ ਸਰਕਾਰੀ ਵਕੀਲ ਆਮਿਰ ਨਦੀਮ ਤਾਬਿਸ਼ ਨੇ ਦਲੀਲਾਂ ਦਿੱਤੀਆਂ ਕਿ ਉਸ ਨੂੰ ਸਰਕਾਰ ਨੇ ਬਾਹਰ ਜਾਣ ਦੀ ਮਨਜ਼ੂਰੀ ਦਿੱਤੀ ਹੈ ਪਰ ਅਦਾਲਤ ਇਸ ਤੋਂ ਸੰਤੁਸ਼ਟ ਨਹੀਂ ਹੋਈ। ਬਾਅਦ 'ਚ ਏ.ਟੀ.ਸੀ. ਦੇ ਜੱਜ ਨੇ ਮੁਸ਼ੱਰਫ ਖਿਲਾਫ ਗੈਰ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ।

ਇਨ੍ਹਾਂ ਹੁਕਮਾਂ ਦੀ ਤਾਮੀਲ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਪਹਿਲਾਂ ਵੀ ਕਈ ਮਾਮਲੇ ਸਾਹਮਣੇ ਆਏ ਹਨ ਜਦੋਂ ਮੁਸ਼ੱਰਫ ਸੁਰੱਖਿਆ ਤੇ ਸਿਹਤ ਠੀਕ ਨਾ ਹੋਣ ਦਾ ਹਵਾਲਾ ਦੇ ਕੇ ਅਦਾਲਤਾਂ ਤੋਂ ਬਚਦੇ ਰਹੇ ਹਨ।

## ਆਸਟਰੀਆ ਸਰਕਾਰ ਜ਼ਬਤ ਕਰੇਗੀ ਹਿਟਲਰ ਦੇ ਜਨਮ ਵਾਲੀ ਇਮਾਰਤ

**ਵੀਏਨਾ:** ਆਸਟਰੀਆ ਨੇ ਕਿਹਾ ਹੈ ਕਿ ਉਹ ਮੁਲਕ ਵਿਚ ਸਥਿਤ ਉਸ ਘਰ ਨੂੰ ਜ਼ਬਤ ਕਰਨ ਦਾ ਚਾਹਵਾਨ ਹੈ, ਜਿਥੇ ਨਾਜ਼ੀ ਤਾਨਾਸ਼ਾਹ ਐਡੋਲਫ ਹਿਟਲਰ ਦਾ ਜਨਮ ਹੋਇਆ ਸੀ। ਮੁਲਕ ਦੇ ਗ੍ਰਹਿ ਮੰਤਰਾਲੇ ਦੇ ਤਰਜਮਾਨ ਕਾਰਲ-ਹੀਨਜ਼ ਗਰੁੰਡਬੋਏਕ ਨੇ ਕਿਹਾ ਕਿ ਇਸ ਕਾਰਵਾਈ ਦਾ ਮਕਸਦ ਇਸ ਇਮਾਰਤ ਲਈ ਚੱਲ ਰਹੀ ਤਲਖ਼ ਕਾਨੂੰਨੀ ਲੜਾਈ ਨੂੰ ਖ਼ਤਮ ਕਰਨਾ ਅਤੇ ਇਮਾਰਤ ਨੂੰ ਨਵ-ਨਾਜ਼ੀਆਂ ਦਾ ਕੇਂਦਰ ਬਣਨ ਤੋਂ ਰੋਕਣਾ ਹੈ।



ਸ੍ਰੀ ਗਰੁੰਡਬੋਏਕ ਨੇ ਕਿਹਾ ਕਿ ਅਸੀਂ ਬੀਤੇ ਕੁਝ ਸਾਲਾਂ ਦੀ ਸਿਰ-ਖਪਾਈ ਤੋਂ ਬਾਅਦ ਇਸ ਸਿੱਟੇ ਉਤੇ ਪੁੱਜੇ ਹਾਂ ਕਿ ਇਮਾਰਤ ਨੂੰ ਨਾਜ਼ੀ ਸਰਗਰਮੀਆਂ ਲਈ ਵਰਤੇ ਜਾਣ ਤੋਂ ਰੋਕਣ ਦਾ ਇਕੋ-ਇਕ ਤਰੀਕਾ ਇਸ ਨੂੰ ਜ਼ਬਤ ਕਰਨਾ ਹੀ ਹੈ। ਉਨ੍ਹਾਂ ਕਿਹਾ ਕਿ ਇਮਾਰਤ ਨੂੰ ਸਰਕਾਰੀ ਕਬਜ਼ੇ ਹੇਠ ਲੈਣ ਲਈ ਇਸ ਦੇ ਮੌਜੂਦਾ ਮਾਲਕ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਮੁਲਕ ਦੇ ਉੱਤਰੀ ਸ਼ਹਿਰ ਬਰਾਉਨਾਓ ਵਿਚ ਸਥਿਤ ਇਹ ਇਮਾਰਤ 2011 ਤੋਂ ਖਾਲੀ ਪਈ ਹੈ, ਜਦੋਂ ਸਰਕਾਰ ਦੀ ਇਮਾਰਤ ਦੇ ਮਾਲਕ ਤੇ ਮੁਕਾਮੀ ਵਸਨੀਕ ਜਰਲਾਇੰਡ ਪੋਮਰ ਦੀ ਕਾਨੂੰਨੀ ਲੜਾਈ ਸ਼ੁਰੂ ਹੋਈ ਸੀ। ਇਹ ਵਿਸ਼ਾਲ ਇਮਾਰਤ ਇਕ ਸਦੀ ਤੋਂ ਵੱਧ ਸਮੇਂ ਤੋਂ ਪੋਮਰ ਦੇ ਪਰਿਵਾਰ ਦੀ ਮਲਕੀਅਤ ਹੈ, ਜਿਥੇ 20 ਅਪਰੈਲ, 1889 ਨੂੰ ਹਿਟਲਰ ਦਾ ਜਨਮ ਹੋਇਆ ਸੀ। ਸਰਕਾਰ ਨੇ 1970ਵਿਆਂ ਵਿਚ ਇਮਾਰਤ ਨੂੰ ਲੀਜ਼ ਉਤੇ ਲੈ ਕੇ ਉਥੇ ਅਪਾਹਜਾਂ ਦਾ ਕੇਂਦਰ ਬਣਾਇਆ ਸੀ, ਪਰ ਪੰਜ ਸਾਲ ਪਹਿਲਾਂ ਇਮਾਰਤ ਦੀ ਜ਼ਰੂਰੀ ਮੁਰੰਮਤ ਦੀ ਪੋਮਰ ਵੱਲੋਂ ਅਚਾਨਕ ਇਜਾਜ਼ਤ ਨਾ ਦਿੱਤੇ ਜਾਣ ਕਾਰਨ ਇਸ ਬਾਰੇ ਕਾਨੂੰਨੀ ਲੜਾਈ ਚੱਲ ਰਹੀ ਹੈ। ਇਸ ਇਮਾਰਤ ਦੀ ਵਰਤੋਂ ਨੂੰ ਲੈ ਕੇ ਵੀ ਸ਼ਹਿਰ ਦੇ 17000 ਵਸਨੀਕਾਂ ਵਿਚ ਮਤਭੇਦ ਹਨ। ਇਮਾਰਤ ਦੇ ਨੇੜੇ ਹਰੇਕ ਸਾਲ ਹਿਟਲਰ ਦੇ ਜਨਮ ਦਿਨ ਮੌਕੇ ਨਾਜ਼ੀਵਾਦ ਵਿਰੋਧੀਆਂ ਵੱਲੋਂ ਮੁਜ਼ਾਹਰੇ ਕੀਤੇ ਜਾਂਦੇ ਹਨ। ਇਮਾਰਤ ਨੂੰ ਢਾਹੁਣ ਦੀ ਵੀ ਮੰਗ ਉਠਦੀ ਰਹੀ ਹੈ, ਪਰ ਸ਼ਹਿਰ ਦਾ ਇਤਿਹਾਸਕ ਕੇਂਦਰ ਹੋਣ ਕਾਰਨ ਇਮਾਰਤ ਨੂੰ ਵਿਰਾਸਤੀ ਸੁਰੱਖਿਆ ਹਾਸਲ ਹੈ।

## ਜਿਸਤ-ਟਾਂਕ ਦੇ ਦੂਜੇ ਪੜਾਅ ਵਿਚ ਕੇਜਰੀਵਾਲ ਵੱਲ ਜੁੱਤੀ ਸੁੱਟੀ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਿਸਤ-ਟਾਂਕ ਯੋਜਨਾ ਦੇ ਦੂਜੇ ਪੜਾਅ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦੇ ਰਹੇ ਸਨ ਤਾਂ ਇਕ ਨੌਜਵਾਨ ਨੇ ਉਨ੍ਹਾਂ ਵੱਲ ਜੁੱਤੀ ਸੁੱਟ ਦਿੱਤਾ। ਜੁੱਤੀ ਸੁੱਟਣ ਵਾਲੇ ਨੌਜਵਾਨ ਵੇਦ ਪ੍ਰਕਾਸ਼ ਨੇ ਆਪਣੇ ਆਪ ਨੂੰ ਆਮ ਆਦਮੀ ਸੈਨਾ ਦਾ ਕਾਰਕੁਨ ਦੱਸਿਆ ਹੈ।



ਇਹ ਨੌਜਵਾਨ ਸ੍ਰੀ ਕੇਜਰੀਵਾਲ ਤੋਂ ਦਿੱਲੀ ਵਿਚ ਸੀ.ਐਨ.ਜੀ. ਦੇ ਸਟਿੱਕਰ ਵੇਚੇ ਜਾਣ ਬਾਰੇ ਬੀਤੇ ਦਿਨੀਂ ਕੀਤੇ ਗਏ 'ਸਟਿੰਗ' ਦੀ ਸ਼ਿਕਾਇਤ ਬਾਰੇ ਪੁੱਛਣਾ ਚਾਹੁੰਦਾ ਸੀ। ਸਕੱਤਰੇਤ ਦੇ ਕਾਨਫਰੰਸ ਹਾਲ ਵਿਚ ਪੱਤਰਕਾਰਾਂ ਦੀ ਭੀੜ ਸਾਹਮਣੇ ਪਹਿਲਾਂ ਵੇਦ ਪ੍ਰਕਾਸ਼ ਨੇ ਦੋ ਸੀਡੀਜ਼ ਕੇਜਰੀਵਾਲ ਵੱਲ ਸੁੱਟੀਆਂ ਅਤੇ ਉਸ ਵੱਲੋਂ ਕੀਤੇ ਗਏ ਸਟਿੰਗ ਬਾਰੇ ਸਰਕਾਰ ਤੋਂ ਪੁੱਛਣਾ ਚਾਹਿਆ। ਇਸੇ ਦੌਰਾਨ ਉਸ ਨੇ ਜੁੱਤਾ ਲਾਹ ਕੇ ਸ੍ਰੀ ਕੇਜਰੀਵਾਲ ਵੱਲ ਵਗਾਹ ਮਾਰਿਆ, ਜੋ ਮੰਚ ਸਾਹਮਣੇ ਬੈਠੇ ਫੋਟੋਗ੍ਰਾਫਰਾਂ ਉਪਰ ਜਾ ਡਿੱਗਾ। ਇਸ ਨੌਜਵਾਨ ਨੂੰ ਸੁਰੱਖਿਆ ਅਮਲੇ ਨੇ ਕਾਬੂ ਕਰ ਲਿਆ ਅਤੇ ਕੁਟਾਪਾ ਚਾੜ੍ਹਦੇ ਹੋਏ ਪ੍ਰੈਸ ਕਾਨਫਰੰਸ ਵਾਲੇ ਕਮਰੇ ਵਿਚੋਂ ਬਾਹਰ ਲੈ ਗਏ। ਮੁੱਖ ਮੰਤਰੀ ਨੇ ਸ਼ਾਂਤ ਰਹਿ ਕੇ ਕੁਝ ਸਵਾਲਾਂ ਦੇ ਜਵਾਬ ਦਿੱਤੇ ਅਤੇ ਫਿਰ ਚਲੇ ਗਏ

ਇਸ ਤੋਂ ਪਹਿਲਾਂ ਵੀ ਆਮ ਆਦਮੀ ਸੈਨਾ ਪੰਜਾਬ ਦੀ ਇੰਚਾਰਜ ਦੱਸਣ ਵਾਲੀ ਭਾਵਨਾ ਅਰੋੜਾ ਨੇ 18 ਜਨਵਰੀ, 2016 ਨੂੰ ਛਤਰਸਾਲ ਸਟੇਡੀਅਮ 'ਚ ਸ੍ਰੀ ਕੇਜਰੀਵਾਲ ਉਤੇ ਸਿਆਹੀ ਸੁੱਟ ਦਿੱਤੀ ਸੀ ਅਤੇ ਸੀ.ਐਨ.ਜੀ. ਘੋਟਾਲਾ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਸੀ।

# ਹੁਣ ਘਰ ਬੈਠੇ ਹੀ ਮਿਲ ਜਾਵੇਗਾ ਇੰਗਲੈਂਡ ਦਾ ਵੀਜ਼ਾ

## ਈ.ਡੀ. ਅੱਗੇ ਪੇਸ਼ ਨਾ ਹੋਇਆ ਮਾਲਿਆ

**ਨਵੀਂ ਦਿੱਲੀ:** ਦੇਸ਼ ਵਿਚੋਂ ਭੱਜਿਆ ਕਾਰੋਬਾਰੀ ਵਿਜੈ ਮਾਲਿਆ ਆਪਣੇ ਖ਼ਿਲਾਫ਼ ਜਾਂਚ ਦੇ ਸਿਲਸਿਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅੱਗੇ ਪੇਸ਼ ਨਹੀਂ ਹੋਇਆ। ਉਸ ਨੇ ਇਸ ਖਾਤਰ ਮਈ ਤੱਕ ਦੀ ਮੋਹਲਤ ਮੰਗੀ ਹੈ। ਈ.ਡੀ. ਵੱਲੋਂ ਉਸ ਖ਼ਿਲਾਫ਼ ਆਈ.ਡੀ.ਬੀ.ਆਈ. ਬੈਂਕ ਤੋਂ ਲਏ ਗਏ 900 ਕਰੋੜ ਰੁਪਏ ਦੇ ਕਰਜ਼ੇ ਬਾਰੇ ਘਪਲੇ ਵਿਚ ਕਾਲੇ ਧਨ ਨੂੰ ਚਿੱਟਾ ਬਣਾਉਣ ਬਾਰੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਉਸ ਨੇ ਮੁੰਬਈ ਸਥਿਤ ਜਾਂਚ ਅਫ਼ਸਰ ਨੂੰ ਦੱਸਿਆ ਕਿ ਉਹ ਉਸ ਦੇ ਕਰਜ਼ਿਆਂ ਦੇ ਮਾਮਲੇ ਦੇ ਨਿਬੇੜੇ ਲਈ ਸੁਪਰੀਮ ਕੋਰਟ ਵਿਚ ਜਾਰੀ ਸੁਣਵਾਈ ਕਾਰਨ ਹਾਲ ਦੀ ਘੜੀ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋ ਸਕਦਾ। ਸੂਤਰਾਂ ਮੁਤਾਬਕ ਉਸ ਨੇ ਸੁਝਾਅ ਦਿੱਤਾ ਹੈ ਕਿ ਉਸ ਦੀ ਕਾਨੂੰਨੀ ਟੀਮ ਜਾਂਚ ਅੱਗੇ ਤੋਰਨ ਲਈ ਈ.ਡੀ. ਦੀ ਮਦਦ ਕਰ ਸਕਦੀ ਹੈ। ਮਾਲਿਆ ਵੱਲੋਂ 18 ਮਾਰਚ ਤੇ ਦੋ ਅਪਰੈਲ ਨੂੰ ਈ.ਡੀ. ਅੱਗੇ ਪੇਸ਼ ਨਾ ਹੋਣ ਕਾਰਨ ਏਜੰਸੀ ਨੇ ਬੀਤੇ ਹਫਤੇ ਉਸ ਨੂੰ ਪੇਸ਼ੀ ਲਈ ਸੰਮਨ ਕੀਤਾ ਸੀ।

**ਚੰਡੀਗੜ੍ਹ:** ਇੰਗਲੈਂਡ ਦਾ ਵੀਜ਼ਾ ਲੈਣ ਲਈ ਹੁਣ ਤੁਹਾਨੂੰ ਅੰਬੈਸੀ ਜਾਂ ਵੀ.ਐਫ.ਐਸ. ਸੈਂਟਰ ਦੀ ਲੰਬੀ ਲਾਈਨ ਵਿਚ ਲੱਗਣ ਦੀ ਲੋੜ ਨਹੀਂ। ਹੁਣ ਵੀਜ਼ਾ ਘਰ ਜਾਂ ਦਫਤਰ ਵਿਚ ਬੈਠੇ ਹੀ ਮਿਲੇਗਾ। ਵੱਖ-ਵੱਖ ਅੰਬੈਸੀਆਂ ਨੂੰ ਵੀਜ਼ੇ ਸਬੰਧੀ ਸੇਵਾਵਾਂ ਦੇ ਰਹੀ ਕੰਪਨੀ ਵੀ.ਐਫ.ਐਸ. ਗਲੋਬਲ ਨੇ ਹੁਣ ਡਿਮਾਂਡ ਮੋਬਾਈਲ ਵੀਜ਼ਾ ਸਹੂਲਤ ਸ਼ੁਰੂ ਕਰ ਦਿੱਤੀ ਹੈ। ਯਾਨੀ ਹੁਣ ਤੋਂ ਅੰਬੈਸੀ ਜਾ ਕੇ ਫੀਸ ਜਾਂ ਵੀਜ਼ਾ ਫਾਈਲ ਜਮ੍ਹਾਂ ਕਰਵਾਉਣ ਦਾ ਝੰਜਟ ਖਤਮ। ਇਕ ਸਮਾਰਟ ਫੋਨ ਜ਼ਰੀਏ ਤੁਹਾਨੂੰ ਵੀਜ਼ਾ ਤੁਹਾਡੇ ਘਰ ਹੀ ਮਿਲੇਗਾ।

ਵੀ.ਐਫ.ਐਸ. ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ ਹੁਣ ਆਨਲਾਈਨ ਵੀਜ਼ਾ ਫਾਰਮ ਤੇ ਫੀਸ ਭਰਨ ਤੋਂ ਬਾਅਦ ਬਾਇਓਮੈਟ੍ਰਿਕ ਫਿੰਗਰ ਪ੍ਰਿੰਟ ਲੈਣ ਲਈ ਮਸ਼ੀਨ ਤੇ ਵੀਜ਼ਾ ਅਫਸਰ ਤੁਹਾਡੇ ਘਰ ਆਵੇਗਾ ਤੇ ਵੀਜ਼ੇ ਬਾਰੇ ਜ਼ਰੂਰੀ ਚੀਜ਼ਾਂ ਹਾਸਲ ਕਰੇਗਾ। ਇੰਗਲੈਂਡ ਦੇ ਨਾਲ-ਨਾਲ ਇਹ ਦੁਬਈ, ਹੰਗਰੀ ਤੇ ਡੈਨਮਾਰਕ ਦਾ ਵੀਜ਼ਾ ਵੀ ਘਰ ਬੈਠੇ ਹੀ ਮਿਲੇਗਾ।

ਇੰਗਲੈਂਡ ਵਿਚ ਆਉਣ ਵਾਲੇ ਪਰਵਾਸੀਆਂ ਵਿਚ ਚੀਨ ਨੂੰ ਛੱਡ ਕੇ ਸਭ ਤੋਂ ਜ਼ਿਆਦਾ ਗਿਣਤੀ ਭਾਰਤੀਆਂ ਦੀ ਹੈ। 2015 ਦੇ ਅੰਕੜਿਆਂ




ਅਨੁਸਾਰ 85,403 ਭਾਰਤੀਆਂ ਨੇ ਇੰਗਲੈਂਡ ਵਿਚ ਐਂਟਰੀ ਕੀਤੀ। ਜਦੋਂਕਿ ਚੀਨ ਦੇ 93,076 ਨਾਗਰਿਕਾਂ ਨੇ ਇੰਗਲੈਂਡ ਵਿਚ ਐਂਟਰੀ ਕੀਤੀ। ਵੀ.ਐਫ.ਐਸ. ਗਲੋਬਲ ਦੀ ਸਾਊਥ ਏਸ਼ੀਆ ਦੀ ਮੁੱਖ ਅਧਿਕਾਰੀ ਵਿਨੈ ਮਲਹੋਤਰਾ ਨੇ ਦੱਸਿਆ ਕਿ ਇਸ ਨੂੰ 'ਆਨ ਡਿਮਾਂਡ ਮੋਬਾਈਲ ਵੀਜ਼ਾ' ਨਾਮ ਦਿੱਤਾ ਗਿਆ ਹੈ।

ਕੁਝ ਸ਼ੈਨੇਗਨ ਦੇਸ਼ਾਂ ਜਿਨ੍ਹਾਂ ਵਿਚ ਹੰਗਰੀ ਤੇ ਡੈਨਮਾਰਕ ਸ਼ਾਮਲ ਹਨ, ਨੇ ਵੀ ਵੀਜ਼ੇ ਦੀ ਇਸ ਨਵੀਂ ਸਹੂਲਤਾਂ ਨੂੰ ਸ਼ੁਰੂ ਕਰਨ ਲਈ ਕੰਪਨੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮਲਹੋਤਰਾ ਅਨੁਸਾਰ ਇਸ ਸਹੂਲਤ ਨਾਲ ਗਰੁੱਪ, ਪ੍ਰਦਰਸ਼ਨੀ, ਕਾਨਫਰੰਸ ਤੇ ਪੂਰੇ ਪਰਿਵਾਰ ਨੂੰ ਸੌਖਾ ਹੋਵੇਗਾ ਕਿਉਂਕਿ ਇਕ ਥਾਂ ਜੋ ਤੁਹਾਡੇ ਪਸੰਦ ਦੀ ਹੋਵੇਗੀ, ਉਤੇ ਹੀ ਵੀਜ਼ੇ ਦੀ ਸਾਰੀ ਕਾਰਵਾਈ ਪੂਰੀ ਕਰ ਲਈ ਜਾਵੇਗੀ। ਇਸ ਸਹੂਲਤ ਨੂੰ ਲੈਣ ਲਈ ਜ਼ਿਆਦਾ ਫੀਸ ਦੇਣੀ ਹੋਵੇਗੀ। 10 ਲੋਕਾਂ ਦੇ ਸਮੂਹ ਨੂੰ 750 ਪਾਊਂਡ (ਤਕਰੀਬਨ 70,500) ਰੁਪਏ ਇਸ ਸਹੂਲਤ ਬਦਲੇ ਦੇਣੇ ਹੋਣਗੇ।

ਵੀ.ਐਫ.ਐਸ. ਦੇ ਦੇਸ਼ ਦੇ 16 ਸ਼ਹਿਰਾਂ ਵਿਚ ਸੈਂਟਰ ਹਨ। ਵੀ.ਐਫ.ਐਸ. ਦੀ ਇਸ ਸਹੂਲਤ ਨਾਲ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਸਭ ਤੋਂ ਜ਼ਿਆਦਾ ਫਾਇਦਾ ਹੋਵੇਗਾ। ਇੰਗਲੈਂਡ ਨੇ ਆਪਣੀ ਵੀਜ਼ਾ ਫੀਸ ਵਿਚ ਪਹਿਲਾਂ ਹੀ ਵਾਧਾ ਕੀਤਾ ਹੋਇਆ ਹੈ। ਛੇ ਮਹੀਨੇ ਦੇ ਸੈਲਾਨੀ ਵੀਜ਼ੇ ਲਈ 8,700 ਰੁਪਏ, ਦੋ ਸਾਲ ਤੋਂ ਵੱਧ ਸਮੇਂ ਦੇ ਵੀਜ਼ੇ ਲਈ 33,000 ਰੁਪਏ, ਪੰਜ ਸਾਲ ਤੋਂ ਜ਼ਿਆਦਾ ਸਮੇਂ ਦੇ ਵੀਜ਼ੇ ਲਈ 60,000 ਰੁਪਏ ਤੇ 10 ਸਾਲ ਦੀ ਵੀਜ਼ੇ ਲਈ 75,200 ਰੁਪਏ ਵੀਜ਼ਾ ਫੀਸ ਤੈਅ ਕੀਤੀ ਗਈ ਹੈ।

### ਭਾਰਤੀਆਂ ਦਾ ਯੂ.ਕੇ. ਰਹਿਣਾ ਹੋਇਆ ਔਖਾ

**ਲੰਡਨ:** ਬਰਤਾਨੀਆ ਵਿਚ ਲਾਗੂ ਹੋਏ ਨਵੇਂ ਵੀਜ਼ਾ ਨਿਯਮ ਉਥੇ ਰਹਿਣ ਵਾਲੇ ਹਜ਼ਾਰਾਂ ਭਾਰਤੀ ਆਈ-ਟੀ ਮਾਹਿਰਾਂ ਲਈ ਦਿੱਕਤ ਪੈਦਾ ਕਰਨਗੇ। ਨਵੇਂ ਵੀਜ਼ਾ ਨਿਯਮ ਅਨੁਸਾਰ ਉਹ ਪਰਵਾਸੀ ਲੋਕ ਹੀ ਬਰਤਾਨੀਆ ਵਿਚ ਰਹਿ ਸਕਣਗੇ ਜੋ ਉਥੇ ਸਾਲਾਨਾ 35 ਹਜ਼ਾਰ ਪਾਊਂਡ (ਤਕਰੀਬਨ 33 ਲੱਖ) ਦੀ ਕਮਾਈ ਕਰਨਗੇ। ਨਿਯਮਾਂ ਦੀ ਆੜ ਵਿਚ ਬਰਤਾਨੀਆ ਹਜ਼ਾਰਾਂ ਭਾਰਤੀ ਆਈ-ਟੀ ਮਾਹਿਰਾਂ ਨੂੰ ਦੇਸ਼ ਤੋਂ ਬਾਹਰ ਕਰ ਸਕਦਾ ਹੈ। ਸਰਕਾਰ ਦੀ ਇਸ ਨੀਤੀ ਤੋਂ ਪ੍ਰਭਾਵਿਤ ਹੋਣ ਵਾਲੇ ਭਾਰਤੀ ਮਾਹਿਰਾਂ ਨੇ ਇਸ ਨੀਤੀ ਉਤੇ ਪੁਨਰ ਵਿਚਾਰ ਕਰਨ ਲਈ ਕੈਮਰੌਨ ਸਰਕਾਰ ਨੂੰ ਅਪੀਲ ਕੀਤੀ ਹੈ। ਅਸਲ ਵਿਚ ਬਰਤਾਨੀਆ ਆਪਣੇ ਟਾਈਪ-2 ਵੀਜ਼ਾ ਨਿਯਮ ਵਿਚ ਤਬਦੀਲੀ ਕਰਨ ਜਾ ਰਿਹਾ ਹੈ। ਨਵੇਂ ਨਿਯਮ ਅਨੁਸਾਰ 35 ਹਜ਼ਾਰ ਪਾਊਂਡ (ਤਕਰੀਬਨ 33 ਲੱਖ) ਸਾਲਾਨਾ ਤੋਂ ਘੱਟ ਕਮਾਈ ਕਰਨ ਵਾਲੇ ਮਾਹਿਰਾਂ ਨੂੰ ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵਾਪਸ ਆਪਣੇ ਦੇਸ਼ ਜਾਣਾ ਹੋਵੇਗਾ। ਬਰਤਾਨੀਆ ਸਰਕਾਰ ਦੀ ਪਹਿਲਾਂ ਸ਼ਰਤ 21 ਹਜ਼ਾਰ ਪਾਊਂਡ (ਤਕਰੀਬਨ 19 ਲੱਖ 84 ਹਜ਼ਾਰ) ਸਾਲਾਨਾ ਦੀ ਸੀ। ਸਰਕਾਰ ਨੇ ਨਵੇਂ ਨਿਯਮਾਂ ਵਿਚ ਯੂਰਪੀਅਨ ਦੇਸ਼ਾਂ ਦੇ ਨਾਗਰਿਕਾਂ ਨੂੰ ਛੋਟ ਦਿੱਤੀ ਹੈ। ਭਾਰਤੀ ਮਾਹਿਰ ਬਰਤਾਨੀਆ ਦੀ ਇਸ ਨੀਤੀ ਨੂੰ ਭੇਦਭਾਵ ਵਾਲੀ ਨੀਤੀ ਦੱਸ ਰਹੇ ਹਨ।

# ਵਿਦੇਸ਼ਾਂ ਵਿਚ ਨਸਲੀ ਹਮਲੇ ਰੋਕਣ ਲਈ ਸ਼੍ਰੋਮਣੀ ਕਮੇਟੀ ਸਰਗਰਮ

## 22 ਮੈਂਬਰੀ ਕਮੇਟੀ ਕਰੇਗੀ ਸੁਝਾਵਾਂ ਦੀ ਘੋਖ



**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਵਸਦੇ ਸਿੱਖਾਂ ਉੱਤੇ ਹੋ ਰਹੇ ਨਸਲੀ ਹਮਲਿਆਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਸਰਗਰਮ ਹੋ ਗਈ ਹੈ। ਸ਼੍ਰੋਮਣੀ ਕਮੇਟੀ ਨੇ 22 ਮੈਂਬਰੀ ਸਬ ਕਮੇਟੀ ਕਾਇਮ ਕੀਤੀ ਹੈ, ਜੋ ਇਸ ਸਮੱਸਿਆ ਦੇ ਹੱਲ ਲਈ ਸਿੱਖ ਜਥੇਬੰਦੀਆਂ ਤੇ ਸਿੱਖ ਬੁੱਧੀਜੀਵੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਦੀ ਘੋਖ ਕਰੇਗੀ। ਇਸ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।

ਇਸ ਸਬ-ਕਮੇਟੀ ਦੇ ਕੋ-ਆਰਡੀਨੇਟਰ ਦੀ ਜ਼ਿੰਮੇਵਾਰੀ ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਨੂੰ ਸੌਂਪੀ ਗਈ ਹੈ ਜਦੋਂ ਕਿ ਕਮੇਟੀ ਮੈਂਬਰਾਂ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਰਾਜਿੰਦਰ ਸਿੰਘ ਮਹਿਤਾ, ਡਾ. ਕਿਰਪਾਲ ਸਿੰਘ ਹਿਸਟੋਰੀਅਨ, ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ, ਸਾਬਕਾ ਉਪ ਕੁਲਪਤੀ ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਕਾਰ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਹਰਚੰਦ ਸਿੰਘ ਬੇਦੀ, ਡਾ. ਜਸਬੀਰ ਸਿੰਘ ਸਾਬਰ, ਡਾ. ਸਰਬਜਿੰਦਰ ਸਿੰਘ, ਡਾ. ਪਰਮਵੀਰ ਸਿੰਘ, ਡਾ. ਰੂਪ ਸਿੰਘ, ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਆਦਿ ਸ਼ਾਮਲ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਵਿਦੇਸ਼ਾਂ ਵਿਚ ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ ਦੇ ਮਾਮਲੇ ਨੂੰ ਵਿਚਾਰਨ ਲਈ ਸਿੱਖ ਬੁੱਧੀਜੀਵੀਆਂ, ਨਿਹੰਗ ਸਿੰਘਾਂ, ਸਿੱਖ ਸੰਪਰਦਾਵਾਂ, ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲਾਂ, ਸਿੰਘ ਸਭਾਵਾਂ, ਸੇਵਾ ਸੁਸਾਇਟੀਆਂ ਅਤੇ ਹੋਰ ਪਤਵੰਤਿਆਂ ਦੀ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦੀ ਸੀ। ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿਚ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਰਿਕਾਰਡ ਕੀਤਾ ਗਿਆ ਸੀ। ਇਨ੍ਹਾਂ ਨੂੰ ਘੋਖਣ ਲਈ ਹੁਣ ਇਹ 22 ਮੈਂਬਰੀ ਸਬ ਕਮੇਟੀ ਬਣਾਈ ਗਈ ਹੈ।

ਕਮੇਟੀ ਦੇ ਐਲਾਨ ਮਗਰੋਂ ਜਥੇਦਾਰ ਅਵਤਾਰ ਸਿੰਘ ਕਿਹਾ ਕਿ ਇਹ ਕਮੇਟੀ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਆਏ ਸੁਝਾਵਾਂ ਨੂੰ ਵਿਚਾਰਨ ਬਾਅਦ ਰਿਪੋਰਟ ਦੇਵੇਗੀ। ਇਸ ਬਾਅਦ ਸ਼੍ਰੋਮਣੀ ਕਮੇਟੀ ਅਗਲੇਰੀ ਕਾਰਵਾਈ ਕਰੇਗੀ। ਮੀਟਿੰਗ ਵਿਚ ਸਿੱਖ ਜਥੇਬੰਦੀਆਂ ਨੇ ਸੁਝਾਅ ਦਿੱਤੇ ਸਨ ਕਿ ਨਸਲੀ ਹਮਲੇ ਸਿੱਖਾਂ ਦੀ ਪਛਾਣ ਨਾਲ ਜੁੜੇ ਹੋਏ ਹਨ। ਵਿਦਵਾਨਾਂ ਨੇ ਸੁਝਾਅ ਦਿੱਤਾ ਸੀ ਕਿ ਸਿੱਖ ਧਰਮ ਤੇ ਸਿੱਖ ਪਛਾਣ ਲਈ ਮੁਹਿੰਮ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ, ਜਿਸ ਤਹਿਤ ਵਿਦੇਸ਼ ਵਿਚ ਸੋਸ਼ਲ ਮੀਡੀਆ, ਇਲੈਕਟ੍ਰਾਨਿਕ ਮੀਡੀਆ, ਪ੍ਰਿੰਟ ਮੀਡੀਆ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸਿੱਖ ਧਰਮ, ਇਤਿਹਾਸ, ਪਛਾਣ ਤੇ ਕਕਾਰਾਂ ਆਦਿ ਬਾਰੇ ਵੱਖ-ਵੱਖ ਭਾਸ਼ਾਵਾਂ ਵਿਚ ਸਾਹਿਤ ਛਾਪਿਆ ਜਾਣਾ ਚਾਹੀਦਾ ਹੈ। ਵੱਖ ਵੱਖ ਭਾਸ਼ਾਵਾਂ ਦੇ ਮਾਹਿਰ ਪ੍ਰਚਾਰਕ ਭਰਤੀ ਕੀਤੇ ਜਾਣ।

### ਭਾਰਤੀ ਸਫੀਰਾਂ ਦੇ ਰਵੱਈਏ 'ਤੇ ਉਠਾਏ ਸਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਦੇਸ਼ਾਂ ਵਿਚ ਤਾਇਨਾਤ ਭਾਰਤੀ ਸਫ਼ੀਰਾਂ ਉੱਤੇ ਦੋਸ਼ ਲਾਇਆ ਕਿ ਉਹ ਸਿੱਖਾਂ ਉੱਤੇ ਹੋ ਰਹੇ ਨਸਲੀ ਹਮਲੇ ਰੋਕਣ ਬਾਰੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੇ। ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰੇ ਅਤੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਵਿਚ ਸੋਧ ਕਰਨ ਦੀ ਵੀ ਮੰਗ ਕੀਤੀ ਗਈ ਤਾਂ ਜੋ ਸਿੱਖ ਧਰਮ ਨੂੰ ਸੰਵਿਧਾਨਕ ਤੌਰ ਉੱਤੇ ਵੱਖਰਾ ਧਰਮ ਮੰਨਿਆ ਜਾ ਸਕੇ।

# ਮੁੰਬਈ ਧਮਾਕਿਆਂ ਦੇ ਤਿੰਨ ਦੋਸ਼ੀਆਂ ਨੂੰ ਉਮਰ ਕੈਦ



**ਮੁੰਬਈ:** ਵਿਸ਼ੇਸ਼ ਪੋਟਾ ਅਦਾਲਤ ਨੇ ਮੁੰਬਈ 'ਚ ਦਸੰਬਰ 2002 ਅਤੇ ਮਾਰਚ 2003 ਦਰਮਿਆਨ ਹੋਏ ਕਈ ਬੰਬ ਧਮਾਕਿਆਂ, ਜਿਸ ਵਿਚ 13 ਲੋਕਾਂ ਦੀ ਮੌਤ ਹੋ ਗਈ ਸੀ, ਦੇ ਮਾਮਲੇ ਵਿਚ 10 ਦੋਸ਼ੀਆਂ ਵਿਚੋਂ 3 ਨੂੰ ਉਮਰ ਦੀ ਸਜ਼ਾ ਸੁਣਾਈ। ਵਿਸ਼ੇਸ਼ ਪੋਟਾ ਜੱਜ ਪੀ.ਆਰ. ਦੇਸ਼ਮੁਖ ਨੇ ਕਿਹਾ ਕਿ ਦੋਸ਼ੀ ਮੁਜ਼ਮਿਲ ਅੰਸਾਰੀ (ਜਿਸ ਨੇ ਬੰਬ ਰੱਖੇ ਸਨ) ਜ਼ਿੰਦਗੀ ਦੇ ਆਖਰੀ ਸਾਹ ਤੱਕ ਜੇਲ੍ਹ 'ਚ ਰਹੇਗਾ।

ਦੂਜੇ ਦੋ ਹੋਰ ਜਿਨ੍ਹਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਫਰਹਾਨ ਖੋਟ ਅਤੇ ਡਾ. ਵਾਹਿਦ ਅੰਸਾਰੀ ਹਨ। ਹੋਰਨਾਂ ਛੇ ਦੋਸ਼ੀਆਂ ਨੂੰ ਦੋ ਤੋਂ ਲੈ ਕੇ 10 ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਹੁਕਮ ਦਿੱਤਾ ਕਿ ਦੋਸ਼ੀਆਂ ਤੋਂ ਪ੍ਰਾਪਤ ਜੁਰਮਾਨੇ (9 ਲੱਖ ਰੁਪਏ) ਦੀ 75 ਫੀਸਦੀ ਰਾਸ਼ੀ ਜ਼ਿਲ੍ਹਾ ਕਾਨੂੰਨ ਸੇਵਾ ਅਥਾਰਟੀ (ਡੀ.ਐਲ.ਐਸ.ਏ.) ਨੂੰ ਅਤੇ ਬਾਕੀ ਦੀ ਰਾਸ਼ੀ ਭਾਰਤੀ ਰੇਲਵੇ ਨੂੰ ਦਿੱਤੀ ਜਾਵੇਗੀ।

13 ਮਾਰਚ 2003 ਨੂੰ ਮੁਲੁੰਡ ਰੇਲ ਧਮਾਕਿਆਂ ਵਿਚ 12 ਲੋਕ ਮਾਰੇ ਗਏ ਸਨ ਜਦਕਿ ਇਸ ਤੋਂ ਪਹਿਲਾਂ ਛੇ ਦਸੰਬਰ 2002 ਨੂੰ ਮੁੰਬਈ ਸੈਂਟਰਲ ਸਟੇਸ਼ਨ ਉੱਤੇ ਮੈਕਡਾਨਲਡ ਵਿਖੇ ਹੋਏ ਧਮਾਕੇ ਵਿਚ ਕਈ ਲੋਕ ਜ਼ਖਮੀ ਹੋ ਗਏ ਸਨ ਤੇ 27 ਜਨਵਰੀ 2003 ਨੂੰ ਵਿਲੇ ਪਰਲੇ (ਪੂਰਬੀ) ਵਿਖੇ ਹੋਏ ਧਮਾਕੇ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ। ਕੇਸ ਦੀ ਸੁਣਵਾਈ ਦੌਰਾਨ ਦੋ ਦੋਸ਼ੀਆਂ ਦੀ ਮੌਤ ਹੋ ਗਈ ਤੇ ਉਨ੍ਹਾਂ ਖਿਲਾਫ਼ ਮਾਮਲੇ ਸਮਾਪਤ ਕਰ ਦਿੱਤੇ ਗਏ ਜਦਕਿ ਇਸ ਕੇਸ 'ਚ ਛੇ ਅਜੇ ਵੀ ਲੋੜੀਂਦੇ ਹਨ।

# ਪਿੰਕੀ ਕੈਟ ਦੇ ਬਿਆਨ ਰਿਕਾਰਡ ਕਰਵਾਉਣ ਬਾਰੇ ਪਟੀਸ਼ਨ ਖਾਰਜ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਦੀ ਭਾਣਜੀ ਅਤੇ ਪੁਲਿਸ ਮੁਕਾਬਲੇ ਵਿਚ ਪਤੀ ਗੁਆ ਚੁੱਕੀ ਇਕ ਔਰਤ ਵੱਲੋਂ ਬਲੈਕ ਕੈਟ ਅਤੇ ਸਾਬਕਾ ਪੁਲਿਸ ਇੰਸਪੈਕਟਰ ਗੁਰਮੀਤ ਸਿੰਘ ਪਿੰਕੀ ਦੇ ਫ਼ਰਜ਼ੀ ਪੁਲਿਸ ਮੁਕਾਬਲਿਆਂ ਬਾਰੇ ਬਿਆਨਾਂ ਨੂੰ ਰਿਕਾਰਡ ਕਰਵਾਉਣ ਸਬੰਧੀ ਪਾਈ ਪਟੀਸ਼ਨ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਹੈ।

ਜਸਟਿਸ ਆਰ.ਕੇ. ਜੈਨ ਦੇ ਇਕਹਿਰੇ ਬੈਂਚ ਨੇ ਇਹ ਪਟੀਸ਼ਨ ਖਾਰਜ ਕਰਦਿਆਂ ਕਿਹਾ ਹੈ ਕਿ ਮੁਕੰਮਲ ਸਬੂਤ ਇਕੱਠੇ ਕਰਨ ਤੋਂ ਬਾਅਦ ਪਟੀਸ਼ਨਕਰਤਾ ਮੁੜ ਤੋਂ ਪਟੀਸ਼ਨ ਪਾ ਸਕਦਾ ਹੈ। ਦੱਸ ਦਈਏ ਕਿ ਹਾਈ ਕੋਰਟ ਇਸ ਮਾਮਲੇ ਵਿਚ ਮੌਖਿਕ ਟਿੱਪਣੀ ਵੀ ਕਰ ਚੁੱਕਾ ਹੈ ਕਿ ਫਰਜ਼ੀ ਪੁਲਿਸ ਮੁਕਾਬਲੇ ਦੇ ਦੋਸ਼ੀ ਪਿੰਕੀ ਦੇ ਬਿਆਨਾਂ 'ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ? ਇਹ ਵੀ ਕਿਹਾ ਸੀ ਕਿ ਪੰਜਾਬ ਵਿਚ ਅਤਿਵਾਦ ਦੌਰਾਨ ਹੋਏ ਫਰਜ਼ੀ ਪੁਲਿਸ ਮੁਕਾਬਲਿਆਂ ਦਾ ਮਾਮਲਾ ਸੁਪਰੀਮ ਕੋਰਟ 'ਚ ਵਿਚਾਰ ਅਧੀਨ ਹੈ। ਇਸ ਲਈ ਪਿੰਕੀ ਦੇ ਬਿਆਨ ਦਰਜ ਕਰਵਾਉਣ ਦਾ ਸਮਰਥਨ ਕਰਦੀ ਹੋਈ ਜੱਜਮੈਂਟ ਲਿਆਂਦੀ ਜਾਵੇ।

# ਫਰਾਂਸ ਵਿਚ ਲੱਗੇਗਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

**ਚੰਡੀਗੜ੍ਹ:** ਫਰਾਂਸ ਦੇ ਸ਼ਹਿਰ ਸੇਂਟ ਟ੍ਰੋਪੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਤੰਬਰ ਮਹੀਨੇ ਵਿਚ ਸਥਾਪਤ ਕੀਤਾ ਜਾਵੇਗਾ। ਇਸ ਗੱਲ ਦਾ ਪ੍ਰਗਟਾਵਾ ਸ਼ਹਿਰ ਦੇ ਡਿਪਟੀ ਮੇਅਰ ਅਤੇ ਇੰਚਾਰਜ ਸੈਰ ਸਪਾਟਾ ਹੈਨਰੀ ਪ੍ਰੇਵੋਸਤ ਏਲਾਰਡ ਨੇ ਭਾਰਤ ਦੌਰੇ ਦੌਰਾਨ ਕੀਤਾ।

ਉਨ੍ਹਾਂ ਪੰਜਾਬ ਦੇ ਸੈਰ ਸਪਾਟਾ ਮੰਤਰੀ ਸੋਹਣ ਸਿੰਘ ਠੰਡਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਤੰਬਰ ਮਹੀਨੇ ਵਿਚ ਫਰਾਂਸ ਆਉਣ ਦਾ ਸੱਦਾ ਦਿੱਤਾ। ਸਤੰਬਰ ਮਹੀਨੇ ਵਿਚ ਹੀ ਸੇਂਟ ਟ੍ਰੋਪੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਪੰਜਾਬ ਸਰਕਾਰ ਵੱਲੋਂ ਤਿਆਰ ਕਰਵਾਇਆ ਜਾ ਰਿਹਾ ਹੈ। ਹੈਨਰੀ ਪ੍ਰੇਵੋਸਤ ਏਲਾਰਡ ਨੇ ਦੱਸਿਆ ਕਿ 16, 17 ਅਤੇ 18 ਸਤੰਬਰ ਨੂੰ ਭਾਰਤ ਦੇ ਦੂਤਘਰ ਵੱਲੋਂ ਫਰਾਂਸ ਵਿਚ 'ਨਮਸਤੇ ਫਰਾਂਸ' ਪ੍ਰੋਗਰਾਮ ਕਰਾਇਆ ਜਾ ਰਿਹਾ ਹੈ ਅਤੇ ਇਸੇ ਤਹਿਤ ਸੇਂਟ ਟ੍ਰੋਪੇ ਵਿਚ ਤਿੰਨ ਰੋਜ਼ਾ ਮੇਲੇ ਲਗਾਇਆ ਜਾਵੇਗਾ।

ਇਸ ਮੇਲੇ ਦੌਰਾਨ ਹੀ ਮਹਾਰਾਜ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਜਾਵੇਗਾ। ਹੈਨਰੀ ਪ੍ਰੇਵੋਸਤ ਏਲਾਰਦ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੂੰ ਸਿਖਲਾਈ ਦੇਣ ਵਾਲੇ ਜਰਨੈਲ ਏਲਾਰਦ ਦੇ ਖ਼ਾਨਦਾਨ ਨਾਲ ਸਬੰਧਤ ਹਨ।

# ਹੁਣ ਪੰਜਾਬੀ ਹੋਏ ਮੋਟਾਪੇ ਦਾ ਸ਼ਿਕਾਰ

**ਨਵੀਂ ਦਿੱਲੀ:** ਪੰਜਾਬ ਮੋਟਾਪੇ, ਵੱਧ ਬਲੱਡ ਪ੍ਰੈਸ਼ਰ ਅਤੇ ਖ਼ੂਨ ਵਿਚ ਚਰਬੀ ਦੀ ਬਹੁਤਾਤ (ਡਿਸਲਿਪਿਡੇਮੀਆ) ਆਦਿ ਦੇ ਮਾਮਲੇ ਵਿਚ ਮੁਲਕ ਵਿਚ ਸਭ ਤੋਂ ਅੱਗੇ ਹੈ। ਇਹ ਸਰਵੇਖਣ ਆਈ.ਸੀ.ਐਮ.ਆਰ. (ਭਾਰਤੀ ਮੈਡੀਕਲ ਖੋਜ ਕੌਂਸਲ) ਵੱਲੋਂ ਭਾਰਤ ਡਾਇਬਿਟੀਜ਼ ਅਧਿਐਨ ਦੇ ਸਿਰਲੇਖ ਹੇਠ ਕੀਤਾ ਗਿਆ।



ਹਲਾਂਕਿ ਦੇਸ਼ ਭਰ ਵਿਚ ਸ਼ੂਗਰ ਦੀ ਬਿਮਾਰੀ (ਡਾਇਬਿਟੀਜ਼) ਬਾਰੇ ਕੀਤੇ ਇਕ ਸਰਵੇ ਵਿਚ ਖੁਲਾਸਾ ਹੋਇਆ ਹੈ ਕਿ ਚੰਡੀਗੜ੍ਹ ਛੇਤੀ ਹੀ ਸ਼ੂਗਰ ਦੇ ਮਰੀਜ਼ਾਂ ਦਾ ਦੇਸ਼ ਵਿਚੋਂ ਸਭ ਤੋਂ ਵੱਡਾ ਗੜ੍ਹ ਬਣਨ ਵਾਲਾ ਹੈ, ਜਦੋਂਕਿ ਪੰਜਾਬ ਵੀ ਇਸ ਤੋਂ ਥੋੜ੍ਹਾ ਹੀ ਪਿੱਛੇ ਹੈ। ਵੀਹ ਸਾਲ ਤੋਂ ਉਪਰ ਦੇ ਮਰਦਾਂ ਤੇ ਔਰਤਾਂ ਵਿਚ ਡਾਇਬਿਟੀਜ਼ ਦੇ ਅਸਰ ਦਾ ਪਤਾ ਲਾਉਣ ਲਈ ਦੇਸ਼ ਵਿਚ ਸਰਕਾਰ ਵੱਲੋਂ ਕੀਤਾ ਗਿਆ ਆਪਣੀ ਕਿਸਮ ਦਾ ਪਹਿਲਾ ਸਰਵੇਖਣ ਹੈ, ਜਿਸ ਵਿਚ ਰਾਜਵਾਰ ਆਧਾਰ ਉਤੇ ਬਿਮਾਰੀ ਦੇ ਅੰਕੜੇ ਇਕੱਠੇ ਕੀਤੇ ਗਏ ਹਨ। ਸੰਸਾਰ ਸਿਹਤ ਦਿਵਸ ਮੌਕੇ ਇਸ ਸਰਵੇਖਣ ਦੀਆਂ ਲਭਤਾਂ ਬਾਰੇ ਗੱਲ ਕਰਦਿਆਂ ਆਈ.ਸੀ.ਐਮ.ਆਰ. ਦੀ ਮੁਖੀ ਸੌਮਿਆ ਸਵਾਮੀਨਾਥਨ ਨੇ ਕਿਹਾ ਕਿ ਡਾਇਬਿਟੀਜ਼ ਤੇ ਪ੍ਰੀ-ਡਾਇਬਿਟੀਜ਼ ਦੇ ਪ੍ਰਭਾਵ ਬਾਰੇ ਦੇਸ਼ ਭਰ ਵਿਚ ਖੇਤਰੀ ਆਧਾਰ ਉਤੇ ਬੜਾ ਫਰਕ ਦੇਖਣ ਨੂੰ ਮਿਲਿਆ ਹੈ। ਮੇਘਾਲਿਆ ਵਿਚ ਜਿਥੇ ਡਾਇਬਿਟੀਜ਼ ਦਾ ਸਭ ਤੋਂ ਘੱਟ ਅਸਰ 4.5 ਫ਼ੀਸਦੀ ਪਾਇਆ ਗਿਆ, ਉਥੇ ਚੰਡੀਗੜ੍ਹ ਵਿਚ ਇਹ ਸਭ ਤੋਂ ਵੱਧ 13.6 ਫ਼ੀਸਦੀ ਹੈ ਤੇ ਦੂਜਾ ਨੰਬਰ 9.8 ਫੀਸਦੀ ਨਾਲ ਪੰਜਾਬ ਦਾ ਹੈ। ਚੰਡੀਗੜ੍ਹ ਵਿਚ ਪ੍ਰੀ-ਡਾਇਬਿਟੀਜ਼ ਵੀ ਸਭ ਤੋਂ ਵੱਧ 14.6 ਫ਼ੀਸਦੀ ਹੈ, ਜਦੋਂਕਿ ਮਿਜ਼ੋਰਮ ਵਿਚ ਇਹ ਸਭ ਤੋਂ ਘੱਟ 5.8 ਫ਼ੀਸਦੀ ਪਾਈ ਗਈ।

ਜਿਹੜੇ 15 ਸੂਬਿਆਂ ਦੇ ਅੰਕੜੇ ਨਸ਼ਰ ਕੀਤੇ ਗਏ ਹਨ, ਉਨ੍ਹਾਂ ਵਿਚੋਂ ਡਿਸਲਿਪਿਡੇਮੀਆ ਬਾਰੇ 92.3 ਫ਼ੀਸਦੀ ਨਾਲ ਪੰਜਾਬ ਦਾ ਪਹਿਲਾ ਨੰਬਰ ਹੈ। ਇਸ ਕਾਰਨ ਦਿਲ ਦੀਆਂ ਬਿਮਾਰੀਆਂ, ਦਿਲ ਦੇ ਦੌਰੇ ਅਤੇ ਪੈਰੀਫਰਲ ਆਰਟਰੀ ਡਿਜ਼ੀਜ਼ ਆਦਿ ਦਾ ਖਤਰਾ ਵਧਦਾ ਹੈ। ਅਧਿਐਨ ਦੀ ਅਗਵਾਈ ਕਰਨ ਵਾਲੀ ਤਨਵੀਰ ਕੌਰ ਨੇ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਭਰ ਵਿਚ ਸਰੀਰਕ ਸਰਗਰਮੀ ਤੇ ਜਿਸਮਾਨੀ ਮਿਹਨਤ ਕਰਨ ਦੀ ਆਦਤ ਲਗਾਤਾਰ ਘਟ ਰਹੀ ਹੈ।

# ਮੈਂ ਵੇਖੀ ਫਿਲਮ 'ਸਾਕਾ'

## ਪਾਠਕਾਂ ਦੀ ਰਾਏ


ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਨੀਤੀ ਦੇ ਨਾਲ ਇਕ ਹੋਰ ਸਿਧਾਂਤ ਅਪਨਾਇਆ ਕਿ ਸਿੱਖਾਂ 'ਤੇ ਕੰਟਰੋਲ ਕਰਨਾ ਹੈ ਤਾਂ ਇਨ੍ਹਾਂ ਦੇ ਧਾਰਮਿਕ ਅਸਥਾਨਾਂ 'ਤੇ ਕਬਜ਼ਾ ਕੀਤਾ ਜਾਵੇ। ਇਸ ਲਈ ਉਨ੍ਹਾਂ ਨੇ ਉਦਾਸੀ ਸੰਪਰਦਾ ਦੇ ਮਹੰਤਾਂ ਨੂੰ ਗੁਰਦੁਆਰਿਆਂ ਵਿਚ ਬਿਠਾ ਕੇ ਥਾਪੜਾ ਦਿੱਤਾ। ਮਹੰਤ ਇਨ੍ਹਾਂ ਨੂੰ ਆਪਣੀ ਜਗੀਰ ਸਮਝ ਕੇ ਧਾਰਮਿਕ ਮਾਣ-ਮਰਿਆਦਾ ਦੀ ਉਲੰਘਣਾ ਕਰਦੇ ਤੇ ਮਨਮਾਨੀਆਂ ਕਰਨ ਲੱਗੇ। ਗੁਰਦੁਆਰਾ ਸੁਧਾਰ ਲਹਿਰ ਦੀ ਲੜੀ ਵਿਚ ਸਿੱਖਾਂ ਦੀ ਲੰਮੀ ਜੱਦੋਜਹਿਦ ਤੋਂ ਬਾਅਦ ਅਕਾਲ ਤਖਤ, ਸੱਚਾ ਸੌਦਾ ਤੇ ਹੋਰ ਕਈ ਗੁਰਦੁਆਰੇ ਤਾਂ ਮੁਕਤ ਹੋ ਗਏ ਪਰ ਸ਼ਰਾਬੀ ਕਬਾਬੀ ਤੇ ਅੱਯਾਸ਼ ਨਰਾਇਣਦਾਸ ਮਹੰਤ ਨੇ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਮੁਜਰੇ ਤੇ ਸ਼ਰਾਬਖਾਨੇ ਸਮੇਤ ਆਪਣੀਆਂ ਭੈੜੀਆਂ ਅਲਾਮਤਾਂ ਦਾ ਅੱਡਾ ਪੱਕਾ ਕਰ ਲਿਆ। ਸ਼ਰਧਾਲੂ ਔਰਤਾਂ ਨੂੰ ਅਗਵਾ ਕਰਵਾ ਕੇ ਮਹੰਤ ਆਪਣੇ ਕਬਜ਼ੇ ਵਿਚ ਕਰ ਲੈਂਦਾ ਅਤੇ ਪੁਲਿਸ 'ਤੇ ਦਬਾਅ ਪਾ ਕੇ ਇਸ ਦੀ ਰਿਪੋਰਟ ਵੀ ਦਰਜ ਨਾ ਹੋਣ ਦਿੰਦਾ। ਸਿੱਖਾਂ ਵੱਲੋਂ ਇਕ ਧਨੀ ਰਾਮ ਇਸ ਦੀ ਸੂਹ ਲੈਣ ਗਿਆ ਮਹੰਤਾਂ ਦੇ ਗੁੰਡਿਆਂ ਦੇ ਕਾਬੂ ਆ ਗਿਆ ਤੇ ਮਾਰਿਆ ਗਿਆ।

ਮਹੰਤ ਨੇ ਅੰਗਰੇਜ਼ ਅਫਸਰਾਂ ਨੂੰ ਤੁੱਖਣਾ ਦਿੱਤੀ ਕਿ ਜੇ ਨਨਕਾਣਾ ਸਾਹਿਬ ਉਸ ਦੇ ਹੱਥੋਂ ਸਿੱਖਾਂ ਨੇ ਖੋਹ ਲਿਆ ਤਾਂ ਉਨ੍ਹਾਂ ਦਾ ਹੌਸਲਾ ਏਨਾ ਵਧ ਜਾਏਗਾ ਕਿ ਉਹ ਅੰਗਰੇਜ਼ਾਂ ਨੂੰ ਵੀ ਭਾਰਤ ਵਿਚੋਂ ਖਦੇੜ ਦੇਣਗੇ। ਮੁਸਲਮਾਨ ਦਰੋਗਾ ਜੈਮਲ ਮਸੀਹ ਨੇ ਇਹ ਸਾਰੀ ਸੂਹ ਸਿੰਘਾਂ ਤੱਕ ਪਹੁੰਚਾ ਦਿੱਤੀ। ਸਿੱਖਾਂ ਨੇ ਗੁਰਮਤਾ ਕੀਤਾ ਕਿ ਗੁਰਦੁਆਰਿਆਂ ਨੂੰ ਚਿੱਚੜ ਵਾਂਗ ਚਿੰਬੜੇ ਮਹੰਤਾਂ ਤੋਂ ਆਜ਼ਾਦ ਕਰਾਉਣ ਖਾਤਰ ਆਪਣੀ ਚਮੜੀ ਵੀ ਉਤਰਾਉਣੀ ਪੈਣੀ ਹੈ। ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਣ ਖਾਤਰ ਅਰਦਾਸ ਕਰਕੇ ਤੁਰੇ ਕਰਤਾਰ ਸਿੰਘ ਝੱਬਰ ਤੇ ਲਛਮਣ ਸਿੰਘ ਦੇ ਜਥੇ ਸ਼੍ਰੋਮਣੀ ਕਮੇਟੀ ਦੇ ਰੋਕਣ 'ਤੇ ਵੀ ਨਹੀਂ ਰੁਕੇ ਕਿਉਂਕਿ ਉਹ ਇਸ ਨੇਕ ਕਾਰਜ ਹਿਤ ਅਰਦਾਸ ਕਰਕੇ ਤੁਰੇ ਸਨ। ਸ਼ਾਂਤਮਈ ਰੋਸ ਵਜੋਂ ਪਾਠ ਕਰਦੇ ਤੇ ਸੁਣਦੇ ਸਿੰਘ ਤੇ ਸਿੰਘਣੀਆਂ ਉਤੇ ਮਹੰਤ ਦੇ ਚਮਚਿਆਂ ਨੇ ਵੀਹ ਫਰਵਰੀ 1921 ਨੂੰ ਅੰਨ੍ਹੇਵਾਹ ਗੋਲੀਆਂ ਚਲਾ ਕੇ ਗੁਰਦੁਆਰੇ ਦੀ ਹੱਦ ਅੰਦਰ ਸੱਥਰ ਵਿਛਾ ਕੇ 1919 ਵਾਲਾ ਜੱਲ੍ਹਿਆਂਵਾਲਾ ਬਾਗ ਕਾਂਡ ਦੁਹਰਾ ਦਿੱਤਾ। ਅੰਗਰੇਜ਼ ਹਕੂਮਤ ਦੇ ਅਧਿਕਾਰੀ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਾ ਲਛਮਣ ਸਿੰਘ ਗੋਲੀਆਂ ਦੀ ਪ੍ਰਵਾਹ ਕੀਤੇ ਬਗੈਰ ਸੂਰਮਗਤੀ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਗੋਲੀਆਂ ਤੋਂ ਬਚਾਉਂਦਾ ਆਪ ਜ਼ਖਮੀ ਹੋ ਗਿਆ ਪਰ ਗੁਰੂ ਗ੍ਰੰਥ ਸਾਹਿਬ ਦਾ ਜੱਫਾ ਨਾ ਛੱਡਿਆ। ਮਹੰਤ ਦੇ ਗੁੰਡੇ ਉਸ ਨੂੰ ਧੂਹ ਕੇ ਬਾਹਰ ਲੈ ਗਏ ਤੇ ਮਹੰਤ ਦੇ ਹੁਕਮਾਂ 'ਤੇ ਜੰਡ ਨਾਲ ਪੁੱਠਾ ਲਟਕਾ ਕੇ ਦਾਰੂ ਛਿੜਕ ਕੇ ਅੱਗ ਲਾ ਦਿੱਤੀ। ਸਿੱਖਾਂ ਦਾ ਵਿਦਰੋਹ ਹੋਰ ਭੜਕ ਪਿਆ। ਹੋਰ ਜਥੇ ਵਹੀਰਾਂ ਘੱਤ ਕੇ ਆਉਣ ਲੱਗੇ। ਅੰਗਰੇਜ਼ ਅਫਸਰ ਉਨ੍ਹਾਂ ਨੂੰ ਵੀ 'ਇਕ ਦੋ ਤਿੰਨ' ਦੀ ਵਾਰਨਿੰਗ ਨਾਲ ਗੋਲੀ ਮਾਰਨ ਦੀ ਧਮਕੀ ਦਿੰਦਾ ਪਰ ਉਹ ਨਾ ਡਰਦੇ। ਜਥੇਦਾਰ ਕਰਤਾਰ ਸਿੰਘ ਝੱਬਰ ਮਹੰਤ ਸਮੇਤ ਗੁਰਦੁਆਰੇ ਦੀਆਂ ਚਾਬੀਆਂ ਦਾ ਕਬਜ਼ਾ ਲੈਣ ਤੱਕ ਡਟੇ ਰਹੇ। ਅਖੀਰ ਅੰਗਰੇਜ਼ ਅਫਸਰਾਂ ਨੇ ਚਾਬੀਆਂ ਸਿੰਘਾਂ ਦੇ ਹਵਾਲੇ ਕਰ ਦਿੱਤੀਆਂ। ਮਹੰਤ ਤੇ ਉਸ ਦੇ ਸਾਥੀਆਂ ਦਾ ਉਹੀ ਹਸ਼ਰ ਹੁੰਦਾ ਹੈ ਜੋ ਅਜਿਹੇ ਦੁਸ਼ਟ ਦਾ ਹੋਣਾ ਚਾਹੀਦਾ ਸੀ।

'ਸਾਕਾ' ਗੁਰਦੁਆਰਾ ਨਨਕਾਣਾ ਸਾਹਿਬ ਨੂੰ ਅੰਗਰੇਜ਼ਾਂ ਦੇ ਪਿੱਠੂ ਮਹੰਤ ਨਰਾਇਣਦਾਸ ਦੇ ਚੁੰਗਲ ਵਿਚੋਂ ਛੁਡਾਉਣ ਦੇ ਇਤਿਹਾਸਕ ਪ੍ਰਸੰਗ ਦਾ ਫਿਲਮਾਂਕਣ ਹੈ। ਫਿਲਮ ਨਿਰਮਾਤਾ ਸੁਖਵੀਰ ਸਿੰਘ ਸੰਧਰ ਦਾ ਇਸ ਪ੍ਰਸੰਗ ਨੂੰ ਸਾਂਭਣ ਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਸ਼ਲਾਘਾਯੋਗ ਉਪਰਾਲਾ ਵੇਖ ਕੇ ਬਹੁਤ ਖੁਸ਼ੀ ਹੋਈ ਪਰ ਇਹ ਵੇਖ ਕੇ ਨਿਰਾਸ਼ਾ ਵੀ ਹੋਈ ਕਿ ਫਰੀਮਾਂਟ ਸਿਨਮਾ ਘਰ ਵਿਚ ਪਹਿਲੇ ਦਿਨ ਦੇ ਪਹਿਲੇ ਸ਼ੋ ਵਿਚ ਦਰਸ਼ਕਾਂ ਦੀ ਹਾਜ਼ਰੀ ਉਂਗਲਾਂ 'ਤੇ ਗਿਣੀ ਜਾਣ ਜੋਗੀ ਕੇਵਲ ਨੌਂ ਸੀ ਜਦ ਕਿ ਹੋਰ ਕਈ ਫਿਲਮਾਂ ਵਿਚ ਦਰਸ਼ਕਾਂ ਦਾ ਹੜ੍ਹ ਆਇਆ ਹੁੰਦਾ ਹੈ। ਸਿੱਖਾਂ ਦੀ ਇਹ ਇਤਿਹਾਸਕ ਗਾਥਾ ਜਗਮੀਤ ਸਿੰਘ ਸਮੁੰਦਰੀ ਦੀ ਲਿਖੀ ਤੇ ਨਿਰਦੇਸ਼ਿਤ ਹੈ। ਉਘੇ ਕਵੀ ਤੇ ਗਜ਼ਲਗੋ ਹਰਜਿੰਦਰ ਕੰਗ ਦੇ ਲਿਖੇ ਗੀਤ ਇਸ ਫਿਲਮ ਦਾ ਸ਼ਿੰਗਾਰ ਬਣੇ ਹਨ ਤੇ ਇਹ ਕੈਲੀਫੋਰਨੀਆ ਸਾਹਿਤ ਸਭਾਵਾਂ ਵਾਸਤੇ ਮਾਣ ਤੇ ਖੁਸ਼ੀ ਦਾ ਮੁਕਾਮ ਹੈ।

*-ਚਰਨਜੀਤ ਸਿੰਘ ਪੰਨੂ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਸੁਰ ਤੇ ਅਦਾ ਦੀ ਸੰਗੀਤਕ ਚਿੱਤਰਕਲਾ ਹੈ 'ਨੂਰੀ'




ਐਸ. ਅਸ਼ੋਕ ਭੌਰਾ
ਫੋਨ: 510-415-3315

ਯਸ਼ ਚੋਪੜਾ ਨੇ 1979 ਵਿਚ 'ਨੂਰੀ' ਫਿਲਮ ਬਣਾ ਕੇ ਪੂਨਮ ਢਿੱਲੋਂ ਦੇ ਸਲਵਾਰ ਕਮੀਜ਼ ਤਾਂ ਇਕ ਤਜ਼ਰਬੇ ਵਜੋਂ ਪੁਆਈ ਸੀ ਪਰ ਸਲਵਾਰ ਕਮੀਜ਼ ਪਹਿਨਣਾ ਮਰਦਾਂ ਲਈ ਸ਼ੌਕ ਬਣ ਗਿਆ, ਬਸ਼ਰਤੇ ਕਿ ਧਾਰਮਿਕ ਨਜ਼ਰੀਏ ਨੂੰ ਛੱਡ ਲਈਏ। ਉਂਜ ਇਹ ਫਾਰਮੂਲਾ ਫਿਲਮ ਦੇ ਹਿੱਟ ਹੋਣ ਦਾ ਇਕ ਰਾਜ਼ ਬਣ ਗਿਆ ਸੀ। ਪਰ ਜਿਸ ਨੂਰੀ ਦੀ ਮੈਂ ਗੱਲ ਕਰਨ ਲੱਗਾ ਹਾਂ, ਹੈ ਤਾਂ ਉਹ ਵੀ ਫਿਲਮਾਂ ਵਾਲੀ ਨੂਰੀ ਪਰ ਇਸ ਨੂਰੀ ਦੇ ਨਾਂ ਨਾਲ ਅਮਰ ਵੀ ਲੱਗਾ ਹੋਇਆ ਹੈ। ਸੋ ਗੱਲ ਆਪਾਂ ਇਥੇ ਅਮਰ ਨੂਰੀ ਦੀ ਕਰਨ ਲੱਗੇ ਹਾਂ।

ਘੜੀ ਦੀਆਂ ਘੁੰਮਦੀਆਂ ਸੂਈਆਂ ਵਕਤ ਨਹੀਂ ਹੁੰਦਾ, ਵਕਤ ਉਨ੍ਹਾਂ ਨੂੰ ਪੁੱਛ ਕੇ ਦੇਖੋ ਕਿ ਕੀ ਹੁੰਦਾ ਹੈ ਜਦੋਂ ਰਾਤ ਸਿਰ 'ਤੇ ਹੋਵੇ, ਹੜ੍ਹ ਨਾਲ ਰਸਤੇ ਬੰਦ ਹੋਣ ਤੇ ਬੰਦਾ ਮਰਦਾ ਜਾਂਦਾ ਹੋਵੇ, ਡਾਕਟਰ ਕੋਲ ਲੈ ਕੇ ਜਾਣ ਦਾ ਕੋਈ ਹੀਲਾ ਵਸੀਲਾ ਨਾ ਰਵੇ, ਉਦੋਂ ਲੱਗਦਾ ਹੈ ਕਿ ਗੁੱਟ 'ਤੇ ਲੱਗੀ ਘੜੀ ਸੱਚੀਂ ਮੁੱਚੀਂ ਹੀ ਰੁਕ ਗਈ ਹੈ। ਇਹ ਗੱਲ ਮੈਂ ਇਸ ਕਰਕੇ ਕਰ ਰਿਹਾ ਹਾਂ ਕਿ ਪੰਜਾਬੀ ਗਾਇਕੀ ਵਿਚ ਦੋ ਅਜਿਹੀਆਂ ਅਵਾਜ਼ਾਂ ਆਈਆਂ- ਸਰਦੂਲ ਸਿਕੰਦਰ ਅਤੇ ਅਮਰ ਨੂਰੀ, ਜੋ ਪਹਿਲਾਂ ਅਲੱਗ ਅਲੱਗ ਗਾਉਂਦੇ ਸਨ ਫਿਰ ਇਕੱਠੇ ਗਾਉਣ ਲੱਗ ਪਏ ਤੇ ਫਿਰ ਨਿਕਾਹ 'ਚ ਵੀ ਬੱਝ ਗਏ।

ਇਹ ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਇਕ ਤਾਂ ਗੁਰਦਿਆਂ ਦੀ ਬਿਮਾਰੀ ਤੋਂ ਪੀੜ੍ਹਤ ਸੀ ਤੇ ਦੂਜੇ ਨੂੰ ਆਪਣਾ ਗੁਰਦਾ ਆਪਣੇ ਸਿਰ ਦੇ ਸਾਈਂ ਨੂੰ ਬਚਾਉਣ ਲਈ ਕੁਰਬਾਨ ਕਰਨਾ ਪਿਆ। ਅਮਰ ਨੂਰੀ ਗਾਉਂਦੀ ਹੀ ਨਹੀਂ ਰਹੀ ਬਲਕਿ ਉਹਨੇ ਸੱਚ ਕਰਕੇ ਦਿਖਾਇਆ ਹੈ ਕਿ 'ਤੈਨੂੰ ਤਾਪ ਚੜ੍ਹੇ, ਮੈਂ ਹੂੰਗਾਂ।' ਅਮਰ ਨੂਰੀ ਨਾਲ ਹਾਲ ਹੀ ਵਿਚ ਮੈਂ ਆਪਣੇ ਗੁੱਸੇ ਤੇ ਨਰਾਜ਼ਗੀ ਦਾ ਪ੍ਰਗਟਾਵਾ ਪਹਿਲਾਂ ਕਰਨ ਲੱਗਾ ਹਾਂ। ਇਹ ਹੋ ਅਸਲ 'ਚ ਇਸ ਕਰਕੇ ਗਿਆ ਕਿ ਕਈ ਵਾਰੀ ਪਤਾ ਹੀ ਨਹੀਂ ਲੱਗਦਾ ਕਿ ਬਾਤ ਪਾਉਣ ਵਾਲਾ ਸੁੱਤਾ ਹੈ ਕਿ ਹੁੰਗਾਰਾ ਭਰਨ ਵਾਲਾ। ਸਤੰਬਰ ਮਹੀਨੇ ਟੋਰਾਂਟੋ ਗਿਆ, ਅਮਰ ਨੂਰੀ ਨੂੰ ਮਿਲਣ ਦੀ ਇੱਛਾ ਇਸ ਕਰਕੇ ਵੀ ਵੱਧ ਸੀ ਕਿ ਉਹ ਮੈਨੂੰ ਕਈ ਸਾਲਾਂ ਬਾਅਦ ਮਿਲੇਗੀ। ਇਸ ਕਰਕੇ ਵੀ ਕਿ ਉਹਦੇ ਦੋਵੇਂ ਪੁੱਤਰ ਵੀ ਨਾਲ ਨੇ, ਇਸ ਕਰਕੇ ਵੀ ਕਿ ਉਨ੍ਹਾਂ ਦਾ ਹੁਣ ਆਪਣਾ ਘਰ ਹੈ ਟੋਰਾਂਟੋ 'ਚ। ਕੁਝ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਕੈਨੇਡਾ ਦੀ ਪੱਕੀ ਇੰਮੀਗ੍ਰੇਸ਼ਨ ਮਿਲੀ ਸੀ ਤਾਂ ਦੋਵਾਂ ਨੇ ਬੜੇ ਚਾਅ ਨਾਲ ਦੱਸਿਆ ਸੀ ਕਿ ਅਸੀਂ ਹੁਣ ਪੱਕੇ ਕੈਨੇਡੀਅਨ ਹੋ ਗਏ ਹਾਂ। ਟੋਰਾਂਟੋ ਮੈਂ ਇਕ ਹਫਤਾ ਰਿਹਾ ਤਾਂ ਨੂਰੀ ਨੂੰ ਫੋਨ ਕੀਤਾ, ਕਹਿਣ ਲੱਗੀ, 'ਮੈਂ ਕਿਸੇ ਵਿਆਹ 'ਤੇ ਹਾਂ।' ਮੈਂ ਕਿਹਾ, 'ਅੱਜ ਬੁੱਧਵਾਰ ਹੈ, ਵਿਆਹ ਬੁੱਧਵਾਰ ਨੂੰ ਨਹੀਂ ਹੁੰਦੇ।' ਉਹਨੇ ਗੱਲ ਬਦਲੀ, 'ਅੱਜ ਮਾਈਆਂ ਹੈ।' ਮੈਂ ਕਿਹਾ, 'ਤੂੰ ਚਾਲੀ ਮੀਲ 'ਤੇ ਹੀ ਹੈਂ, ਮੈਂ ਆ ਜਾਨਾਂ।' ਉਹਨੇ ਫਿਰ ਬਹਾਨਾ ਲਾ ਦਿੱਤਾ, 'ਨਹੀਂ ਮੈਂ ਕੱਲ ਫੋਨ ਕਰਾਂਗੀ।' ਇਉਂ ਮੈਂ ਅੰਦਰੋ ਅੰਦਰੀ ਟੁੱਟ ਵੀ ਰਿਹਾ ਸੀ ਕਿ ਜਿਸ ਨੂਰੀ ਨਾਲ ਪਿਛਲੇ ਪੈਂਤੀ ਸਾਲਾਂ ਤੋਂ ਮੇਰੀ ਸਾਂਝ ਹੈ, ਸਰਦੂਲ ਤੇ ਨੂਰੀ ਦੇ ਮੈਂ ਦੁੱਖਾਂ 'ਚ ਸ਼ਰੀਕ ਰਿਹਾ ਹਾਂ, ਉਹ ਮੈਨੂੰ ਮਿਲਣ ਤੋਂ ਪਾਸਾ ਕਿਉਂ ਵੱਟ ਰਹੀ ਹੈ?

ਕੁਝ ਮਹੀਨਿਆਂ ਪਿਛੋਂ ਪਤਾ ਲੱਗਾ ਕਿ ਉਹ ਆਪਣਾ ਘਰ ਬਾਰ ਵੇਚ ਕੇ ਆਪਣੇ ਦੋਵੇਂ ਪੁੱਤਰਾਂ- ਅਲਾਪ ਅਤੇ ਸਾਰੰਗ ਨੂੰ ਨਾਲ ਲੈ ਕੇ ਟੋਰਾਂਟੋ ਤੋਂ ਖੰਨੇ ਚਲੇ ਗਈ ਹੈ। ਮੈਂ ਇਹ ਵੀ ਦੁੱਖ ਨਾਲ ਹੀ ਕਹਾਂਗਾ ਕਿ ਹਾਲੇ ਕੁਝ ਦੇਰ ਪਹਿਲਾਂ ਤਾਂ ਮੈਨੂੰ ਕਹਿ ਰਹੀ ਸੀ ਕਿ ਅਸੀਂ ਪੀ ਆਰ ਮਿਲਣ ਦਾ ਟਾਈਮ ਪੂਰਾ ਕਰ ਰਹੇ ਹਾਂ। ਪਰ ਹੁਣ ਜਦੋਂ ਖੰਨੇ ਤੋਂ ਖਬਰ ਆਈ ਕਿ ਸਰਦੂਲ ਦੇ ਗੁਰਦੇ ਖਰਾਬ ਸਨ ਤੇ ਆਪਣੇ ਸੁਰੀਲੇ ਖਾਵੰਦ ਨੂੰ ਜ਼ਿੰਦਗੀ ਦੇਣ ਲਈ ਨੂਰੀ ਨੇ ਆਪਣਾ ਇਕ ਗੁਰਦਾ ਆਪਣੇ ਪਤੀ ਨੂੰ ਸ਼ਰਧਾ ਤੇ ਸਤਿਕਾਰ ਨਾਲ ਭੇਟ ਕਰ ਦਿੱਤਾ ਹੈ ਤਾਂ ਸਾਰੇ ਗੁੱਸੇ ਗਿਲੇ ਮੈਂ ਭੁੱਲ ਗਿਆ।

ਦੁੱਖ ਪੀਣ ਦੀ ਕਹਾਣੀ ਮੈਂ ਇਸ ਕਰਕੇ ਵੀ ਕੀਤੀ ਹੈ ਕਿ ਹਾਲ ਹੀ ਵਿਚ ਜਦੋਂ ਕੁਲਦੀਪ ਮਾਣਕ ਦੀ ਮਜ਼ਾਰ 'ਤੇ ਲੱਗੇ ਮੇਲੇ ਵਿਚ ਮੇਰੀ ਪਤਨੀ ਕਸ਼ਮੀਰ ਕੌਰ ਤੇ ਬੇਟੇ ਮਨਵੀਰ ਨੂੰ ਸਰਦੂਲ ਮਿਲਿਆ ਤਾਂ ਉਹਨੇ ਆਪਣਾ ਦੁੱਖ ਦੱਸਣ ਦੀ ਥਾਂ ਦੋਹਾਂ ਨੂੰ ਪੁੱਛਿਆ, 'ਸਾਡੇ ਅਸ਼ੋਕ ਦਾ ਕੀ ਹਾਲ ਹੈ, ਹੁਣ ਠੀਕ ਠਾਕ ਹੈ, ਪਿੱਛੇ ਜਿਹੇ ਸਿਹਤ ਖਰਾਬ ਰਹਿਣ ਲੱਗ ਪਈ ਸੀ?' ਅਸਲ ਵਿਚ ਸਰਦੂਲ ਵਰਗੇ ਗਾਇਕ ਹੀ ਪੈਦਾ ਨਹੀਂ ਹੁੰਦੇ ਸਗੋਂ ਉਹ ਇਕ ਅਜਿਹਾ ਇਨਸਾਨ ਹੈ ਜੋ ਆਪ ਵੀ ਦੂਜਿਆਂ ਲਈ ਕੁਰਬਾਨ ਹੋਣ ਵਾਲਿਆਂ ਦੀ ਸੂਚੀ 'ਚ ਸਭ ਤੋਂ ਮੂਹਰੇ ਰਿਹਾ ਹੈ, ਉਹ ਦੂਜਿਆਂ ਲਈ ਮਰ ਮਿਟਣ ਵਾਲਾ ਸ਼ਖਸ ਵੀ ਸਾਬਤ ਹੋਇਆ ਹੈ। ਸ਼ੂਗਰ ਦੀ ਬਿਮਾਰੀ ਨੇ ਉਹਦੇ ਗੁਰਦੇ ਖਾ ਲਏ ਨੇ ਤੇ ਇਕ ਮਹਾਨ ਕਲਾਕਾਰ ਉਸ ਪੌੜੀ 'ਤੇ ਜ਼ਿੰਦਗੀ ਦਾ ਸਫਰ ਤੈਅ ਕਰਨ ਲੱਗ ਪਿਆ ਹੈ ਜਿਸ ਦੇ ਪੌਡੇ ਰੱਸੀਆਂ ਨਾਲ ਗੰਢ-ਤੁੱਪ ਕਰਕੇ ਬੰਨ੍ਹ ਦਿੱਤੇ ਗਏ ਨੇ। ਮੈਨੂੰ ਯਾਦ ਹੈ, ਸਰਦੂਲ ਦਾ ਵੱਡਾ ਭਰਾ ਭਰਪੂਰ ਅਲੀ ਅਤੇ ਮੈਂ ਕਦੇ ਕਦੇ ਖੰਨੇ 'ਕੱਠੇ ਹੁੰਦੇ ਤਾਂ ਪਿਆਲਾ ਸਾਂਝਾ ਕਰ ਲੈਂਦੇ। ਉਨ੍ਹਾਂ ਦੇ ਵਿਆਹ ਪਿੱਛੋਂ ਇਕ ਵਾਰ ਗਲਾਸੀ ਖੜਕਾਉਣ ਲੱਗੇ ਤਾਂ ਨੂਰੀ ਨੇ ਸਰਦੂਲ ਨੂੰ ਕਿਹਾ, 'ਵੇਖੋ, ਅਸ਼ੋਕ ਭਾਜੀ ਫਿਰ ਸ਼ਰਾਬ ਪੀ ਰਹੇ ਨੇ।' ਸਰਦੂਲ ਖਫਾ ਹੋਇਆ ਆਇਆ, ਗਲਾਸੀ ਚੁੱਕੀ 'ਤੇ ਆਪ ਕਦੇ ਵੀ ਮੂੰਹ ਨੂੰ ਨਾ ਲਾਉਣ ਵਾਲੇ ਇਨਸਾਨ ਨੇ ਇਹ ਕਹਿ ਕੇ ਡੋਲ ਦਿੱਤੀ ਕਿ ਸਾਨੂੰ ਤੇਰੀ ਬੜੀ ਲੋੜ ਹੈ। ਇਹ ਸ਼ਰਾਬ ਗੁਰਦੇ ਖਰਾਬ ਕਰ ਦਿੰਦੀ ਹੈ।' ਇਹ ਰੱਬ ਦੀ ਰਜ਼ਾ ਹੀ ਹੈ ਕਿ ਜ਼ਿੰਦਗੀ 'ਚ ਕਦੇ ਵੀ ਕਿਸੇ ਨਸ਼ੇ ਨੂੰ ਹੱਥ ਨਾ ਲਾਉਣ ਵਾਲੇ ਇਸ ਮਹਾਨ ਗਾਇਕ ਦੇ ਦੋਵੇਂ ਗੁਰਦੇ ਫੇਲ੍ਹ ਹੋ ਗਏ ਹਨ। ਦੋਵਾਂ ਦੀ ਜ਼ਿੰਦਗੀ 'ਚ ਹੀ ਮੇਰੀ ਦਖਲ ਅੰਦਾਜ਼ੀ ਨਹੀਂ ਰਹੀ ਸਗੋਂ ਮੈਂ ਦਾਅਵੇ ਨਾਲ ਕਹਾਂਗਾ ਕਿ ਦੋਹਾਂ ਦਾ ਮੇਰੇ ਨਾਲ ਇੱਕੋ ਜਿਹਾ ਪਿਆਰ ਹੀ ਨਹੀਂ ਰਿਹਾ ਸਗੋਂ ਉਨ੍ਹਾਂ ਦੀ ਜ਼ਿੰਦਗੀ ਨੂੰ ਸਾਵਾਂ ਤੁਲਵਾਂ ਰੱਖਣ ਲਈ ਮੈਂ ਕਈ ਥਾਂ ਚੰਗਾ ਰੋਲ ਵੀ ਨਿਭਾਉਂਦਾ ਰਿਹਾ ਹਾਂ। ਇਸ ਦੀ ਇਕ ਮਿਸਾਲ ਵੀ ਪੇਸ਼ ਕਰਾਂਗਾ। ਜਦੋਂ ਅਮਰ ਨੂਰੀ ਦੇ ਪਿਤਾ ਰੌਸ਼ਨ ਸਾਗਰ ਨੂੰ ਪਤਾ ਲੱਗਾ ਕਿ ਦੋਵੇਂ ਪਿਆਰ ਵਿਆਹ ਕਰਵਾਉਣਾ ਚਾਹੁੰਦੇ ਹਨ ਤਾਂ ਰੋਪੜ ਉਚੇ ਖੇੜੇ ਆਪਣੇ ਘਰ ਦੀ ਘਾਟੀ ਚੜ੍ਹਦਿਆਂ ਉਹ ਮੈਨੂੰ ਪੁੱਛਣ ਲੱਗਾ, 'ਅਸ਼ੋਕ ਤੇਰਾ ਕੀ ਖਿਆਲ ਹੈ, ਮੈਨੂੰ ਨੂਰੀ ਦਾ ਵਿਆਹ ਸਰਦੂਲ ਨਾਲ ਕਰ ਦੇਣਾ ਚਾਹੀਦਾ ਹੈ?' ਤੇ ਨਾਲ ਹੀ ਹੱਸ ਕੇ ਬੋਲਿਆ 'ਗੱਲ ਤਾਂ ਤੂੰ ਸਰਦੂਲ ਦੇ ਪੱਖ ਦੀ ਹੀ ਕਰਨੀ ਹੈ।' ਫੌਜੀਆਂ ਦੀ ਹਰਡਲ ਰੇਸ ਵਾਂਗ ਅੜਿੱਕਾ ਬਣਨ ਵਾਲਾ ਤੇ ਦਾਣੇ ਭੁੰਨ੍ਹਣ ਵਾਲੀ ਭੱਠੀ ਦੀ ਤਪਦੀ ਰੇਤ ਵਾਂਗ ਹੌਲੀ ਹੌਲੀ ਠੰਡਾ ਹੋਣ ਵਾਲਾ ਅਸੀਂ ਸਾਰਿਆਂ ਨੇ ਰਲ ਕੇ ਰੌਸ਼ਨ ਸਾਗਰ ਲੀਹੇ ਪਾ ਹੀ ਲਿਆ। ਮੈਂ ਉਸੇ ਰੌਸ਼ਨ ਸਾਗਰ ਦੀ ਗੱਲ ਕਰ ਰਿਹਾ ਹਾਂ ਜਿਹੜਾ ਨੂਰੀ ਦਾ ਪਿਓ ਹੀ ਨਹੀਂ ਸੀ ਸਗੋਂ 'ਮੇਰਾ ਡੋਰੀਆ ਹਵਾ ਦੇ ਵਿਚ ਉਡ ਲੈਣ ਦੇ' ਅਤੇ 'ਗੋਰੇ ਰੰਗ 'ਤੇ ਝਰੀਟਾਂ ਆਈਆਂ' ਆਦਿ ਹਿੱਟ ਗੀਤਾਂ ਦਾ ਗਾਇਕ ਵੀ ਰਿਹਾ ਹੈ। ਹਰਭਜਨ ਟਾਂਕ ਦੀ ਪੁਸ਼ਪਾ ਨਾਲ ਉਹਨੇ ਗਾਇਆ ਹੈ ਤੇ ਕਿਤੇ ਕਿਤੇ ਗਾਇਕਾਵਾਂ ਨਾਲ...।


*ਇਸ ਫੋਟੋ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਅਮਰ ਨੂਰੀ ਦਾ ਅਰਥ ਸੋਹਣਾ ਹੋਣਾ ਨਹੀਂ ਹੁੰਦਾ*

ਅਮਰ ਨੂਰੀ ਬਾਰੇ ਮੈਂ ਕੁਝ ਦਿਲਚਸਪ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨ ਜਾ ਰਿਹਾ ਹਾਂ। ਉਹਦਾ ਜਨਮ ਦਿਨ ਤੇਈ ਮਈ ਨੂੰ ਆਉਂਦਾ ਹੈ, ਉਹ ਕਿੰਨਿਆ ਸਾਲਾਂ ਦੀ ਹੋ ਗਈ ਹੈ ਇਹ ਮੈਨੂੰ ਨਹੀਂ ਪਤਾ, ਕਿੰਨੀ ਪੜ੍ਹੀ ਲਿਖੀ ਹੈ, ਇਹ ਵੀ ਨਹੀਂ ਪਤਾ। ਇਹ ਜ਼ਰੂਰ ਪਤੈ ਕਿ ਇਕ ਵਾਰ ਉਹਨੂੰ ਦਸਵੀਂ ਦਾ ਪ੍ਰਾਈਵੇਟ ਇਮਤਿਹਾਨ ਦਵਾਉਣ ਲਈ ਮੈਂ ਆਪਣੇ ਸਕੂਲ ਦੀਆਂ ਸੇਵਾਵਾਂ ਜ਼ਰੂਰ ਪੇਸ਼ ਕੀਤੀਆਂ ਸਨ, ਕਈ ਸਾਲ ਨੂਰੀ ਦਾ ਭਾਰ 48 ਕਿੱਲੋ ਤੋਂ ਨਹੀਂ ਵਧਿਆ, ਨੂਰੀ ਦੀ ਛੋਟੀ ਭੈਣ ਜ਼ਾਹਿਦਾ ਪ੍ਰਵੀਨ ਉਸ ਤੋਂ ਵੀ ਕਈ ਗੁਣਾ ਵੱਧ ਸੋਹਣੀ ਸੀ, ਨੂਰੀ ਦਾ ਵੱਡਾ ਭਰਾ ਕਰਮਦੀਨ ਭੇਟਾਂ ਗਾਉਂਦਾ ਹੈ, ਨੂਰ ਮੁਹੰਮਦ ਨਾਲ ਡਰੰਮ ਸੈਟ ਵਜਾਉਂਦਾ ਰਿਹਾ ਹੈ, ਛੋਟਾ ਤਾਰੀ ਕੋਰਸ ਬੋਲਦਾ ਰਿਹਾ ਹੈ ਤੇ 'ਮੁਹੰਮਦਾਂ' ਦੇ ਪਰਿਵਾਰ ਵਿਚ ਰੋਪੜ ਦੇ ਸਰਕਾਰੀ ਹਸਪਤਾਲ ਵਿਚ ਦਰਜਾ ਚਾਰ ਦੀ ਨੌਕਰੀ ਕਰਨ ਵਾਲੀ ਨੂਰੀ ਦੀ ਮਾਂ ਦਾ ਨਾਂ ਬਿਮਲਾ ਦੇਵੀ ਸੀ, ਦੇਵੀ ਕਿਉਂ ਸੀ? ਮੈਨੂੰ ਨਹੀਂ ਪਤਾ। ਜਿੱਦਣ ਦੀਦਾਰ ਸੰਧੂ ਨਾਲ ਨੂਰੀ ਦਾ ਸੈਟ ਬਣਿਆ ਤਾਂ ਪੰਜਾਬੀ ਗਾਇਕੀ ਵਿਚ ਵੱਡੀ ਹਲਚਲ ਹੋਈ। 'ਫਾਟਕ ਕੋਟ ਕਪੂਰੇ ਦਾ', 'ਜ਼ਰਾ ਛੇਤੀਂ ਕੰਮ ਨਬੇੜ', 'ਜੈ ਵੱਡੀ ਦਾ ਦਾਰੂ ਪੀ ਕੇ' ਆਦਿ ਅਨੇਕਾਂ ਅਜਿਹੇ ਰੋਮਾਂਟਿਕ ਗੀਤ ਸਨ ਜੋ ਦੀਦਾਰ ਤੇ ਨੂਰੀ ਦੀਆਂ ਪੰਜਾਬੀ ਦੋਗਾਣਾ ਸ਼ੈਲੀ ਦੀਆਂ ਅਮਰ ਰਚਨਾਵਾਂ ਕਹੀਆਂ ਜਾ ਸਕਦੀਆਂ ਹਨ। ਮਾਣੀ ਖੇੜੇ ਨੇੜੇ ਜਗਜੀਤ ਦੀ 'ਗੱਭਰੂ ਪੰਜਾਬ ਦਾ' ਫਿਲਮ ਦੀ ਸ਼ੂਟਿੰਗ ਚੱਲ ਰਹੀ ਸੀ, ਸ਼ਮਸ਼ੇਰ ਤੇ ਮੈਂ ਵੀ ਹਾਜ਼ਰ ਸਾਂ। ਬੋਲੀਆਂ ਫਿਲਮਾਈਆਂ ਜਾ ਰਹੀਆਂ ਸਨ। ਨੂਰੀ ਤੇ ਦੀਦਾਰ ਉਤੇ 'ਭਰਤਾ ਭਰਤਾ ਭਰਤਾ, ਹੱਸਦੀ ਨੇ ਦਿਲ ਮੰਗਿਆ ਅਸੀਂ ਕੱਢ ਕੇ ਤਲੀ ਦੇ ਉਤੇ ਧਰ'ਤਾ।' ਉਦੋਂ ਅਦਾਕਾਰੀ ਪੱਖੋਂ ਵੀ ਨੂਰੀ ਦਾ ਨਾਮ ਚਰਚਿਤ ਹੋ ਗਿਆ ਸੀ। ਦੀਦਾਰ ਦੀ ਉਸ ਸਟੇਜ 'ਤੇ ਕਹੀ ਗੱਲ ਮੈਨੂੰ ਕਦੇ ਨਹੀਂ ਭੁੱਲਦੀ, ਉਹ ਆਪਣੇ ਸੁਭਾਅ ਮੁਤਾਬਿਕ ਹੌਲੀ ਹੌਲੀ ਸਟੇਜ ਤੋਂ ਕਹਿਣ ਲੱਗਾ 'ਜਿੱਦਣ ਹਵਾ ਤੇਜ਼ ਚੱਲਦੀ ਹੋਵੇ ਉਦਣ ਮੈਂ ਨਾਲ ਗਾਉਣ ਲਈ ਊਸ਼ਾ ਕਿਰਨ ਨੂੰ ਲੈ ਜਾਂਦਾ ਹਾਂ ਜਾਂ ਕੁਲਦੀਪ ਕੌਰ ਨੂੰ।'

ਢੋਲ ਵਜਾਉਣ ਵਾਲਾ ਪੁੱਛਣ ਲੱਗਾ, 'ਉਹ ਕਿਉਂ?' ਉਹ ਹੌਲੀ ਦੇਣੀ ਬੋਲਿਆ, 'ਇਹ ਫੁੱਲਾਂ ਵਰਗੀ ਨੂਰੀ ਕਿਤੇ ਵਾਅ ਦੇ ਬੁੱਲ੍ਹੇ 'ਚ ਉਡ ਗਈ ਤਾਂ ਨੇੜੇ ਤੇੜੇ ਥਿਆਉਣੀ ਵੀ ਨਹੀਂ।' ਸਾਰੇ ਹੱਸ ਪਏ। ਅਸਲ 'ਚ ਦੀਦਾਰ ਸੰਧੂ ਅਤੇ ਅਮਰ ਨੂਰੀ ਦੀ ਗਾਇਕੀ ਦਾ ਫਲਸਫਾ ਆਪਣੇ ਆਪ ਵਿਚ ਇਕ ਇਤਿਹਾਸ ਬਣਿਆ ਰਹੇਗਾ। 'ਭਾਬੀ ਮੇਰੀ ਗੁੱਤ ਕਰ ਦੇ', 'ਗਿੱਧੇ ਵਿਚ ਮੈਂ ਨੱਚਦੀ ਮੇਰੇ ਖੇਤਾਂ ਵਿਚ ਨੱਚਦੀ ਬਹਾਰ' ਅਤੇ 'ਚੌਂਕ ਵਿਚ ਖੋਲ੍ਹੀ ਬੈਠਾ ਰੀਲ੍ਹਾਂ ਦੀ ਦੁਕਾਨ' ਵਰਗੇ ਸਰਦੂਲ ਨਾਲ ਗਾਏ ਦੋਗਾਣੇ ਚੇਤਿਆਂ ਵਿਚੋਂ ਮਨਫੀ ਨਹੀਂ ਹੋਣਗੇ। ਨੂਰੀ ਦੀ ਆਪਣੀ ਥਾਂ ਹੈ ਅਤੇ ਗਾਇਕੀ 'ਚ ਉਂਜ ਉਹਦੀ ਇਹ ਪਛਾਣ ਦੋ ਨੰਬਰ 'ਤੇ ਰਹੇਗੀ ਕਿ ਉਹ ਸਰਦੂਲ ਸਿਕੰਦਰ ਦੀ ਪਤਨੀ ਹੈ। ਉਹ ਪਹਿਲਾਂ ਪੰਜਾਬੀਆਂ ਦੀ ਹਰਮਨ ਪਿਆਰੀ ਗਾਇਕਾ ਤੇ ਅਦਾਕਾਰਾ ਹੈ। ਨੂਰੀ ਤੇ ਸਰਦੂਲ ਦੇ ਵਿਆਹ ਦੀਆਂ ਧੁੰਮਾਂ ਬੜੀਆਂ ਪਈਆਂ, ਅਖਬਾਰਾਂ ਨੇ ਪਹਿਲੇ ਪੰਨਿਆਂ 'ਤੇ ਫੋਟੋਆਂ ਲਾਈਆਂ, ਬਰਾਤ ਖੰਨੇ ਤੋਂ ਰੋਪੜ ਸਜ ਧਜ ਕੇ ਗਈ ਤੇ 'ਚੰਡੀਗੜ੍ਹ ਰਹਿਣ ਵਾਲੀਏ' ਮਾਸਟਰ ਹਰੀਦੇਵ ਨੂੰ ਉਸਤਾਦ ਕਹਿਣ ਵਾਲੀ ਅਮਰ ਨੂਰੀ ਉਸ ਦਿਨ ਚਰਨਜੀਤ ਆਹੂਜਾ ਨੂੰ 'ਗੁਰੂ ਜੀ ਗੁਰੂ ਜੀ' ਇਸ ਕਰਕੇ ਕਹਿ ਰਹੀ ਸੀ ਕਿ ਨਿਕਾਹ ਤਾਂ ਭਾਵੇਂ ਮੌਲਵੀ ਨੇ ਪੜ੍ਹਿਆ ਹੋਵੇ ਪਰ ਨਿਕਾਹ ਦਾ ਮਹੌਲ ਪੈਦਾ ਕਰਨ ਲਈ ਚਰਨਜੀਤ ਆਹੂਜਾ ਨੇ ਰਸਤਾ ਕਾਫੀ ਸਾਫ ਕਰ ਦਿੱਤਾ ਸੀ।

ਬਲਕਰਨ ਬੜਿੰਗ ਦੀ 'ਉਡੀਕਾਂ ਸਾਉਣ ਦੀਆਂ' ਫਿਲਮ ਦੀ ਸ਼ੂਟਿੰਗ ਫਰੀਦਕੋਟ 'ਚ ਰਾਜੇਆਣਾ ਵਿਖੇ ਹੋ ਰਹੀ ਸੀ। ਜੂਨ ਮਹੀਨਾ, ਮੈਂ ਇਸ ਸ਼ੂਟਿੰਗ 'ਤੇ ਕਈ ਦਿਨ ਰਿਹਾ। ਨੂਰੀ ਦਾ ਪਿਓ ਰੌਸ਼ਨ ਸਾਗਰ, ਨੂਰੀ ਤੇ ਮੈਂ ਇੱਕੋ ਤਖਤਪੋਸ਼ ਵਰਗੇ ਵੱਡੇ ਮੰਜੇ 'ਤੇ ਸੌਂਦੇ ਰਹੇ। ਇਹ ਫਿਲਮ ਭਾਵੇਂ ਨਾ ਚੱਲੀ ਹੋਵੇ ਪਰ ਅਦਾਕਾਰੀ ਨੂਰੀ ਨੇ ਵਧੀਆ ਦਿਖਾਈ ਸੀ। ਕਈਆਂ ਨੂੰ ਉਹਦੀ 'ਬਦਲਾ ਜੱਟੀ ਦਾ' ਚੰਗੀ ਲੱਗਦੀ ਹੈ, ਕਈਆਂ ਨੂੰ ਉਹਦੀਆਂ ਹੋਰ ਫਿਲਮਾਂ। ਜਦੋਂ ਜਲੰਧਰ ਦੂਰਦਸ਼ਨ 'ਤੇ 'ਇਹੋ ਹਮਾਰਾ ਜੀਵਣਾ' ਲੜੀਵਾਰ ਸੀਰੀਅਲ ਹਿੱਟ ਹੋਇਆ ਤਾਂ ਇਸ ਲੜੀਵਾਰ ਦੀ ਮੁੱਖ ਕਿਰਦਾਰ ਅਮਰ ਨੂਰੀ ਦਾ 'ਭਾਨੋ' ਵਾਲਾ ਰੋਲ ਉਹਦੀ ਗਾਇਕੀ ਨੂੰ ਪਸੰਦ ਕਰਨ ਵਾਲੇ ਪੰਜਾਬੀਆਂ ਦੇ ਚੇਤਿਆਂ 'ਚ ਅਦਾਕਾਰ ਵਜੋਂ ਵੀ ਵਸ ਗਿਆ ਸੀ। ਕਿਹਾ ਜਾਣ ਲੱਗ ਪਿਆ ਸੀ, 'ਕਰੇਲਾ ਤਾਂ ਨਿੰਮ 'ਤੇ ਚੜ੍ਹਦਾ ਵੇਖਿਐ, ਪਰ ਦੁੱਧ 'ਚ ਚਿੱਟਾ ਗੁਲਾਬ ਡਿੱਗਦਾ ਦੇਖ ਕੇ ਸੁਆਦ ਹੀ ਵੱਖਰਾ ਆ ਰਿਹਾ ਹੈ।' ਉਨ੍ਹੀਂ ਦਿਨੀਂ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ 'ਚ ਦਲੀਪ ਕੌਰ ਟਿਵਾਣਾ ਮਿਲੀ, ਮੈਂ ਵਧਾਈ ਦਿੱਤੀ ਕਿ ਤੁਹਾਡੇ ਨਾਵਲ ਨੂੰ ਪੜ੍ਹ ਕੇ ਨਹੀਂ, ਲੋਕਾਂ ਨੇ ਜਲੰਧਰ ਦੂਰਦਰਸ਼ਨ ਤੋਂ ਵੇਖ ਕੇ ਨਾਵਲ ਦਾ ਸਮੁੱਚਾ ਬਿਰਤਾਂਤ ਆਪਣੇ ਅੰਦਰ ਵਸਾ ਲਿਆ ਹੈ। ਦਲੀਪ ਕੌਰ ਦੀ ਆਖੀ ਇਕ ਸਤਰ ਮੈਨੂੰ ਅੱਜ ਵੀ ਯਾਦ ਹੈ, ਉਹ ਕਹਿਣ ਲੱਗੀ 'ਇਸ ਨਾਵਲ ਨੂੰ ਅਮਰ ਕਰਨ ਵਾਲੀ ਵੀ ਅਮਰ ਨੂਰੀ ਹੈ, ਫਿਲਮਾਂ ਤੋਂ ਵੀ ਵਧੀਆ ਕਿਰਦਾਰ ਅਮਰ ਨੂਰੀ ਨੇ ਇਸ ਨਾਟਕ ਵਿਚ ਕਰ ਦਿਖਾਇਆ ਹੈ, ਦਿਲਸਚਪ ਗੱਲ ਇਹ ਹੈ ਕਿ ਉਹ ਕਿਸੇ ਥਿਏਟਰ ਨਾਲ ਵੀ ਨਹੀਂ ਜੁੜੀ ਰਹੀ।'

ਗੱਲ ਸਹੀ ਹੈ ਕਿ ਅਮਰ ਨੂਰੀ ਸੁਨੱਖੀ ਵੀ ਸੀ, ਵਧੀਆ ਗਾਇਕਾ ਅਤੇ ਅਦਾਕਾਰਾ ਵੀ ਸੀ, ਸਰਦੂਲ ਨਾਲ ਵਿਆਹ ਹੋਣਾ ਦੋ ਮਹਾਨ ਸੁਰਾਂ ਨੂੰ 'ਕੱਠੀ ਗੰਢ ਦੇਣ ਵਰਗਾ ਵੀ ਸੀ। ਹਾਲਾਂਕਿ ਉਹਦੇ ਸੁਭਾਅ ਕਰਕੇ ਕਈ ਵਾਰੀ ਸਰਦੂਲ ਦਾ ਪਰਿਵਾਰ ਉਪਰ ਥੱਲੇ ਵੀ ਹੁੰਦਾ ਰਿਹਾ ਹੈ।

1989 'ਚ ਮੇਰਾ ਜਦੋਂ ਵਿਆਹ ਹੋਇਆ, ਪੰਜਾਬ ਦੇ ਹਾਲਾਤ ਸਾਜ਼ਗਾਰ ਨਹੀਂ ਸਨ, ਪਰਮਿੰਦਰ ਸੰਧੂ, ਅਮਰ ਨੂਰੀ ਤੇ ਮਨਜੀਤ ਰਾਹੀ ਨਾਲ 'ਕੈਂਠੇ ਵਾਲਾ ਭਾਈ' ਗਾਉਣ ਵਾਲੀ ਦਲਜੀਤ ਕੌਰ ਸਾਡੇ ਘਰ ਵਿਆਹ ਤੋਂ ਪਹਿਲਾਂ ਅਤੇ ਬਾਅਦ ਕਈ ਦਿਨ 'ਕੱਠੀਆਂ ਰਹੀਆਂ। ਉਦੋਂ ਬਲਾਚੌਰ ਦਾ ਇਕ ਕਾਮਰੇਡ ਜੋ ਮੇਰਾ ਰਿਸ਼ਤਾ ਕਿਤੇ ਹੋਰ ਕਰਾਉਣਾ ਚਾਹੁੰਦਾ ਸੀ, ਮਖਸੂਸਪੁਰ ਮੇਰੇ ਸਹੁਰੀਂ ਜਾ ਕੇ ਕਹਿੰਦਾ ਰਿਹਾ, 'ਤੁਸੀਂ ਫਸ ਗਏ, ਗਾਉਣ ਵਾਲੀਆਂ 'ਚ ਰਹਿਣ ਵਾਲੇ ਨੇ ਤੁਹਾਡੀ ਕੁੜੀ ਕਿੱਥੇ ਵਸਾ ਲੈਣੀ ਆ?' ਸੱਚ ਇਹ ਹੈ ਕਿ ਇਖਲਾਕੀ ਤੌਰ 'ਤੇ ਪੰਜਾਬੀ ਗਾਇਕੀ ਵਿਚ ਜਿਹੜੀ ਮੇਰੀ ਸਾਂਝ ਅਤੇ ਥਾਂ ਬਣੀ ਹੋਈ ਹੈ, ਉਹ ਅਸਲ ਵਿਚ ਰਿਸ਼ਤਿਆਂ ਦੀ ਪਵਿੱਤਰਤਾ ਦੀ ਹੀ ਧੂਫ ਬੱਤੀ ਹੈ ਤੇ ਇਹ ਗੱਲ ਮੈਂ ਇੱਥੇ ਕਹਿਣ ਵਿਚ ਗੁਸਤਾਖੀ ਵੀ ਨਹੀ ਸਮਝਦਾ ਤੇ ਕੁਤਾਹੀ ਵੀ ਨਹੀਂ।

ਹੁਣ ਦਾ ਤਾਂ ਮੈਨੂੰ ਨਹੀਂ ਪਤਾ ਕਿ ਸਰਦੂਲ ਨੂੰ ਗੁਰਦਾ ਦੇਣ ਤੋਂ ਬਾਅਦ ਨੂਰੀ ਦੀ ਸੁੰਦਰਤਾ ਦਾ ਰੂਪ ਕੀ ਹੈ ਪਰ ਕੁਝ ਸਮਾਂ ਪਹਿਲਾਂ ਤੱਕ ਉਸ ਨੂੰ ਦੇਖਣ ਵਾਲੇ ਇਸ ਗੱਲ ਨੂੰ ਤਸਦੀਕ ਕਰ ਦਿੰਦੇ ਹਨ ਕਿ ਇਹ ਨੂਰੀ ਉਹ ਅਮਰ ਨੂਰੀ ਨਹੀਂ ਹੈ ਜਿਸ ਦੇ ਦੋਵੇਂ ਪੁੱਤਰ ਹੁਣ ਵਿਆਹੁਣ ਵਾਲੇ ਨੇ। ਅਸਲ 'ਚ ਗਾਇਕੀ ਵਾਲੇ ਪਾਸਿਓਂ ਭਾਵੇਂ ਨੂਰੀ ਨੇ ਪੱਲਾ ਢਿੱਲਾ ਕਰ ਦਿੱਤਾ ਹੋਵੇ ਪਰ ਜੁਆਨੀ ਨੂੰ ਉਹਨੇ ਖਿੱਚ ਕੇ ਤੇ ਕੱਸ ਕੇ ਫੜਿਆ ਹੋਇਆ ਹੈ। ਪੰਜਾਬੀ ਗਾਇਕੀ ਨੂੰ ਨੇੜੇ ਤੋਂ ਜਾਣਨ ਵਾਲੇ ਜਾਣਦੇ ਹਨ ਕਿ ਜਦੋਂ ਮੁਹੰਮਦ ਸਦੀਕ ਦੀ ਚੜ੍ਹਾਈ ਸੀ ਤਾਂ ਬੜੀਆਂ ਅਫਵਾਹਾਂ ਫੈਲਦੀਆਂ ਰਹੀਆਂ ਕਿ ਉਹਦੇ ਸੱਜੇ ਹੱਥ ਦੀ ਪਹਿਲੀ ਉਂਗਲੀ ਕਿਸੇ ਨੇ ਵੱਢ'ਤੀ ਹੁਣ ਉਹ ਤੂੰਬੀ ਨਹੀਂ ਵਜਾ ਸਕੇਗਾ, ਇਵੇਂ ਈ ਜਦੋਂ ਨੂਰੀ ਦੀ 'ਇਹੋ ਹਮਾਰਾ ਜੀਵਣਾ' ਅਤੇ 'ਭਾਬੀ ਮੇਰੀ ਗੁੱਤ ਕਰ ਦੇ' ਨਾਲ ਚੜ੍ਹਾਈ ਹੋਈ ਤਾਂ ਪੰਜਾਬੀ ਗਾਇਕੀ 'ਚ ਅੰਦਰਖਾਤੇ ਅਫਵਾਹਾਂ ਉਡਦੀਆਂ ਰਹੀਆਂ, 'ਨੂਰੀ ਤਾਂ ਬਿਮਾਰ ਰਹਿੰਦੀ ਹੈ, ਇਹਨੂੰ ਤਾਂ ਬਹੁਤ ਖਤਰਨਾਕ ਬਿਮਾਰੀ ਹੈ' ਤੇ ਜਦੋਂ ਸਰਦੂਲ ਨਾਲ ਵਿਆਹ ਦੀ ਚਰਚਾ ਚੱਲਣ ਲੱਗ ਪਈ ਤਾਂ ਕਈ ਨੇੜਿਓਂ ਜਾਨਣ ਵਾਲੇ ਵੀ ਕਹਿਣ ਲੱਗ ਪਏ ਸਨ, 'ਸਰਦੂਲ ਨੇ ਕਿੱਥੇ ਵਿਆਹ ਕਰਵਾਉਣਾ, ਨੂਰੀ ਤਾਂ ਢਿੱਲੀ ਮੱਠੀ ਰਹਿੰਦੀ ਐ।' ਤੇ ਸਰਦੂਲ ਦੇ ਭਰਾ ਵੀ ਕਹਿ ਦਿੰਦੇ ਸਨ ਕਿ ਨੂਰੀ ਤੰਦਰੁਸਤ ਨਹੀਂ ਹੈ ਜਦੋਂਕਿ ਅਜਿਹਾ ਕੁਝ ਵੀ ਨਹੀਂ ਸੀ। ਜਿਸ ਦਿਨ ਸਰਦੂਲ ਦਾ ਗੁਰਦਾ ਬਦਲਣ ਦੀ ਖਬਰ ਆਈ, ਤਦ ਮੈਂ ਉਸ ਦੇ ਜੱਦੀ ਪਿੰਡ ਖੇੜੀ ਨੌਧ ਸਿੰਘ ਫੋਨ ਕੀਤਾ। ਜਜ਼ਬਾਤੀ ਹੋਇਆ ਸਰਦੂਲ ਦਾ ਵੱਡਾ ਭਰਾ ਭਰਪੂਰ ਅਲੀ ਜੋ ਆਪ ਵੀ ਬਾਈਪਾਸ ਸਰਜ਼ਰੀ ਤੋਂ ਬਾਅਦ ਜਿਉਂ ਰਿਹਾ ਹੈ, ਦਰਦ ਭਰੀ ਅਵਾਜ਼ ਵਿਚ ਬੋਲਿਆ 'ਸਰਦੂਲ ਨੂੰ ਪਿਸ਼ਾਬ ਆ ਗਿਆ ਹੈ।' ਇਹ ਗੱਲ ਉਸ ਨੇ ਇਓਂ ਦੱਸੀ ਜਿਵੇਂ ਕੋਈ ਆਖ ਰਿਹਾ ਹੋਵੇ ਕਿ ਜੰਮੂ ਕਸ਼ਮੀਰ ਵਿਚ ਸ਼ਾਂਤੀ ਹੋ ਗਈ ਹੈ। ਅਸਲ ਵਿਚ ਉਹ ਕਹਿਣਾ ਚਾਹੁੰਦਾ ਸੀ ਕਿ ਸਰਦੂਲ ਅੰਦਰ ਫਿੱਟ ਕੀਤਾ ਗੁਰਦਾ ਕੰਮ ਕਰਨ ਲੱਗ ਪਿਆ ਹੈ। ਪਰਿਵਾਰਕ ਉਲਝਣਾਂ ਕਰਕੇ ਸ਼ਾਇਦ ਉਦੋਂ ਤੱਕ ਭਰਪੂਰ ਨੂੰ ਨਹੀਂ ਪਤਾ ਸੀ ਕਿ ਇਹ ਗੁਰਦਾ ਅਮਰ ਨੂਰੀ ਨੇ ਹੀ ਦਿੱਤਾ ਸੀ।


*ਅਸ਼ੋਕ ਭੌਰਾ ਅਤੇ ਸਰਦੂਲ ਸਿਕੰਦਰ*

ਮੇਰੇ ਦੇਖਦਿਆਂ ਦੇਖਦਿਆਂ ਸਰਦੂਲ ਤੇ ਨੂਰੀ ਲਲਹੇੜੀ ਰੋਡ 'ਤੇ ਖੰਨੇ ਫਾਟਕ ਕੋਲ ਰਹਿੰਦੇ ਰਹੇ, ਪਹਿਲਾਂ ਕਿਰਾਏ 'ਤੇ ਫਿਰ ਘਰ ਖਰੀਦ ਲਿਆ। ਹੁਣ ਕੁਝ ਏਕੜਾਂ 'ਚ ਜਿਹੜਾ ਉਨ੍ਹਾਂ ਨੇ ਵੱਡਾ ਘਰ ਬਣਾਇਆ ਹੈ, ਉਥੇ ਮਲੇਸ਼ੀਆ ਤੋਂ ਲਿਆ ਕੇ ਲਗਾਏ ਬੂਟੇ ਦੱਸਦੇ ਹਨ ਕਿ ਉਨ੍ਹਾਂ (ਬੂਟਿਆਂ) ਦੀਆਂ ਉਮਰਾਂ ਕਾਫੀ ਲੰਬੀਆਂ ਹਨ। ਪਰ ਇਸ ਆਲੀਸ਼ਾਨ ਬੰਗਲੇ 'ਚ ਵਸਣ ਵਾਲੀ ਇਸ ਜੋੜੀ ਲਈ ਦੁਆ ਕਰਾਂਗਾ ਕਿ ਇਨ੍ਹਾਂ ਦੀਆਂ ਉਮਰਾਂ ਸੱਚੀਂ ਮੁੱਚੀਂ ਹੀ ਲੋਕ ਗੀਤਾਂ ਜਿੱਡੀਆਂ ਲੰਮੀਆਂ ਹੋਣ ਕਿਉਂਕਿ ਕਈ ਵਾਰ ਜੇ ਕੁਦਰਤ ਮਿਹਰਬਾਨ ਹੋ ਜਾਵੇ ਤਾਂ ਹੜ੍ਹ ਦੀ ਮਾਰ ਤੋਂ ਬਾਅਦ ਵੀ ਫਸਲਾਂ ਭਾਰੀ ਝਾੜ ਦੇ ਜਾਂਦੀਆਂ ਹਨ।

ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ ਤੇ ਮੈਂ ਨੂਰੀ ਅਤੇ ਸਰਦੂਲ ਦੇ ਵਿਚਾਲੇ ਖੜ੍ਹ ਕੇ ਇਸ ਕਰਕੇ ਸੋਚਦਾ ਹਾਂ ਕਿ ਵਕਤ ਏਦਾਂ ਨਾ ਹੀ ਆਵੇ ਕਿਉਂਕਿ ਉਹ ਦੋਵੇਂ ਹੀ ਮੇਰੇ ਤੋਂ ਕਦੀ ਦੂਰ ਨਹੀਂ ਰਹੇ। ਉਨ੍ਹਾਂ ਦਾ ਦੁੱਖ ਮੈਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਤਾਪ ਹੁਣ ਉਨ੍ਹਾਂ ਨੂੰ ਚੜ੍ਹਿਆ ਹੈ ਤੇ ਹੂੰਗਾ ਮੈਨੂੰ ਲੱਗ ਰਿਹਾ ਹੈ।


ਅਮਰ ਨੂਰੀ ਸੱਚੀਂ ਮੁੱਚੀਂ ਹੀ ਨੂਰ ਹੈ ਅਤੇ ਪੰਜਾਬੀ ਗਾਇਕੀ ਦਾ ਇਹ ਨੂਰ ਅਤੇ ਅਦਾਕਾਰੀ ਦਾ ਚਮਕਦਾ ਸੂਰਜ ਹੋਰ ਵੀ ਮਘਦਾ ਰਹੇ। ਜਿਨ੍ਹਾਂ ਨੇ ਨੂਰੀ ਦੇ ਹੱਥ, ਪੈਰ ਅਤੇ ਚਿਹਰਾ ਨੇੜੇ ਤੋਂ ਤੱਕਿਆ ਹੈ, ਉਹ ਇਸ ਗੱਲ ਨੂੰ ਮੰਨ ਹੀ ਲੈਣਗੇ ਕਿ ਇਹ ਨੈਣ ਨਕਸ਼ ਤੇ ਬਣਤਰ ਰੱਬ ਨੇ ਉਦੋਂ ਬਣਾਈ ਹੋਵੇਗੀ ਜਦੋਂ ਉਹ ਕੋਈ ਹੋਰ ਕੰਮ ਨਹੀਂ ਕਰ ਰਿਹਾ ਹੋਵੇਗਾ।

ਯਸ਼ ਚੋਪੜਾ ਦੀ ਫਿਲਮ 'ਚ ਨੂਰੀ 'ਚ ਕਲਪਿਤ ਨੂਰੀ ਸੀ ਤੇ ਪੰਜਾਬੀ ਗਾਇਕੀ ਦੀ ਅਸਲ ਨੂਰੀ ਦੀ ਗੱਲ ਕਰਦਿਆਂ ਮੈਨੂੰ ਕਾਫੀ ਚੰਗਾ ਚੰਗਾ ਲੱਗ ਰਿਹਾ ਹੈ।

-0-

# ਸਤਿਗੁਰ ਬਿਨਾ ਨ ਸਹਿਸਾ ਜਾਵੈ

**ਗੁਰਮਤਿ ਵਿਚਾਰ**



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਭਾਈ ਗੁਰਦਾਸ ਦੇ ਹਵਾਲੇ ਨਾਲ ਰਿਗ ਵੇਦ ਨਾਲ ਨਿਆਏ ਸ਼ਾਸਤਰ ਦੇ ਸਬੰਧ ਬਾਰੇ ਚਰਚਾ ਕੀਤੀ ਗਈ ਸੀ। ਦਸਵੀਂ ਪਉੜੀ ਵਿਚ ਭਾਈ ਗੁਰਦਾਸ ਨੇ ਦੱਸਿਆ ਹੈ ਕਿ ਯਜੁਰ ਵੇਦ ਦਾ ਮੰਥਨ ਕਰਕੇ ਜੈਮਿਨੀ ਰਿਖੀ ਨੇ ਮੀਮਾਂਸਾ ਦਰਸ਼ਨ ਤਿਆਰ ਕੀਤਾ ਸੀ। ਹਥਲੇ ਲੇਖ ਵਿਚ ਇਸੇ ਦੀ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਥੇ ਮੈਨੂੰ ਇਕ ਘਟਨਾ ਯਾਦ ਆ ਗਈ ਹੈ ਜੋ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗੀ। ਕਈ ਸਾਲ ਪਹਿਲਾਂ ਦੀ ਗੱਲ ਹੈ ਉਦੋਂ ਮੈਂ 'ਪੰਜਾਬ ਟਾਈਮਜ਼' ਵਿਚ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' 'ਤੇ ਕੁੱਝ ਲੇਖ ਲਿਖੇ ਸਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਧਾਰ ਬਣਾ ਕੇ ਇਨ੍ਹਾਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਮਾਤਰ ਸੀ। ਸਿੱਖ ਧਰਮ ਦਾ ਮੁੱਖ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਇਹ ਸਾਡੇ ਲਈ ਆਖਰੀ ਪਰਮਾਣ ਵੀ ਹੈ। ਕਹਿਣ ਤੋਂ ਭਾਵ ਹੈ ਕਿ ਕਿਸੇ ਵੀ ਹੋਰ ਰਚਨਾ ਨੂੰ ਪਰਖਣ ਲਈ ਕਿ ਉਹ ਸਿੱਖ ਸਿਧਾਂਤਾਂ ਦੇ ਅਨੁਕੂਲ ਹੈ ਜਾਂ ਨਹੀਂ ਸਾਡੇ ਕੋਲ ਮੂਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਜੋ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਿਧਾਂਤਾਂ ਅਨੁਸਾਰ ਨਹੀਂ ਹੈ, ਉਹ ਪ੍ਰਵਾਨ ਕਰਨ ਯੋਗ ਨਹੀਂ ਹੈ, ਬੇਸ਼ੱਕ ਉਸ ਰਚਨਾ ਦੇ ਪਿੱਛੇ ਮਕਸਦ ਕੋਈ ਵੀ ਹੋਵੇ।

ਟੋਰਾਂਟੋ ਵਿਚ ਇੱਕ ਲੋਕ ਜਾਗ੍ਰਤੀ ਮੰਚ ਬਣਿਆ ਸੀ (ਭਾਵੇਂ ਉਸ ਮੰਚ ਦਾ ਹਾਲ ਵੀ ਉਹੋ ਜਿਹਾ ਹੀ ਹੋ ਗਿਆ ਜੋ ਆਮ ਤੌਰ 'ਤੇ ਮੈਂਬਰਾਂ ਦੀ ਹਉਮੈ ਕਾਰਨ ਸਾਂਝੇ ਅਦਾਰਿਆਂ ਦਾ ਹੋਇਆ ਕਰਦਾ ਹੈ)। ਉਸ ਮੰਚ ਦੇ ਇੱਕ ਵੱਡੇ ਸੰਮੇਲਨ ਸਮੇਂ ਸ. ਸੁਰਜੀਤ ਸਿੰਘ ਝਬੇਲਵਾਲੀ ਨੇ ਕੁੱਝ ਗੁਰਮੁਖ ਬੰਦਿਆਂ ਨਾਲ ਮੇਰਾ ਤੁਆਰਫ ਕਰਾਇਆ। ਉਹ ਗੁਰਮੁਖ ਫਤਿਹ ਬੁਲਾਉਣ ਤੋਂ ਬਾਅਦ ਇੱਕ ਦਮ ਬੋਲੇ, 'ਅਸੀਂ ਪੰਜਾਬ ਟਾਈਮਜ਼ ਪੜ੍ਹਦੇ ਹੁੰਦੇ ਹਾਂ। ਤੁਸੀਂ ਤਾਂ ਦਸਮ ਗ੍ਰੰਥ ਦੇ ਮੁਦੱਈ ਹੋ।' ਇਹ ਘਟਨਾ ਮੈਂ ਇਸ ਲਈ ਸਾਂਝੀ ਕੀਤੀ ਹੈ, ਮਤਾਂ ਹੁਣ ਵੀ ਪਾਠਕਾਂ ਨੂੰ ਇਸ ਕਿਸਮ ਦਾ ਕੋਈ ਸ਼ੁਬ੍ਹਾ ਨਾ ਹੋ ਜਾਵੇ।

ਗੁਰੂ ਸਾਹਿਬਾਨ ਨੇ ਉਸਾਰੂ ਖੋਜ ਨੂੰ ਉਤਸ਼ਾਹਿਤ ਕੀਤਾ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ ਕਿ ਬਿਰਤੀ ਸੇਵਾ ਵਿਚ ਲਾ ਕੇ ਮਨ ਦੇ ਟਿਕਾਉ ਨਾਲ ਤੇਰੇ ਗੁਣ ਗਾਵਾਂ ਅਤੇ ਗੁਰੂ ਦੁਆਰਾ ਗਿਆਨ ਨੂੰ ਵਿਚਾਰਾਂ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਵਿਚਾਰਵਾਨ ਮਨੁੱਖ ਤਰ ਜਾਂਦਾ ਹੈ ਅਤੇ ਝਗੜਾਲੂ ਅਰਥਾਤ ਵਾਦ-ਵਿਵਾਦ ਵਿਚ ਪੈਣ ਵਾਲਾ ਨਾਸ ਹੁੰਦਾ ਹੈ; ਮੈਂ ਗੁਰੂ ਕਰਤਾਰ ਤੋਂ ਬਲਿਹਾਰੇ ਜਾਂਦਾ ਹਾਂ। ਅਸੀਂ ਨੀਚ, ਨੀਵੀਂ ਮਤ ਵਾਲੇ-ਬੇਸਮਝ, ਝੂਠੇ ਹਾਂ ਤੇ ਤੂੰ ਅਕਾਲ ਪੁਰਖ ਸ਼ਬਦ ਦੀ ਵੀਚਾਰ ਰਾਹੀਂ ਸਾਨੂੰ ਸਵਾਰਨ ਵਾਲਾ ਹੈਂ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਥੇ ਆਤਮ ਚੀਨਿਆ ਜਾਂਦਾ ਹੈ ਅਰਥਾਤ ਆਤਮਾ ਨੂੰ ਸਮਝਿਆ ਜਾਂਦਾ ਹੈ, ਉਥੇ ਹੇ ਤਾਰਣਯੋਗ ਅਕਾਲ ਪੁਰਖ! ਤੂੰ ਹਾਜ਼ਰ ਹੁੰਦਾ ਹੈਂ:

> ਸੇਵਾ ਸੁਰਤਿ ਰਹਸਿ ਗੁਣ ਗਾਵਾ
> ਗੁਰਮੁਖਿ ਗਿਆਨ ਬੀਚਾਰਾ॥
> ਖੋਜੀ ਉਪਜੈ ਬਾਦੀ ਬਿਨਸੈ
> ਹਉ ਬਲਿ ਬਲਿ ਗੁਰ ਕਰਤਾਰਾ॥
> ਹਮ ਨੀਚ ਹੋਤੇ ਹੀਣਮਤਿ ਝੂਠੇ
> ਤੂ ਸਬਦਿ ਸਵਾਰਣਹਾਰਾ॥
> ਆਤਮ ਚੀਨਿ ਤਹਾ ਤੂ ਤਾਰਣ
> ਸਚੁ ਤਾਰੇ ਤਾਰਣਹਾਰਾ॥ (ਪੰਨਾ ੧੨੫੫)

ਕਈਆਂ ਅਨੁਸਾਰ ਵੇਦ ਗਿਣਤੀ ਵਿਚ ਤਿੰਨ ਹੀ ਹਨ: ਰਿਗ ਵੇਦ, ਸਾਮ ਵੇਦ ਤੇ ਯਜੁਰ ਵੇਦ। ਉਨ੍ਹਾਂ ਅਨੁਸਾਰ ਅਥਰਵ ਵੇਦ ਨੂੰ ਯਜੁਰ ਵੇਦ ਵਿਚ ਹੀ ਸ਼ਾਮਲ ਕਰ ਲੈਣਾ ਚਾਹੀਦਾ ਹੈ। ਆਮ ਤੌਰ 'ਤੇ ਵੇਦਾਂ ਦੀ ਗਿਣਤੀ ਚਾਰ ਹੀ ਮੰਨੀ ਜਾਂਦੀ ਹੈ- ਰਿਗ ਵੇਦ, ਸਾਮ ਵੇਦ, ਯਜੁਰ ਵੇਦ ਅਤੇ ਅਥਰਵ ਵੇਦ। ਪਹਿਲੇ ਤਿੰਨ ਵੇਦ ਪਰਸਪਰ ਸਮਾਨ ਹਨ, ਨਾ ਕੇਵਲ ਆਪਣੇ ਨਾਮ, ਅਕ੍ਰਿਤੀ (ਸ਼ਕਲ) ਅਤੇ ਬੋਲੀ ਵਿਚ ਹੀ ਬਲਕਿ ਆਪਣੇ ਵਿਸ਼ੇ-ਵਸਤੂ ਕਾਰਨ ਵੀ। ਰਿਗ ਵੇਦ ਪ੍ਰਧਾਨ ਵੇਦ ਹੈ। ਇਸ ਵਿਚ ਉਨ੍ਹਾਂ ਦੇਵੀ ਗੀਤਾਂ ਦਾ ਸੰਗ੍ਰਿਹ ਕੀਤਾ ਗਿਆ ਹੈ ਜਿਨ੍ਹਾਂ ਨੂੰ ਆਰੀਆ ਲੋਕ ਆਪਣੀ ਮਾਤ-ਭੂਮੀ ਤੋਂ ਨਾਲ ਲੈ ਕੇ ਆਏ ਸਨ। ਪਰ ਕੁਝ ਵਿਦਵਾਨਾਂ ਅਨੁਸਾਰ ਜਦੋਂ ਆਰੀਆ ਲੋਕ ਭਾਰਤ ਵਿਚ ਆਏ ਤਾਂ ਉਨ੍ਹਾਂ ਨੂੰ ਇਥੇ ਕੁਦਰਤਿ ਦੇ ਖੁਲ੍ਹੇ ਨਜ਼ਾਰੇ ਮਾਣਨ ਨੂੰ ਮਿਲੇ ਅਤੇ ਇਸ ਤਰ੍ਹਾਂ ਆਪ ਮੁਹਾਰੇ ਕੁਦਰਤ ਦੇ ਸੰਪਰਕ ਵਿਚ ਆਉਣ ਤੇ ਵਿਸਮਾਦੀ ਅਸਰ ਹੇਠ ਉਨ੍ਹਾਂ ਨੇ ਰਿਗ ਵੇਦ ਦੇ ਮੰਤਰਾਂ ਦੀ ਰਚਨਾ ਕੀਤੀ। ਰਿਗ ਵੇਦ ਤੇ ਸਾਮ ਵੇਦ ਦੇ ਮੰਤਰਾਂ ਦਾ ਮੂਲ ਪਾਠ ਆਪਸ ਵਿਚ ਬਹੁਤ ਮਿਲਦਾ ਜੁਲਦਾ ਹੈ। ਸਾਮ ਵੇਦ ਕਰਮ-ਕਾਂਡ ਸਬੰਧੀ ਸੰਗ੍ਰਿਹ ਹੈ। ਇਸ ਵਿਚ ਰਿਗ ਵੇਦ ਦੇ ਬਹੁਤ ਸਾਰੇ ਸੂਕਤਾਂ ਦਾ ਦੁਹਰਾਉ ਹੈ। ਸਾਮ ਵੇਦ ਦੀ ਤਰ੍ਹਾਂ ਯਜੁਰ ਵੇਦ ਦਾ ਮਹੱਤਵ ਵੀ ਕਰਮ ਕਾਂਡ ਲਈ ਹੀ ਹੈ। ਕਰਮ ਕਾਂਡ ਸਬੰਧੀ ਧਰਮ ਦੀ ਮੰਗ ਨੂੰ ਪੂਰਾ ਕਰਨ ਲਈ ਹੀ ਇਸ ਵੇਦ ਦਾ ਸੰਗ੍ਰਿਹ ਕੀਤਾ ਗਿਆ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਯਜੁਰਵੇਦ ਯਜ ਅਤੇ ਵਿਦ- ਦੋ ਧਾਤੂਆਂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ, ਬਲੀ ਜਾਂ ਪੂਜਣਾ ਅਤੇ ਜਾਣਨਾ, ਜੋ ਕਿ ਯੱਗ ਅਤੇ ਪੂਜਾ ਦਾ ਗਿਆਨ ਹੈ। ਇਹ ਵੇਦਾਂ ਵਿਚ ਦੂਸਰੇ ਨੰਬਰ 'ਤੇ ਆਉਂਦਾ ਹੈ। ਇਸ ਵੇਦ ਵਿਚ ਬਹੁਤ ਕੁੱਝ ਉਹ ਹੈ ਜਿਸ ਦਾ ਅਰੰਭ ਬੜਾ ਪੁਰਾਣਾ ਹੈ ਪਰ ਵਰਤਮਾਨ ਸਮੇਂ ਇਸ ਦਾ ਜੋ ਪ੍ਰਕਾਸ਼ਿਤ ਰੂਪ ਪ੍ਰਾਪਤ ਹੈ, ਉਸ ਵਿਚ ਜਾਤੀ ਪ੍ਰਥਾ ਦਾ ਵਿਕਾਸ, ਵਿਗਿਆਨ, ਕਲਾ, ਵਪਾਰ, ਹੱਥ-ਕਿਰਤਾਂ, ਕਿੱਤੇ ਆਦਿ ਦੀ ਉਨਤੀ ਇਸ ਨੂੰ ਅਥਰਵ ਵੇਦ ਤੋਂ ਪਿੱਛੋਂ ਦਾ ਸਾਬਤ ਕਰਦੀ ਹੈ। ਯਜੁਰਵੇਦ, ਇਸ ਦੇ ਬਹੁਤ ਹੀ ਪਹਿਲੇ ਅਚਾਰੀਆ ਅਤੇ ਚੇਲਿਆਂ ਦੇ ਸੰਪਰਦਾਇਕ ਵਖਰੇਵੇਂ ਕਾਰਨ ਦੋ ਸੰਗ੍ਰਿਹਾਂ ਵਿਚ ਵੰਡਿਆ ਗਿਆ ਜਿਨ੍ਹਾਂ ਨੂੰ ਸ਼ਾਇਦ ਉਨ੍ਹਾਂ ਰਿਸ਼ੀਆਂ ਦੇ ਨਾਂ ਕਰਕੇ ਜਿਨ੍ਹਾਂ ਨੇ ਇਨ੍ਹਾਂ ਦਾ ਸੰਗ੍ਰਿਹ ਕੀਤਾ- ਤੈਤਰੀਆ ਅਤੇ ਵਾਜਸਨਾਇਆ ਜਾਂ ਵਾਜਸਨਾਈ ਕਿਹਾ ਜਾਂਦਾ ਹੈ। ਪਹਿਲਾ ਤੇ ਪੁਰਾਣਾ, ਜਿਸ ਦਾ ਨਾਂ ਕ੍ਰਿਸ਼ਨ ਯਜੁਰਵੇਦ ਜਾਂ ਕਾਲਾ ਯਜੁਰਵੇਦ ਵੀ ਹੈ, ਪੂਜਾ ਮੰਤਰਾਂ ਅਤੇ ਵਿਧੀਆਂ ਦਾ ਸੰਗ੍ਰਿਹ ਹੈ। ਪਿਛਲਾ ਸ਼ੁਕਲ ਜਾਂ ਚਿੱਟਾ ਯਜੁਰਵੇਦ ਕਿਹਾ ਜਾਂਦਾ ਹੈ, ਜੋ ਸੋਧਿਆ ਹੋਇਆ ਨਿਯਮਬੱਧ ਅਤੇ ਸਪੱਸ਼ਟ ਪਾਠਾਂ ਅਤੇ ਵਿਧੀਆਂ ਦਾ ਸੰਗ੍ਰਿਹ ਹੈ। 'ਯਜੁਰ' ਅਤੇ 'ਯਗ' ਇਨ੍ਹਾਂ ਦੋਹਾਂ ਸ਼ਬਦਾਂ ਦਾ ਸਬੰਧ ਇਕ ਹੀ ਧਾਤੂ 'ਯਜ' ਨਾਲ ਹੈ। ਯਜੁਰਵੇਦ ਦੇ ਮੰਤਰਾਂ ਦੀ ਅੰਤਰਗਤ ਲੜੀ ਵੀ ਯੱਗ ਦੀ ਪਰੰਪਰਾ ਦੇ ਆਧਾਰ 'ਤੇ, ਯੌਗਿਕ ਕਰਮਾਂ ਦੀ ਲੜੀ ਅਨੁਸਾਰ ਹੀ ਰੱਖੀ ਗਈ ਹੈ। ਕੇਵਲ 2-3 ਅਧਿਆਇ ਖਾਸ ਕਰਕੇ 40ਵਾਂ ਅਧਿਆਇ ਕਰਮਕਾਂਡ ਨਾਲ ਸਬੰਧਤ ਨਾ ਹੋ ਕੇ ਉਪਨਿਸ਼ਦ ਕਾਂਡ ਜਾਂ ਆਤਮ ਗਿਆਨ ਨਾਲ ਸਬੰਧਤ ਹੈ। ਯਜੁਰਵੇਦ ਅਨੁਸਾਰ ਯੱਗ ਕਰਮ ਹੀ ਪਰਮ ਪਦ ਦੀ ਪ੍ਰਾਪਤੀ ਦਾ ਸਾਧਨ ਹੈ; ਯੱਗ ਕਰਮ ਰਾਹੀਂ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਮੀਮਾਂਸਾ ਨੂੰ ਧਰਮ ਮੀਮਾਂਸਾ ਵੀ ਕਿਹਾ ਜਾਂਦਾ ਹੈ, ਕਰਮ ਮੀਮਾਂਸਾ ਵੀ ਅਤੇ ਪੂਰਬ ਮੀਮਾਂਸਾ ਵੀ। ਮੀਮਾਂਸਾ ਦਾ ਅਰਥ ਹੈ ਵਿਵੇਚਨਾ, ਸਮਾਲੋਚਨਾਤਮਕ ਵਿਆਖਿਆ। ਮੀਮਾਂਸਾ ਦਾ ਸਾਰਾ ਕੰਮ ਇਸ ਅਰਥ ਨਾਲ ਪੂਰੀ ਤਰ੍ਹਾਂ ਢੁਕਦਾ ਹੈ। ਮੀਮਾਂਸਾ ਸ਼ਬਦ ਦਾ ਧਾਤੂ 'ਮਨ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ, "ਸੋਚਣਾ, ਜਾਣਨਾ, ਸਮਝਣਾ।" ਮੀਮਾਂਸਾ ਦਾ ਵਿਸ਼ਾ ਵਸਤੂ 'ਧਰਮ' ਹੈ। ਮੀਮਾਂਸਾ ਧਰਮ ਦੇ ਵਿਚਾਰ ਨੂੰ ਕਰਮ ਨਾਲ ਜੋੜਦਾ ਹੈ। ਮੀਮਾਂਸਾ ਵਿਚ ਵੇਦਾਂ, ਧਾਰਮਿਕ ਪੁਸਤਕਾਂ ਦੇ ਸਹੀ ਵਿਵੇਚਨ ਦਾ ਢੰਗ ਦੱਸਿਆ ਹੋਇਆ ਹੈ। ਵਿਦਵਾਨਾਂ ਅਨੁਸਾਰ ਇਸ ਦਾ ਨਾਮ ਪੂਰਬ ਮੀਮਾਂਸਾ ਇਸ ਲਈ ਹੋਇਆ ਕਿਉਂਕਿ ਇਹ ਉਤਰ ਮੀਮਾਂਸਾ ਤੋਂ ਪਹਿਲਾਂ ਆਉਂਦਾ ਹੈ; ਭਾਵੇਂ ਇਤਿਹਾਸਕ ਕਾਲ ਕ੍ਰਮ ਦੀ ਦ੍ਰਿਸ਼ਟੀ ਤੋਂ ਓਨਾ ਨਹੀਂ ਜਿੰਨਾ ਕਿ ਤਾਰਕਿਕ ਅਰਥਾਂ ਵਿਚ। ਪੂਰਬ ਮੀਮਾਂਸਾ ਦਾ ਮੁੱਖ ਵਿਸ਼ਾ ਕਰਮ ਕਾਂਡ ਹੈ ਜਦ ਕਿ ਉਤਰ ਮੀਮਾਂਸਾ ਦਾ ਮੁੱਖ ਵਿਸ਼ਾ ਵਸਤੂਆਂ ਦਾ ਸਤਿ ਗਿਆਨ ਪ੍ਰਾਪਤ ਕਰਨਾ ਹੈ।

ਮੀਮਾਂਸਾ ਦਾ ਸ਼ੁਰੂ ਇਸ ਸੂਤਰ ਤੋਂ ਹੁੰਦਾ ਹੈ "ਅਥਾਤੋ ਧਰਮ ਜਗਿਆਸਾ" ਹੁਣ ਇਥੋਂ ਧਰਮ ਨੂੰ ਜਾਣਨ ਦੀ ਇੱਛਾ ਹੁੰਦੀ ਹੈ। ਕਰਤਾ ਸਾਨੂੰ ਦੱਸਦਾ ਹੈ ਕਿ ਕੇ ਵੇਦਾਂ ਦਾ ਵਿਸ਼ਾ ਵਸਤੂ ਇੱਕੋ ਹੈ, ਅਸੀਂ ਉਸ ਨੂੰ ਇਸ ਰੋਸ਼ਨੀ ਵਿਚ ਸਮਝ ਸਕਦੇ ਹਾਂ, ਜੇ ਕਰ ਅਸੀਂ ਉਨ੍ਹਾਂ ਦੀ ਵਿਆਖਿਆ ਦਾ ਸਹੀ ਢੰਗ ਅਪਨਾਈਏ। ਮੀਮਾਂਸਾ ਯੱਗ ਰੂਪ ਕਰਮ 'ਤੇ ਜ਼ੋਰ ਦਿੰਦਾ ਹੈ ਅਤੇ ਖਾਸ ਕਰਕੇ ਧਰਮ ਦੀ ਸਮੱਸਿਆ ਨੂੰ ਲੈਂਦਾ ਹੈ। ਧਰਮ ਯੱਗ ਕਰਮ ਤੋਂ ਪੈਦਾ ਹੁੰਦਾ ਹੈ। ਇਸ ਕਰਕੇ ਮੀਮਾਂਸਾ ਯੱਗਾਂ ਦੀ ਵਿਆਖਿਆ ਕਰਦਾ ਹੈ। ਕਰਮ ਦਾ ਕਾਰਨ ਉਦੇਸ਼ ਅਤੇ ਇੱਛਾ ਹੈ। ਇੱਛਾ ਹਰ ਇੱਕ ਕਰਮ ਦਾ ਆਧਾਰ ਹੈ ਅਤੇ ਇਸ ਦਾ ਸਬੰਧ ਗਿਆਨ ਨਾਲ ਹੈ। ਮੀਮਾਂਸਾ ਅਪੂਰਬ ਦੇ ਸਿਧਾਂਤ ਨੂੰ ਮੰਨ ਕੇ ਚੱਲਦਾ ਹੈ; ਜਿਸ ਅਨੁਸਾਰ ਅਸੀਂ ਜਦੋਂ ਕੋਈ ਕੰਮ ਕਰ ਰਹੇ ਹੁੰਦੇ ਹਾਂ, ਉਦੋਂ ਤਾਂ ਉਸ ਦਾ ਫਲ ਨਾਲ ਨਹੀਂ ਹੁੰਦਾ, ਫਲ ਪਿੱਛੋਂ ਮਿਲਦਾ ਹੈ। ਕਰਮ ਕਾਰਨ ਬਣ ਜਾਂਦੇ ਹਨ, ਇਸ ਲਈ ਉਨ੍ਹਾਂ ਦਾ ਫਲ ਹੈ ਅਤੇ ਇਹੀ ਧਰਮ ਹੈ। ਮੀਮਾਂਸਾ ਈਸ਼ਵਰ ਨੂੰ ਨਹੀਂ ਮੰਨਦਾ। ਈਸ਼ਵਰ ਵਿਅਕਤੀਗਤ ਇਸ਼ਟ ਹੈ। ਇਸ ਲਈ ਉਹ ਵੀ ਪੱਖਪਾਤੀ ਹੁੰਦਾ ਹੈ। ਮੀਮਾਂਸਾ ਅਨੁਸਾਰ ਸਮਾਜ ਵੀ ਕਰਤਵ ਨੂੰ ਦੱਸ ਨਹੀਂ ਸਕਦਾ ਕਿਉਂਕਿ ਸਮਾਜ ਮਨੁੱਖਾਂ ਤੋਂ ਬਣਦਾ ਹੈ ਅਤੇ ਮਨੁੱਖੀ ਗਿਆਨ ਸੀਮਤ ਹੁੰਦਾ ਹੈ। ਇਸ ਲਈ ਮੀਮਾਂਸਾ ਵੇਦ ਨੂੰ ਹੀ ਕਰਮ ਨੂੰ ਜਾਣਨ ਦਾ ਸਾਧਨ ਮੰਨਦਾ ਹੈ।

ਭਾਈ ਗੁਰਦਾਸ ਨੇ ਜੈਮਿਨੀ ਰਿਖੀ ਦੇ ਮੀਮਾਂਸਾ ਦਰਸ਼ਨ ਅਤੇ ਯਜੁਰਵੇਦ ਦੇ ਸਬੰਧ ਦੀ ਜੋ ਵਿਆਖਿਆ ਕੀਤੀ ਹੈ, ਉਹ ਬਿਲਕੁਲ ਸਹੀ ਹੈ। ਭਾਈ ਗੁਰਦਾਸ ਨੇ ਦੱਸਿਆ ਹੈ ਕਿ ਜੈਮਿਨੀ ਰਿਖੀ ਨੇ ਯਜੁਰਵੇਦ ਦਾ ਮੰਥਨ ਕਰਕੇ ਮੀਮਾਂਸਾ ਦਰਸ਼ਨ ਤਿਆਰ ਕੀਤਾ। ਪ੍ਰੋਫੈਸਰ ਮੈਕਸਮੂਲਰ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਵਾਦਰਾਇਣ ਰਿਸ਼ੀ ਨੇ ਉਪਨਿਸ਼ਦਾਂ ਵਿਚ ਵਿਵਸਥਾ ਲਿਆਂਦੀ ਅਤੇ ਉਨ੍ਹਾਂ ਨੂੰ ਇੱਕ ਪ੍ਰਣਾਲੀ ਦੇ ਰੂਪ ਵਿਚ ਸਥਾਪਤ ਕੀਤਾ, ਉਸੇ ਤਰ੍ਹਾਂ ਜੈਮਿਨੀ ਰਿਸ਼ੀ ਨੇ ਬਾਕੀ ਵੇਦਾਂ ਵਿਚ, ਕਰਮ ਕਾਂਡ, ਯੱਗ ਜੋ ਕਿ ਬ੍ਰਾਹਮਣ ਗ੍ਰੰਥਾਂ ਵਿਚ ਦੱਸੇ ਗਏ ਹਨ, ਨੂੰ ਇੱਕ ਪੱਧਤੀ ਦੇ ਰੂਪ ਵਿਚ ਬੰਨਿਆ ਅਤੇ ਯਜੁਰਵੇਦ ਹੈ ਹੀ ਯੱਗ ਕਰਮ ਬਾਰੇ। ਯਜੁਰਵੇਦ ਵੇਦਾਂ ਦਾ ਕਰਮ ਕਾਂਡ ਭਾਗ ਹੈ। ਜਿਸ ਤਰ੍ਹਾਂ ਦਰਸ਼ਨ ਦੀ ਹੋਂਦ ਉਪਨਿਸ਼ਦਾਂ ਤੋਂ ਸੁਤੰਤਰ ਰੂਪ ਵਿਚ ਵੀ ਸੀ ਪਰ ਵਾਦਰਾਇਣ ਰਾਹੀਂ ਉਹ ਉਪਨਿਸ਼ਦਾਂ ਨਾਲ ਇਕਸੁਰ ਹੋਇਆ, ਇਸੇ ਤਰ੍ਹਾਂ ਯੱਗਾਂ ਦੀ ਹੋਂਦ ਬ੍ਰਾਹਮਣ ਗ੍ਰੰਥਾਂ ਤੋਂ ਸੁਤੰਤਰ ਰੂਪ ਵਿਚ ਵੀ ਸੀ ਅਤੇ ਜੈਮਿਨੀ ਰਿਖੀ ਨੇ ਇਨ੍ਹਾਂ ਦੀ ਸੂਤਰ-ਬਧ ਵਿਆਖਿਆ ਕੀਤੀ। ਮੀਮਾਂਸਾ ਕਰਮ-ਕਾਂਡ ਨੂੰ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਬਿਆਨ ਕਰਦਾ ਹੈ। ਪੂਰਬ ਮੀਮਾਂਸਾ ਦਰਸ਼ਨ ਦੇ ਕਰਮ ਦੇ ਸਿਧਾਂਤ ਬੀਜ ਰੂਪ ਵਿਚ ਯਜੁਰਵੇਦ ਵਿਚ ਮਿਲਦੇ ਹਨ। ਪੂਰਬ ਮੀਮਾਂਸਾ ਵਿਚ ਵਰਣਨ ਕੀਤੇ ਦੇਵਤਿਆਂ ਦਾ ਸਮਾਨ ਵਿਚਾਰ ਸਾਨੂੰ ਯਜੁਰਵੇਦ ਵਿਚ ਮਿਲਦਾ ਹੈ। ਭਾਈ ਗੁਰਦਾਸ ਦਾ ਕਥਨ ਹੈ ਕਿ ਜੈਮਿਨੀ ਰਿਖੀ ਦੇ ਦਰਸ਼ਨ ਸਿਧਾਂਤ ਅਨੁਸਾਰ ਜੀਵ ਸਰੀਰਕ ਰੂਪ ਧਾਰ ਕੇ ਜੋ ਕਰਮ ਕਰਦਾ ਹੈ, ਉਸੇ ਦਾ ਫਲ ਭੋਗਦਾ ਹੈ। ਫੈਸਲਾ ਕਰਮਾਂ ਉਤੇ ਹੋਵੇਗਾ:

> ਫਿਰਿ ਜੈਮਨਿ ਰਿਖੁ ਬੋਲਿਆ
> ਜੁਜਰਿ ਵੇਦਿ ਮਥਿ ਕਥਾ ਸੁਣਾਵੈ।
> ਕਰਮਾ ਉਤੇ ਨਿਬੜੈ ਦੇਹੀ
> ਮਧਿ ਕਰੇ ਸੋ ਪਾਵੈ।
> ਥਾਪਸਿ ਕਰਮ ਸੰਸਾਰ ਵਿਚਿ
> ਕਰਮ ਵਸ਼ ਕਰਿ ਆਵੈ ਜਾਵੈ।
> ਸਹਸਾ ਮਨਹੁ ਨ ਚੁਕਈ
> ਕਰਮਾਂ ਅੰਦਰਿ ਭਰਮਿ ਭੁਲਾਵੈ।
> ਕਰਮਿ ਵਰਤਣਿ ਜਗਤਿ ਕੀ
> ਇਕੋ ਮਾਇਆ ਬ੍ਰਹਮ ਕਹਾਵੈ।
> ਜੁਜਰਿ ਵੇਦਿ ਕੋ ਮਥਨਿ ਕਰਿ
> ਤਤ ਬ੍ਰਹਮੁ ਵਿਚਿ ਭਰਮੁ ਮਿਲਾਵੈ।
> ਕਰਮ ਦ੍ਰਿੜਾਇ ਜਗਤ ਵਿਚਿ
> ਕਰਮ ਬੰਧਿ ਕਰਿ ਆਵੈ ਜਾਵੈ।
> ਸਤਿਗੁਰ ਬਿਨਾ ਨ ਸਹਸਾ ਜਾਵੈ॥੧੦॥

ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਮੀਮਾਂਸਾ ਦਰਸ਼ਨ ਅਪੂਰਬ ਦੇ ਸਿਧਾਂਤ ਨੂੰ ਮੰਨ ਕੇ ਚੱਲਦਾ ਹੈ। ਕਰਮ ਦਾ ਫਲ ਕਾਰਨ ਅਤੇ ਕਾਰਜ ਦੇ ਆਧਾਰ 'ਤੇ ਨਿਰਧਾਰਤ ਹੈ। ਕਰਮ ਕਾਰਨ ਬਣ ਜਾਂਦੇ ਹਨ, ਇਸ ਲਈ ਉਨ੍ਹਾਂ ਦਾ ਫਲ ਹੈ। ਕੋਈ ਵੀ ਅਪੂਰਬ ਕਰਮ ਬਿਨਾ ਫਲ ਦਿੱਤੇ ਨਸ਼ਟ ਨਹੀਂ ਹੁੰਦਾ। ਭਾਈ ਗੁਰਦਾਸ ਅਨੁਸਾਰ ਜੈਮਿਨੀ ਰਿਖੀ ਨੇ ਜਗਤ ਵਿਚ ਕਰਮ ਨੂੰ ਪ੍ਰਧਾਨ ਬਣਾ ਦਿੱਤਾ, ਕਰਮ ਦੀ ਇੱਛਾ ਕਰਕੇ ਜੀਵ ਜਨਮ ਲੈਂਦਾ ਅਤੇ ਮਰਦਾ ਹੈ। ਭਾਈ ਗੁਰਦਾਸ ਦਾ ਇਹ ਕਥਨ, ਜਿਵੇਂ ਅਸੀਂ ਮੀਮਾਂਸਾ ਦੀ ਵਿਆਖਿਆ ਕਰਦੇ ਦੇਖ ਚੁੱਕੇ ਹਾਂ, ਬਿਲਕੁਲ ਠੀਕ ਹੈ। ਮੀਮਾਂਸਾ ਦਰਸ਼ਨ ਵਿਚ ਕਰਮ ਨੂੰ ਪ੍ਰਧਾਨ ਮੰਨਿਆ ਹੈ ਅਤੇ ਦੱਸਿਆ ਗਿਆ ਹੈ ਕਿ ਕਰਮ ਜੀਵ ਦੇ ਜੀਵਨ ਦਾ ਹਿੱਸਾ ਹੈ, ਇਸ ਨੂੰ ਤਿਆਗਿਆ ਨਹੀਂ ਜਾ ਸਕਦਾ। ਕਰਮ ਅਨਾਦੀ ਹੈ ਅਤੇ ਸਰਬ-ਵਿਆਪੀ ਹੈ। ਕਰਮ ਦਾ ਫਲ ਜ਼ਰੂਰ ਮਿਲਦਾ ਹੈ; ਇਸ ਲਈ ਮਨੁੱਖ ਫਲ ਨੂੰ ਭੋਗਣ ਲਈ ਜਨਮ ਲੈਂਦਾ ਹੈ ਅਤੇ ਮਰਦਾ ਹੈ। ਮੀਮਾਂਸਾ ਦਰਸ਼ਨ ਵਿਚ ਦੱਸਿਆ ਹੈ ਕਿ ਕਰਮ ਦਾ ਕਾਰਨ ਇੱਛਾ ਹੈ। ਇੱਛਾ ਹਰ ਇੱਕ ਕਰਮ ਦਾ ਆਧਾਰ ਹੈ। ਪਰ ਜੈਮਿਨੀ ਰਿਖੀ ਮੀਮਾਂਸਾ ਦਰਸ਼ਨ ਵਿਚ ਨਾਲ ਇਹ ਵੀ ਦੱਸਦਾ ਹੈ ਕਿ ਇਸ ਦਾ ਸਬੰਧ ਗਿਆਨ ਨਾਲ ਹੈ। ਯੱਗ ਦੀ ਭਾਵਨਾ ਵਿਚ ਕੀਤਾ ਕਰਮ ਸ੍ਰੇਸ਼ਟ ਕਰਮ ਹੈ। ਇਸ ਭਾਵਨਾ ਨਾਲ ਕੀਤਾ ਕਰਮ ਬੰਧਨ ਦਾ ਕਾਰਨ ਨਹੀਂ ਬਣਦਾ। ਇਹ ਮੁਕਤੀ ਦਾ ਸਾਧਨ ਹੈ। ਸ਼ੁਕਲ ਯਜੁਰ ਵੇਦ ਦੇ 40ਵੇਂ ਅਧਿਆਇ ਵਿਚ ਵੀ ਇਸੇ ਭਾਵਨਾ ਦਾ ਸਲੋਕ ਦਿੱਤਾ ਗਿਆ ਹੈ। ਇਸ ਤਰ੍ਹਾਂ ਮੀਮਾਂਸਾ ਅਨੁਸਾਰ ਮਹਾਨ ਯੱਗ ਦੇ ਰੂਪ ਵਿਚ ਕੀਤਾ ਕਰਮ ਹੀ ਧਰਮ ਹੈ ਅਤੇ ਵੇਦ ਦਾ ਸਾਰਾ ਗਿਆਨ ਕਰਮ ਲਈ ਹੈ। ਇਸ ਤਰ੍ਹਾਂ ਆਦਮੀ ਵੇਦਾਂ ਦੁਆਰਾ ਦੱਸੇ ਹੋਏ ਵਿਧੀ ਬਚਨਾਂ ਅਨੁਸਾਰ ਕਰਮ ਕਰਕੇ ਮੁਕਤੀ ਪ੍ਰਾਪਤ ਕਰਦਾ ਹੈ।

ਪਹਿਲਾਂ ਕੀਤੇ ਕਰਮ ਦਾ ਫਲ ਮਨੁੱਖ ਦੇ ਨਾਲ ਰਹਿੰਦਾ ਹੈ। ਇਸ ਲਈ ਉਸ ਦੇ ਮਨ ਤੋਂ ਕਰਮ ਦਾ ਪ੍ਰਭਾਵ ਖਤਮ ਨਹੀਂ ਹੁੰਦਾ ਅਤੇ ਪਹਿਲੇ ਕਰਮ ਦੇ ਕਾਰਨ ਮਨੁੱਖ ਜਨਮ ਮਰਨ ਦੇ ਭਰਮ ਵਿਚ ਪਿਆ ਰਹਿੰਦਾ ਹੈ। ਕਰਮ ਦਾ ਸਿਧਾਂਤ ਕਾਰਨ ਤੇ ਕਾਰਜ ਦੇ ਸਿਧਾਂਤ ਅਨੁਸਾਰ ਚਲਦਾ ਹੈ। ਸੰਸਾਰ ਦਾ ਸਾਰਾ ਪਸਾਰਾ ਕਰਮ ਦੇ ਸਿਧਾਂਤ ਕਾਰਨ ਹੈ। ਜੈਮਿਨੀ ਰਿਖੀ ਸਿੱਟਾ ਇਹ ਕੱਢਦਾ ਹੈ ਕਿ ਸ੍ਰਿਸ਼ਟੀ ਰਚਨਾ ਦੀ ਕਿਰਿਆ (ਕਰਮ) ਹੀ ਦਿਸਦੇ ਜਗਤ ਦਾ ਸਾਰ-ਤੱਤ ਅਤੇ ਅੰਤਮ ਕਾਰਨ ਹੈ।

ਭਾਈ ਗੁਰਦਾਸ ਨੇ ਮੀਮਾਂਸਾ ਦਰਸ਼ਨ ਦੀ ਵਿਆਖਿਆ ਬਿਲਕੁਲ ਸਹੀ ਕੀਤੀ ਹੈ। ਮਾਇਆ ਅਤੇ ਬ੍ਰਹਮ ਇੱਕ ਹੈ, ਉਹੀ ਇੱਕ ਸੰਸਾਰ ਦੇ ਰੂਪ ਵਿਚ ਪਸਰਿਆ ਹੋਇਆ ਹੈ। ਪਰ ਇਹ ਸੰਕਲਪ ਉਪਨਿਸ਼ਦ ਦਾ ਹੈ, ਪੂਰਬ ਮੀਮਾਂਸਾ ਦਾ ਨਹੀਂ। ਪਰ ਇਹ ਸੰਕਲਪ ਯਜੁਰ ਵੇਦ ਵਿਚ ਮਿਲਦਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਅਗਨੀ, ਅਦਿਤੀ, ਵਾਯੂ ਆਦਿ ਭਿੰਨ ਭਿੰਨ ਦੇਵਤਾ ਉਸੇ ਇੱਕ ਪਰਮਾਤਮ-ਤੱਤ ਦੀਆਂ ਵਿਭੂਤੀਆਂ ਹਨ। ਭਾਈ ਗੁਰਦਾਸ ਅਨੁਸਾਰ ਜੈਮਿਨੀ ਰਿਖੀ ਨੇ ਕਰਮ ਦੇ ਸਿਧਾਂਤ ਨੂੰ ਪੱਕਾ ਕੀਤਾ, ਸੰਸਾਰ ਦਾ ਪਸਾਰਾ ਕਰਮ ਕਾਰਨ ਹੈ ਪਰ ਕਰਮ ਹੀ ਬੰਧਨ ਦਾ ਕਾਰਨ ਹੈ, ਕਰਮ ਕਾਰਨ ਹੀ ਮਨੁੱਖ ਜਨਮ ਮਰਨ ਦੇ ਚੱਕਰ ਵਿਚ ਆਉਂਦਾ ਹੈ। ਪਰ ਮੀਮਾਂਸਾ ਸਾਨੂੰ ਕਰਮ ਵਿਚੋਂ ਨਿਕਲਣ ਦਾ ਕੋਈ ਰਸਤਾ ਨਹੀਂ ਦੱਸਦਾ। ਕਰਮ ਕਿੰਨਾ ਵੀ ਉਚਾ ਕਿਉਂ ਨਾ ਹੋਵੇ ਉਸ ਦਾ ਫਲ ਜ਼ਰੂਰ ਭੋਗਣਾ ਪੈਂਦਾ ਹੈ ਅਤੇ ਫਲ ਭੋਗਣ ਲਈ ਮਨੁੱਖ ਨੂੰ ਜਨਮ ਲੈਣਾ ਪੈਂਦਾ ਹੈ। ਇਸ ਵਿਚੋਂ ਨਿਕਲਣ ਦਾ ਰਸਤਾ ਸਾਨੂੰ ਗੁਰਬਾਣੀ ਦੱਸਦੀ ਹੈ। ਗੁਰਬਾਣੀ ਅਧਿਆਤਮਕ ਫਲਸਫੇ ਦਾ ਸਿਖਰ ਹੈ। ਭਾਈ ਗੁਰਦਾਸ ਅਨੁਸਾਰ ਭਰਮ-ਮੁਕਤ ਹੋਣ ਲਈ ਗੁਰੂ ਦਾ ਓਟ-ਆਸਰਾ ਲੈਣਾ ਜ਼ਰੂਰੀ ਹੈ। ਦਵੈਤ ਨੂੰ ਖਤਮ ਕਰਨ ਦਾ ਰਸਤਾ ਗੁਰੂ ਤੋਂ ਪਤਾ ਲਗਦਾ ਹੈ। ਸਤਿਗੁਰ ਤੋਂ ਬਿਨਾ ਮਨੁੱਖ ਨੂੰ ਅਸਲੀਅਤ ਦੀ ਸੋਝੀ ਨਹੀਂ ਹੁੰਦੀ, ਉਸ ਦਾ ਮਨ ਭਰਮ ਨਿਵਿਰਤ ਨਹੀਂ ਹੁੰਦਾ।

## ਵਿਸਾਖੀ ਵਾਲੇ ਦਿਨ

ਬਾਰਾਂ ਮਹੀਨਿਆਂ ਦੇ ਵਿਚੋਂ ਮਾਸ ਵੱਖਰਾ।
ਵਿਸਾਖੀ ਵਾਲੇ ਦਿਨ ਦਾ ਇਤਿਹਾਸ ਵੱਖਰਾ।

ਅਨੰਦਪੁਰ ਵਿਚ ਸਜੇ ਹੋਏ ਪੰਡਾਲ ਸੀ,
ਗੁਰੂ ਜਸ ਨਾਲ ਸੰਗਤਾਂ ਨਿਹਾਲ ਸੀ।
ਬਾਕੀ ਦਿਨਾਂ ਨਾਲੋਂ ਇਜਲਾਸ ਵੱਖਰਾ।
ਵਿਸਾਖੀ ਵਾਲੇ ਦਿਨ ਦਾ ਇਤਿਹਾਸ ਵੱਖਰਾ।

ਕੱਢ ਕੇ ਮਿਆਨੋਂ ਤਲਵਾਰ ਗੁਰਾਂ ਨੇ,
ਇਕੱਠ ਤਾਈਂ ਆਖਿਆ ਵੰਗਾਰ ਗੁਰਾਂ ਨੇ।
ਅੱਜ ਪਹਿਲਾਂ ਨਾਲੋਂ ਬਚਨ ਬਿਲਾਸ ਵੱਖਰਾ।...

ਅਣਖ ਦੀ ਲਗਾਈ ਗਈ ਜਾਗ ਕੌਮ ਨੂੰ,
ਲੱਗੀ ਕੁਰਬਾਨੀਆਂ ਦੀ ਲਾਗ ਕੌਮ ਨੂੰ।
ਇਹ ਦਿਨ ਦੁਨੀਆਂ ਦੇ ਵਿਚ ਖਾਸ-ਵੱਖਰਾ।...

ਮੰਨ ਪਰਮਾਤਮਾ ਦੀ ਮੌਜ ਗੁਰਾਂ ਨੇ,
ਖਾਲਸੇ ਦੀ ਸਾਜ ਦਿੱਤੀ ਫੌਜ ਗੁਰਾਂ ਨੇ।
ਜਿਸ ਦੇ ਸਿਪਾਹੀਆਂ ਦਾ ਲਿਬਾਸ ਵੱਖਰਾ।...

ਤੱਕ ਕਈ ਕੌਤਕ ਹੈਰਾਨ ਹੋ ਗਏ,
ਚੇਲੇ ਜਦੋਂ ਗੁਰੂ ਦੇ ਸਮਾਨ ਹੋ ਗਏ।
ਨਾਲੇ ਕਾਇਮ ਹੋਇਆ ਵਿਸ਼ਵਾਸ ਵੱਖਰਾ।...

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

---

## ਪੂਜਾ

ਸੁਣ ਪ੍ਰਸੰਸਾ ਆਪਣੀ ਬੰਦਾ
ਜਿਤਣਾ ਚੌੜ 'ਚ ਆਉਂਦਾ।
ਦੂਜੇ ਨੂੰ ਵੀ ਆਪਣੇ ਵਰਗਾ
ਸਮਝ ਕੇ ਫੂਕ ਛਕਾਉਂਦਾ।
ਖੁਸ਼ ਹੋ ਚਮਚਾਗਿਰੀ ਤੋਂ ਅਗਲਾ
ਜੋ ਵੀ ਦੇਣਾ ਚਾਹੁੰਦਾ।
ਓਸੇ ਨੂੰ ਉਹ ਸੇਵਾ ਫਲ ਮੰਨ
ਝੋਲੀ ਹੈ ਭਰਵਾਉਂਦਾ।
ਏਸੇ ਨੀਤੀ ਬੱਝਾ ਬੰਦਾ
ਰੱਬ ਨੂੰ ਰੋਜ ਧਿਆਉਂਦਾ।
ਪੂਜਾ ਦਾ ਸੰਕਲਪ ਵੀ
ਅੱਜ ਕੱਲ ਇਹੋ ਹੀ ਦਰਸਾਉਂਦਾ।

ਆਪਣੇ ਜਾਣੇ ਬੰਦਾ ਰੱਬ ਨੂੰ
ਲਾਲਚ ਦੇ ਪਰਚਾਉਂਦਾ।
ਕੁਝ ਪਾਉਣ ਦੀ ਇੱਛਾ ਦੇ ਨਾਲ
ਉਸ ਦੇ ਹੈ ਗੁਣ ਗਾਉਂਦਾ।
ਲਾਲਚ ਦੇ ਲਈ ਬੰਦਿਆਂ ਵਾਂਗੂ
ਉਸ ਨੂੰ ਦਾਣਾ ਪਾਉਂਦਾ।
ਵੱਡੀ ਇੱਛਾ ਮਨ ਵਿਚ ਰੱਖ ਕੇ
ਛੋਟੀ ਭੇਟ ਚੜ੍ਹਾਉਂਦਾ।
ਰੱਬ ਜੀ ਦੇ ਗੁਣ ਗਾ ਕੇ ਲੱਗਦਾ
ਉਸ ਨੂੰ ਉਹ ਵਡਿਆਉਂਦਾ।
ਏਹੀ ਨੁਕਤਾ ਇਸ ਦੁਨੀਆਂ ਨੂੰ
ਰਿਸ਼ਵਤਖੋਰ ਬਣਾਉਂਦਾ।

ਸੋਚੋ, ਜਿਹੜਾ ਰੱਬ ਬੰਦੇ ਨੂੰ
ਧਰਤੀ 'ਤੇ ਪਹੁੰਚਾਉਂਦਾ।
ਉਸ ਤੋਂ ਆਪਣੇ ਨਾਮ ਦਾ ਮੁੜ-ਮੁੜ
ਗਾਨ ਕਿਓਂ ਕਰਵਾਉਂਦਾ।
ਧਰਤੀ 'ਤੇ ਕਿਓਂ ਓਸੇ ਤੋਂ
ਫਿਰ ਆਪਣਾ ਆਪ ਛੁਪਾਉਂਦਾ।
ਆਪਣਾ ਆਪ ਲੁਕਾ ਕੇ ਕਿਧਰੇ
ਉਸ ਤੋਂ ਕਿਓਂ ਲਭਵਾਉਂਦਾ।
ਆਪੇ ਘੱਲਦਾ, ਆਪੇ ਛੁੱਪਦਾ,
ਆਪੇ ਲੱਭਣ ਲਾਉਂਦਾ।
ਉਸ ਨੂੰ ਲੱਭਦਾ-ਲੱਭਦਾ ਬੰਦਾ
ਓਸੇ ਵਿਚ ਸਮਾਉਂਦਾ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

## ਮੰਗੀ ਖਾਲਸੇ ਦੀ ਸੁੱਖ

ਕੋਈ ਰੇਤਲੀ ਜ਼ਮੀਨ, ਉਤੇ ਜੰਡ ਨਾਮੀ ਰੁੱਖ।
ਬੰਨ ਘੋੜਾ ਗੋਬਿੰਦ ਨੇ, ਮੰਗੀ ਖਾਲਸੇ ਦੀ ਸੁੱਖ।
ਕਿਤੇ ਬੋਹੜਾਂ ਦੇ ਥੱਲੇ, ਯੱਕੇ ਗੋਲੇ ਲੈਂਦੇ ਬਾਜ਼ੀ।
ਪੁੱਛ ਹਾਲ ਚਾਲ ਕਹਿੰਦੇ, ਬਾਕੀ ਸਾਰੇ ਘਰੋਂ ਰਾਜ਼ੀ।
ਕਿਤੇ ਚਾਟੀ 'ਚ ਮਧਾਣੀ, ਕਿਤੇ ਟੁੱਟਦੇ ਨੇ ਤੰਦ।
ਕਿਤੇ ਗਲਾਂ ਵਿਚ ਕੈਂਠੇ, ਕਿਤੇ ਲਿਪਦੇ ਨੇ ਕੰਧ।
ਬਾਲ ਚੁੱਲ੍ਹਿਆਂ 'ਚ ਅੱਗ, ਉਤੇ ਸਰੋਂ ਵਾਲਾ ਸਾਗ।
ਕਿਤੇ ਕਲੀ ਦਾ ਸ਼ੌਕੀਨ, ਸੁਰ ਦਿੰਦੇ ਨੇ ਰਬਾਬ।
ਉਨ੍ਹਾਂ ਸਮਿਆਂ ਦੇ ਰੰਗ, ਅੱਜ ਹੋਏ ਬਦਰੰਗ।
ਅੱਜ ਬਦਲੀਆਂ ਰੁੱਤਾਂ, ਤੇ ਬਦਲੇ ਨੇ ਢੰਗ।
ਉਨ੍ਹਾਂ ਚਿੜੀਆਂ ਦਾ ਸੰਗ, ਅੱਜ ਕੱਢੇ ਨਾ ਆਵਾਜ਼।
ਗੱਲਾਂ ਲੁਕ ਗਈਆਂ ਸਭ, ਲੁਕੇ ਰਹਿ ਗਏ ਨੇ ਰਾਜ਼।

*-ਸਿਮਰਨਜੀਤ ਕੌਰ ਤੂਰ, ਭਵਾਨੀਗੜ੍ਹ*

# ਅਜੋਕੇ ਸੰਦਰਭ ਵਿਚ ਖਾਲਸਾ-ਸਿਰਜਣਾ ਦਿਵਸ ਦੀ ਅਹਿਮੀਅਤ

*13 ਅਪਰੈਲ ਨੂੰ ਖਾਲਸਾ ਸਿਰਜਣਾ ਦਿਵਸ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਵਲੋਂ ਮਨਾਇਆ ਜਾ ਰਿਹਾ ਹੈ। ਇਸ ਦਿਹਾੜੇ ਨੂੰ ਸਮਰਪਿਤ ਦੀਵਾਨ ਸਜਣਗੇ ਅਤੇ ਕਈ ਥਾਂਈਂ ਨਗਰ ਕੀਰਤਨ ਵੀ ਕੀਤੇ ਜਾਣਗੇ। ਇਨ੍ਹਾਂ ਸਮਾਗਮਾਂ ਦੌਰਾਨ ਰਾਗੀ-ਢਾਡੀ ਤੇ ਪ੍ਰਚਾਰਕ ਖਾਲਸਾ ਸਾਜੇ ਜਾਣ ਦੇ ਮਨੋਰਥ ਦੀ ਵਿਆਖਿਆ ਵੀ ਕਰਨਗੇ। ਪਰ ਕੀ ਸਿੱਖ ਇਸ ਮਨੋਰਥ ਦੀ ਪੈਰਵੀ ਕਰਦੇ ਹਨ? ਅੱਜ ਦਾ ਸਿੱਖ ਗੁਰੂ ਤੋਂ ਮੁਨਕਰ ਕਿਉਂ ਹੈ? ਇਹੀ ਸਵਾਲ ਹਨ ਜੋ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਆਪਣੇ ਇਸ ਲੇਖ ਵਿਚ ਉਠਾਏ ਹਨ। -ਸੰਪਾਦਕ*

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਵਲੋਂ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਿਰਜਣਾ, ਉਸ ਸੋਚ ਦਾ ਸਿਖਰ ਸੀ ਜਿਸ ਦਾ ਜਾਗ ਗੁਰੂ ਨਾਨਕ ਦੇਵ ਨੇ ਲਾਇਆ ਸੀ।

ਖਾਲਸਾ ਪੰਥ ਦੀ ਸਿਰਜਣਾ ਦਰਅਸਲ ਲੋਕਾਈ 'ਤੇ ਹੋ ਰਹੀ ਸਮਾਜਿਕ ਬੇਇਨਸਾਫੀ ਅਤੇ ਰਾਜਸੀ ਜੁਲਮ ਵਿਰੁਧ ਉਭਰਿਆ ਇਕ ਵਰਤਾਰਾ ਸੀ ਜਿਸ ਨੇ ਜੁਲਮ ਦਾ ਟਾਕਰਾ ਕਰਨ ਲਈ ਤਲਵਾਰ ਉਠਾਉਣ ਨੂੰ ਜਾਇਜ ਕਿਹਾ। ਇਹ ਜੁਲਮ ਦਾ ਟਾਕਰਾ ਕਰਨ ਲਈ ਇਕ ਅਜਿਹੀ ਕੌਮ ਦੀ ਸਿਰਜਣਾ ਸੀ ਜਿਸ ਨੇ ਸਮਾਜ ਵਿਚਲੀ ਜਾਤ-ਪਾਤ, ਵਰਣ-ਵੰਡ, ਅਮੀਰ-ਗਰੀਬ, ਹੱਦਾਂ-ਸਰਹੱਦਾਂ ਤੇ ਖੇਤਰੀ ਦੀਵਾਰਾਂ ਨੂੰ ਢਹਿ ਢੇਰੀ ਕੀਤਾ।

ਖਾਲਸਾ ਸਿਰਜਣਾ ਨਾਲ ਇਕ ਅਜਿਹੀ ਲਹਿਰ ਪੈਦਾ ਹੋਈ ਜਿਸ ਨੇ ਮੁਗਲ ਸਲਤਨਤ ਸਾਹਮਣੇ ਇਕ ਚੁਣੌਤੀ ਖੜ੍ਹੀ ਕਰ ਦਿਤੀ। ਜੁਲਮ ਖਿਲਾਫ ਤੇ ਮੁਗਲਈ ਅਤਿਆਚਾਰ ਵਿਰੁਧ ਲੜਦਿਆਂ, ਸਿੱਖਾਂ ਨੇ ਕੁਰਬਾਨੀਆਂ ਦਾ ਇਕ ਅਜਿਹਾ ਇਤਿਹਾਸ ਸਿਰਜਿਆ ਜਿਸ ਨੂੰ ਪੜ੍ਹ-ਸੁਣ ਕੇ ਮਨੁੱਖੀ ਮਨ ਇਸ ਅਣ ਕਹੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਅਤੇ ਸੁਰਬੀਰਤਾ ਨਾਲ ਭਰੇ ਵਰਕਿਆਂ 'ਤੇ ਮਾਣ ਕਰਦਾ ਹੈ। ਇਹ ਭਾਵੇਂ ਅਨੰਦਪੁਰ ਦੇ ਕਿਲੇ ਵਿਚੋਂ ਨਿਕਲੇ ਭੁੱਖਣਭਾਣੇ ਸਿੱਖਾਂ ਵਲੋਂ ਸਿਰ 'ਤੇ ਚੜ੍ਹੀ ਆ ਰਹੀ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਫੌਜ ਦਾ ਮੂੰਹ ਤੋੜਵਾਂ ਜੁਵਾਬ ਹੋਵੇ, ਸਿਰਸਾ ਨਦੀ ਦੀ ਭੇਟਾ ਚੜ੍ਹੀਆਂ ਸਿੱਖਾਂ ਦੀਆਂ ਅਜਾਈਂ ਗਈਆਂ ਜਾਨਾਂ ਦਾ ਹਿਸਾਬ ਹੋਵੇ, ਗੁਰੂ ਜੀ ਦੇ ਪਰਿਵਾਰ ਦਾ ਵਿਛੋੜਾ ਹੋਵੇ, ਚਮਕੌਰ ਦੀ ਕੱਚੀ ਗੜ੍ਹੀ ਵਿਚ ਮੁੱਠੀ ਭਰ ਸਿੰਘਾਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਮੁਗਲਈ ਫੌਜ ਨਾਲ ਲਿਆ ਗਿਆ ਆਢਾ ਹੋਵੇ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸ਼ਹਾਦਤ ਹੋਵੇ, ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ 'ਚ ਮਿੱਤਰ-ਪਿਆਰੇ ਨੂੰ ਦਰਦ-ਭਿੰਨੀ ਵੇਦਨਾ ਸੁਣਾਉਣਾ ਹੋਵੇ ਜਾਂ ਸਰਹਿੰਦ 'ਚ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਹੋਵੇ। ਗੁਰੂ ਜੀ ਦੀਆਂ ਪੈੜਾਂ ਦਾ ਚੱਪਾ-ਚੱਪਾ ਸਿੰਘਾਂ ਦੀਆਂ ਕੁਰਬਾਨੀਆਂ ਤੇ ਸਿੱਖ ਬਹਾਦਰੀ ਨਾਲ ਲਬਰੇਜ਼ ਹੈ।

ਸਿੱਖ ਇਤਿਹਾਸ ਇਕ ਅਮੀਰ ਵਿਰਾਸਤ ਹੈ ਅਤੇ ਇਸ ਨੂੰ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਨਾਮ ਲਾਉਣਾ ਹਰੇਕ ਸਿੱਖ ਦਾ ਫਰਜ਼ ਹੈ। ਇਸ ਫਰਜ਼ ਤੋਂ ਕੋਤਾਹੀ ਦਾ ਇਵਜ਼ਾਨਾ ਕਈ ਪੀੜ੍ਹੀਆਂ ਨੂੰ ਭੁਗਤਣਾ ਪੈਂਦਾ ਏ। ਹੁਣ ਸੋਚਣ ਦੀ ਲੋੜ ਹੈ ਕਿ ਕੀ ਅਸੀਂ ਗੁਰੂ ਗੋਬਿੰਦ ਸਿੰਘ ਵਲੋਂ ਸਿਰਜੇ ਖਾਲਸਾ ਪੰਥ ਦੀਆਂ ਸੇਧਾਂ, ਸਿਖਿਆਵਾਂ, ਸੁਪਨਿਆਂ, ਸੰਭਾਵਨਾਵਾਂ ਤੇ ਸੂਹਜ-ਵਿਚਾਰਾਂ ਨੂੰ ਆਪਣੀ ਜ਼ਿੰਦਗੀ 'ਚ ਅਪਨਾਇਆ ਹੈ? ਕੀ ਅਸੀਂ ਹੱਕ-ਸੱਚ ਦੇ ਮਾਰਗ ਤੋਂ ਥਿੜਕ ਤਾਂ ਨਹੀਂ ਗਏ? ਕੀ ਅਸੀਂ ਸਿੱਖੀ-ਵਿਰਾਸਤ, ਕਦਰਾਂ-ਕੀਮਤਾਂ, ਮਾਨਵੀ-ਬਿੰਬ, ਸੁਹਿਰਦਤਾ, ਸੇਵਾ-ਭਾਵਨਾ, ਸੱਚ ਦੀ ਪਹਿਰੇਦਾਰੀ ਤੇ ਮੂਲ ਸਿਧਾਂਤਾਂ ਤੋਂ ਦੂਰੀ ਤਾਂ ਨਹੀਂ ਬਣਾ ਲਈ? ਕੀ ਧਾਰਮਿਕ, ਸਮਾਜਿਕ ਜਾਂ ਸਿਆਸੀ ਖੇਤਰ 'ਚ ਅਜਿਹੀਆਂ ਸ਼ਖਸੀਅਤਾਂ ਹਨ ਜੋ ਇਕ ਰੋਲ-ਮਾਡਲ ਬਣ ਕੇ ਸਿੱਖ ਸਮਾਜ ਅਤੇ ਪੰਜਾਬੀ-ਭਾਈਚਾਰੇ ਨੂੰ ਸੇਧ ਦੇ ਸਕਣ? ਹਰ ਚਿੰਤਨਸ਼ੀਲ ਵਿਅਕਤੀ ਦੇ ਮਨ ਵਿਚ ਅਜੋਕੀ ਦਸ਼ਾ ਤੇ ਦਿਸ਼ਾ ਨੂੰ ਦੇਖ ਕੇ ਅਜਿਹੇ ਪ੍ਰਸ਼ਨ ਪੈਦਾ ਹੋਣੇ ਸੁਭਾਵਕ ਹਨ। ਫਿਕਰਮੰਦ ਲੋਕ ਇਸ ਸਰਬ-ਪੱਖੀ ਗਿਰਾਵਟ 'ਚੋਂ ਨਿਕਲਣ ਲਈ ਲੋਕ-ਚੇਤਨਾ ਜਗਾਉਣ 'ਚ ਆਪਣੀ ਸਾਰਥਿਕ ਭੂਮਿਕਾ ਨਿਭਾ ਸਕਦੇ ਹਨ। ਸਿੱਖ ਸਮਾਜ ਵਿਚ ਪਏ ਇਸ ਰੋਲ-ਘਚੋਲੇ ਨੂੰ ਦੇਖ ਕੇ ਇੰਜ ਜਾਪਦਾ ਹੈ ਕਿ ਸਾਡੇ ਸਮਿਆਂ ਵਿਚ ਖਾਲਸਾ ਸਿਰਜਣ ਵਾਲੀ ਗੁਰੂ-ਰੂਪੀ ਸੋਚ ਦੀ ਹੁਣ ਜ਼ਿਆਦਾ ਲੋੜ ਹੈ।

ਦਰਅਸਲ ਜਦ ਮਨੁੱਖ ਧਰਮ ਤੋਂ ਦੂਰ ਹੁੰਦਾ ਏ ਤਾਂ ਉਸ ਦੀਆਂ ਕਦਰਾਂ-ਕੀਮਤਾਂ ਵਿਚ ਨਿਘਾਰ ਆਉਣਾ ਲਾਜ਼ਮੀ ਏ ਕਿਉਂਕਿ ਧਰਮ ਸਾਵੀਂ-ਪੱਧਰੀ ਜ਼ਿੰਦਗੀ ਲਈ ਜੀਵਨ-ਜਾਚ ਏ। ਜਦ ਧਾਰਮਿਕ ਆਗੂ ਨਿਜੀ ਮੁਫਾਦ ਦਾ ਹੱਥ-ਠੋਕਾ ਬਣ ਜਾਣ, ਡੇਰੇਦਾਰਾਂ ਵਲੋਂ ਸਿੱਖ ਧਰਮ ਨੂੰ ਸਵੈ-ਸਥਾਪਤ ਮਰਿਆਦਾਵਾਂ ਵਿਚ ਬੰਨ ਕੇ ਨਿੱਕੇ ਨਿੱਕੇ ਦਾਇਰਿਆਂ 'ਚ ਕੈਦ ਕਰ ਲਿਆ ਜਾਵੇ, ਮਾਸੂਮ ਲੋਕਾਈ ਅੰਧ-ਵਿਸ਼ਵਾਸ਼ ਦੇ ਹਨੇਰੇ ਵਿਚ ਗੁਆਚ ਜਾਵੇ ਅਤੇ ਧਰਮ ਆਪਣੀ ਹੋਂਦ ਲਈ ਸਿਸਕਣ ਲੱਗ ਪਵੇ ਤਾਂ ਧਰਮ, ਅਧਰਮੀ ਲੋਕਾਂ ਦੀ ਅਜਾਰੇਦਾਰੀ ਬਣ ਜਾਂਦਾ ਏ। ਆਪਣੀ ਮਾਂ-ਬੋਲੀ ਤੋਂ ਟੁੱਟੇ ਲੋਕਾਂ ਨੂੰ ਗੁਰਬਾਣੀ ਨਾਲ ਕਿੰਜ ਜੋੜਾਂਗੇ? ਬਾਬਰਕਿਆਂ ਦੇ ਸੰਗੀ ਬਣ ਕੇ ਬਾਬਿਆਂ ਦਾ ਹਿੱਤ ਕਿਵੇਂ ਪਾਲਿਆ ਜਾ ਸਕਦਾ ਏ? ਸਾਨੂੰ ਅਜਿਹੇ ਸ਼ਰਧਾਵਾਨ ਸਿੱਖ ਕਿਥੋਂ ਮਿਲਣਗੇ ਜੋ ਭਾਈ ਮੰਝ ਵਾਂਗ ਲੰਗਰ ਛੱਕਣ ਲਈ ਦੋ ਗੰਢਾਂ ਲੱਕੜਾਂ ਦੀਆਂ ਲਿਆਉਣ? ਅਕਾਲੀ ਫੂਲਾ ਸਿੰਘ ਵਰਗਾ ਅਕਾਲ ਤਖਤ ਦਾ ਜਥੇਦਾਰ ਅਤੇ ਅਕਾਲ ਤਖਤ ਅੱਗੇ ਭੁੱਲ ਬਖਸ਼ਾਉਣ ਲਈ ਕੋਰੜੇ ਖਾਣ ਦੀ ਸਜ਼ਾ ਸਿਰ ਝੁਕਾ ਕੇ ਪ੍ਰਵਾਨ ਕਰਨ ਵਾਲਾ ਮਹਾਰਾਜਾ ਰਣਜੀਤ ਸਿੰਘ ਵਰਗਾ ਹਾਕਮ ਹੁਣ ਇਤਿਹਾਸ ਦੇ ਪੰਨਿਆਂ ਵਿਚ ਹੀ ਰਹਿ ਗਏ ਨੇ।

ਵਿਰਾਸਤ ਕਿਸੇ ਕੌਮ ਦਾ ਸਭ ਤੋਂ ਵੱਡਾ ਮਾਣ ਹੁੰਦਾ ਏ ਜਿਸ 'ਤੇ ਆਉਣ ਵਾਲੀਆਂ ਨਸਲਾਂ ਨਾਜ਼ ਕਰਦੀਆਂ, ਆਪਣੇ ਪੁਰਖਿਆਂ ਦੇ ਬਲਿਹਾਰੇ ਜਾਂਦੀਆਂ ਨੇ। ਭਲਾ ਕਿਥੋਂ ਦਿਖਾਂਵਾਂਗੇ ਸਰਹਿੰਦ ਦੀ ਦੀਵਾਰ ਜਿਥੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਠੰਢਾ ਬੁਰਜ ਕਿਸ ਨੇ ਫਨਾਹ ਕੀਤਾ ਜਿਥੇ ਮਾਤਾ ਗੁਜਰੀ ਲਾਡਲਿਆਂ ਨੂੰ ਨਿਹਾਰਦੀ ਸ਼ਹੀਦ ਹੋ ਗਈ ਸੀ, ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਕਿਥੋਂ ਲੱਭੀਏ ਜਿਸ ਦੀ ਓਟ ਵਿਚ ਗੁਰੂ ਜੀ ਨੇ ਮੁੱਠੀ ਭਰ ਸਿੰਘਾਂ ਨਾਲ ਮੁਗਲ ਸਲਤਨਤ ਨੂੰ ਲੋਹੇ ਦੇ ਚਨੇ ਚਬਾਏ ਸਨ, ਮਾਛੀਵਾੜੇ ਦੇ ਜੰਗਲਾਂ ਵਿਚ ਉਹ ਖੂਹ ਤੇ ਟਿੰਡ ਦੇ ਮੁੱਢਲੇ ਰੂਪ ਕਿਸ ਨੇ ਗਾਇਬ ਹੀ ਕਰ ਦਿਤੇ ਜਿਸ ਦਾ ਸਿਰਹਾਣਾ ਬਣਾ ਕੇ ਗੁਰੂ ਜੀ ਸੁੱਤੇ ਸਨ ਆਦਿ ਬਹੁਤ ਸਾਰੀਆਂ ਸਿੱਖ ਮਾਨਸਿਕਤਾ ਨਾਲ ਜੁੜੀਆਂ ਯਾਦਗਾਰੀ ਵਿਰਾਸਤਾਂ ਹਨ ਜਿਨ੍ਹਾਂ ਨੂੰ ਹਰ ਸਿੱਖ ਦੇਖਣਾ ਚਾਹੁੰਦਾ ਏ। ਦੁੱਖ ਹੁੰਦਾ ਏ ਕਿ ਸੰਗਮਰਮਰੀ ਗੁਰਦੁਆਰੇ ਉਸਾਰਨ ਵਾਲੇ ਬਾਬਿਆਂ ਨੇ ਇਨ੍ਹਾਂ ਵਿਰਾਸਤੀ ਯਾਦਗਾਰਾਂ ਨੂੰ ਸੰਗਰਮਰ ਹੇਠ ਦਫਨਾ ਦਿਤਾ ਏ। ਕੀ ਉਨ੍ਹਾਂ ਦੀ ਅੱਖ ਨਾ ਭਰੀ ਹੋਵੇਗੀ ਜਦ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਦੀ ਛੋਹ ਪ੍ਰਾਪਤ ਕੰਧ, ਕੱਚੀ ਗੜ੍ਹੀ ਆਦਿ ਨੂੰ ਢਾਹਿਆ ਹੋਵੇਗਾ? ਸਿੱਖਾਂ ਦੀ ਅਮੁੱਲੀ ਵਿਰਾਸਤ ਕਿਉਂ ਮਲੀਆਮੇਟ ਕੀਤੀ ਗਈ? ਕਿਸੇ ਵੀ ਸਿੱਖ ਵਿਦਵਾਨ, ਸਿੱਖ ਆਗੂ ਨੇ ਸਿੱਖੀ ਵਿਰਾਸਤ ਨੂੰ ਬਚਾਉਣ ਲਈ ਹਾਅ ਦਾ ਨਾਹਰਾ ਵੀ ਨਾ ਮਾਰਿਆ। ਵਾਸਤਾ ਈ! ਜੇ ਕੁਝ ਵਿਰਾਸਤੀ ਨਿਸ਼ਾਨੀਆਂ ਬਚੀਆਂ ਨੇ ਤਾਂ ਉਨ੍ਹਾਂ ਨੂੰ ਸੰਭਾਲ ਲਿਆ ਜਾਵੇ ਤਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਕੁਝ ਤਾਂ ਦਿਖਾ ਸਕੀਏ।

ਸਿੱਖ ਧਰਮ ਕਦਰਾਂ ਕੀਮਤਾਂ ਦਾ ਪਹਿਰੇਦਾਰ, ਕਿਰਤ ਕਰੋ ਤੇ ਵੰਡ ਛਕੋ ਦੇ ਅਸੂਲਾਂ ਦਾ ਧਾਰਨੀ ਪਰ ਕੀ ਅਸੀਂ ਅਜਿਹੇ ਅਸੂਲਾਂ ਦੇ ਧਾਰਨੀ ਰਹਿ ਗਏ ਹਾਂ? ਬਿਗਾਨੀਆਂ ਬਹੂ-ਬੇਟੀਆਂ ਦੀ ਇੱਜਤ ਬਚਾਉਣ ਵਾਲੇ ਸਿੱਖ ਹੁਣ ਬਹੂ-ਬੇਟੀਆਂ ਦੀ ਇੱਜਤ ਦਾ ਚੀਰ-ਹਰਨ ਕਿਉਂ ਕਰਦੇ ਨੇ? ਯਾਦ ਰੱਖਣਾ! ਕਦਰਾਂ ਕੀਮਤਾਂ ਕਿਸੇ ਵਿਅਕਤੀਤਵ ਦਾ ਹਿੱਸਾ ਤਾਂ ਬਣਦੀਆਂ ਨੇ ਜੇ ਉਸ ਦੇ ਆਲੇ-ਦੁਆਲੇ ਵਿਚ ਚੰਗੇਰੇ ਵਿਚਾਰਾਂ ਅਤੇ ਪ੍ਰਭਾਵਾਂ ਦਾ ਇਕ ਵਾਤਾਵਰਣ ਹੋਵੇ। ਜਦ ਕੋਈ ਕੌਮ ਬਾਹਰਲੀ ਦਿੱਖ ਤੱਕ ਸੀਮਤ ਹੋ ਕੇ ਅੰਦਰੋਂ ਕਾਲਖੀ ਹੋਵੇ ਤਾਂ ਸਮੁੱਚੀ ਸਿੱਖ ਕੌਮ ਨੂੰ ਨਮੋਸ਼ੀ ਉਠਾਉਣੀ ਪੈਂਦੀ ਏ।

ਖਾਲਸਾ ਸਿਰਜਣ ਨਾਲ ਜਾਤਾਂ, ਗੋਤਾਂ, ਵਰਣਾਂ ਨੂੰ ਬਰਾਬਰ ਦਾ ਸਨਮਾਨ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੇ ਕਿਧਰੇ ਆ ਜਾਣ ਤਾਂ ਨਮੋਸ਼ੀ ਨਾਲ ਪਾਣੀ ਪਾਣੀ ਹੋ ਜਾਣਗੇ ਜਦ ਉਹ ਜੱਟਾਂ, ਲੁਬਾਣਿਆਂ, ਰਾਮਗੜ੍ਹੀਆਂ, ਰਮਦਾਸੀਆਂ ਆਦਿ ਦੇ ਵੱਖ-ਵੱਖ ਗੁਰਦੁਆਰੇ ਦੇਖਣਗੇ? ਗੁਰਦੁਆਰਿਆਂ ਵਿਚ ਉਤਾਰੀਆਂ ਜਾਂਦੀਆਂ ਦਸਤਾਰਾਂ ਅਤੇ ਲਹਿਰਾਈਆਂ ਜਾਂਦੀਆਂ ਤਲਵਾਰਾਂ ਵਿਚ ਸਿਸਕ ਕੇ ਰਹਿ ਗਈ ਏ ਸਿੱਖ ਧਰਮ ਦੀ ਹੂਕ? ਕੀ ਅਸੀਂ ਗੁਰੂ ਦੇ ਸੱਚੇ ਸਿੱਖ ਹਾਂ? ਕੀ ਅਸੀਂ ਗੁਰੂ ਜੀ ਦੀਆਂ ਸਿਖਿਆਵਾਂ ਦੇ ਅਲੰਬਰਦਾਰ ਹਾਂ? ਕੀ ਅਸੀਂ ਸਿੱਖ ਧਰਮ ਲਈ ਨਮੋਸ਼ੀ ਤਾਂ ਨਹੀਂ ਬਣ ਗਏ? ਕੀ ਅਜਿਹੇ ਸਮਿਆਂ ਵਿਚ ਗੁਰੂ ਜੀ ਨੂੰ ਖਾਲਸਾ ਫਿਰ ਸਿਰਜਣਾ ਪਵੇਗਾ?

ਸਿੱਖ ਹੋਂਦ ਦਾ ਮਸਲਾ ਇਕ ਗੰਭੀਰ ਮਸਲਾ ਹੈ। ਸਿੱਖ ਪਛਾਣ ਨੂੰ ਪਰਿਭਾਸ਼ਤ ਕਰਨ ਤੇ ਸੁਚਾਰੂ ਸੁਨੇਹਾ ਦੁਨੀਆਂ ਨੂੰ ਦੇਣ ਲਈ ਅਸੀਂ ਕੁਝ ਨਹੀਂ ਕਰ ਰਹੇ, ਸਿਵਾਏ ਸੁਆਰਥੀ ਬਿਆਨਬਾਜੀ ਦੇ। ਸਿੱਖ ਪਛਾਣ, ਸਿੱਖੀ ਦੇ ਪ੍ਰਚਾਰ ਨਾਲ ਜੁੜੀ ਹੋਈ ਏ। ਸਿੱਖ ਧਰਮ ਦੇ ਪ੍ਰਚਾਰ ਦੀ ਕਿਸੇ ਵੀ ਧਾਰਮਿਕ ਅਦਾਰੇ ਨੂੰ ਨਾ ਤਾਂ ਪ੍ਰਵਾਹ ਹੈ ਅਤੇ ਨਾ ਹੀ ਉਹ ਲੋੜ ਸਮਝਦੇ ਨੇ, ਕਿਉਂਕਿ ਇਹ ਅਦਾਰੇ ਨਿਜੀ ਮੁਫਾਦ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਸਿੱਖੀ ਪਛਾਣ ਦਾ ਦੂਸਰਾ ਤਰੀਕਾ, ਸਮਾਜ-ਸੇਵੀ ਕਾਰਜਾਂ ਰਾਹੀਂ ਦੂਸਰੇ ਭਾਈਚਾਰਿਆਂ ਵਿਚ ਵਿਚਰਨਾ ਹੈ। ਯਾਦ ਰੱਖਣਾ! ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖਾਂ ਦੀ ਪਛਾਣ ਉਨ੍ਹਾਂ ਵਲੋਂ ਕੀਤੇ ਗਏ ਮਾਨਵੀ ਕਾਰਜਾਂ ਕਰਕੇ ਸੀ ਜਿਸ ਨੇ ਹਰ ਆਮ ਵਿਅਕਤੀ ਦੇ ਮਨ ਵਿਚ ਸਿੱਖਾਂ ਪ੍ਰਤੀ ਅਦਬ ਤੇ ਸਤਿਕਾਰ ਪੈਦਾ ਕੀਤਾ ਸੀ। ਉਨ੍ਹਾਂ ਦੀ ਬੇਦਾਗ ਸ਼ਖਸੀਅਤ 'ਤੇ ਉਂਗਲ ਨਹੀਂ ਸੀ ਧਰੀ ਜਾ ਸਕਦੀ। ਕੀ ਅੱਜ ਕੱਲ ਸਿੱਖਾਂ ਦਾ ਅਜਿਹਾ ਬਿੰਬ ਹੈ? ਸਿੱਖ ਸੋਚ ਤੇ ਸਰੂਪ ਵਿਚ ਤਬਦੀਲੀ, ਮਾਂ ਬੋਲੀ ਤੋਂ ਮੁਨਕਰੀ ਅਤੇ ਬੰਦਿਆਈ ਕਾਰਜਾਂ ਤੋਂ ਦੂਰੀ ਨੇ, ਸਿੱਖ-ਪਛਾਣ ਨੂੰ ਬੇਪਛਾਣ ਦੇ ਰਾਹ ਤੋਰਿਆ ਏ।

ਅੱਜ ਅਸੀਂ ਤਰਕਸੰਗਤਾ ਤੋਂ ਵਿਰਵੇ, ਹੋਸ਼ ਤੇ ਜੋਸ਼ ਦੇ ਸੰਗਮ ਤੋਂ ਕੋਰੇ, ਬਦਲਦੇ ਸਮਿਆਂ ਵਿਚ ਆਪਣੀ ਸੋਚ ਨੂੰ ਸਮੇਂ ਦਾ ਹਾਣੀ ਬਣਾਉਣ ਤੋਂ ਅਵੇਸਲੇ ਅਤੇ ਸਿੱਖ ਅਕੀਦੇ ਅਨੁਸਾਰ ਨਵੇਂ ਸੰਦਰਭ, ਸੁਪਨੇ ਤੇ ਕੀਰਤੀਮਾਨ ਸਥਾਪਤ ਕਰਨ ਤੋਂ ਹੀਣੇ ਹਾਂ। ਨਿਜੀ ਪੱਧਰ 'ਤੇ ਹੋ ਰਹੀਆਂ ਕੋਸ਼ਿਸ਼ਾਂ ਨੂੰ ਜਰੂਰ ਫਲ ਪੈ ਰਹੇ ਹਨ ਪਰ ਇਕ ਕਾਫਲੇ ਦੇ ਰੂਪ ਵਿਚ ਸਿੱਖ ਧਰਮ ਦੀ ਉਚਤਾ, ਵਿਲੱਖਣ ਸਿਖਿਆਵਾਂ ਅਤੇ ਮਾਨਵੀ ਰੰਗ ਵਿਚ ਰੰਗੇ ਸੁਨਹਿਰੀ ਪੰਨਿਆਂ ਨੂੰ ਜੱਗ-ਜਾਹਰ ਕਰਨ ਤੋਂ ਸਾਹ-ਸੱਤ ਹੀਣ ਹਾਂ। ਸਿੱਖ ਧਰਮ ਦੀਆਂ ਵਿਲੱਖਣਤਾਵਾਂ ਸਮੇਂ ਦੀ ਗਰਦਸ਼ ਵਿਚ ਅਲੋਪ ਹੋ ਚੁੱਕੀਆਂ ਨੇ ਅਤੇ ਇਨ੍ਹਾਂ ਦੀ ਪੁਨਰ-ਸੁਰਜੀਤੀ ਹੁਣ ਹੋਰ ਵੀ ਜ਼ਿਆਦਾ ਅਹਿਮ ਹੈ। ਹੋਸ਼ ਤੋਂ ਵਿਰਵੇ ਜੋਸ਼ ਨੇ ਸਿੱਖ ਕੌਮ ਅਤੇ ਸਿੱਖ ਧਰਮ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਨਿਰੰਤਰ ਕਰ ਰਿਹਾ ਹੈ। ਲੋੜ ਹੈ ਕਿ ਸਿੱਖੀ ਨੂੰ ਆਪਣੀ ਰੂਹ ਵਿਚ ਵਸਾ ਕੇ ਸੰਤੁਲਿਤ ਧਾਰਮਿਕਤਾ ਅਤੇ ਜੀਵਨ-ਜਾਚ ਨੂੰ ਸਮੇਂ ਦੇ ਵਰਕੇ 'ਤੇ ਉਕਰਿਆ ਜਾਵੇ।

ਸਿੱਖ ਧਰਮ ਦੀਆਂ ਬਹੁਤ ਸਾਰੀਆਂ ਅਜਿਹੀਆਂ ਪਰੰਪਰਾਵਾਂ ਹਨ ਜਿਨ੍ਹਾਂ ਕਰਕੇ ਇਹ ਧਰਮ ਦੂਸਰੇ ਧਰਮਾਂ ਨਾਲੋਂ ਜ਼ਿਆਦਾ ਆਧੁਨਿਕ ਅਤੇ ਨਿਵੇਕਲਾ ਹੈ। ਇਸ ਦੇ ਨਿਵੇਕਲੇਪਣ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖਮੁਖੀ ਸੋਚ ਦਾ ਬਹੁਤ ਵੱਡਾ ਯੋਗਦਾਨ ਹੈ। ਜਦ ਗੁਰੂ ਜੀ ਨੇ ਗੁਰੂ ਪਰੰਪਰਾ ਖਤਮ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੰਦਿਆਂ, ਸ਼ਬਦ-ਗੁਰੂ ਦੇ ਲੜ ਲੱਗਣ ਲਈ ਸੰਗਤ ਨੂੰ ਆਦੇਸ਼ ਦਿਤਾ ਸੀ ਤਾਂ ਉਦੇਸ਼ ਸਿੱਖ ਧਰਮ ਵਿਚ ਪੈਦਾ ਹੋਣ ਵਾਲੀਆਂ ਸੰਭਾਵਤ ਅਧੋਗਤੀਆਂ, ਵਿਗਾੜਾਂ ਜਾਂ ਊਣਤਾਈਆਂ ਤੋਂ ਸਦਾ ਲਈ ਨਿਜਾਤ ਪਾਉਣਾ ਸੀ। ਪਰ ਸਿੱਖੀ ਦੇ ਬਾਣੇ ਵਿਚ ਕੁਝ ਡੇਰੇਦਾਰਾਂ ਦੇ ਅਚਾਰ ਅਤੇ ਕਿਰਦਾਰ ਨੇ ਸਿੱਖੀ ਅਤੇ ਸਿੱਖ ਧਰਮ ਨੂੰ ਅਜਿਹੀ ਰਸਾਤਲ ਵਿਚ ਧਕੇਲ ਦਿਤਾ ਹੈ ਜਿਸ ਵਿਚੋਂ ਨਿਕਲਣ ਲਈ ਪਤਾ ਨਹੀਂ ਕਿੰਨੀਆਂ ਸਦੀਆਂ ਲੱਗਣਗੀਆਂ। ਗੁਰੂ ਜੀ ਦੀਆਂ ਸਿਖਿਆਵਾਂ ਅਤੇ ਆਦੇਸ਼ਾਂ ਤੋਂ ਨਾਬਰ ਹੋਣ ਵਾਲੇ ਇਹ ਡੇਰੇਦਾਰ ਸਿੱਖੀ ਦੀ ਕਿਹੜੀ ਸੇਵਾ ਕਰ ਰਹੇ ਹਨ? ਅਜਿਹੇ ਸਮਿਆਂ ਵਿਚ ਗੁਰੂ ਜੀ ਦੇ ਆਦੇਸ਼ਾਂ ਦੀ ਪਾਲਣਾ ਦੀ ਜ਼ਿਆਦਾ ਲੋੜ ਹੈ ਤਾਂ ਕਿ ਰਾਜਨੀਤਕ ਸ਼ਹਿ ਹੇਠ ਪਲਣ ਵਾਲੇ ਇਨ੍ਹਾਂ ਬਾਬਿਆਂ ਤੋਂ ਸਿੱਖ ਧਰਮ ਅਤੇ ਭੋਲੀ-ਭਾਲੀ ਸੰਗਤ ਨੂੰ ਨਿਜਾਤ ਮਿਲ ਸਕੇ।

ਗਰੀਬਾਂ, ਭੁੱਖਿਆਂ ਅਤੇ ਲੋੜਵੰਦਾਂ ਦਾ ਢਿੱਡ ਭਰਨ ਲਈ ਗੁਰੂ ਨਾਨਕ ਵਲੋਂ ਚਲਾਈ ਗਈ ਲੰਗਰ ਦੀ ਪ੍ਰਥਾ ਨੂੰ ਅਸੀਂ ਲੰਗਰ ਹੀ ਨਹੀਂ ਰਹਿਣ ਦਿਤਾ। ਸੈਂਕੜੇ ਪ੍ਰਕਾਰ ਦੇ ਪਕਵਾਨਾਂ ਨਾਲ ਪਰੋਸੇ ਜਾ ਰਹੇ ਲੰਗਰ ਸਾਹਵੇਂ, ਗੁਰੂ ਸਾਹਿਬਾਨ ਵਲੋਂ ਚਲਾਇਆ ਗਿਆ ਲੰਗਰ ਕਿਧਰੇ ਅਸੀਂ ਬੌਣਾ ਤਾਂ ਨਹੀਂ ਕਰ ਦਿਤਾ? ਅਜਿਹੇ ਲੰਗਰਾਂ ਨਾਲ ਅਸੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ ਅਤੇ ਸਿੱਖੀ ਦਾ ਕਿਹੋ ਜਿਹਾ ਸੁਨੇਹਾ ਲੋਕਾਈ ਨੂੰ ਦੇਣਾ ਚਾਹੁੰਦੇ ਹਾਂ?

ਜਦ ਕਿਸੇ ਕੌਮ ਦਾ ਕਿਰਤੀ ਕਿਰਤ ਤੋਂ, ਧਰਮੀ ਧਰਮ ਤੋਂ, ਸ਼ਖਸ ਸੋਚ ਤੇ ਸਿਹਤ ਤੋਂ, ਮਨੁੱਖ ਮਾਨਵਤਾ ਤੋਂ ਅਤੇ ਬੰਦਾ ਬੰਦਿਆਈ ਤੋਂ ਬੇਮੁੱਖ ਹੋ ਜਾਵੇ ਤਾਂ ਉਸ ਕੌਮ ਦੇ ਮੁੱਖੜੇ 'ਤੇ ਇਕ ਤ੍ਰਾਸਦੀ ਚਿੱਪਕ ਜਾਂਦੀ ਹੈ ਅਤੇ ਅਜਿਹੀ ਤ੍ਰਾਸਦੀ ਨੂੰ ਕੋਈ ਕ੍ਰਿਸ਼ਮਈ ਵਰਤਾਰਾ ਹੀ ਦੂਰ ਕਰ ਸਕਦਾ ਹੈ। ਸ਼ਾਇਦ ਬੇਸੁੱਧ ਹੋਈ ਸਿੱਖ ਕੌਮ ਕਿਸੇ ਅਜਿਹੇ ਹੀ ਮਾਨਵੀ ਕ੍ਰਿਸ਼ਮੇ ਦੀ ਉਡੀਕ ਵਿਚ ਹੈ?

## ਕਾਵਿ-ਜਗਤ

### ਅੰਮ੍ਰਿਤ

ਸੁੱਤੇ ਗ਼ਫਲਤ ਦੀ ਨੀਂਦੋਂ ਜਗਾਉਣ ਦੇ ਲਈ
ਸਤਿਗੁਰਾਂ ਨੂੰ ਆਇਆ ਵਿਚਾਰ, ਅੰਮ੍ਰਿਤ।
ਮੁਹਤਕਾ ਤਲਵਾਰ ਦਾ ਆਬੇਹਯਾਤ ਬਣਿਆ
ਖੰਡੇ ਬਾਟੇ ਦਾ ਹੋਇਆ ਤਿਆਰ, ਅੰਮ੍ਰਿਤ।
ਕੋਈ ਅਭਾਗਾ ਹੀ ਅਭਿੱਜ ਰਹਿ ਗਿਆ ਹੋਣੈ
ਜਦੋਂ ਵਰ੍ਹੀ ਭਰ ਕੇ ਆਬਸ਼ਾਰ, ਅੰਮ੍ਰਿਤ।
ਜਿਉਣ-ਮਰਨ ਦੇ ਚੱਕਰਾਂ 'ਚੋਂ ਮੁਕਤ ਹੋ ਗਏ
ਇਕ ਬੂੰਦ ਲਿਆ ਸੰਘੋਂ ਉਤਾਰ, ਅੰਮ੍ਰਿਤ।
ਸੀਸ ਭੇਟ ਇਹ ਮਰਜੀਵੜਿਆਂ ਦਾਤ ਪਾਈ
ਮਿਲਿਆ ਕਿਸੇ ਨੂੰ ਨਹੀਂ ਹੁਦਾਰ, ਅੰਮ੍ਰਿਤ।
ਮੁਰਦਾ ਰੂਹਾਂ ਵਿਚ ਅਗੰਮੀ ਆ ਗਈ ਸ਼ਕਤੀ
ਯੋਧੇ ਮਰਜੀਵੜੇ ਕੀਤੇ ਤਿਆਰ, ਅੰਮ੍ਰਿਤ।

ਤਪਦੇ ਹਿਰਦਿਆਂ ਨੂੰ ਸਕੂਨ ਨਸੀਬ ਹੋਇਆ
ਜਦੋਂ, ਵਰ੍ਹੀ ਸੀ ਮਿੱਠੀ ਫੁਹਾਰ, ਅੰਮ੍ਰਿਤ।
ਜਾਤ ਪਾਤ ਵਾਲੇ ਵਿਤਕਰੇ ਸਭ ਦੂਰ ਹੋ ਗਏ
ਸਾਜ ਦਿਤਾ ਸੀ ਸਾਂਝਾ ਪਰਿਵਾਰ, ਅੰਮ੍ਰਿਤ।
ਕਬਰਾਂ, ਮੜ੍ਹੀਆਂ, ਮਸਾਣਾਂ, ਬੁੱਤ ਪੂਜਕਾਂ ਨੂੰ
ਲੜ ਲਾਇਆ ਇਕ ਓਅੰਕਾਰ, ਅੰਮ੍ਰਿਤ।
ਵਹਿਮਾਂ, ਕਰਮ ਕਾਂਡਾਂ, ਬ੍ਰਾਹਮਣਵਾਦ ਤਾਂਈਂ
ਇਕ ਇਕ ਕਰ ਦਿਤਾ ਨਕਾਰ, ਅੰਮ੍ਰਿਤ।
ਪੁਰਾਣੀ ਤੰਦ ਮੈਲ ਸਦੀਆਂ ਦੀ ਦਾਸਤਾਂ ਦੀ
ਦਿਤੀ ਹਿਰਦਿਆਂ 'ਚੋਂ ਉਤਾਰ, ਅੰਮ੍ਰਿਤ।
ਫੁੱਟੀ ਪਹੁ, ਅਜ਼ਾਦੀ ਦਾ ਚੜ੍ਹ ਪਿਆ ਸੂਰਜ
ਗੁਲਾਮੀ ਕੀਤੀ ਚਾ ਤਾਰ ਤਾਰ, ਅੰਮ੍ਰਿਤ।

ਰਾਜੇ ਸ਼ੀਂਹ, ਮੁਕੱਦਮ ਕੁੱਤੇ ਜਿਹੜੇ ਵੱਢਦੇ ਸੀ
ਦਿਤੇ ਘੁਰਣਿਆਂ ਅੰਦਰ ਵਾੜ, ਅੰਮ੍ਰਿਤ।
ਭੇਖੀ ਪੰਡਤ, ਮੌਲਾਣੇ, ਕਾਜ਼ੀ, ਸਿੱਧ, ਜੋਗੀ
ਲੋਕਾਂ ਸਾਹਮਣੇ ਕੀਤੇ ਖੁਆਰ, ਅੰਮ੍ਰਿਤ।

ਮਰ ਕੇ ਜਿਉਣ ਦੇ ਅਰਥ ਬਦਲ ਗਏ ਸਾਰੇ
ਸੁਣੀ ਦੁਖੀਆਂ ਦੀ ਜਾਂ ਪੁਕਾਰ, ਅੰਮ੍ਰਿਤ।
ਚਿੜੀ ਉੱਡਣ ਦੇ ਖੜਾਕ ਤੋਂ ਜੋ ਤ੍ਰਹਿੰਦੇ ਸਨ
ਫੜਾਈ ਹੱਥ 'ਚ ਤੇਗ ਤਲਵਾਰ, ਅੰਮ੍ਰਿਤ।
ਦੱਬੇ, ਕੁਚਲਿਆਂ ਦੀ ਕਾਇਆ ਕਲਪ ਕੀਤੀ
ਦੱਸਿਆ ਉੱਡਣਾ ਪਰ ਖਲਾਰ, ਅੰਮ੍ਰਿਤ।
ਅਣਖ, ਇੱਜਤ ਨਾਲ ਜਿਉਣ ਦੇ ਰਾਹਾਂ ਉਤੇ
ਨਵਾਬੀ, ਖਿਲਤ ਦਿਤੀ ਵਾਰ, ਅੰਮ੍ਰਿਤ।
ਲੁਟੇਰੇ, ਧਾੜਵੀਆਂ ਨੇ ਮੁੜ ਨਹੀਂ ਮੂੰਹ ਕੀਤਾ
ਐਸੇ ਵਾੜੇ, ਗਜ਼ਨੀ, ਕੰਧਾਰ, ਅੰਮ੍ਰਿਤ।
ਅਜੇ ਕੱਲ੍ਹ ਦੀ ਗੱਲ ਏ, ਜ਼ਾਬਰ ਹਕੂਮਤਾਂ ਨੂੰ
ਲੱਕ ਤੋੜਵੀਂ ਦਿਤੀ ਸੀ ਹਾਰ, ਅੰਮ੍ਰਿਤ।

ਸ਼ਰਨ ਆਇਆਂ ਨੂੰ ਗਲ ਨਾਲ ਘੁੱਟ ਲਾਉਂਦੈ
ਕਰਦਾ ਏ ਦੁਸ਼ਟਾਂ ਦਾ ਸੰਘਾਰ, ਅੰਮ੍ਰਿਤ।
ਦੇਵੀ-ਦੇਵਤੇ, ਦੈਂਤ-ਰਾਖਸ਼ ਪਾਉਣ ਦੇ ਲਈ
ਭਾਲ, ਭਾਲ ਕੇ ਹੋਏ ਲਾਚਾਰ, ਅੰਮ੍ਰਿਤ।
ਦਸਮ ਪਿਤਾ ਨੇ ਕੀਤੀ ਏ ਅਪਾਰ ਰਹਿਮਤ
ਸਾਨੂੰ ਬਖਸ਼ਿਆ ਬਖਸ਼ਣਹਾਰ, ਅੰਮ੍ਰਿਤ।
ਇਕ ਗੁਰੂ, ਇਕ ਸ਼ਬਦ, ਦੀਦਾਰ ਖਾਲਸੇ ਦਾ
ਕੀਤਾ ਸਿੱਖੀ ਦਾ ਮੂਲ ਆਧਾਰ, ਅੰਮ੍ਰਿਤ।
ਬੁੱਤ ਸ਼ਿਕਨ, ਬੁੱਤ ਪ੍ਰਸਤ ਮੁੱਢੋਂ ਝਗੜਦੇ ਆਏ
ਬਣਿਆ ਦੋਹਾਂ ਲਈ ਅਲੋਕਾਰ, ਅੰਮ੍ਰਿਤ।
ਜੁਗਾਂ ਜੁਗਾਂਤਰਾਂ ਦੇ ਪਾਪ ਸਭ ਬਿਨਸ ਜਾਵਣ
ਗੁਰੂ, ਬਖਸ਼ ਦੇਵੇ ਇਕ ਵਾਰ, ਅੰਮ੍ਰਿਤ।
ਬਿੱਖੜੇ ਰਸਤੇ 'ਤੇ ਚੱਲਣਾ ਏ ਬੜਾ ਮੁਸ਼ਕਲ
ਪੰਜੇ ਖੋਹਣ ਨੂੰ ਬੈਠੇ ਤਿਆਰ, ਅੰਮ੍ਰਿਤ।
ਕੀ ਦਸਾਂ, ਦਿਸ਼ਾਹੀਣ ਅਸੀਂ ਭਟਕ ਰਹੇ ਆਂ
ਲਾਲਚ ਹਉਮੈ ਦਿਤਾ ਵਿਸਾਰ, ਅੰਮ੍ਰਿਤ।

ਸੰਤਾਂ, ਬਾਬਿਆਂ, ਸਾਧਾਂ ਆਪ-ਹੁਦਰਿਆਂ ਨੇ
ਵੱਖੋ ਵੱਖ ਬਣਾ ਲਏ ਬੇਸ਼ੁਮਾਰ, ਅੰਮ੍ਰਿਤ।
ਕੌਮ, ਬੇ-ਪਰਵਾਹ, ਅਵੇਸਲੀ ਤਾਣ ਸੁੱਤੀ
ਬਣਾ ਲਿਆ ਏ ਅੱਜ ਵਪਾਰ, ਅੰਮ੍ਰਿਤ।
ਕੱਲਾ, ਕੱਲਾ ਸਿੰਘ ਲੱਖਾਂ ਨਾਲ ਲੜਨ ਵਾਲਾ
ਖੋਰੇ, ਕਿਉਂ ਭੁੱਲਿਐ ਖੰਡੇਧਾਰ, ਅੰਮ੍ਰਿਤ।
ਭੂਰੀਆਂ ਆਲੇ ਸਨ ਹਕੂਮਤ ਦੇ ਬਣੇ ਵਾਰਿਸ
ਕੰਮੀ-ਕਮੀਣ ਬਣਾਏ ਸਰਦਾਰ, ਅੰਮ੍ਰਿਤ।
ਸਾਹਮਣੇ ਵੇਖ ਮੌਤ ਮੁਸਕਰਾਉਣ ਵਾਲੇ
ਕਿਉਂ ਬੈਠੇ ਨੇ ਸ਼ਕਤੀ ਵਿਸਾਰ, ਅੰਮ੍ਰਿਤ।

ਅੰਗ ਸੰਗ ਰਵ੍ਹਾਂਗਾ, ਵਾਅਦਾ ਸੀ ਗੁਰੂ ਕੀਤਾ
ਜਦੋਂ ਛਕਾਇਆ ਖੁਦ ਦਾਤਾਰ, ਅੰਮ੍ਰਿਤ।
ਬਿਪਰ ਗਿਆਂ ਦੀ ਪ੍ਰਤੀਤ ਨ੍ਹੀਂ ਗੁਰੂ ਕਰਨੀ
ਕੀਤੀ ਤਾੜਨਾ ਸੀ ਵਾਰ ਵਾਰ, ਅੰਮ੍ਰਿਤ।
ਅੱਜ, ਗੁਰੂ ਵੱਲੋਂ ਮੁੱਖ ਅਸੀਂ ਭੁਆਈ ਬੈਠੇ
ਚੰਨ ਲਵੇ ਕਿਉਂ ਸਾਡੀ ਸਾਰ, ਅੰਮ੍ਰਿਤ।

-ਚੰਨ
ਫੋਨ: 908-788-8427

### ਸਾਹਿਬੇ-ਕਮਾਲ

ਸਾਜਨਾ ਦਿਵਸ ਏਹ! ਖਾਲਸਾ ਸਰਕਾਰ ਦਾ,
ਦੁਨੀਆਂ ਤੋਂ ਅਲੱਗ ਇਕ ਅਵਿਸ਼ਕਾਰ ਦਾ।

ਖਾਲਸ ਖਾਲਸ ਹੀ ਜਿਸ ਦਾ ਸਰੂਪ,
ਜਾਤ-ਪਾਤ, ਊਚ-ਨੀਚ, ਨ ਭੇਦ ਰੰਗ ਰੂਪ।

ਹਿੰਮਤਾਂ ਜੋਸ਼ਾਂ ਦਾ ਕੋਈ ਉਠਿਆ ਤੂਫਾਨ,
ਗਿੱਦੜੋਂ ਬਣੇ ਸ਼ੇਰ ਏਹ ਨ ਕੰਮ ਕੋਈ ਆਸਾਨ।

ਦਸਤ ਸ਼ਮਸ਼ੀਰ 'ਪੰਜ ਕੱਕਾਰ' ਅਲੰਕਾਰ,
ਜ਼ਾਲਮਾਂ ਨ ਚਲੀ ਇਕ ਤੋੜੇ ਘਮੰਡ ਅਹੰਕਾਰ।

ਰਾਜੇ ਰਜਵਾੜਿਆਂ ਬਾਦਸ਼ਾਹਾਂ ਪਾਤਿਸ਼ਾਹ,
ਲਿਤਾੜੇ ਜੋ ਮਜ਼ਲੂਮ ਹੁਣ ਨ ਕਰਨ ਪ੍ਰਵਾਹ।

ਪਿਤਾ ਮਾਤਾ ਪੁੱਤਰ ਚਾਰੇ ਵਾਰਿਆ ਸਰਬੰਸ,
ਸਾਜਿਆ ਖਾਲਸਾ ਜੋ! ਗੁਰੂ ਗੋਬਿੰਦ ਸਿੰਘ ਅੰਸ।

ਨਿਆਂ ਸੱਚ ਹਨੇਰੀ ਝੁਲੀ ਸਾਰੇ ਸੰਸਾਰ,
ਜ਼ਾਲਮ ਜੁਲਮ ਜਾਬਰ ਕਰਦੇ ਹਾਹਾਕਾਰ।

ਬਣਾਏ ਸ਼ੇਰ ਗਿੱਦੜੋਂ ਬਾਜ ਸੰਗ ਚਿੜੀਆਂ ਲੜਾਏ,
ਪਿਤਾ ਦਸ਼ਮੇਸ਼ ਨੇ ਸਵਾ ਲੱਖ ਨਾਲ ਇਕ ਲੜਾਏ।

ਰਹਿੰਦੀ ਦੁਨੀਆਂ ਤੱਕ ਕਾਇਮ ਲਾਸਾਨੀ ਮਿਸਾਲ,
ਗੁਰੂ ਗੋਬਿੰਦ ਸਿੰਘ ਤਖ਼ੇ ਹੈ! ਸਾਹਿਬੇ-ਕਮਾਲ।

-ਪ੍ਰੋ. ਮਨਜੀਤ, ਸ਼ਿਕਾਗੋ
ਫੋਨ: 940-603-7294

### ਵਿਸਾਖ ਪਿਆ ਚੜ੍ਹਿਆ

ਦੇਖੋ ਵਿਸਾਖ ਪਿਆ ਚੜ੍ਹਿਆ, ਜਿਵੇਂ ਮੋਤੀਆਂ ਨਾਲ ਜੜਿਆ।
ਕਣਕਾਂ ਗਈਆਂ ਨੇ ਪੱਕ, ਹੁਣ ਵੱਢਣਗੇ ਸਭ ਜੱਟ।
ਮੇਰਾ ਕਿਸਾਨ ਖੁਸ਼ ਹੋਵੇਗਾ, ਸੁਨਿਹਰੇ ਭਵਿੱਖ ਨੂੰ ਸੰਜੋਵੇਗਾ।
ਗੱਭਰੂ ਮੁਟਿਆਰਾਂ ਮੇਲੇ ਜਾਣਗੇ, ਜਾ ਕੇ ਰੌਣਕਾਂ ਵਧਾਉਣਗੇ।
ਨਾਲੇ ਮੱਲ ਜੋਰ ਵਿਖਾਉਣਗੇ, ਅਖਾੜਿਆਂ 'ਚ ਧੂੜਾਂ ਉਡਾਉਣਗੇ।
ਨਿਰਾਲਾ ਖਾਲਸਾ ਹੋਊ ਖਾਸ, ਬਾਣਾ ਸੋਹਣਾ ਹੋਊ ਬੇਹਿਸਾਬ।
ਹੋ ਸਵਾਰ ਜਦੋਂ ਘੋੜੇ ਦੁੜਾਊਗਾ, ਕਿਹੜਾ ਖਾਲਸੇ ਨੂੰ ਮੋੜੇ ਪਾਊਗਾ।
ਕਵੀਸ਼ਰੀਏ ਸੁਰ ਤਾਲ ਮਿਲਾਉਣਗੇ, ਸਿੱਖ ਇਤਿਹਾਸ ਗਾ ਕੇ ਸੁਣਾਉਣਗੇ।
ਜੇ ਮਾਣਨੀ ਪੰਜਾਬ ਦੀ ਜਵਾਨੀ, ਛੱਡੋ ਨਸ਼ੇ ਮਾਣੋ ਬਾਣੀ ਦੀ ਰਵਾਨੀ।

-ਨਵਦੀਪ ਜਵੰਧਾ, ਸੰਗਰੂਰ

# ਜੱਲਿਆਂਵਾਲੇ ਬਾਗ ਦਾ ਸਾਕਾ

**ਸ਼ਹੀਦੀ ਸਾਕੇ**

***ਹਿੰਦੁਸਤਾਨ ਦੀ ਆਜ਼ਾਦੀ ਦੇ ਪ੍ਰਸੰਗ ਵਿਚ ਜੱਲਿਆਂਵਾਲੇ ਬਾਗ ਦਾ ਸਾਕਾ ਬੜਾ ਅਹਿਮ ਹੈ। ਇਸ ਸਾਕੇ ਤੋਂ ਬਾਅਦ ਅੰਗਰੇਜ਼ ਹਾਕਮਾਂ ਖਿਲਾਫ ਰੋਹ ਅਤੇ ਰੋਸ ਦੀ ਭਾਵਨਾ ਵੱਡੇ ਪੱਧਰ ਉਤੇ ਫੈਲਣ ਲੱਗ ਪਈ। ਡਾ. ਬਲਜਿੰਦਰ ਸਿੰਘ ਸੇਖੋਂ ਨੇ ਆਪਣੇ ਲੇਖ 'ਜੱਲਿਆਂਵਾਲੇ ਬਾਗ ਦਾ ਸਾਕਾ' ਵਿਚ ਇਸ ਸਾਕੇ ਬਾਰੇ ਬਹੁਤ ਬਾਰੀਕੀ ਨਾਲ ਵੇਰਵੇ ਦਰਜ ਕੀਤੇ ਹਨ। ਅਸੀਂ ਇਹ ਲੇਖ ਆਪਣੇ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

ਜੱਲਿਆਂਵਾਲੇ ਬਾਗ ਵਿਚ ਜਨਰਲ ਡਾਇਰ ਵਲੋਂ ਨਿਹੱਥੇ, ਪੁਰਅਮਨ ਇਕੱਠ 'ਤੇ ਗੋਲੀ ਚਲਾ ਕੇ ਵੱਡੀ ਗਿਣਤੀ ਵਿਚ ਆਮ ਲੋਕਾਂ ਦੇ ਮਾਰੇ ਜਾਣ ਦੀ ਘਟਨਾ, ਭਾਰਤ ਦੀ ਆਜ਼ਾਦੀ ਦੀ ਲੜਾਈ ਦੀ ਅਹਿਮ ਘਟਨਾ ਹੈ ਜਿਸ ਨੇ ਭਾਰਤੀਆਂ, ਖਾਸ ਕਰ ਪੰਜਾਬੀਆਂ ਵਿਚ ਅੰਗਰੇਜ਼ਾਂ ਖਿਲਾਫ, ਘਿਰਣਾ ਤੇ ਰੋਹ ਦੀ ਲਹਿਰ ਪੈਦਾ ਕੀਤੀ; ਜਿਸ ਨੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਜਿਹੇ ਯੋਧਿਆਂ ਨੂੰ ਪ੍ਰਭਾਵਿਤ ਕੀਤਾ ਅਤੇ ਆਖਿਰ ਅੰਗਰੇਜ਼ਾਂ ਨੂੰ ਭਾਰਤ ਛੱਡਣਾ ਪਿਆ। ਅੰਗਰੇਜ਼ ਪਹਿਲੀ ਵੱਡੀ ਜੰਗ ਜਿੱਤ ਚੁੱਕੇ ਸਨ। ਉਦੋਂ ਇੱਕ ਪਾਸੇ ਕਾਂਗਰਸ ਭਾਰਤੀਆਂ ਲਈ ਸਰਕਾਰ ਵਿਚ ਕੁਝ ਹਿੱਸਾ ਲੈਣ ਦੀ ਉਮੀਦ ਲਈ ਬੈਠੀ ਸੀ, ਦੂਜੇ ਪਾਸੇ ਭਾਰਤ ਵਿਚ ਅੰਗਰੇਜ਼ ਅਧਿਕਾਰੀ, ਆਪਣਾ ਰਾਜ ਹੋਰ ਪੱਕਾ ਕਰਨ ਦੀ ਕੋਸ਼ਿਸ਼ ਵਿਚ ਸਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ 1915 ਵਿਚ ਗਦਰ ਦੀ ਕੋਸ਼ਿਸ਼ ਨੂੰ ਅੰਗ੍ਰੇਜ਼ਾਂ ਨੇ

**ਡਾ. ਬਲਜਿੰਦਰ ਸਿੰਘ ਸੇਖੋਂ**
**ਫੋਨ: 905-781-1197**

ਬੜੀ ਮੁਸ਼ਕਿਲ ਨਾਲ ਫੇਲ੍ਹ ਕੀਤਾ ਸੀ ਅਤੇ ਰੂਸੀ ਇਨਕਲਾਬ ਨੇ ਵੀ ਨੌਜਵਾਨਾਂ ਦਾ ਧਿਆਨ ਖਿੱਚਿਆ ਸੀ। ਪੰਜਾਬ ਦਾ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਆਪਣੇ ਸਾਥੀਆਂ ਸਮੇਤ ਪੰਜਾਬ ਵਿਚ ਇੱਕ ਹੋਰ ਗਦਰ ਦੀ ਸੰਭਾਵਨਾ ਅਤੇ ਬਹੁਤ ਥਾਂਈਂ ਮੁਸਲਿਮ ਅਤੇ ਹਿੰਦੂ-ਸਿੱਖਾਂ ਵਿਚ ਵਧ ਰਹੀ ਨੇੜਤਾ ਤੋਂ ਫਿਕਰਮੰਦ ਸੀ।

ਲੋਕਾਂ ਅੰਦਰ ਸੁਲਘ ਰਹੀ ਆਜ਼ਾਦੀ ਦੀ ਚੰਗਿਆੜੀ ਦਬਾ ਕੇ ਰੱਖਣ ਦੀ ਮਨਸ਼ਾ ਨਾਲ ਅੰਗਰੇਜ਼ ਸਰਕਾਰ ਨੇ ਪਹਿਲੀ ਵੱਡੀ ਜੰਗ ਵੇਲੇ ਅਪਨਾਏ ਸਖਤ ਕਾਨੂੰਨ, ਅਰਾਜਕਤਾ ਅਤੇ ਇਨਕਲਾਬੀ ਜੁਰਮ ਐਕਟ ਬਣਾ ਕੇ 21 ਮਾਰਚ 1919 ਤੋਂ ਲਾਗੂ ਕਰ ਦਿੱਤਾ। ਇਸ ਐਕਟ ਨੂੰ ਇਸ ਕਾਨੂੰਨ ਦੇ ਘਾੜੇ ਰੋਲਟ ਦੇ ਨਾਂ 'ਤੇ ਰੋਲਟ ਐਕਟ ਕਿਹਾ ਗਿਆ। ਇਸ ਕਾਨੂੰਨ ਅਧੀਨ ਕਿਸੇ ਨੂੰ ਵੀ ਅਤਿਵਾਦੀ ਕਾਰਵਾਈ ਕਰਨ ਦੇ ਸ਼ੱਕ ਵਿਚ ਬਿਨਾਂ ਮੁਕੱਦਮਾ ਚਲਾਏ ਦੋ ਸਾਲ ਜੇਲ੍ਹ ਵਿਚ ਰੱਖਿਆ ਜਾ ਸਕਦਾ ਸੀ, ਪ੍ਰੈਸ 'ਤੇ ਸਖਤ ਕੰਟਰੋਲ ਦਾ ਹੱਕ ਸਰਕਾਰ ਨੂੰ ਸੀ ਅਤੇ ਸਿਆਸੀ ਕਾਰਵਾਈ ਕਰਨ ਵਾਲਿਆਂ ਨੂੰ ਬਿਨਾ ਵਾਰੰਟ ਗ੍ਰਿਫਤਾਰ ਕਰ ਕੇ ਬੰਦ ਅਦਾਲਤਾਂ ਵਿਚ ਸੁਣਵਾਈ ਕੀਤੀ ਜਾ ਸਕਦੀ ਸੀ। ਇਨ੍ਹਾਂ ਅਦਾਲਤਾਂ ਵਿਚ ਗਵਾਹਾਂ ਨੂੰ ਦੋਸ਼ੀਆਂ ਸਾਹਮਣੇ ਲਿਆਏ ਬਿਨਾ ਹੀ ਉਨ੍ਹਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਅਤੇ ਸਹੀ ਮੰਨੀਆਂ ਜਾ ਸਕਦੀਆਂ ਸਨ। ਇਹ ਵੱਡੀ ਜੰਗ ਖਤਮ ਹੋਣ ਦੇ ਬਾਵਜੂਦ ਆਮ ਹਾਲਾਤ ਵਿਚ ਲੋਕਾਂ ਦੀ ਆਜ਼ਾਦੀ 'ਤੇ ਸਿੱਧਾ ਡਾਕਾ ਸੀ।

ਰੋਲਟ ਐਕਟ ਖਿਲਾਫ ਰੋਸ ਪ੍ਰਗਟਾਉਣ ਲਈ ਕਾਂਗਰਸ ਵਿਚ ਨਵੇਂ ਲੀਡਰ ਦੇ ਤੌਰ 'ਤੇ ਉਭਰ ਰਹੇ ਮਹਾਤਮਾ ਗਾਂਧੀ ਨੇ 30 ਮਾਰਚ 1919 ਨੂੰ ਸ਼ਾਂਤੀਪੂਰਵਕ ਬੰਦ ਦਾ ਸੱਦਾ ਦਿੱਤਾ। ਇਸ ਨੂੰ ਅੰਮ੍ਰਿਤਸਰ ਵਿਚ ਚੰਗਾ ਹੁੰਗਾਰਾ ਮਿਲਿਆ ਅਤੇ ਅੰਗਰੇਜ਼ ਅਧਿਕਾਰੀਆਂ ਨੂੰ ਬਹੁਤਾ ਖਤਰਾ ਇਸ ਲਈ ਲੱਗਣ ਲੱਗਾ ਕਿ ਸ਼ਹਿਰ ਵਿਚ ਇੱਕ ਹਿੰਦੂ, ਡਾ. ਸਤਪਾਲ ਅਤੇ ਇੱਕ ਮੁਸਲਮਾਨ ਵਕੀਲ ਸੈਫ-ਉਦ-ਦੀਨ ਕਿਚਲੂ ਰਲ ਕੇ ਇਸ ਕਾਨੂੰਨ ਖਿਲਾਫ ਲੋਕਾਂ ਦੀ ਅਗਵਾਈ ਕਰ ਰਹੇ ਸਨ। ਦੋਵੇਂ ਹਿੰਦੂ-ਮੁਸਲਿਮ ਏਕਤਾ ਦੀ ਗੱਲ ਕਰਦੇ ਸਨ; ਜਦੋਂਕਿ ਪਹਿਲਾਂ ਇਹ ਦੋਵੇਂ ਫਿਰਕੇ ਇਕ-ਦੂਜੇ ਨਾਲ ਰਲ ਕੇ ਘੱਟ ਹੀ ਚਲਦੇ ਸਨ। ਦੋਵੇਂ ਚੰਗੇ ਬੁਲਾਰੇ ਸਨ ਅਤੇ ਇਨ੍ਹਾਂ ਨੂੰ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮੁਜ਼ਾਹਰਿਆਂ ਵਿਚ ਆ ਜਾਂਦੇ। ਓਡਵਾਇਰ ਨੂੰ ਲੱਗਾ ਕਿ ਇਹ ਦੋਵੇਂ ਪੰਜਾਬ ਦੇ ਹਾਲਾਤ ਵਿਗਾੜਨ ਲਈ ਜ਼ਿੰਮੇਵਾਰ ਹਨ। ਪਰ ਡੂੰਘਾਈ ਨਾਲ ਵੇਖਿਆ ਜਾਵੇ ਤਾਂ ਕਈ ਕ੍ਰਾਂਤੀਕਾਰੀ ਸੰਗਠਨ ਵੀ ਪੰਜਾਬ ਵਿਚ ਸਰਗਰਮ ਸਨ। ਉਹ ਅੰਗਰੇਜ਼ਾਂ ਖਿਲਾਫ ਲੋਕਾਂ ਵਿਚ ਜਾਗਰਤੀ ਪੈਦਾ ਕਰਨ ਲਈ ਥਾਂ ਥਾਂ ਪੋਸਟਰ ਲਾ ਰਹੇ ਸਨ। ਸਰਕਾਰ ਆਪਣੇ ਖਿਲਾਫ ਲੱਗ ਰਹੇ ਪੋਸਟਰਾਂ ਤੋਂ ਤ੍ਰਭਕ ਰਹੀ ਸੀ। ਲਾਹੌਰ ਵਿਚ ਲੱਗੇ ਪੋਸਟਰਾਂ ਵਿਚ ਅੰਗਰੇਜ਼ਾਂ ਨੂੰ ਬਾਂਦਰ ਦਿਖਾ ਕੇ ਭਾਰਤੀਆਂ ਨੂੰ 'ਮਰੋ ਜਾਂ ਮਾਰੋ' ਦੀ ਨੀਤੀ ਅਪਨਾ ਕੇ ਉਨ੍ਹਾਂ ਨੂੰ ਦੇਸ਼ ਵਿਚੋਂ ਭਜਾਉਣ ਲਈ ਕਿਹਾ ਗਿਆ ਸੀ।

ਸਰਕਾਰ ਨੇ ਭਾਰਤ ਸੁਰੱਖਿਆ ਕਾਨੂੰਨ ਅਧੀਨ ਡਾ. ਸਤਪਾਲ ਅਤੇ ਫਿਰ ਸੈਫ-ਉਦ-ਦੀਨ ਕਿਚਲੂ ਦੇ ਭਾਸ਼ਣ ਦੇਣ ਅਤੇ ਅਖਬਾਰਾਂ ਵਿਚ ਲਿਖਣ 'ਤੇ ਪਾਬੰਦੀ ਲਾ ਦਿਤੀ। ਇਸ ਦੇ ਬਾਵਜੂਦ ਦੇਸ਼ ਭਰ ਵਿਚ 6 ਅਪਰੈਲ ਨੂੰ ਹੋਈ ਹੜਤਾਲ ਵਿਚ ਪੰਜਾਬ ਦੇ 45 ਹੋਰ ਸ਼ਹਿਰਾਂ ਦੇ ਨਾਲ ਨਾਲ ਅੰਮ੍ਰਿਤਸਰ ਵਿਚ ਭਾਰੀ ਇਕੱਠ ਹੋਇਆ। ਸਰਕਾਰ ਘਬਰਾ ਗਈ ਅਤੇ ਹਾਲਾਤ ਹੋਰ ਵਿਗੜਨ ਦੇ ਡਰੋਂ, ਓਡਵਾਇਰ ਨੇ 9 ਅਪਰੈਲ ਨੂੰ ਦੋਹਾਂ ਨੂੰ ਪੰਜਾਬ ਤੋਂ ਬਾਹਰ ਭੇਜਣ ਦਾ ਹੁਕਮ ਚਾੜ੍ਹ ਦਿੱਤਾ। ਦੋਹਾਂ ਨੂੰ 10 ਅਪਰੈਲ ਨੂੰ ਸਵੇਰੇ ਡਿਪਟੀ ਕਮਿਸ਼ਨਰ ਦੀ ਕੋਠੀ ਬੁਲਾਇਆ ਗਿਆ। ਉਨ੍ਹਾਂ ਨਾਲ ਉਨ੍ਹਾਂ ਦੇ ਦੋ ਨੌਕਰ ਹੰਸ ਰਾਜ ਤੇ ਜੈ ਰਾਮ ਸਿੰਘ ਵੀ ਗਏ। ਜਾਂਦਿਆਂ ਹੀ ਉਨ੍ਹਾਂ ਨੂੰ ਵਾਰੰਟ ਫੜਾ ਕੇ ਕਿਹਾ ਗਿਆ ਕਿ ਉਨ੍ਹਾਂ ਨੂੰ ਹੁਣੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਦੋਹਾਂ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਦੋ ਸਰਕਾਰੀ ਕਾਰਾਂ ਵਿਚ ਚਾੜ੍ਹ ਕੇ ਪੂਰੀ ਸਪੀਡ ਨਾਲ ਧਰਮਸ਼ਾਲਾ ਤੋਰ ਦਿੱਤਾ ਗਿਆ।

ਹੰਸ ਰਾਜ ਅਤੇ ਜੈ ਰਾਮ ਤੋਂ ਲੀਡਰਾਂ ਦੀ




ਜਨਰਲ ਡਾਇਰ

ਗ੍ਰਿਫਤਾਰੀ ਦੀ ਚੱਲੀ ਗੱਲ, ਸ਼ਹਿਰ ਵਿਚ ਅੱਗ ਵਾਂਗ ਫੈਲ ਗਈ ਅਤੇ 11:30 ਵਜੇ ਤੱਕ ਲੋਕ ਹਾਲ ਬਾਜ਼ਾਰ ਵਿਚ ਇਕੱਠੇ ਹੋਣ ਲੱਗੇ। ਲੋਕ ਆਪਣੇ ਲੀਡਰਾਂ ਦੀ ਰਿਹਾਈ ਲਈ ਇਕੱਠੇ ਹੋ ਜਲੂਸ ਦੀ ਸ਼ਕਲ ਵਿਚ ਡੀ.ਸੀ. ਦੀ ਕੋਠੀ ਵੱਲ ਚੱਲ ਪਏ। ਕਿਸੇ ਸੰਭਾਵੀ ਜਲੂਸ ਜਾਂ ਇਕੱਠ ਨੂੰ ਰੋਕਣ ਲਈ ਸਰਕਾਰ ਨੇ ਸ਼ਹਿਰ ਤੇ ਸਿਵਲ ਲਾਈਨ, ਜਿਥੇ ਅੰਗਰੇਜ਼ ਅਫਸਰਾਂ ਦੀਆਂ ਕੋਠੀਆਂ ਸਨ, ਨੂੰ ਜੋੜਨ ਵਾਲੇ ਰੇਲਵੇ ਪੁਲ ਅਤੇ ਰੇਲਵੇ ਲਾਈਨ ਤੋਂ ਲੰਘਦੀ ਸੜਕ 'ਤੇ ਫੌਜੀਆਂ ਦੀਆਂ ਘੋੜਸਵਾਰ ਟੁਕੜੀਆਂ ਲਾਈਆਂ ਹੋਈਆਂ ਸਨ। ਡੀ.ਸੀ. ਕੋਠੀ ਵੱਲ ਜਾਂਦੇ ਲੋਕਾਂ ਨੂੰ 12 ਘੋੜਸਵਾਰਾਂ ਦੀ ਫੌਜੀ ਟੁਕੜੀ ਨੇ ਹਾਲ ਗੇਟ ਦੇ ਪੁਲ 'ਤੇ ਰੋਕ ਲਿਆ।

ਘੰਟਾ ਕੁ ਜਲੂਸ ਅਤੇ ਘੋੜਸਵਾਰ ਆਹਮੋ-ਸਾਹਮਣੇ ਖੜ੍ਹੇ ਰਹੇ। ਲੋਕਾਂ ਦਾ ਹਜੂਮ ਪਲ ਪਲ ਵਧ ਰਿਹਾ ਸੀ। ਪੁਲਿਸ ਦਾ ਸਹਾਇਕ ਕਮਿਸ਼ਨਰ ਬੈਕਟ ਹਾਲ ਬ੍ਰਿਜ 'ਤੇ ਇਕ ਵਜੇ ਆਇਆ ਅਤੇ ਇਕੱਠ ਨੂੰ ਵੇਖ ਕੇ ਸਹਿਮ ਗਿਆ। ਉਸ ਮੁਤਾਬਿਕ ਜਿਥੇ ਤੱਕ ਨਿਗ੍ਹਾ ਜਾਂਦੀ ਸੀ, ਲੋਕ ਹੀ ਲੋਕ ਸਨ ਤੇ ਮੁੱਠੀ ਭਰ ਫੌਜੀ ਉਨ੍ਹਾਂ ਨੂੰ ਰੋਕ ਰਹੇ ਸਨ। ਬੈਕਟ ਨੇ ਰੌਲਾ ਪਾ ਕੇ ਇਕੱਠ ਨੂੰ ਖਿਲਾਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਆਵਾਜ਼ ਕਿਸੇ ਨਾ ਸੁਣੀ। ਹੌਲੀ ਹੌਲੀ ਫੌਜੀ ਪੁਲ 'ਤੇ ਅੱਗੇ ਵਧਣ ਲੱਗੇ ਅਤੇ ਲੋਕ ਪਿਛਾਂਹ ਨੂੰ ਜਾਣ ਲੱਗੇ। ਲੋਕਾਂ ਨੇ ਘੋੜਿਆਂ ਦੇ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਜਦ ਲੋਕ ਪੁਲ ਦੇ ਹੇਠਾਂ ਆਏ ਤਾਂ ਉਥੇ ਇੱਟਾਂ ਪਈਆਂ ਸਨ, ਚੁੱਕ ਕੇ ਉਨ੍ਹਾਂ ਫੌਜੀਆਂ ਦੇ ਮਾਰਨਾ ਸ਼ੁਰੂ ਕਰ ਦਿੱਤਾ। ਇਸ ਵੇਲੇ ਅੰਗਰੇਜ਼ ਅਫਸਰ ਮਾਈਲਸ ਇਰਵਿਨ ਆ ਗਿਆ ਅਤੇ ਹਾਲਾਤ ਵੇਖ ਕੇ ਉਸ ਨੇ ਫੌਜੀਆਂ ਨੂੰ 100 ਗਜ਼ ਪਿਛੇ ਲੈ ਆਂਦਾ। ਉਸ ਨੇ ਬੈਕਟ ਨੂੰ ਹੋਰ ਫੌਜੀ ਲਿਆਉਣ ਲਈ ਕਿਹਾ ਜੋ ਲੈਫਟੀਨੈਂਟ ਡਿਕੀ ਦੀ ਕਮਾਨ ਹੇਠ 6-7 ਹੋਰ ਘੋੜਸਵਾਰ ਲੈ ਆਇਆ, ਪਰ ਲੋਕਾਂ ਦੇ ਵੱਟਿਆਂ ਸਾਹਮਣੇ ਉਹ ਵੀ ਨਾ ਟਿਕ ਸਕਿਆ ਅਤੇ ਫੌਜੀ ਹੌਲੀ ਹੌਲੀ ਪਿਛੇ ਧੱਕੇ ਜਾਣ ਲੱਗੇ। ਉਸ ਵੇਲੇ ਵਾਧੂ ਸਹਾਇਕ ਕਮਿਸ਼ਨਰ ਕੋਨੋਰ ਪਹੁੰਚ ਗਿਆ ਅਤੇ ਉਸ ਨੇ ਵੇਖਿਆ ਕਿ ਫੌਜੀ ਟੁਕੜੀਆਂ ਤਾਂ ਸਿਵਲ ਲਾਈਨ ਤੱਕ ਪਿਛੇ ਹਟ ਗਈਆਂ ਹਨ। ਉਸ ਨੇ ਡਿਕੀ ਨੂੰ ਪਿਛੇ ਹਟਣ ਤੋਂ ਰੁਕਣ ਲਈ ਕਿਹਾ ਅਤੇ ਹੁਕਮ ਦਿੱਤਾ ਕਿ ਕਿਸੇ ਵੀ ਹਾਲਤ ਵਿਚ ਭੀੜ ਸਿਵਲ ਲਾਈਨ ਵਿਚ ਨਹੀਂ ਜਾਣੀ ਚਾਹੀਦੀ। ਕੁਝ ਫੌਜੀ ਘੋੜਿਆਂ ਤੋਂ ਉਤਰੇ ਅਤੇ ਉਨ੍ਹਾਂ ਭੀੜ ਵੱਲ ਕੁਝ ਫਾਇਰ ਕੀਤੇ। ਲੋਕ ਠਠੰਬਰ ਗਏ। ਇੰਨੇ ਨੂੰ ਡੀ.ਐਸ.ਪੀ. ਪਲੋਮਰ 24 ਪੁਲਿਸੀਏ ਅਤੇ 7 ਭਾਰਤੀ ਫੌਜੀ ਲੈ ਕੇ ਆ ਗਿਆ। ਕੁਝ ਲੋਕ ਲੱਕੜ ਦੇ ਪੁਲ ਤੋਂ ਤੁਰ ਕੇ ਇਸ ਪਾਸੇ ਆ ਰਹੇ ਸਨ। ਪਲੋਮਰ ਨੂੰ ਆਪਣੇ ਘੇਰੇ ਜਾਣ ਦਾ ਖਤਰਾ ਹੋ ਗਿਆ। ਉਸ ਦੇ ਹੁਕਮ 'ਤੇ ਫੌਜੀਆਂ ਨੇ ਉਨ੍ਹਾਂ ਨੂੰ ਵਾਪਿਸ ਰੇਲਵੇ ਲਾਈਨ ਦੇ ਦੂਜੇ ਪਾਸੇ ਤੋਰ ਦਿੱਤਾ। ਦੋ ਵੱਜ ਚੁੱਕੇ ਸਨ, ਇੱਕ ਹੋਰ ਵੱਡੀ ਭੀੜ ਪਿਛੋਂ ਆਣ ਜੁੜੀ। ਪਲੋਮਰ ਨੇ ਟੁਕੜੀ ਦੇ ਸੂਬੇਦਾਰ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਲੋਕਾਂ 'ਤੇ ਸਿੱਧਾ ਫਾਇਰ ਕੀਤਾ ਜਾਣ ਲੱਗਾ। ਭੀੜ ਖਿੰਡ ਗਈ। ਇਸ ਥਾਂ ਚਾਰ ਲੋਕ ਸਵੇਰੇ ਅਤੇ 22 ਦੁਪਹਿਰੇ ਸ਼ਹਾਦਤ ਦਾ ਜਾਮ ਪੀ ਗਏ।

ਭੜਕੇ ਲੋਕਾਂ ਦੀ ਭੀੜ ਸ਼ਹਿਰ ਵਿਚ ਖਿੰਡ ਗਈ। ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਗਏ ਲੋਕਾਂ ਨੂੰ ਉਨ੍ਹਾਂ ਦੇ ਸਾਹਮਣੇ ਗੋਲੀਆਂ ਨਾਲ ਭੁੰਨ ਦਿਤਾ ਗਿਆ। ਹੁਣ ਉਹ ਹਰ ਦਿਸਦੇ ਅੰਗਰੇਜ਼ ਤੋਂ ਬਦਲਾ ਲੈਣ ਦੀ ਕੋਸ਼ਿਸ਼ ਵਿਚ ਸਨ। ਸਰਕਾਰ ਅਜਿਹੇ ਖਤਰੇ ਤੋਂ ਪਹਿਲਾਂ ਹੀ ਸੁਚੇਤ ਸੀ ਅਤੇ ਬਹੁਤੇ ਅੰਗਰੇਜ਼ਾਂ ਨੂੰ ਸਿਵਲ ਲਾਈਨ ਵਿਚ ਲਿਆਂਦਾ ਜਾ ਚੁੱਕਾ ਸੀ, ਪਰ ਅਜੇ ਵੀ ਕੁਝ ਅੰਗਰੇਜ਼ ਸ਼ਹਿਰ ਵਿਚ ਰਹਿ ਗਏ ਸਨ ਜਿਨ੍ਹਾਂ ਵਿਚੋਂ ਕੁਝ ਇਨ੍ਹਾਂ ਲੋਕਾਂ ਦੀ ਮਾਰ ਹੇਠ ਆਏ।

ਨੈਸ਼ਨਲ ਬੈਂਕ ਦੇ ਮੈਨੇਜਰ ਸਟੀਵਾਰਟ ਅਤੇ ਸਹਾਇਕ ਮੈਨੇਜਰ ਸਕਾਟ ਨੂੰ ਲੋਕਾਂ ਮਾਰ ਦਿੱਤਾ ਅਤੇ ਬੈਂਕ ਲੁੱਟ ਕੇ ਅੱਗ ਲਾ ਦਿੱਤੀ। ਅਲਾਇੰਸ ਬੈਂਕ ਦੇ ਮੈਨੇਜਰ ਥੌਮਸਨ ਨੂੰ ਵੀ ਲੋਕਾਂ ਮਾਰ ਦਿੱਤਾ। ਚਾਰਟਰ ਬੈਂਕ ਦੇ ਮੈਨੇਜਰ ਥੌਮਸਨ ਅਤੇ ਉਸ ਦੇ ਸਹਾਇਕ ਰੌਸ ਨੇ ਵੀ ਸੜ ਕੇ ਮਰ ਜਾਣਾ ਸੀ, ਜੇ ਪਤਾ ਲੱਗਣ 'ਤੇ ਥਾਣੇਦਾਰ ਅਹਿਮਦ ਜਾਨ ਨਾ ਆਉਂਦਾ। ਉਸ ਨੇ ਤਕਰੀਬਨ 2000 ਲੋਕਾਂ ਨੂੰ ਖਿਲਾਰ ਦਿੱਤਾ ਅਤੇ ਦੋਹਾਂ ਨੂੰ ਬੈਂਕ ਦੀ ਉਪਰਲੀ ਮੰਜ਼ਿਲ ਵਿਚੋਂ ਸੁਰੱਖਿਅਤ ਕੱਢ ਲਿਆ। ਰੇਲਵੇ ਸਟੇਸ਼ਨ 'ਤੇ ਰੋਬਿਨਸਨ ਅਤੇ ਸਾਰਜੈਂਟ ਰੋਲੈਂਡ ਮਾਰੇ ਗਏ। ਇੱਕ ਅੰਗਰੇਜ਼ ਔਰਤ, ਸਕੂਲ ਸੁਪਰਡੈਂਟ ਮਾਰਸ਼ੀਆ ਸ਼ੇਰਵੁੱਡ ਸਾਇਕਲ 'ਤੇ ਸਕੂਲ ਬੰਦ ਕਰਵਾਉਣ ਜਾ ਰਹੀ ਸੀ। ਉਸ ਨੂੰ ਇੱਕ ਗਰੁੱਪ ਨੇ ਘੇਰ ਲਿਆ। ਇੱਕ ਵਾਰ ਤਾਂ ਉਹ ਬਚ ਕੇ ਨਿਕਲ ਗਈ, ਪਰ ਗੁਆਚੀ ਫਿਰਦੀ ਗਲੀ ਕੂਚਾ ਕੁਰੀਛਾਂ ਵਿਚ ਉਸੇ ਭੀੜ ਦੇ ਸਾਹਮਣੇ ਆ ਗਈ ਜਿਨ੍ਹਾਂ ਉਸ ਨੂੰ ਕੁੱਟ ਕੇ ਮਰਿਆ ਸਮਝ




ਛੱਡ ਦਿੱਤਾ ਸੀ। ਉਨ੍ਹਾਂ ਦੇ ਚਲੇ ਜਾਣ 'ਤੇ ਇੱਕ ਪਰਿਵਾਰ ਨੇ ਉਸ ਨੂੰ ਸਾਂਭ ਕੇ ਬਚਾ ਲਿਆ। ਬਾਅਦ ਵਿਚ ਜਨਰਲ ਡਾਇਰ ਨੇ ਇਸ ਗਲੀ ਨੂੰ ਪਵਿੱਤਰ ਕਹਿੰਦਿਆਂ ਕਰਫਿਊ ਦੇ ਕਈ ਦਿਨ ਇਸ ਵਿਚੋਂ ਲੰਘਣ ਵਾਲਿਆਂ ਨੂੰ ਰੀਂਘ ਕੇ ਜਾਣ ਦਾ ਹੁਕਮ ਲਾਗੂ ਰੱਖਿਆ। ਟਾਊਨ ਹਾਲ 'ਤੇ ਸਬ ਪੋਸਟ-ਆਫਿਸ ਨੂੰ ਅੱਗ ਲਗਾ ਦਿੱਤੀ ਗਈ। ਤਾਰ ਘਰ ਤਹਿਸ-ਨਹਿਸ ਕਰ ਦਿੱਤਾ ਗਿਆ। ਰੇਲਵੇ ਸਟੇਸ਼ਨ 'ਤੇ ਪਿਆ ਮਾਲ ਲੁੱਟ ਲਿਆ ਗਿਆ।

ਸ਼ਹਿਰ ਦੇ ਹਾਲਾਤ ਬਹੁਤ ਵਿਗੜ ਚੁੱਕੇ ਸਨ। ਇਨ੍ਹਾਂ 'ਤੇ ਕਾਬੂ ਪਾਉਣ ਲਈ ਫੌਜ ਬੁਲਾਈ ਗਈ। ਬ੍ਰਿਗੇਡੀਅਰ ਜਨਰਲ ਹੈਰੀ ਡਾਇਰ ਜੋ ਜਲੰਧਰ ਬ੍ਰਿਗੇਡ ਦਾ ਕਮਾਂਡਰ ਸੀ, ਨੇ ਲਾਹੌਰ ਤੋਂ ਤਾਰ ਮਿਲਣ 'ਤੇ ਦੋ ਸੌ ਗੋਰੇ ਅਤੇ ਦੋ ਸੌ ਭਾਰਤੀ ਫੌਜੀ ਅੰਮ੍ਰਿਤਸਰ ਭੇਜ ਦਿੱਤੇ ਜੋ 11 ਅਪਰੈਲ ਸਵੇਰੇ ਪਹੁੰਚ ਗਏ। ਦੁਪਹਿਰ ਵੇਲੇ ਫੌਜ ਵਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਥਾਂ ਥਾਂ ਖੜ੍ਹ ਕੇ ਮੁਨਾਦੀ ਕਰਵਾ ਕੇ ਚਾਰ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਗਿਆ। 11 ਅਪਰੈਲ ਦੀ ਰਾਤ ਨੂੰ ਡਾਇਰ ਵੀ ਸ਼ਹਿਰ ਵਿਚ ਪਹੁੰਚ ਗਿਆ ਅਤੇ ਮਾਰਸ਼ਲ ਲਾਅ ਦੇ ਐਲਾਨ ਤੋਂ ਬਿਨਾਂ ਹੀ ਸ਼ਹਿਰ ਦੇ ਅਮਨ ਕਾਨੂੰਨ ਨਾਲ ਸਬੰਧਤ ਫੈਸਲੇ ਆਪ ਕਰਨ ਲੱਗਾ। 12 ਅਪਰੈਲ ਸਵੇਰੇ ਦਸ ਵਜੇ ਉਹ ਫੌਜੀ ਗੱਡੀਆਂ ਨਾਲ ਕੋਤਵਾਲੀ ਗਿਆ। ਸ਼ਹਿਰ ਬੰਦ ਸੀ। ਕਿਤੇ ਕਿਤੇ ਲੋਕ ਟੋਲੀਆਂ ਵਿਚ ਖੜ੍ਹੇ ਸਨ। ਸੁਲਤਾਨਵਿੰਡ ਗੇਟ ਮੂਹਰੇ ਕਾਫੀ ਵੱਡਾ ਇਕੱਠ ਸੀ। ਪਹਿਲਾਂ ਤਾਂ ਉਸ ਨੇ ਗੋਲੀ ਚਲਾਉਣ ਦੀ ਸੋਚੀ, ਪਰ ਫਿਰ ਝਕ ਗਿਆ। ਵਾਪਿਸ ਆ ਕੇ ਉਸ ਨੇ ਇੱਕ ਹੋਰ ਹੁਕਮ ਕਢਵਾਇਆ ਜਿਸ ਵਿਚ ਕੋਈ ਜਲਸਾ ਜਲੂਸ ਕੱਢਣ 'ਤੇ ਪਾਬੰਦੀ ਦਾ ਐਲਾਨ ਸੀ। ਸ਼ਹਿਰ ਵਿਚੋਂ ਦੀਨਾ ਨਾਥ ਅਤੇ ਬੱਗੇ ਸਮੇਤ 12 ਲੀਡਰ ਫੜ ਲਏ ਗਏ। ਉਨ੍ਹਾਂ ਦੀ ਰਿਹਾਈ ਲਈ ਹਿੰਦੂ ਸਭਾ ਹਾਈ ਸਕੂਲ ਵਿਚ ਇਕੱਠ ਹੋਇਆ।

13 ਅਪਰੈਲ ਵਿਸਾਖੀ ਦਾ ਦਿਨ ਸੀ। ਸ਼ਹਿਰ ਬੇਸ਼ੱਕ ਬੰਦ ਸੀ, ਪਰ ਪਿੰਡਾਂ ਵਿਚ ਸਰਕਾਰ ਦੇ ਐਲਾਨਾਂ ਬਾਰੇ ਕੋਈ ਖਾਸ ਪਤਾ ਨਹੀਂ ਸੀ। ਲੋਕ ਹਰ ਸਾਲ ਵਾਂਗ ਵਿਸਾਖੀ ਦੇ ਤਿਉਹਾਰ 'ਤੇ ਵੱਡੀ ਗਿਣਤੀ ਵਿਚ ਅੰਮ੍ਰਿਤਸਰ ਪਹੁੰਚ ਰਹੇ ਸਨ। ਸਰਕਾਰੀ ਇਮਾਰਤਾਂ ਦੀ ਰਾਖੀ ਫੌਜੀ ਟੁਕੜੀਆਂ ਕਰ ਰਹੀਆਂ ਸਨ। ਇਸ ਦਿਨ ਵੀ ਸਵੇਰੇ ਵੇਲੇ ਫੌਜ ਵਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਇਸ ਵਿਚ ਸਭ ਤੋਂ ਮੂਹਰੇ ਚਿੱਟੇ ਘੋੜੇ ਉਤੇ ਅਸ਼ਰਫ ਖਾਨ ਤੇ ਠਾਣੇਦਾਰ ਉਬੇਦ-ਉਲਾ, ਪਿਛੇ ਨਾਇਬ ਤਸੀਲਦਾਰ ਮਲਿਕ ਫਤਿਹ ਖਾਨ, ਨਾਲ ਟਾਂਗੇ ਤੇ ਢੋਲ ਵਾਲਾ, ਫਿਰ ਪੈਦਲ ਗੋਰੇ ਫੌਜੀ, ਮਗਰ ਦੋ ਕਾਰਾਂ, ਇੱਕ ਵਿਚ ਜਨਰਲ ਡਾਇਰ ਤੇ ਡੀ.ਸੀ. ਅਤੇ ਦੂਜੀ ਵਿਚ ਐਸ.ਪੀ. ਰੀਹਲ ਤੇ ਡੀ.ਐਸ.ਪੀ. ਪਲੋਮਰ, ਫਿਰ ਬਾਕੀ ਫੌਜੀ ਸਨ। ਇਹ ਜਲੂਸ 19 ਥਾਂਵਾਂ 'ਤੇ ਰੁਕਿਆ ਅਤੇ ਹਰ ਥਾਂ ਢੋਲ ਦੇ ਡੱਗੇ 'ਤੇ ਕਿਸੇ ਵੀ ਜਲਸੇ ਜਲੂਸ 'ਤੇ ਪਾਬੰਦੀ ਅਤੇ ਨਾਲ ਹੀ ਰਾਤ ਦੇ ਅੱਠ ਵਜੇ ਤੋਂ ਬਾਅਦ ਕਰਫਿਊ ਲਾਉਣ ਅਤੇ ਕਿਸੇ ਦੇ ਇਸ ਸਮੇਂ ਤੋਂ ਬਾਅਦ ਬਾਹਰ ਨਿਕਲਣ 'ਤੇ ਗੋਲੀ ਮਾਰਨ ਦਾ ਹੁਕਮ ਵੀ ਸੁਣਾਇਆ ਜਾ ਰਿਹਾ ਸੀ। ਇਸੇ ਸਮੇਂ ਕੁਝ ਨੌਜਵਾਨ ਜੱਲਿਆਂਵਾਲੇ ਬਾਗ ਵਿਚ ਹੋਣ ਵਾਲੇ ਇਕੱਠ ਦੀ ਮੁਨਾਦੀ ਕਰ ਰਹੇ ਸਨ।

ਜਨਰਲ ਡਾਇਰ ਨੂੰ ਬਾਗ ਵਿਚ ਹੋਣ ਵਾਲੀ ਮੀਟਿੰਗ ਬਾਰੇ ਇੱਕ ਵਜੇ ਤੋਂ ਥੋੜ੍ਹਾ ਪਹਿਲਾਂ ਪਤਾ ਲੱਗ ਚੁੱਕਾ ਸੀ, ਪਰ ਉਸ ਨੇ ਇਕੱਠ ਨੂੰ ਰੋਕਣ ਲਈ ਕੋਈ ਕਾਰਵਾਈ ਨਾ ਕੀਤੀ, ਸਗੋਂ ਲੋਕਾਂ ਨੂੰ ਇਕੱਠੇ ਹੋਣ ਦਿੱਤਾ। ਉਹ ਇਸ ਨੂੰ ਭਾਰਤੀਆਂ ਨੂੰ ਸਬਕ ਸਿਖਾਉਣ ਦਾ ਮੌਕਾ ਸਮਝ ਰਿਹਾ ਸੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਮਾਰ ਕੇ ਅੰਗਰੇਜ਼ ਸਰਕਾਰ ਦੀ ਦਹਿਸ਼ਤ ਲੋਕਾਂ ਵਿਚ ਫੈਲਾਉਣੀ ਚਾਹੁੰਦਾ ਸੀ। ਚਾਰ ਵਜੇ ਜਦ ਉਸ ਨੂੰ ਚੱਲ ਰਹੀ ਮੀਟਿੰਗ ਬਾਰੇ ਪੱਕਾ ਪਤਾ ਲੱਗਾ ਤਾਂ ਉਸ ਨੇ ਆਪਣੇ ਨਾਲ ਦੋ ਕਾਰਾਂ, ਕੁਝ ਘੋੜਸਵਾਰ ਪੁਲਸੀਏ, 90 ਹਥਿਆਰਬੰਦ ਸਿਪਾਹੀ ਅਤੇ ਦੋ ਬਖਤਰਬੰਦ ਗੱਡੀਆਂ ਲੈ ਕੇ ਬਾਗ ਵੱਲ ਕੂਚ ਕਰ ਦਿੱਤਾ। ਉਸ ਨੇ ਆਪਣੇ ਨਾਲ ਹੋਰ ਅਫਸਰ ਨਾ ਲਏ ਤੇ ਨਾ ਹੀ ਡੀ.ਸੀ. ਨੂੰ ਉਡੀਕਿਆ ਅਤੇ ਸਵਾ ਪੰਜ ਵਜੇ ਬਾਗ ਵਿਚ ਪਹੁੰਚ ਗਿਆ। ਬਾਗ ਨੂੰ ਜਾਂਦੀ ਗਲੀ ਭੀੜੀ ਹੋਣ ਕਾਰਨ, ਮਸ਼ੀਨਗੰਨਾਂ ਵਾਲੀਆਂ ਬਖਤਰਬੰਦ ਗੱਡੀਆਂ ਅੰਦਰ ਨਾ ਜਾ ਸਕੀਆਂ। ਅੰਦਰ ਉਸ ਨੇ ਸ਼ਾਂਤੀਪੂਰਵਕ ਜਲਸਾ ਸੁਣ ਰਹੇ ਲੋਕਾਂ ਦਾ ਇਕੱਠ ਵੇਖਿਆ ਜਿਸ ਵਿਚ ਲੋਕਾਂ ਦੀ ਗਿਣਤੀ, ਡਾਇਰ ਦੇ ਦੱਸਣ ਮੁਤਾਬਿਕ 5000 ਸੀ, ਪਰ ਕੁਝ ਅੰਦਾਜ਼ਿਆਂ ਮੁਤਾਬਿਕ ਵੀਹ ਹਜ਼ਾਰ ਸੀ। ਸਟੇਜ ਡਾਇਰ ਦੇ ਫੌਜੀਆਂ ਤੋਂ ਕੋਈ ਸੱਠ ਗਜ਼ ਅਤੇ ਨੇੜਲੇ ਲੋਕ ਸਿਰਫ ਅੱਠ ਗਜ਼ ਸਨ। ਉਸ ਨੇ ਗੋਰਖੇ ਫੌਜੀਆਂ ਨੂੰ ਦੋ ਲਾਈਨਾਂ ਵਿਚ ਵੰਡ ਦਿੱਤਾ, ਫਿਰ ਬਿਨਾਂ ਕੋਈ ਚਿਤਾਵਨੀ ਦਿੱਤਿਆਂ ਅਗਲੀ ਲਾਈਨ ਨੂੰ ਬੈਠ ਕੇ, ਅਤੇ ਪਿਛਲੀ ਲਾਈਨ ਨੂੰ ਖੜ੍ਹੇ ਕੇ ਸਿੱਧਾ ਲੋਕਾਂ 'ਤੇ ਫਾਇਰ ਕਰਨ ਦਾ ਹੁਕਮ ਦਿੱਤਾ। ਹਾਹਾਕਾਰ ਮੱਚ ਗਈ। ਲੋਕ ਇਧਰ ਉਧਰ ਭੱਜਣ ਲੱਗੇ। ਬਾਗ ਵਿਚੋਂ ਨਿਕਲਣ ਦੇ ਭੀੜੇ ਰਸਤੇ ਸਨ, ਲੋਕ ਉਨ੍ਹਾਂ ਵਿਚੋਂ ਬਾਹਰ ਜਾਣ ਲੱਗੇ। ਉਨ੍ਹਾਂ ਨੂੰ ਜਾਣ ਦੇਣ ਦੀ ਥਾਂ ਡਾਇਰ ਫੌਜੀਆਂ ਨੂੰ ਉਨ੍ਹਾਂ ਭੀੜ ਵਾਲੇ ਥਾਂਵਾਂ ਵੱਲ ਫਾਇਰ ਸੇਧਣ ਦਾ ਹੁਕਮ ਦਿੰਦਾ ਰਿਹਾ। ਗੋਲੀ 10 ਮਿੰਟ ਚੱਲਦੀ ਰਹੀ ਅਤੇ ਉਦੋਂ ਹੀ ਰੋਕੀ ਗਈ ਜਦ ਫੌਜੀਆਂ ਕੋਲ ਰੌਂਦ ਤਕਰੀਬਨ ਖਤਮ ਹੋ ਗਏ। ਕੁਲ 1650 ਗੋਲੀਆਂ ਚੱਲੀਆਂ। ਸਰਕਾਰੀ ਗਿਣਤੀ ਮੁਤਾਬਿਕ 379 ਵਿਅਕਤੀ, ਪਰ ਹੋਰ ਅੰਦਾਜ਼ਿਆਂ ਮੁਤਾਬਿਕ 1000 ਤੋਂ ਵੱਧ ਮਰੇ ਅਤੇ ਹਜ਼ਾਰਾਂ ਜ਼ਖਮੀ ਹੋਏ। ਮਰਨ ਵਾਲਿਆਂ ਵਿਚ ਦੋ ਔਰਤਾਂ ਅਤੇ 41 ਬੱਚੇ ਸ਼ਾਮਿਲ ਸਨ। ਇਸ ਖੂਨੀ ਕਾਰੇ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ ਪੰਜਾਬ ਵਿਚ ਉਸ ਵੇਲੇ ਦੇ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਨੂੰ ਇੰਗਲੈਂਡ ਵਿਚ ਮਾਰ ਕੇ ਲਿਆ।



# ਤਖਾਣ ਟੈਕਨੀਕਲ ਕਿਉਂ ਹੁੰਦਾ ਹੈ?

ਸ਼ਬਦ ਝਰੋਖਾ


ਬਲਜੀਤ ਬਾਸੀ
ਫੋਨ: 734-259-9353

ਤਖਾਣ ਟੈਕਨੀਕਲ ਨਾ ਹੋਵੇ ਤਾਂ ਹੋਰ ਜਟਕਾ ਹੋਵੇ, ਉਸ ਦਾ ਪੇਸ਼ਾ ਹੀ ਅਜਿਹਾ ਹੈ, ਆਪਣੇ ਕਰ ਕਮਲਾਂ ਤੇ ਪੁਜਨੀਕ ਸੰਦਾਂ ਨਾਲ ਲੱਕੜੀ ਨੂੰ ਸੁੰਦਰ, ਕਲਾਮਈ ਤੇ ਉਪਯੋਗੀ ਵਸਤਾਂ ਵਿਚ ਪਲਟਣਾ। ਹਮਾਤੜ ਤਾਂ ਆਰੀ ਚਲਾਉਣ ਲੱਗਾ ਆਪਣਾ ਅੰਗੂਠਾ ਹੀ ਵਢਾ ਬੈਠੇ। ਬਚਪਨ ਵਿਚ ਮੈਂ ਜਦ ਕਦੇ ਵਿਹਲਾ ਹੁੰਦਾ, ਆਪਣੀ ਪੱਤੀ ਦੇ ਤਖਾਣਾਂ ਦੇ ਕਰਖਾਨੇ ਚਲਾ ਜਾਂਦਾ। ਕਰਖਾਨੇ ਵਿਚ ਕੰਮ ਕਰਦਿਆਂ ਨੂੰ ਹਲ, ਸੰਦੂਕ, ਚਰਖੇ, ਦਾਤੀਆਂ-ਰੰਬਿਆਂ ਦੇ ਦਸਤੇ, ਪੀੜ੍ਹੀਆਂ, ਅਟੇਰਨ ਤੇ ਹੋਰ ਲੱਲੜ-ਪੱਲੜ ਬਣਾਉਂਦੇ ਦੇਖਦਾ, ਤੇ ਬੱਸ ਦੇਖਦਾ ਹੀ ਰਹਿ ਜਾਂਦਾ। ਮੈਨੂੰ ਕੰਮ ਕਰਦੇ ਤਖਾਣਾਂ ਦੇ ਸਰੀਰ ਵਿਚੋਂ ਆਉਂਦੀ ਬੂਰੇ ਦੀ ਖੁਸ਼ਬੂ ਬਹੁਤ ਸੁਖਾਉਂਦੀ ਸੀ। ਮੇਰੇ ਧਿਆਨ ਵਿਚ ਆਇਆ ਕਿ ਉਹ ਆਰੀ, ਤੇਸਾ, ਕਮਾਨੀ ਜਾਂ ਰੰਦਾ ਚਲਾਉਂਦੇ ਲੱਕੜੀ ਵੱਲ ਹਮੇਸ਼ਾ ਟੇਢਾ-ਟੇਢਾ ਝਾਕਦੇ। ਹਰ ਕਲਾਕਾਰ ਆਪਣੀ ਵਸਤੂ ਵੱਲ ਟੇਢਾ ਹੀ ਝਾਕਦਾ ਹੈ, ਕਲਾ ਟੇਢੀ ਖੀਰ ਹੀ ਤਾਂ ਹੈ।

ਕਈ ਵਾਰੀ ਕਰਖਾਨੇ ਜਾਣ ਲਈ ਵੀ ਬਹਾਨੇ ਚਾਹੀਦੇ ਸਨ, ਗੁੱਲੀ ਘੜਾਉਣੀ, ਪੀੜ੍ਹੀ ਠੁਕਾਉਣੀ ਜਾਂ ਛੱਲੀਆਂ ਕਢਣ ਵੇਲੇ ਕਿੰਨੀਆਂ ਸਾਰੀਆਂ ਕੀਲੀਆਂ ਘੜਾਉਣੀਆਂ। ਮੈਂ ਹੈਰਾਨ ਵੀ ਹੁੰਦਾ ਕਿ ਕਿਵੇਂ ਇਹ ਲੋਕ ਸਭ ਕੁਝ ਮੁਫਤ ਵਿਚ ਹੀ ਕਰੀ ਜਾ ਰਹੇ ਹਨ। ਪਰ ਫਿਰ ਪਤਾ ਲੱਗਾ ਕਿ ਇਹ ਸੇਪੀ 'ਤੇ ਕੰਮ ਕਰਦੇ ਹਨ ਅਰਥਾਤ ਆਪਣੇ ਜਜਮਾਨਾਂ ਤੋਂ ਸਾਲ ਛਿਮਾਹੀਂ ਬੱਝਵੇਂ ਦਾਣੇ ਲੈਂਦੇ ਹਨ। ਬਾਅਦ 'ਚ ਪਤਾ ਲੱਗਾ ਕਿ ਸੇਪੀ ਸ਼ਬਦ ਸ਼ਿਲਪ ਦਾ ਹੀ ਵਿਗੜਿਆ ਰੂਪ ਹੈ। ਇਕ ਵਾਰੀ ਚੌਥੀ ਜਮਾਤ ਦੇ ਸਾਡੇ ਅਧਿਆਪਕ ਨੇ ਕੰਮ ਦਿੱਤਾ ਕਿ ਕਲ੍ਹ ਨੂੰ ਸਾਰੇ ਤਰਖਾਣ ਸੰਦਾਂ ਦੇ ਨਾਂ ਲਿਖ ਕੇ ਲਿਆਉ। ਆਪਾਂ ਨੂੰ ਤਾਂ ਕਰਖਾਨੇ ਜਾਣ ਦਾ ਬਹਾਨਾ ਚਾਹੀਦਾ ਸੀ। ਕਰਖਾਨੇ ਵਾਲਿਆਂ ਨੇ ਬੜੇ ਸ਼ੌਕ ਨਾਲ ਸਾਰੇ ਸੰਦਾਂ ਦੇ ਨਾਂ ਲਿਖਵਾਏ ਜੋ ਮੈਨੂੰ ਸਾਰੀ ਉਮਰ ਨਹੀਂ ਭੁਲ ਸਕਦੇ। ਮੈਨੂੰ ਸਭ ਤੋਂ ਦਿਲਚਸਪ ਸ਼ਬਦ ਲੱਗਾ ਸੀ 'ਗਿਰਮਟ'। ਇਹ ਇੱਕ ਲੰਬੂਤਰਾ ਜਿਹਾ ਵਰਮਾ ਹੈ ਜਿਸ ਨੂੰ ਆਸੇ ਪਾਸੇ ਘੁਮਾ ਕੇ ਲੱਕੜੀ ਵਿਚ ਛੇਕ ਕੀਤਾ ਜਾਂਦਾ ਹੈ। ਵੱਡੇ ਹੋ ਕੇ ਪਤਾ ਲੱਗਾ ਕਿ ਇਹ ਅੰਗਰੇਜ਼ੀ ਸ਼ਬਦ Gimlet ਦਾ ਪੰਜਾਬੀ ਰੂਪ ਹੈ।

ਏਥੇ ਇਹ ਦੱਸਣਯੋਗ ਹੈ ਕਿ ਲਿਖਣ ਵਿਚ ਭਾਵੇਂ ਤਰਖਾਣ ਹੀ ਆਉਂਦਾ ਹੈ ਪਰ ਆਮ ਲੋਕ ਤਖਾਣ ਹੀ ਬੋਲਦੇ ਹਨ। ਸੱਚੀ ਗੱਲ ਇਹ ਹੈ ਕਿ ਅਸਲ ਸ਼ਬਦ ਆਮ ਲੋਕਾਂ ਵਾਲਾ ਤਖਾਣ ਹੀ ਹੈ। 'ਰ' ਧੁਨੀ ਦੀ ਤਾਂ ਬਾਅਦ ਵਿਚ ਫਾਲਤੂ ਘੁਸਪੈਠ ਹੋਈ ਹੈ। ਇਸ ਘੁਸਪੈਠ ਬਾਰੇ ਕਦੇ ਫਿਰ ਲਿਖਾਂਗਾ। ਇਸ ਸ਼ਬਦ ਦਾ ਇਕ ਰੂਪ ਦਖਾਣ ਵੀ ਹੈ। ਪੰਜਾਬੀ ਤੋਂ ਬਿਨਾ ਕੁਝ ਹੋਰ ਭਾਸ਼ਾਵਾਂ ਵਿਚ ਵੀ ਇਹ ਸ਼ਬਦ 'ਦ' ਧੁਨੀ ਨਾਲ ਬੋਲਿਆ ਜਾਂਦਾ ਹੈ।

ਤਖਾਣ ਸ਼ਬਦ ਭਾਵੇਂ ਅੱਜ ਕਲ੍ਹ ਕਿਸੇ ਵੀ ਲੱਕੜੀ ਦਾ ਸ਼ਿਲਪੀ ਕੰਮ ਕਰਨ ਵਾਲੇ ਵਿਅਕਤੀ ਦਾ ਬੋਧਕ ਹੈ ਪਰ ਰਵਾਇਤੀ ਤੌਰ 'ਤੇ ਸਾਡੇ ਜਾਤੀਗਤ ਸਮਾਜ ਵਿਚ ਕੋਈ ਵੀ ਕਿੱਤਾ ਕਿਸੇ ਜਾਤੀ ਨਾਲ ਸਬੰਧ ਰਖਦਾ ਹੈ। ਇਸ ਲਈ ਤਖਾਣ ਇਕ ਜਾਤੀ ਵੀ ਹੈ ਜਿਸ ਦਾ ਜਮਾਂਦਰੂ ਕਿੱਤਾ ਲੱਕੜੀ ਦਾ ਕੰਮ ਹੈ। ਪੀੜ੍ਹੀ ਦਰ ਪੀੜ੍ਹੀ ਲੱਕੜੀ ਦਾ ਹੀ ਕੰਮ ਕਰਦੇ ਇਹ ਲੋਕ ਜਨਮ ਤੋਂ ਹੀ ਟੈਕਨੀਕਲ ਹੋ ਜਾਂਦੇ ਹਨ। ਸਾਡੇ ਜਾਤੀਗਤ ਸਮਾਜ ਵਿਚ ਹਰ ਜਾਤੀ ਲਈ ਤ੍ਰਿਸਕਾਰਮਈ ਸ਼ਬਦ ਵੀ ਚਲਦੇ ਹਨ। ਪਿੰਡਾਂ ਵਿਚ ਤਖਾਣਾਂ ਨੂੰ ਹੋਰ ਜਾਤੀ ਦੇ ਲੋਕ ਤਖਾਣਵਾਧਾ ਜਾਂ ਗੁੱਲੀ-ਘਾੜੇ ਵੀ ਆਖਦੇ ਹਨ। ਅਜਿਹੇ ਸ਼ਬਦ ਵਰਤ ਕੇ ਹਰ ਜਾਤੀ ਆਪਣੀ ਹਉਮੈ ਨੂੰ ਹੀ ਪੱਠੇ ਪਾਉਂਦੀ ਹੈ। ਉਂਜ ਹੈਰਾਨੀ ਵਾਲੀ ਗੱਲ ਹੈ ਕਿ ਜੋ ਤਖਾਣ ਅਖੌਤੀ ਉਚ ਜਾਤੀ ਲੋਕਾਂ ਲਈ ਉਨ੍ਹਾਂ ਦੀ ਰੋਜ਼ੀ ਰੋਟੀ ਨਾਲ ਸਬੰਧਤ ਅਤੇ ਘਰੇਲੂ ਵਰਤੋਂ ਵਿਚ ਆਉਂਦੀਆਂ ਵੱਡੀਆਂ ਤੋਂ ਵੱਡੀਆਂ ਵਸਤਾਂ ਜਿਵੇਂ ਸੰਦੂਕ, ਗੱਡਾ, ਤਖਤਪੋਸ਼ ਆਦਿ ਦਾ ਨਿਰਮਾਤਾ ਹੈ, ਉਸ ਨੂੰ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਿਰਫ ਗੁੱਲੀ-ਘਾੜੇ 'ਤੇ ਹੀ ਘਟਾ ਦਿੱਤਾ ਗਿਆ ਹੈ। 'ਕੋਠਾ ਉਸਰਿਆ, ਤਖਾਣ ਵਿਸਰਿਆ' ਕਹਾਵਤ ਤੋਂ ਵੀ ਉਚ ਜਾਤੀ ਦੇ ਲੋਕਾਂ ਵਲੋਂ ਤਖਾਣਾਂ ਪ੍ਰਤੀ ਗੈਰ-ਲਿਹਾਜੀ ਵਤੀਰੇ ਦੀ ਟੋਹ ਮਿਲਦੀ ਹੈ।



ਇਹ ਵੀ ਧਿਆਨਯੋਗ ਹੈ ਕਿ ਦੋ ਪਿੰਡਾਂ ਦੇ ਨਾਂਵਾਂ ਅਰਥਾਤ ਤਖਾਣਮਾਜਰਾ ਅਤੇ ਤਖਾਣਮਜਾਰਾ ਵਿਚ ਤਖਾਣ ਸ਼ਬਦ ਝਲਕਦਾ ਹੈ। ਸੰਭਵ ਹੈ ਇਹ ਪਿੰਡ ਤਖਾਣਾਂ ਨੇ ਹੀ ਵਸਾਏ ਹੋਣ ਜਾਂ ਏਥੇ ਪਹਿਲੇ ਪਹਿਲ ਤਖਾਣ ਖੇਤੀ ਕਰਨ ਲੱਗੇ ਹੋਣ। ਖੈਰ, ਮੈਂ ਤਖਾਣ ਨੂੰ ਟੈਕਨੀਕਲ ਕਿਉਂ ਕਹਿੰਦਾ ਹਾਂ, ਇਸ ਦੀ ਖਾਸ 'ਨਿਰੁਕਤਕਾਰੀ' ਵਜ੍ਹਾ ਹੋਰ ਹੈ ਜੋ ਅੱਗੇ ਜਾ ਕੇ ਸਮਝ ਵਿਚ ਆ ਜਾਵੇਗੀ।

ਤਖਾਣ ਸ਼ਬਦ ਸੰਸਕ੍ਰਿਤ ਦੇ 'ਤਕਸ਼' ਤੋਂ ਬਣਿਆ ਹੈ ਜਿਸ ਦਾ ਅਰਥ ਕੱਟ-ਵੱਢ ਕਰ ਕੇ ਬਣਾਉਣਾ ਹੈ। ਇਸ ਕੱਟ-ਵੱਢ ਦੀ ਕਿਰਿਆ ਵਿਚ ਰੰਦਣਾ, ਸੱਕ ਲਾਹੁਣਾ, ਖਰੋਚਣਾ, ਬਣਾਉਣਾ, ਸਿਰਜਣਾ, ਘੜਨਾ, ਤਰਾਸ਼ਣਾ ਆਦਿ ਸ਼ਮਲ ਹਨ। ਸੰਸਕ੍ਰਿਤ ਵਿਚ ਤਖਾਣ ਲਈ ਇਕ ਸ਼ਬਦ ਤਕਸ਼ਕ ਹੈ ਜਿਸ ਵਿਚ ਲੱਕੜਹਾਰੇ ਦੇ ਭਾਵ ਵੀ ਨਿਹਿਤ ਹਨ। ਸ਼ਿਲਪ ਦੇਵਤਾ ਵਿਸ਼ਵਕਰਮਾ ਦਾ ਇਕ ਨਾਮ ਤਕਸ਼ਕ ਵੀ ਹੈ ਤੇ ਤਕਸ਼ਕ ਇਕ ਨਾਗ ਦਾ ਨਾਂ ਵੀ ਹੈ ਜੋ ਪਤਾਲ ਵਿਚ ਰਹਿੰਦਾ ਹੈ। ਸੰਸਕ੍ਰਿਤ ਵਿਚ ਤਖਾਣ ਲਈ ਤਕਸ਼ਨ ਸ਼ਬਦ ਵੀ ਮੌਜੂਦ ਹੈ। ਪੰਜਾਬੀ ਤਖਾਣ ਇਸੇ ਤਕਸ਼ਨ ਦਾ ਵਿਉਤਪਤ ਰੂਪ ਹੈ। ਸੰਸਕ੍ਰਿਤ ਦੀ 'ਕਸ਼' ਧੁਨੀ ਆਮ ਤੌਰ 'ਤੇ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਆ ਕੇ 'ਖ' ਜਾਂ 'ਛ' ਵਿਚ ਬਦਲ ਜਾਂਦੀ ਹੈ, ਕੁਝ ਹਾਲਤਾਂ ਵਿਚ 'ਸ਼' ਵਿਚ ਵੀ। ਮਿਸਾਲ ਵਜੋਂ ਪਕਸ਼ੀ ਸ਼ਬਦ ਪੰਜਾਬੀ ਵਿਚ ਪੰਖੀ ਜਾਂ ਪੰਛੀ ਹੈ। ਸੋ, ਤਕਸ਼ਨ ਦਾ ਪ੍ਰਾਕ੍ਰਿਤ ਰੂਪ ਤਖਾਣ ਹੈ ਤੇ ਸਿੰਧੀ ਤੇ ਪੰਜਾਬੀ ਤਰਖਾਣ ਅਤੇ ਤਖਾਣ। ਕਸ਼ ਪਿਛੋਂ ਦਾ ਲਘੂ ਸਵਰ ਪੰਜਾਬੀ ਵਿਚ ਆ ਕੇ ਲਮਕ ਗਿਆ ਹੈ ਅਰਥਾਤ 'ਆ' ਬਣ ਗਿਆ ਹੈ। ਪਾਲੀ ਵਿਚ ਤਖਾਣ ਨੂੰ ਤਛਕ ਵੀ ਆਖਦੇ ਹਨ।

ਤਕਸ਼ ਤੋਂ ਹੋਰ ਵੀ ਕਈ ਸ਼ਬਦ ਬਣੇ ਹਨ। ਪੰਜਾਬੀ ਦਾ ਠੇਠ ਸ਼ਬਦ ਹੈ ਤੱਛਣਾ ਜਿਸ ਦਾ ਅਰਥ ਹੈ ਕੁਹਾੜੇ ਜਾਂ ਤੇਸੇ ਨਾਲ ਲੱਕੜੀ ਤੋਂ ਸੱਕ ਲਾਹੁਣਾ, ਛਿੱਲਣਾ ਜਾਂ ਲਾਖਣਿਕ ਤੌਰ 'ਤੇ ਛਿੱਲ ਲਾਹੁਣਾ, ਬੁਰੀ ਤਰ੍ਹਾਂ ਵਲੂੰਧਰਨਾ। ਨਜਾਬਤ ਰਚਿਤ 'ਨਾਦਰ ਸ਼ਾਹ ਦੀ ਵਾਰ' 'ਚ ਇਸ ਸ਼ਬਦ ਦੀ ਵਰਤੋਂ ਦੇਖੋ:

ਧ੍ਰੱਗਾਂ ਦਿਆਂ ਧ੍ਰੈਵਾਣਾਂ, ਮਾਰੂ ਵੱਜਿਆ।
ਘੂਕਰ ਘੱਤੀ ਬਾਣਾਂ, ਰਣ ਵਿਚ ਆਣ ਕੇ।
ਹਥਿਆਰ ਵਡਾ ਜਰਵਾਣਾ, ਬੇਹੱਦ ਮਖੌਲੀਆ।
ਉਹ ਅਹਿਰਣ ਵਾਂਗ ਵਦਾਣਾਂ, ਸਿਰ 'ਤੇ ਕੜਕਿਆ।
ਜਿਵੇਂ ਢਾਹੇ ਬਾਗ਼ ਤ੍ਰਖਾਣਾਂ, ਤੱਛਣ ਗੇਲੀਆਂ।
ਉਡ ਜਾਂਦੇ ਨੈਣ ਪਰਾਣਾਂ, ਮੁਣਸਾਂ ਘੋੜਿਆਂ।

ਤੱਛ ਨਾਲ ਮੁਛ ਲੱਗ ਕੇ ਬਣੇ ਤਛਾਮੁੱਛ ਸ਼ਬਦ-ਜੁੱਟ ਦਾ ਅਰਥ ਹੈ, ਕੱਟ ਕੇ ਕੀਤਾ ਟੁਕੜਾ, ਵੱਢ-ਟੁੱਕ, 'ਤਛਾਮੁੱਛ ਤਰਵਾਰਨ ਕਰਕੇ।' ਅਸਲ ਵਿਚ ਭਾਵੇਂ ਤਕਸ਼ ਤੋਂ ਬਣੇ ਬਹੁਤੇ ਸ਼ਬਦਾਂ ਦਾ ਸਬੰਧ ਲੱਕੜੀ ਦੇ ਤਰਾਸ਼ਣ ਨਾਲ ਹੀ ਹੈ ਪਰ ਸ਼ਿਲਪਕਾਰੀ ਦੇ ਹੋਰ ਪ੍ਰਸੰਗਾਂ ਵਿਚ ਵੀ ਇਸ ਦੀ ਖੂਬ ਵਰਤੋਂ ਹੁੰਦੀ ਹੈ। ਪ੍ਰਾਚੀਨ ਕਾਲ ਵਿਚ ਲੱਕੜ ਦੀ ਬਹੁਤ ਮਹੱਤਤਾ ਹੁੰਦੀ ਸੀ। ਘਰਾਂ ਦੀਆਂ ਛੱਤਾਂ ਤੇ ਕੰਧਾਂ ਵੀ ਲੱਕੜੀ ਨਾਲ ਬਣਾਈਆਂ ਜਾਂਦੀਆਂ ਸਨ। ਤਕਸ਼ਕ ਦੇ ਨਾਂ ਨਾਲ ਜਾਣਿਆ ਜਾਂਦਾ ਵਿਸ਼ਵਕਰਮਾ ਕੇਵਲ ਤਰਖਾਣਾ-ਕੰਮ ਦਾ ਹੀ ਨਹੀਂ ਸਮੁੱਚੇ ਸ਼ਿਲਪ, ਦਸਤਕਾਰੀ, ਵਸਤੂਕਲਾ ਦਾ ਦੇਵਤਾ ਸੀ। ਸਭ ਤਰ੍ਹਾਂ ਦੇ ਸ਼ਿਲਪ ਵਿਚ ਤਰਾਸ਼ਣ ਦੀ ਕਿਰਿਆ ਪ੍ਰਮੁੱਖ ਹੈ। ਏਥੇ ਆ ਕੇ ਅਸੀਂ ਚਰਚਿਤ ਧਾਤੂ ਦੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਨਾਲ ਸਬੰਧ ਦੀ ਗੱਲ ਕਰਦੇ ਹਾਂ। ਭਾਸ਼ਾ ਮਾਹਰਾਂ ਨੇ ਇਕ ਭਾਰੋਪੀ ਮੂਲ ਕਲਪਿਆ ਹੈ Teks ਜਿਸ ਵਿਚ ਬੁਣਨ, ਘੜਨ, ਸੰਰਚਨ, ਨਿਰਮਾਣ ਆਦਿ ਦੇ ਭਾਵ ਹਨ। ਇਸ ਤੋਂ ਗਰੀਕ ਭਾਸ਼ਾ ਦੇ ਸੰਯੁਕਤਕਾਰੀ ਜੁਜ Tekhne ਬਣਿਆ ਜਿਸ ਵਿਚ ਕਲਾ, ਦਸਤਕਾਰੀ, ਕੌਸ਼ਲਤਾ, ਕਾਰੀਗਰੀ, ਸੁਘੜਤਾ ਦੇ ਭਾਵ ਹਨ। ਇਸ ਦੇ ਲਾਤੀਨੀ ਰੂਪ ਤੋਂ ਅੰਗਰੇਜ਼ੀ ਅਗੇਤਰ Techno ਬਣਿਆ। ਇਸ ਅਗੇਤਰ ਨਾਲ ਮਿਲ ਕੇ ਹੋਰ ਅਨੇਕਾਂ ਅੰਗਰੇਜ਼ੀ ਸ਼ਬਦ ਬਣੇ ਹਨ ਜਿਨ੍ਹਾਂ ਵਿਚੋਂ ਆਮ ਜਣਿਆ ਜਾਂਦਾ ਸ਼ਬਦ ਹੈ, ਟੈਕਨਾਲੋਜੀ। ਪੰਜਾਬੀ ਵਿਚ ਅਸੀਂ ਇਸ ਨੂੰ ਤਕਨਾਲੋਜੀ ਬਣਾ ਲਿਆ ਹੈ। ਕੁਝ ਹੋਰ ਬਣੇ ਸ਼ਬਦ ਗਿਣਾਉਂਦੇ ਹਾਂ, ਟੈਕਨੀਕ (ਤਕਨੀਕ), ਟੈਕਨੋਕਰੇਸੀ, ਟੈਕਨੋਕਰਿਟਿਕ, ਟੈਕਨੋਗੀਕ ਆਦਿ। ਮੇਰੇ ਸ਼ਹਿਰ ਡਿਟਰਾਇਟ (ਮਿਸ਼ੀਗਨ) ਵਿਚ ਟੈਕਨੋ ਨਾਂ ਦਾ ਇਕ ਇਲੈਕਰਾਨਿਕ ਡਾਂਸ ਮਿਊਜ਼ਿਕ ਵਿਕਸਿਤ ਹੋਇਆ ਹੈ। ਹੁਣ ਪਾਠਕ ਸਮਝ ਹੀ ਗਏ ਹੋਣਗੇ ਕਿ ਤਖਾਣ ਨੂੰ ਮੈਂ ਨਿਰੁਕਤਕ ਦ੍ਰਿਸ਼ਟੀ ਤੋਂ ਟੈਕਨੀਕਲ ਨਾਲ ਕਿਉਂ ਨਿਵਾਜਿਆ ਹੈ।

ਇਥੇ ਹੀ ਬੱਸ ਨਹੀਂ, ਭਾਰੋਪੀ ਮੂਲ Teks ਤੋਂ ਕੁਝ ਹੋਰ ਸ਼ਬਦ ਵੀ ਬਣੇ ਹਨ। ਲਾਤੀਨੀ ਅਤੇ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਇਕ ਸ਼ਬਦ ਆਇਆ Texture ਜਿਸ ਦਾ ਅਰਥ ਹੁੰਦਾ ਹੈ, ਬੁਣਤੀ, ਤਾਣਾ-ਬਾਣਾ, ਬਨਾਵਟ, ਢਾਂਚਾ, ਸੁਘੜਤਾ ਆਦਿ। ਇਹ ਸ਼ਬਦ Teks ਮੂਲ ਤੋਂ ਬਣੇ Texere ਜਿਸ ਦਾ ਅਰਥ ਬੁਣਨਾ ਹੈ, ਤੋਂ ਵਿਉਤਪਤ ਹੋਇਆ। ਇਸੇ ਦਾ ਇਕ ਹੋਰ ਰੂਪ ਹੈ Text ਜਿਸ ਵਿਚ ਮੁਢਲੇ ਭਾਵ ਹਨ, ਠੀਕ ਤਰ੍ਹਾਂ ਸੰਜੋਏ ਸ਼ਬਦ ਅਰਥਾਤ ਲੇਖਕ ਆਦਿ ਦਾ ਅੰਤਮ ਖਰੜਾ। ਅੱਜ ਮੋਬਾਇਲ ਫੋਨਾਂ ਦੇ ਜ਼ਮਾਨੇ ਵਿਚ ਟੈਕਸਟਿੰਗ ਦਾ ਅਰਥ ਹੋ ਗਿਆ ਹੈ, ਲਿਖਤੀ ਸੰਦੇਸ਼ ਦੇਣਾ। ਇਸੇ ਦੇ ਨਾਲ ਜੁੜਦਾ ਸ਼ਬਦ ਹੈ, Textile ਜਿਸ ਦਾ ਭਾਵ ਬੁਣਤੀ ਕਲਾ ਤੋਂ ਅੱਗੇ ਵਧਦਾ ਇਸ ਤੋਂ ਤਿਆਰ ਮਾਲ ਅਰਥਾਤ ਕਪੜੇ, ਵਸਤਰ ਵੀ ਹੋ ਗਿਆ ਹੈ। ਟੈਕਸਟ ਦੇ ਅੱਗੇ Co ਅਗੇਤਰ ਲੱਗ ਕੇ ਸ਼ਬਦ ਬਣਿਆ Context ਜਿਸ ਵਿਚ ਪ੍ਰਸੰਗ, ਸੰਦਰਭ ਆਦਿ ਦੇ ਭਾਵ ਹਨ।

ਇਸੇ ਭਾਰੋਪੀ ਮੂਲ ਤੋਂ ਗਰੀਕ ਸ਼ਬਦ Tekton (ਤਰਖਾਣ), ਕਰੋਸ਼ੀਅਨ ਤਸਕ (ਤਰਖਾਣ), ਓਲਡ ਚਰਚ ਸਲੈਵਾਨਿਕ ਤੇਸਲਾ (ਕੁਹਾੜਾ), ਲਿਥੂਏਨੀਅਨ ਤਸਾਉ (ਘੜਨਾ, ਤਰਾਸ਼ਣਾ, ਖੁਣਨਾ, ਨੱਕਾਸ਼ੀ ਕਰਨਾ) ਬਣੇ ਹਨ। ਹੋਰ ਭਾਸ਼ਾਵਾਂ ਵਿਚ ਇਸ ਤੋਂ ਨਿਰਮਿਤ ਸ਼ਬਦਾਂ ਦੇ ਅਰਥ ਰਾਜ, ਇਮਾਰਤਸਾਜ਼ ਆਦਿ ਵੀ ਹਨ। ਇਸੇ ਤੋਂ ਅਵੇਸਤਾ ਦਾ ਸ਼ਬਦ ਬਣਿਆ ਤਸ਼ਾ (ਕੁਹਾੜਾ), ਇਹ ਫਾਰਸੀ ਵਿਚ ਆ ਕੇ ਤੇਸ਼ਾ ਤੇ ਪੰਜਾਬੀ ਵਿਚ ਤੇਸਾ ਬਣ ਗਿਆ। ਫੱਟਾ ਜਾਂ ਬੂਹਾ ਦੇ ਅਰਥਾਂ ਵਾਲਾ ਤਖਤਾ ਸ਼ਬਦ ਤਕਸ਼ ਦਾ ਹੀ ਫਾਰਸੀ ਸੁਜਾਤੀ ਹੈ ਜਿਸ ਦਾ ਸਿਧਾ ਅਰਥ ਹੈ, ਤਰਾਸ਼ਿਆ। ਤਖਤਾ ਛਿਲਿਆ ਤਰਾਸ਼ਿਆ ਫੱਟਾ ਹੀ ਤਾਂ ਹੈ। ਤਖਤ ਯਾਨਿ ਚੌਕੀ ਜਾਂ ਰਾਜ ਸਿੰਘਾਸਨ ਵੀ ਤਖਸ਼ ਦਾ ਸੁਜਾਤੀ ਹੈ। ਫੱਟੀ ਨੂੰ ਤਖਤੀ ਆਖਦੇ ਹਨ। ਬਲੈਕ ਬੋਰਡ ਨੂੰ ਉਰਦੂ ਵਿਚ ਤਖਤਾ ਸਿਆਹ ਕਹਿੰਦੇ ਹਨ। ਤਖਤ ਮੁਢਲੇ ਤੌਰ 'ਤੇ ਇਕ ਫੱਟਾ ਹੀ ਹੈ ਜੋ ਕੱਟ ਤਰਾਸ਼ ਕੇ ਬਣਾਇਆ ਜਾਂਦਾ ਹੈ। ਜ਼ੈਂਦ ਵਿਚ ਇਸ ਦਾ ਰੂਪ 'ਥਵਾਕਸ਼ਤ' ਮਿਲਦਾ ਹੈ। ਇਸੇ ਤੋਂ ਅੱਗੇ ਤਖਤੇ-ਤਊਸ ਬਣਿਆ ਜਿਸ ਦਾ ਅਰਥ ਹੈ, ਮੋਰ ਦੀ ਸ਼ਕਲ ਦਾ ਤਖਤ। ਤਖਤੇ ਜਿੱਡੀਆ ਲੰਮੀਆਂ ਤੇ ਇਕੋ ਤੁਕਾਂਤ ਵਾਲੀਆਂ ਅਨੇਕਾਂ ਤੁਕਾਂ ਵਾਲੀ ਕਵਿਤਾ ਲਿਖਣ ਵਾਲੇ ਪੰਜਾਬੀ ਕਵੀ ਦਾ ਨਾਂ ਸੀ, ਤਖਤ ਸਿੰਘ।

ਤਖਤ ਦਾ ਅਰਥ ਵੱਡਾ, ਜੇਠਾ ਵੀ ਹੁੰਦਾ ਹੈ। ਸਿੱਖਾਂ ਦੇ ਤਖਤਾਂ ਦਾ ਅਰਥ ਹੈ, ਗੁਰੂ ਸਾਹਿਬਾਨ ਦੇ ਸਿੰਘਾਸਨ। ਅਕਾਲ ਤਖਤ ਸਮੇਤ ਇਨ੍ਹਾਂ ਦੀ ਗਿਣਤੀ ਪੰਜ ਹੈ। ਜਿਲਾ ਸ਼ਾਹਪੁਰ ਵਿਚ ਝਨਾਂ ਦਰਿਆ ਦੇ ਕੰਢੇ ਇੱਕ ਛੋਟਾ ਜਿਹਾ ਨਗਰ ਹੈ, ਤਖਤ ਹਜ਼ਾਰਾ, ਜੋ ਹੀਰ ਦੇ ਪ੍ਰੇਮੀ ਰਾਂਝੇ ਦਾ ਨਿਵਾਸ ਅਸਥਾਨ ਸੀ। ਤਖਤਿਆਂ ਨਾਲ ਢਕੀ ਹੋਈ ਵੱਡੀ ਚੌਕੀ ਨੂੰ ਤਖਤਪੋਸ਼ ਆਖਦੇ ਹਨ। ਇਸ 'ਤੇ ਵੱਡੇ ਲੋਕ ਬੈਠਦੇ ਸਨ। 'ਤਖਤ ਜਾਂ ਤਖਤਾ' ਮੁਹਾਵਰੇ ਦਾ ਅਰਥ ਹੈ, ਜਾਂ ਸਭ ਕੁਝ ਜਾਂ ਕੁਝ ਵੀ ਨਹੀਂ।

# ਪੰਜਾਬ ਟਾਈਮਜ਼ ਤੇ ਪੰਜਾਬੀ ਪੱਤਰਕਾਰੀ

'ਪੰਜਾਬ ਟਾਈਮਜ਼' ਦੀ 16ਵੀਂ ਵਰ੍ਹੇਗੰਢ ਮੁਬਾਰਕ। ਅਫ਼ਸੋਸ...ਰਿਸ਼ਤੇਦਾਰੀ ਵਿਚ ਹੋਏ ਹਾਦਸੇ ਕਾਰਨ ਸ਼ਿਕਾਗੋ ਪਹੁੰਚ ਕੇ ਵੀ ਮੈਂ ਇਸ ਸਮਾਗਮ ਵਿਚ ਆ ਨਾ ਸਕਿਆ। ਤੁਹਾਡੇ ਸਿਰੜ, ਸਿਦਕਦਿਲੀ, ਮਿਹਨਤ ਤੇ ਸਿਆਣਪ ਨੂੰ ਸਲਾਮ। ਸਮਾਗਮ ਵਿਚ ਭਾਵੇਂ ਜਿਸਮਾਨੀ ਤੌਰ 'ਤੇ ਸ਼ਾਮਲ ਨਹੀਂ ਹੋ ਸਕਿਆ, ਪਰ ਮਨ ਦੀਆਂ ਤਾਰਾਂ ਸਮਾਗਮ ਦੀ ਕਲਪਨਾ ਨਾਲ ਟੁਣਕਦੀਆਂ ਰਹੀਆਂ। ਪੱਤਰਕਾਰੀ ਦੇ ਕਿੱਤੇ ਨਾਲ ਮੇਰਾ ਵਾਹ-ਵਾਸਤਾ ਤੇ ਮੋਹ ਹੋਣ ਕਰ ਕੇ ਪੱਤਰਕਾਰੀ, ਪੰਜਾਬੀ ਪੱਤਰਕਾਰੀ ਦੇ ਇਤਿਹਾਸ, ਭਵਿੱਖ ਅਤੇ ਪੰਜਾਬ ਤੇ ਦੁਨੀਆਂ ਦੀ ਪੱਤਰਕਾਰੀ ਬਾਰੇ ਅਨੇਕਾਂ ਖਿਆਲ ਉਪਜੇ। ਭਾਸ਼ਾ ਲਈ ਲਿਪੀ ਦਾ ਈਜਾਦ ਹੋਣਾ; ਲਿਖਣ ਲਈ ਕੰਧਾਂ, ਪੱਥਰਾਂ ਤੇ ਪੱਤਿਆਂ ਤੋਂ ਹੁੰਦਿਆਂ ਕਾਗਜ਼ ਦੀ ਕਾਢ ਤੱਕ ਦਾ ਸਫਰ; ਏਸ਼ੀਆ ਤੇ ਮੱਧ ਪੂਰਵ ਤੋਂ ਹੁੰਦੀ ਹੋਈ ਪੱਤਰਕਾਰੀ ਯੂਰਪ ਅਤੇ ਅੱਗਿਉਂ ਉਤਰੀ ਤੇ ਦੱਖਣੀ ਅਮਰੀਕਾ ਪੁੱਜੀ, ਜਿਥੋਂ ਇਸ ਨੂੰ ਨਵਾਂ ਮੁਹਾਂਦਰਾ ਮਿਲਿਆ।

ਜੇ ਸਿਰਫ ਪੰਜਾਬੀ ਪੱਤਰਕਾਰੀ ਦੀ ਗੱਲ ਕਰਨੀ ਹੋਵੇ ਤਾਂ ਇਹ 'ਉਲਟੀ ਗੰਗਾ ਪਿਹੋਏ ਨੂੰ' ਵਾਲੀ ਹੈ। ਦੁਨੀਆਂ ਦੀ ਪੱਤਰਕਾਰੀ ਦਾ ਆਗਾਜ਼ ਹੋਇਆ ਏਸ਼ੀਆ ਮੱਧ ਪੂਰਬ ਵਿਚੋਂ। ਪੰਜਾਬ, ਏਸ਼ੀਆ ਅਤੇ ਮੱਧ ਪੂਰਬ ਦੇ ਸਭ ਤੋਂ ਜ਼ਰਖੇਜ਼ ਖਿੱਤਿਆਂ ਵਿਚੋਂ ਹੈ, ਪਰ ਪੰਜਾਬੀ ਪੱਤਰਕਾਰੀ ਦਾ ਆਗਾਜ਼ ਅਮਰੀਕੀ ਪਾਦਰੀਆਂ ਨੇ ਕੀਤਾ। ਜਦ ਸਤਲੁਜ ਪਾਰ ਦਾ ਮਾਲਵਾ ਇਲਾਕਾ ਟੇਢੇ ਢੰਗ ਨਾਲ ਅੰਗਰੇਜ਼ਾਂ ਅਧੀਨ ਆ ਗਿਆ ਤਾਂ ਈਸਾਈ ਪਾਦਰੀਆਂ ਨੇ ਪੰਜਾਬ ਵਿਚ ਈਸਾਈਅਤ ਦਾ ਪ੍ਰਚਾਰ ਕਰਨ ਲਈ ਲੁਧਿਆਣਾ ਨੂੰ ਆਪਣਾ ਧੁਰਾ ਬਣਾ ਲਿਆ। ਆਲੀਸ਼ਾਨ ਚਰਚ ਬਣਾਉਣ ਦੇ ਨਾਲ-ਨਾਲ ਆਧੁਨਿਕ ਵਿਦਿਅਕ ਅਦਾਰੇ ਤੇ ਹਸਪਤਾਲ ਵਗੈਰਾ ਵੀ ਉਸਾਰੇ। ਅਮਰੀਕੀ ਪਾਦਰੀਆਂ ਨੇ ਲੱਕੜ ਦੇ ਅੱਖਰਾਂ ਵਾਲਾ ਛਾਪਾਖਾਨਾ ਲਿਜਾ ਕੇ ਲੁਧਿਆਣਾ ਤੋਂ ਹੀ 'ਲੁਧਿਆਣਾ ਗਜ਼ਟ' ਨਾਂ ਦਾ ਪਹਿਲਾ ਪੰਜਾਬੀ ਅਖਬਾਰ ਚਾਲੂ ਕੀਤਾ। ਇਸ ਦਾ ਮਕਸਦ ਸਿਰਫ਼ ਈਸਾਈਅਤ ਦਾ ਪ੍ਰਚਾਰ ਸੀ।

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿਰਫ ਦਸ ਸਾਲ ਯਾਨਿ 1849 ਵਿਚ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਅਧੀਨ ਆ ਗਿਆ। ਈਸਾਈਅਤ ਤੇਜ਼ੀ ਨਾਲ ਵਧਣ ਲੱਗੀ। ਈਸਾਈਅਤ ਖਿਲਾਫ਼ ਆਰੀਆ ਸਮਾਜ, ਸਿੰਘ ਸਭਾ ਲਹਿਰ ਅਤੇ ਇਸਲਾਮੀਆ ਸਮਾਜ ਵਰਗੀਆਂ ਲਹਿਰਾਂ ਉਠੀਆਂ। ਦੂਜਾ ਪਰਚਾ ਚਾਲੂ ਹੋਇਆ ਹਿੰਦੂ ਕੱਟੜ ਲੋਕਾਂ ਵਲੋਂ ਹਰਿਮੰਦਰ ਸਾਹਿਬ ਦੇ ਨਾਂ 'ਤੇ, 'ਗੋਲਡਨ ਟੈਂਪਲ ਨਿਊਜ਼।' ਇਹ ਪਰਚਾ ਦੇਖਣ ਨੂੰ ਸਿੱਖ ਪਰਚਾ ਲਗਦਾ, ਪਰ ਇਹ ਪਿਛਾਖੜੀ ਹਿੰਦੂ ਵਿਚਾਰਧਾਰਾ ਦਾ ਪ੍ਰਚਾਰ ਕਰਦਾ ਸੀ। ਦੇਖਾ-ਦੇਖੀ ਅਨੇਕਾਂ ਹੋਰ ਧਾਰਮਿਕ ਪਰਚੇ ਨਿਕਲਣ ਲੱਗੇ, ਪਰ ਆਪੋ-ਆਪਣੇ ਫਿਰਕਿਆਂ ਦੇ ਪ੍ਰਚਾਰ ਲਈ। ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਦਾ ਜਨਮ ਹੀ ਫ਼ਿਰਕਾਪ੍ਰਸਤੀ ਵਿਚੋਂ ਹੋਇਆ ਜੋ ਅਜੇ ਵੀ ਕਿਸੇ ਹੱਦ ਤੱਕ ਇਸ ਦੀ ਜਕੜ ਵਿਚ ਹੈ।

ਉਹ ਦੌਰ ਵੀ ਆਇਆ ਜਦੋਂ ਅੰਗਰੇਜ਼ਾਂ ਦੇ ਨਵੇਂ ਬਣੇ ਰਾਜਸੀ ਤੇ ਆਰਥਿਕ ਕਾਨੂੰਨਾਂ ਨੇ ਪੰਜਾਬ ਵਿਚ ਅਫਰਾ-ਤਫ਼ਰੀ ਪੈਦਾ ਕੀਤੀ। ਪੰਜਾਬੀ ਦੇਸ਼ ਛੱਡ ਵਿਦੇਸ਼ਾਂ ਵੱਲ ਨਿਕਲਣ ਲੱਗੇ ਅਤੇ ਅਮਰੀਕਾ-ਕੈਨੇਡਾ ਪਹੁੰਚੇ। ਹਾਲਾਤ ਬਹੁਤੇ ਸੁਖਾਵੇਂ ਨਾ ਹੋਣ ਕਰ ਕੇ ਆਪਣੇ ਦੇਸ਼ ਨੂੰ ਹੀ ਅਮਰੀਕਾ-ਕੈਨੇਡਾ ਵਰਗਾ ਆਜ਼ਾਦ ਦੇਸ਼ ਬਣਾਉਣ ਦੇ ਸੁਪਨੇ ਉਪਜੇ। ਫਿਰ ਲਹਿਰ ਬਣੀ। ਅਖਬਾਰ ਸ਼ੁਰੂ ਹੋਏ, ਸਭ ਭਾਸ਼ਾਵਾਂ ਵਿਚ। ਅੰਗਰੇਜ਼ੀ ਦਾ ਅਖਬਾਰ ਸੀ, 'ਹਿੰਦੁਸਤਾਨ ਟਾਈਮਜ਼' (ਜੋ ਭਾਰਤ ਵਿਚ ਹੁਣ ਵੀ ਛਪਦਾ ਹੈ, ਦਾ ਸਬੰਧ ਗਦਰ ਪਾਰਟੀ ਨਾਲ ਹੈ) ਅਤੇ ਦੂਜੇ 'ਗਦਰ' ਪੰਜਾਬੀ ਅਖਬਾਰ ਦੇ ਨਾਂ 'ਤੇ ਹੀ ਗਦਰ ਲਹਿਰ ਮਕਬੂਲ ਹੋਈ। 'ਗਦਰ' ਅਖਬਾਰ ਵੀ ਭਾਵੇਂ ਗਦਰੀਆਂ ਦੇ ਪ੍ਰਚਾਰ ਲਈ ਕੱਢੀ ਗਈ ਸੀ, ਪਰ ਇਸ ਨੂੰ ਮਾਡਰਨ ਪੰਜਾਬੀ ਪ੍ਰਿੰਟ ਮੀਡੀਆ ਦੀ ਸੈਕੂਲਰ ਤੇ ਅਗਾਂਹਵਧੂ ਮਾਂ ਅਖਬਾਰ ਕਿਹਾ ਜਾ ਸਕਦਾ ਹੈ।

ਫਿਰ ਦੇਸ਼ ਆਜ਼ਾਦ ਹੋਇਆ, ਪੰਜਾਬ ਦੀ ਵੰਡ ਹੋਈ ਅਤੇ ਇਸ ਦੇ ਨਾਲ ਹੀ ਪੰਜਾਬੀ ਪੱਤਰਕਾਰੀ ਮੌਲਣ ਲੱਗੀ। ਜਲੰਧਰ ਪੰਜਾਬੀ ਪੱਤਰਕਾਰੀ ਦਾ ਧੁਰਾ ਬਣ ਕੇ ਉਭਰਿਆ, ਪਰ ਇਹ ਵਿਰਾਸਤ ਵਿਚ ਮਿਲੀ ਫ਼ਿਰਕਾਪ੍ਰਸਤੀ ਦੀ ਕਾਲਖ ਨਾਲ ਕਲੰਕਤ ਹੁੰਦੀ ਰਹੀ। ਆਜ਼ਾਦੀ ਦਾ ਉਤਸ਼ਾਹ ਮੱਠਾ ਪੈਣ ਲੱਗਾ ਅਤੇ ਪੰਜਾਬੀ ਮੁੜ ਪਰਵਾਸ 'ਤੇ ਤੁਰ ਪਏ। ਨਾਲ ਹੀ ਪਰਵਾਸੀ ਪੰਜਾਬੀ ਪੱਤਰਕਾਰੀ ਦਾ ਆਗਾਜ਼ ਹੋਇਆ।

ਕਿਸੇ ਸਮੇਂ ਪਰਵਾਸੀ ਪੰਜਾਬੀ ਪੱਤਰਕਾਰੀ ਨੇ ਪੰਜਾਬੀ ਪੱਤਰਕਾਰੀ ਨੂੰ ਨਵੀਂ ਸੇਧ ਦਿੱਤੀ ਸੀ, ਹੁਣ ਪਰਵਾਸੀ ਪੱਤਰਕਾਰੀ ਪੀਲੀ ਪੱਤਰਕਾਰੀ ਦੇ ਰਾਹ ਤੁਰ ਪਈ ਹੈ। ਨਾਮਵਰ ਪਰਵਾਸੀ ਪੱਤਰਕਾਰ ਆਪੇ ਲਾਈ ਅੱਗ ਵਿਚ ਝੁਲਸੇ ਗਏ ਹਨ।

ਜੇ ਅੱਜ ਵੀ ਸਮੁੱਚੀ ਪੰਜਾਬੀ ਪੱਤਰਕਾਰੀ ਦੀ ਗੱਲ ਕਰਨੀ ਹੋਵੇ ਤਾਂ ਇਹ ਹੁਣ ਅਸਲੋਂ ਵੱਖਰੀ ਹੈ। ਅੱਜ ਦੀ ਪੱਤਰਕਾਰੀ ਨਿੱਤ ਵਾਪਰਦੀਆਂ ਘਟਨਾਵਾਂ, ਜਾਣਕਾਰੀਆਂ ਜਾਂ ਸੂਚਨਾਵਾਂ ਦੀ ਮੁਥਾਜ ਨਹੀਂ। ਪਿਛਲੇ ਡੇਢ-ਦੋ ਦਹਾਕਿਆਂ ਵਿਚ ਸੰਚਾਰ ਸਾਧਨਾਂ ਵਿਚ ਇੰਨਾ ਵੱਡਾ ਇਨਕਲਾਬ ਆਇਆ ਹੈ ਕਿ ਰੋਜ਼ਾਨਾ ਅਖਬਾਰਾਂ ਵੀ ਸੂਚਨਾਵਾਂ ਤੇ ਖਬਰਾਂ ਦੇ ਮਾਮਲੇ ਵਿਚ ਫਾਡੀ ਰਹਿ ਗਈਆਂ।

ਹਫਤਾਵਾਰੀ ਅਖਬਾਰਾਂ ਦੀ ਗੱਲ ਹੀ ਵੱਖਰੀ ਹੈ। ਸੋਸ਼ਲ ਮੀਡੀਆ ਨੇ ਨਵੀਂ ਤਰ੍ਹਾਂ ਦੀ ਪੱਤਰਕਾਰੀ ਨੂੰ ਜਨਮ ਦਿੱਤਾ। ਅਮਰੀਕਾ ਦੀਆਂ ਰੋਜ਼ਾਨਾ ਕੌਮੀ ਅਖਬਾਰਾਂ ਵੀ ਦੋ-ਢਾਈ ਪੰਨੇ ਸੋਸ਼ਲ ਮੀਡੀਆ ਦੀ ਤਾਜ਼ਾ ਜਾਣਕਾਰੀ ਲਈ ਖਰਚ ਕਰ ਰਹੀਆਂ ਹਨ। ਕਹਿਣ ਦਾ ਭਾਵ, ਅਖਬਾਰਾਂ ਖਾਸ ਕਰ ਕੇ ਹਫ਼ਤਾਵਾਰੀ ਅਖਬਾਰਾਂ ਦਾ ਕਾਰਜ ਪੇਤਲੀ ਖਬਰੀ ਜਾਣਕਾਰੀ ਮੁਹੱਈਆ ਕਰਵਾਉਣਾ ਨਹੀਂ, ਸਗੋਂ ਆਪਣੇ ਪਾਠਕ ਵਰਗ ਜਾਂ ਭਾਈਚਾਰੇ ਦੀਆਂ ਸਮੱਸਿਆਵਾਂ ਉਘਾੜਨਾ, ਉਨ੍ਹਾਂ ਦੇ ਹੱਲ ਤੇ ਸੰਭਾਵੀ ਸਮੱਸਿਆਵਾਂ ਬਾਰੇ ਅਗਾਊਂ ਚੌਕਸ ਕਰਨਾ ਅਤੇ ਆਪਣੇ ਵਿਰਸੇ, ਸਾਹਿਤ, ਸੰਗੀਤ ਜਾਂ ਸਮੁੱਚੇ ਸਭਿਆਚਾਰ ਨੂੰ ਉਭਾਰਨ, ਪ੍ਰਚਾਰਨ ਦਾ ਕਾਰਜ ਹੈ। ਇਹ ਕਾਰਜ ਹਫਤਾਵਾਰੀ 'ਪੰਜਾਬ ਟਾਈਮਜ਼' ਸਿਦਕਦਿਲੀ ਨਾਲ ਕਰ ਰਿਹਾ ਹੈ।

ਇਥੇ ਇਕ ਗੱਲ ਕਰਨ ਤੋਂ ਗੁਰੇਜ਼ ਨਹੀਂ ਕਰਾਂਗਾ। ਸ਼ਾਇਦ ਇਹ ਵਾਜਬ ਵੀ ਹੈ ਤੇ ਇਸ ਕਿੱਤੇ ਨਾਲ ਜੁੜਿਆ ਹੋਣ ਕਰ ਕੇ ਮੇਰਾ ਫਰਜ਼ ਵੀ ਬਣਦਾ ਹੈ। ਹਰ ਭਾਈਚਾਰੇ ਵਿਚ ਵਖਰੇਵੇਂ ਹੁੰਦੇ ਹਨ। ਇਨ੍ਹਾਂ ਵਖਰੇਵਿਆਂ ਨੂੰ ਜੇ ਸੁਣੀਏ, ਵਿਚਾਰੀਏ ਤੇ ਸਮਝੀਏ ਤਾਂ ਸਮੁੱਚਾ ਭਾਈਚਾਰਾ ਵਿਕਾਸ ਕਰਦਾ ਹੈ, ਪਰ ਸਾਡੇ ਭਾਈਚਾਰੇ ਵਿਚ ਸਾਡੀ ਭਾਸ਼ਾ ਦੇ ਅਨੇਕਾਂ ਅਖਬਾਰ ਹਨ ਜੋ ਵਿਰੋਧੀ ਧੜੇ ਨੂੰ ਆਪਣੇ ਅਖਬਾਰ ਵਿਚ ਗੱਲ ਕਹਿਣ ਦਾ ਮੌਕਾ ਹੀ ਨਹੀਂ ਦਿੰਦੇ, ਜਾਂ ਅਗਲੇ ਦੀ ਗੱਲ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਗਲਤ ਤੱਥਾਂ ਨਾਲ ਦੂਜੇ ਨੂੰ ਗਲਤ ਸਾਬਤ ਕਰਨ ਤੱਕ ਜਾਂਦੇ ਹਨ। ਨਿਜੀ ਮੁਫ਼ਾਦ ਪੱਤਰਕਾਰੀ ਉਤੇ ਭਾਰੂ ਪੈ ਗਏ ਹਨ। ਇਹ ਸਭ ਕੁਝ ਨਵੀਂ ਕਿਸਮ ਦੀ ਪੀਲੀ ਪੱਤਰਕਾਰੀ ਬਣ ਕੇ ਉਭਰ ਰਿਹਾ ਹੈ। ਮੈਂ 'ਪੰਜਾਬ ਟਾਈਮਜ਼' ਦਾ ਧੰਨਵਾਦੀ ਹਾਂ ਕਿ ਉਹ ਆਪਣੇ ਸੀਮਤ ਆਰਥਿਕ, ਸਮਾਜਿਕ ਅਤੇ ਮਨੁੱਖੀ ਸਾਧਨਾਂ ਤੇ ਸ਼ਕਤੀ ਦੇ ਬਾਵਜੂਦ ਉਸਾਰੂ ਰੋਲ ਨਿਭਾ ਰਿਹਾ ਹੈ। ਪੰਜਾਬ ਅੱਜ ਪੰਜ ਦਰਿਆਵਾਂ ਦੀ ਵਲਗਣ ਵਿਚ ਨਹੀਂ ਵਸਦਾ। ਇਹ ਬ੍ਰਹਿਮੰਡ ਵਿਚ ਵਸਦਾ ਹੈ। 'ਪੰਜਾਬ ਟਾਈਮਜ਼' ਅਮਰੀਕਾ ਦਾ ਮੋਹਰੀ ਪੰਜਾਬੀ ਹਫ਼ਤਾਵਰ ਨਹੀਂ, ਸਗੋਂ ਕੌਮਾਂਤਰੀ ਪੰਜਾਬੀ ਭਾਈਚਾਰੇ ਦਾ ਪਰਚਾ ਹੈ। ਪਿਛਲੇ ਸਮੇਂ ਵਿਚ ਜਿਵੇਂ ਪੰਜਾਬ ਟਾਈਮਜ਼ ਨੇ ਹਰ ਵਰਗ ਦੇ ਵਿਚਾਰਾਂ ਵਾਲਿਆਂ ਨੂੰ ਪਰਚੇ ਵਿਚ ਯੋਗ ਥਾਂ ਦੇ ਕੇ ਪੰਜਾਬ, ਪੰਜਾਬੀਅਤ ਅਤੇ ਕੌਮਾਂਤਰੀ ਪੰਜਾਬੀ ਭਾਈਚਾਰੇ ਦੀਆਂ ਰਾਜਸੀ, ਸਭਿਆਚਾਰਕ, ਆਰਥਿਕ ਤੇ ਸਮਾਜਿਕ ਸਮੱਸਿਆਵਾਂ ਨੂੰ ਉਭਾਰਿਆ ਹੈ, ਪੰਜਾਬੀ ਸਭਿਆਚਾਰ ਤੇ ਇਤਿਹਾਸ ਨੂੰ ਪ੍ਰਚਾਰਿਆ ਅਤੇ ਪੰਜਾਬੀਅਤ ਤੇ ਧਰਮ ਦੇ ਨਾਂ 'ਤੇ ਨਿਜੀ ਮੁਫ਼ਾਦਾਂ ਲਈ ਲੋਕਾਂ ਨੂੰ ਵੰਡਣ ਵਾਲਿਆਂ ਨੂੰ ਨੰਗਿਆਂ ਕੀਤਾ ਹੈ, ਉਸ ਲਈ ਸਮਾਜ ਪੰਜਾਬ ਟਾਈਮਜ਼ ਦਾ ਰਿਣੀ ਰਹੇਗਾ। ਅੰਤ ਵਿਚ ਇਕ ਬੇਨਤੀ ਭਾਈਚਾਰੇ ਨੂੰ, ਕਿ ਅੱਜ ਦੇ ਆਧੁਨਿਕ ਮੀਡੀਆ ਦੇ ਯੁੱਗ ਵਿਚ ਹਫਤਾਵਾਰੀ ਜਾਂ ਮਾਸਿਕ ਉਸਾਰੂ ਪਰਚੇ ਭਾਈਚਾਰੇ ਦੇ ਸਹਾਰੇ ਬਿਨਾਂ ਚਲਾਉਣੇ ਔਖੇ ਨਹੀਂ, ਸਗੋਂ ਅਸੰਭਵ ਹਨ। ਸੋ, ਆਪਾਂ ਸਭ ਨੂੰ ਆਪਣੇ ਅਗਾਂਹਵਧੂ, ਉਸਾਰੂ ਪਰਚਿਆਂ ਨਾਲ ਜੁੜਨਾ ਚਾਹੀਦਾ ਹੈ।

*-ਹਰਜਿੰਦਰ ਦੁਸਾਂਝ*
*ਯੂਬਾ ਸਿਟੀ, ਕੈਲੀਫੋਰਨੀਆ।*

## ਕਹਾਣੀ

# ਤਿਲਚੌਲੀ

***ਚੰਡੀਗੜ੍ਹ ਵੱਸਦੇ ਪੰਜਾਬੀ ਕਹਾਣੀਕਾਰ ਮੋਹਨ ਭੰਡਾਰੀ ਨੇ ਬੜੀਆਂ ਜਾਨਦਾਰ ਕਹਾਣੀਆਂ ਲਿਖੀਆਂ ਹਨ। ਉਹਦੀ ਲਿਖੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...' ਪੰਜਾਬੀ ਸਾਹਿਤ ਜਗਤ ਵਿਚ ਕਲਾਸਿਕ ਕਹਾਣੀ ਦਾ ਦਰਜਾ ਰੱਖਦੀ ਹੈ। ਕਹਾਣੀ 'ਤਿਲਚੌਲੀ' ਵਿਚ ਲੇਖਕ ਨੇ ਲੁੱਟਦੇ ਅਤੇ ਲੁਟੀਂਦੇ ਲੋਕਾਂ ਦਾ ਬਿਰਤਾਂਤ ਬਹੁਤ ਸਹਿਜ ਰੂਪ ਵਿਚ ਪੇਸ਼ ਕੀਤਾ ਹੈ। ਕਹਾਣੀ ਵਿਚ ਕਿਰਤ ਦੀ ਮਹਿਮਾ ਹੈ ਅਤੇ ਨਾਲ ਦੀ ਨਾਲ ਇਸ ਤੋਂ ਤੋੜ-ਵਿਛੋੜਾ ਕਰਨ ਵਾਲੇ ਦਾ ਹਾਲ ਵੀ ਸੰਕੇਤਕ ਰੂਪ ਵਿਚ ਦੱਸਿਆ ਗਿਆ ਹੈ। -ਸੰਪਾਦਕ***



**ਮੋਹਨ ਭੰਡਾਰੀ**

ਚੌਧਰੀ ਰੌਣਕ ਮੱਲ ਭਮੱਤਰ ਗਿਆ। ਉਹ ਸਿਰ ਤੋਂ ਪੈਰਾਂ ਤੱਕ ਕੰਬ ਉਠਿਆ। ਪਸੀਨਾ ਉਹਦੀ ਚਿਉਕਣੀ ਗੋਗੜ 'ਤੇ ਇਉਂ ਫਿਰ ਗਿਆ, ਜਿਵੇਂ ਰੱਜੀ ਹੋਈ ਭੋਂ ਉਪਰ ਕੱਸੀ ਦਾ ਪਹਿਲਾ ਪਾਣੀ ਫਿਰ ਜਾਂਦਾ ਹੈ। ਉਹਨੂੰ ਸ਼ਾਮ ਦੇ ਘੁਸਮੁਸੇ ਤੋਂ ਡਰ ਲੱਗ ਰਿਹਾ ਸੀ। ਚੁਪਾਸੇ ਵਰਤੀ ਮੌਤ ਜਿਹੀ ਚੁੱਪ ਨੇ ਉਹਨੂੰ ਹੋਰ ਵੀ ਭੈਭੀਤ ਕਰ ਦਿੱਤਾ। ਉਹਨੇ ਆਪਣੇ ਆਲੇ ਦੁਆਲੇ ਦੇਖਿਆ। ਚਾਰੇ ਪਾਸੇ ਹਨੇਰਾ ਫੈਲਿਆ ਹੋਇਆ ਸੀ। ਭਖਦੀ ਭੱਠੀ ਵਿਚੋਂ ਨਿਕਲਦੇ ਪੰਘਰੇ ਲੋਹੇ ਵਰਗੇ ਭਿਆਨਕ ਖਿਆਲਾਂ ਨੇ ਉਹਦੇ ਲਹੂ ਦਾ ਦੌਰਾ ਤੇਜ਼ ਕਰ ਦਿੱਤਾ। ਭਿਆਨਕ ਤੇ ਅਜੀਬ ਜਿਹੇ ਖਿਆਲ ਉਸ ਨੂੰ ਆਉਣ ਲੱਗੇ ਤੇ ਮੌਤ ਵਰਗੇ ਕਈ ਖਿਆਲ ਉਹਦੇ ਮਨ ਵਿਚ ਆਏ, "ਜੇ ਭਲਾ ਇਸ ਹਨੇਰੀ ਰਾਤ 'ਚ ਮੈਨੂੰ ਕੋਈ ਮਾਰ ਜਾਏ। ਮੇਰਾ ਗਲ ਹੀ ਘੁੱਟ ਦੇਵੇ। ਜਾਂ ਰੱਸਿਆਂ ਨਾਲ ਨੂੜ ਕੇ ਮੈਨੂੰ ਕੀੜਿਆਂ ਦੇ ਭੌਣ 'ਤੇ ਸੁੱਟ ਜਾਏ। ਕੀੜੇ ਮੇਰੀ ਬੋਟੀ ਬੋਟੀ ਚੂੰਡ ਲੈਣ।" ਫੇਰ ਉਹਨੂੰ ਯਾਦ ਆਇਆ ਕਿ ਕਿਵੇਂ ਪੰਦਰਾਂ ਦਿਨ ਪਹਿਲਾਂ ਦੀ ਇਹੋ ਜਿਹੀ ਇਕ ਸ਼ਾਮ ਹੀ ਤਿੰਨ ਡਾਕੂਆਂ ਨੇ ਲਾਗਲੇ ਪਿੰਡ ਨੂੰ ਜਾਂਦੇ ਕਿਸੇ ਪਿਓ ਪੁੱਤ ਨੂੰ ਘੇਰ ਲਿਆ ਸੀ। ਪਿਓ ਦੇ ਦੇਖਦਿਆਂ ਦੇਖਦਿਆਂ ਪੁੱਤ ਨੂੰ ਗੋਲੀਆਂ ਨਾਲ ਛਾਣ ਦਿੱਤਾ ਸੀ। ਉਸ ਪਿੱਛੋਂ ਪਿਓ ਨੂੰ ਵੀ। ਟਾਹਲੀ ਉਹਲੇ ਲੁਕਿਆ ਕੋਈ ਰਾਹੀ ਇਹ ਦੇਖ ਕੇ ਡਰ ਗਿਆ ਸੀ ਤੇ ਭੱਜ ਉਠਿਆ ਸੀ। ਭੱਜੇ ਜਾਂਦੇ ਉਹਦੇ ਕੰਨਾਂ ਕੋਲ ਦੀ ਕਿੰਨੀਆਂ ਹੀ ਗੋਲੀਆਂ ਸ਼ਾਂ ਸ਼ਾਂ ਕਰਦੀਆਂ ਲੰਘ ਗਈਆਂ ਸਨ, ਪਰ ਉਹ ਬਚ ਗਿਆ। ਇਹ ਸਾਰੀ ਵਿਥਿਆ ਚੌਧਰੀ ਰੌਣਕ ਮੱਲ ਨੇ ਆਪ ਆਪਣੇ ਕੰਨੀਂ ਓਸ ਬੰਦੇ ਤੋਂ ਸੁਣੀ ਸੀ।

ਉਹ ਤਾਂ ਇਸ ਸੁੰਨਸਾਨ ਵਿਚ ਇਕੱਲਾ ਸੀ। ਬਿਲਕੁਲ ਇਕੱਲਾ। ਇਕ ਵਾਰੀ ਫੇਰ ਉਹਦਾ ਸਾਰਾ ਸਰੀਰ ਕੰਬ ਗਿਆ।

ਦੂਰ...ਸਾਹਮਣੇ ਚੁਰੱਸਤੇ ਵਿਚ ਕਿਸੇ ਪੁੱਤ ਵਿਗੁਚੀ ਦੇ ਬਜਾਲੇ ਟੂਣੇ ਦੇ ਦੀਵੇ ਦੀ ਲਾਟ ਕੰਬ ਰਹੀ ਸੀ।

ਕਾਹਲੀ ਕਾਹਲੀ ਉਹ ਆਪਣੇ ਘਰ ਨੂੰ ਤੁਰ ਪਿਆ। ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾਉਣ ਆਇਆ ਉਹ ਬੜੇ ਠਰ੍ਹੰਮੇ ਨਾਲ, ਹਵਾ ਨਾਲ ਹਠਖੇਲੀਆਂ ਕਰਦਾ ਆਇਆ ਸੀ। ਘਰ ਨੂੰ ਮੁੜੇ ਜਾਂਦੇ ਦੇ ਉਹਦੇ ਕਦਮ ਥਿੜਕ ਥਿੜਕ ਜਾਂਦੇ ਸਨ। ਉਹਨੂੰ ਲੱਗਿਆ ਜਿਵੇਂ ਕੋਈ ਉਹਦਾ ਪਿੱਛਾ ਕਰ ਰਿਹਾ ਹੋਵੇ। ਉਹਦੇ ਬਿਲਕੁਲ ਨਾਲ ਕੋਈ ਤੁਰ ਰਿਹਾ ਹੋਵੇ। ਉਹਨੇ ਪਿੱਛੇ ਮੁੜ ਕੇ ਦੇਖਿਆ। ਉਥੇ ਤਾਂ ਕੋਈ ਵੀ ਨਹੀਂ ਸੀ। ਉਹਦਾ ਪਰਛਾਵਾਂ ਹੀ ਸੀ, ਜਿਹੜਾ ਸ਼ਾਇਦ ਉਸ ਤੋਂ ਵੱਧ ਡਰਿਆ ਹੋਇਆ ਸੀ। ਉਸ ਤੋਂ ਜ਼ਿਆਦਾ ਉਹ ਕੰਬ ਰਿਹਾ ਸੀ।

ਖੜਕਾ ਹੋਣ ਦੇ ਡਰੋਂ ਪੰਜ-ਗਜ਼ੀ ਧੋਤੀ ਦਾ ਲੜ ਉਹਨੇ ਇਕ ਹੱਥ ਨਾਲ ਫੜ ਲਿਆ। ਸੰਭਲ ਸੰਭਲ ਤੁਰਦਾ ਉਹ ਇੰਦਾਂ ਆਪਣੇ ਘਰ ਆ ਵੜਿਆ, ਜਿੰਦਾਂ ਕੋਈ ਸੱਪ ਚਾਨਣ ਦੀ ਮਸਤੀ ਵਿਚ ਖੇਡਦਾ ਖੇਡਦਾ ਕਿਸੇ ਅਣਡਿੱਠ ਨਿਉਲੇ ਦੀ ਨਜ਼ਰ ਚੜ੍ਹਨੋਂ ਡਰਦਾ ਆਪਣੀ ਖੁੱਡ ਵਿਚ ਸਰਕ ਜਾਂਦਾ ਹੈ।

ਅੰਦਰੋਂ ਤਾਕੀ ਵਿਚ ਦੀ ਉਸ ਬਾਹਰ ਵੱਲ ਦੇਖਿਆ। ਲੋਕਾਂ ਦਾ ਹੜ੍ਹ ਸ਼ਹਿਰ ਵੱਲ ਆ ਰਿਹਾ ਸੀ।

ਅਗਲੇ ਕਮਰੇ ਵਿਚ ਵੜਦਿਆਂ ਹੀ ਉਹ ਆਪਣੇ ਨਵਾਰੀ ਪਲੰਘ 'ਤੇ ਡਿੱਗ ਪਿਆ। ਪਿਆ ਪਿਆ ਆਪਣੀ ਪਹਿਲੀ ਜ਼ਿੰਦਗੀ ਬਾਰੇ ਸੋਚਣ ਲੱਗਾ। ਸੋਚਦਾ ਉਹ ਉਥੇ ਪੁੱਜ ਗਿਆ, ਜਿੱਥੇ ਚੌਧਰੀ ਰੌਣਕ ਮੱਲ ਨਹੀਂ ਸੀ ਹੁੰਦਾ। ਬੱਸ ਰੌਣਕੀ ਹੁੰਦਾ ਸੀ। ਇਕੱਲਾ, ਮਾਂ ਦਾ ਲਾਡਲਾ, ਰੌਣਕੀ! ਤੇ ਉਹ ਪਿੰਡਾਂ ਵਿਚ ਫਿਰ ਕੇ ਕੱਪੜੇ ਵੇਚਦਾ ਹੁੰਦਾ ਸੀ। ਛੋਟੀ ਜਿਹੀ ਕੱਪੜੇ ਦੀ ਭਾਰੀ ਗਠੜੀ ਕਿਸੇ ਬਾਜ਼ੀਗਰਨੀ ਦੀ ਪਿੱਠ 'ਤੇ ਲੱਦੇ ਨਿਆਣੇ ਵਾਂਗ ਉਹਦੀਆਂ ਵੱਖੀਆਂ ਵਿਚ ਵੜ ਵੜ ਜਾਂਦੀ। ਪਿੰਡ ਦੀਆਂ ਸੁਆਣੀਆਂ ਨੂੰ ਗਜ਼ ਗਜ਼ ਕੱਪੜਾ ਵੇਚਦਾ ਉਹ ਮਸਾਂ ਗੁਜ਼ਾਰਾ ਤੋਰਦਾ। ਥੱਕਿਆ ਟੁੱਟਿਆ ਘਰ ਆ ਕੇ ਜਦ ਉਹ ਆਪਣੀ ਜ਼ਨਾਨੀ ਦੇ ਹੱਥਾਂ ਦੀ ਪੱਕੀ ਰੋਟੀ ਖਾਂਦਾ ਤਾਂ ਉਹਦਾ ਸਾਰਾ ਥਕੇਵਾਂ ਲਹਿ ਜਾਂਦਾ। ਦੋਵੇਂ ਵੇਲੇ ਮਿਲਦੀ ਰੁੱਖੀ-ਮਿੱਸੀ ਰੋਟੀ ਉਹਨੂੰ ਬਹੁਤ ਸੁਆਦ ਲੱਗਦੀ ਤੇ ਉਹ ਇਸ ਲਈ ਰੱਬ ਦਾ ਸੌ ਸੌ ਸ਼ੁਕਰ ਕਰਦਾ। ਜ਼ਿੰਦਗੀ ਉਹਦੀ ਸਾਵੀਂ ਤੁਰ ਰਹੀ ਸੀ।

ਇਕ ਦਿਨ ਉਹਦਾ ਕੱਪੜਾ ਬਹੁਤ ਵਿਕਿਆ। ਕੁਝ ਰੁਪਏ ਉਹਨੂੰ ਉਧਾਰ ਦੇ ਮਿਲ ਗਏ। ਘਰ ਆ ਕੇ ਉਹਨੇ ਜਦ ਸਾਰੇ ਗਿਣੇ ਤਾਂ ਪੂਰੇ ਸੌ ਰੁਪਏ ਸਨ।

ਸੌ ਸੌ ਦੇ ਨੋਟ ਤਾਂ ਉਹਨੇ ਬਹੁਤ ਦੇਖੇ ਸਨ। ਸ਼ਹਿਰ ਦੇ ਹਟਵਾਣੀਏ ਦੀ ਦੁਕਾਨ ਦਾ ਗੱਲਾ ਸੌ ਸੌ ਦੇ ਨੋਟਾਂ ਨਾਲ ਹੀ ਤਾਂ ਭਰਿਆ ਰਹਿੰਦਾ ਸੀ। ਉਹਨੂੰ ਪਤਾ ਨਹੀਂ ਕੀ ਅਹੁੜਿਆ ਕਿ ਉਹ ਛੋਟੇ ਨੋਟਾਂ ਬਦਲੇ ਪਿੰਡ ਦੇ ਸ਼ਰਾਬ ਦੇ ਠੇਕੇ ਤੋਂ ਸੌ ਦਾ ਇਕੋ ਇਕ ਨੋਟ ਬਦਲਾ ਲਿਆਇਆ। ਉਹਦੀ ਤਾਂ ਤੋਰ ਹੀ ਬਦਲ ਗਈ। ਘਰ ਵਿਚ ਪਹਿਲੀ ਵੇਰ ਸੌ ਦਾ ਨੋਟ ਆਇਆ ਸੀ।

ਕੋਰੇ ਕੁੱਜੇ ਵਿਚ ਸੌ ਦਾ ਨੋਟ ਰੱਖ ਕੇ ਉਹਨੇ ਨਵੇਂ ਥਾਨ ਨਾਲੋਂ ਲੀਰ ਪਾੜ ਕੇ ਉਹਦਾ ਮੂੰਹ ਬੰਨ੍ਹ ਦਿੱਤਾ। ਕੁੱਜਾ ਉਹ ਕੱਚੀ ਕੋਠੀ ਵਿਚ ਰੱਖ ਕੇ ਲੰਮਾ ਪੈ ਗਿਆ। ਸਾਰੀ ਦੀ ਸਾਰੀ ਰਾਤ ਉਹ ਪਾਸੇ ਮਾਰਦਾ ਰਿਹਾ। ਉਹਨੂੰ ਨੀਂਦ ਨਹੀਂ ਸੀ ਆ ਰਹੀ। ਉਹ ਘੰਟੇ ਘੰਟੇ ਪਿੱਛੋਂ ਕੁੱਜੇ ਦਾ ਮੂੰਹ ਖੋਲ੍ਹ ਕੇ ਸੌ ਦੇ ਨੋਟ ਨੂੰ ਹੱਥਾਂ ਨਾਲ ਟੋਹ ਟੋਹ ਕੇ ਮੁੜ ਕੋਠੀ ਵਿਚ ਰੱਖ ਦਿੰਦਾ।

ਉਸ ਰਾਤ ਉਹਦੀ ਅਜੀਬ ਹਾਲਤ ਹੋ ਗਈ ਸੀ।

ਉਹਦੀ ਘਰਵਾਲੀ ਉਸ ਦੀ ਇਹ ਹਾਲਤ ਵੇਖ ਵੇਖ ਘਬਰਾ ਰਹੀ ਸੀ। ਉਸ ਨੂੰ ਕੀ ਝੱਲ ਚੜ੍ਹ ਗਿਆ ਸੀ, ਉਸ ਰਾਤ। ਉਹ ਹੁਣ ਵੀ ਕਦੇ ਕਦੇ ਸੋਚਣ ਲੱਗ ਜਾਂਦੀ।

ਫੇਰ ਉਹਨੇ ਆਪਣੇ ਪਿੰਡ ਹੀ ਬਜਾਜੀ ਦੀ ਹੱਟੀ ਪਾ ਲਈ ਤੇ ਉਹ ਰੌਣਕੀ ਦੀ ਥਾਂ ਰੌਣਕ ਮੱਲ ਬਣ ਗਿਆ।

ਪਿੰਡ ਵਿਚ ਉਹਦਾ ਸੁਹਣਾ ਵਣਜ ਚਲ ਗਿਆ। ਦੋ ਦੋ ਚਾਰ ਚਾਰ ਤੋਂ ਵਧਦੀਆਂ ਅਸਾਮੀਆਂ ਹੁਣ ਸਾਰੇ ਪਿੰਡ ਵਿਚ ਫੈਲ ਗਈਆਂ।

ਕੱਪੜੇ 'ਤੇ ਲੱਗੇ ਕੰਟਰੋਲ ਨੇ ਉਹਨੂੰ ਬਲੈਕ ਕਰਨੀ ਸਿਖਾਈ। ਨਿੱਤ ਨਵੇਂ ਟੈਕਸਾਂ ਨੇ ਉਹਨੂੰ ਦੂਹਰੀਆਂ ਵਹੀਆਂ ਰੱਖਣੀਆਂ ਸਿਖਾ ਦਿੱਤੀਆਂ। ਪਿੰਡ ਦਾ ਵਾਲ ਵਾਲ ਉਹਦਾ ਕਰਜ਼ਾਈ ਸੀ। ਸਾਰੇ ਇਲਾਕੇ ਵਿਚ ਹੁਣ "ਰੌਣਕ ਮੱਲ, ਰੌਣਕ ਮੱਲ" ਹੋ ਰਹੀ ਸੀ।

ਫੇਰ ਉਹਨੂੰ ਆਪਣਾ ਪਿੰਡ ਛੋਟਾ ਛੋਟਾ ਲੱਗਣ ਲੱਗਾ। ਜਿਵੇਂ ਉਹਦੀ ਦਿਨ-ਪਰ-ਦਿਨ ਵਧਦੀ ਗੋਗੜ ਹੁਣ ਇਸ ਪਿੰਡ ਵਿਚ ਨਹੀਂ ਸੀ ਸਮਾ ਸਕਦੀ।

ਇਕ ਰਾਤ ਉਹ ਟਰੱਕ ਵਿਚ ਸਮਾਨ ਪਾ ਕੇ ਲਾਗਲੇ ਸ਼ਹਿਰ ਆ ਵੜਿਆ। ਆਸਾਮੀਆਂ ਪਿੰਡਾਂ ਤੋਂ ਸ਼ਹਿਰ ਦੇ ਚੱਕਰ ਮਾਰਨ ਲੱਗੀਆਂ। ਜਿਸ ਦੀ ਧੀ ਭੈਣ ਦਾ ਵਿਆਹ ਧਰਿਆ ਜਾਂਦਾ, ਉਹ ਰੌਣਕ ਮੱਲ ਕੋਲ ਜ਼ਰੂਰ ਪੁੱਜਦਾ। ਜ਼ਮੀਨ ਗਹਿਣੇ ਧਰ ਕੇ ਆਪਣੀ ਗਰਜ਼ ਪੂਰੀ ਕਰਦਾ। ਰੌਣਕ ਮੱਲ ਦੇ ਗੁਣ ਗਾਉਂਦਾ ਉਹ ਥੱਕਦਾ ਨਾ।

ਹੁਣ ਰੌਣਕ ਮੱਲ ਦੇ ਦੋ ਭੱਠੇ ਚੱਲਦੇ ਸਨ। ਉਹਦੇ ਆਪਣੇ ਟਰੱਕ ਚੱਲਦੇ ਸਨ। ਕਈ ਕੰਪਨੀਆਂ ਦਾ ਉਹ ਹਿੱਸੇਦਾਰ ਸੀ। ਉਹਦਾ ਏਨਾ ਕੰਮ ਹੋਣ 'ਤੇ ਵੀ ਉਹਨੂੰ ਹੁਣ ਕੋਈ ਕੰਮ ਨਹੀਂ ਸੀ। ਬੱਸ ਗੋਗੜ 'ਤੇ ਘੜੀ ਮੁੜੀ ਉਹ ਹੱਥ ਫੇਰਦਾ ਰਹਿੰਦਾ। ਕਦੇ ਕਦੇ ਮਸਤੀ ਵਿਚ ਆ ਕੇ ਆਪਣੀ ਘਰਵਾਲੀ 'ਤੇ ਰੋਅਬ ਝਾੜਦਾ ਉਹ ਕਹਿੰਦਾ, "ਭਾਗਵਾਨੇ, ਕੀ ਸਮਝਦੀ ਹੈਂ, ਜਿਹੜੇ ਰੌਣਕੀ ਨੂੰ ਘਰ ਵਿਚ ਸੌ ਦਾ ਨੋਟ ਪਿਆ ਦੇਖ ਕੇ ਉਸ ਰਾਤ ਨੀਂਦ ਨਹੀਂ ਸੀ ਆਈ, ਅੱਜ ਚਾਰ ਡਿੰਗਾਂ 'ਤੇ ਪਿਸ਼ਾਬ ਕਰਨ ਗਿਆ ਏਨਾ ਕਮਾ ਲੈਂਦੈ।"

ਵਧੀ ਗੋਗੜ 'ਤੇ ਉਹਦਾ ਹੱਥ ਮੱਲੋ-ਮੱਲੀ ਫਿਰਨ ਲੱਗ ਜਾਂਦਾ। ਇਸ ਸਾਲ ਦੀਆਂ ਚੋਣਾਂ ਵਿਚ ਉਹ ਸ਼ਹਿਰ ਦਾ ਮੁਖੀਆ ਚੁਣਿਆ ਗਿਆ। ਰੌਣਕ ਮੱਲ ਤੋਂ ਹੁਣ ਉਹ ਚੌਧਰੀ ਰੌਣਕ ਮੱਲ ਬਣ ਗਿਆ।

ਏਨਾ ਕੁਝ ਹੋਣ 'ਤੇ ਵੀ ਉਹਨੂੰ ਚੈਨ ਨਹੀਂ ਸੀ ਮਿਲਿਆ। ਵਪਾਰਕ ਧੰਦਿਆਂ ਵਿਚ ਉਲਝਿਆ ਉਹ ਦਿਨ ਰਾਤ ਭਟਕਦਾ ਰਹਿੰਦਾ। ਉਹਦੀਆਂ ਕਈ ਆਸਾਮੀਆਂ ਉਹਨੂੰ ਅੱਖਾਂ ਦਿਖਾਉਣ ਲੱਗ ਜਾਂਦੀਆਂ। ਕਈ ਆਸਾਮੀਆਂ ਮਰ-ਮੁੱਕਰ ਜਾਂਦੀਆਂ। ਉਹਦੇ ਆਪਣੇ ਖਾਸ ਪਿੰਡ ਦਾ ਬਚਨਾ ਕਾਮਰੇਡ ਖੁੱਲ੍ਹਮ-ਖੁੱਲ੍ਹਾ ਉਹਦੇ ਖਿਲਾਫ਼ ਪ੍ਰਚਾਰ ਕਰਦਾ ਫਿਰਦਾ ਰਹਿੰਦਾ। ਬਾਂਹ ਕੱਢ ਕੇ, ਉਹਦੀਆਂ ਦੁਕਾਨਾਂ ਦੀ ਕਤਾਰ ਵੱਲ ਇਸ਼ਾਰਾ ਕਰ ਕੇ ਉਹ ਕਹਿੰਦਾ, "ਓਏ ਰੌਣਕਾ, ਕੀਹਦੀ ਖਾਤਰ ਜੋੜਦੈਂ ਇਹ ਮਿਲਖਾਂ, ਮੌਕਾ ਔਣ 'ਤੇ ਲੋਕਾਂ ਨੇ ਇਹ ਆਪੇ ਸਾਂਭ ਲੈਣੀਆਂ ਨੇ।"

ਇਹ ਸੁਣ ਕੇ ਚੌਧਰੀ ਰੌਣਕ ਮੱਲ ਉਪਰੋਂ ਤਾਂ ਹੱਸ ਛੱਡਦਾ, ਪਰ ਅੰਦਰੋ-ਅੰਦਰ ਜਿਵੇਂ ਉਹਨੂੰ ਕਾਂਬਾ ਛਿੜ ਜਾਂਦਾ। ਆਪਸ ਵਿਚ ਗੱਲਾਂ ਕਰਦੇ ਲੋਕ ਉਹਨੂੰ ਲੱਗਦਾ, ਜਿਵੇਂ ਉਹਦੀਆਂ ਹੀ ਚੁਗਲੀਆਂ ਕਰ ਰਹੇ ਹੋਣ, ਉਹਦੇ ਖਿਲਾਫ਼ ਵਿਉਂਤਾਂ ਬਣਾ ਰਹੇ ਹੋਣ।

ਕਈ ਕਈ ਭਰਮ, ਕਈ ਕਈ ਵਹਿਮ ਖਾਹ-ਮਖਾਹ ਉਹਨੂੰ ਤੰਗ ਕਰੀ ਜਾਂਦੇ। ਉਹਦੀਆਂ ਰਾਤਾਂ ਦੀ ਨੀਂਦ ਹਰਾਮ ਹੁੰਦੀ ਰਹਿੰਦੀ। ਕਦੇ ਕਦੇ ਉਹ ਉਭੜਵਾਹੇ ਉਠ ਬਹਿੰਦਾ। ਭੈੜੇ ਭੈੜੇ ਸੁਪਨੇ ਉਸ ਨੂੰ ਆਉਂਦੇ ਰਹਿੰਦੇ।

ਫੇਰ ਉਹਨੇ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਹੀ ਛੱਡ ਦਿੱਤਾ। ਪੰਡਤਾਂ ਭਾਈਆਂ ਨੂੰ ਉਹ ਪੂਜਣ ਲੱਗਾ। ਇਲਾਕੇ ਦੇ ਵੱਡੇ ਸੰਤਾਂ ਨੂੰ ਕਈ ਵੇਰਾਂ ਕਾਰ ਵਿਚ ਬਿਠਾ ਕੇ ਆਪਣੇ ਸ਼ਹਿਰ ਲੈ ਆਇਆ। ਸਾਲ ਵਿਚ ਕਈ ਸਤਸੰਗ ਉਹਨੇ ਕਰਾਏ। ਸਕੂਲਾਂ, ਮੰਦਰਾਂ ਤੇ ਗੁਰਦੁਆਰਿਆਂ ਨੂੰ ਉਹਨੇ ਹਜ਼ਾਰਾਂ ਰੁਪਏ ਮਦਦ ਵਜੋਂ ਦਿੱਤੇ। ਹੜ੍ਹ ਪੀੜਤਾਂ ਵਿਚ ਉਹਨੇ ਹਜ਼ਾਰਾਂ ਕੰਬਲ ਵੰਡੇ। ਇਲੈਕਸ਼ਨ ਫੰਡ ਵਿਚ ਉਹਨੇ ਐਡੀ ਵੱਡੀ ਥੈਲੀ ਭੇਟ ਕੀਤੀ ਕਿ ਵੱਡੇ ਵੱਡੇ ਸ਼ਾਹੂਕਾਰਾਂ ਦੇ ਦੰਦ ਜੋੜ ਦਿੱਤੇ।

ਪਰ ਫੇਰ ਕੀ ਇਕ ਖੋਹ ਜਿਹੀ, ਇਕ ਭਟਕਣ ਜਿਹੀ ਉਹਨੂੰ ਅੰਦਰੋ-ਅੰਦਰ ਖਾਈ ਜਾਂਦੀ। ਆਪਣੇ ਕੰਮ ਵੱਲੋਂ ਅਵੇਸਲਾ ਹੋ ਕੇ, ਕੰਮ ਜਿਹੜਾ ਹੁਣ ਆਪੇ ਹੀ ਚਲੀ ਜਾ ਰਿਹਾ ਸੀ, ਉਹ ਚੈਨ ਭਾਲ ਰਿਹਾ ਸੀ। ਉਹੋ ਜਿਹਾ ਚੈਨ ਜਿਹੜਾ ਉਹਨੂੰ ਕਦੇ ਪਿੰਡਾਂ 'ਚ ਗਜ਼ ਗਜ਼ ਕੱਪੜਾ ਵੇਚ ਕੇ ਆਏ ਥੱਕੇ ਟੁੱਟੇ ਨੂੰ ਚੁੱਲ੍ਹੇ ਮੂਹਰੇ ਬਹਿ ਕੇ ਰੁੱਖੀ-ਮਿੱਸੀ ਰੋਟੀ ਖਾਂਦਿਆਂ ਨਸੀਬ ਹੁੰਦਾ ਸੀ। "ਕਿੰਨਾ ਠਰ੍ਹੰਮਾ, ਕਿੰਨਾ ਚੈਨ ਸੀ ਉਸ ਜ਼ਿੰਦਗੀ ਵਿਚ", ਕਦੇ ਕਦੇ ਉਹ ਸੋਚਦਾ।

ਫੇਰ ਉਹਨੂੰ ਇਕ ਪਰਤਾਪੀ ਸੰਤਾਂ ਦੇ ਦਰਸ਼ਨ ਹੋਏ। ਸਾਰੀ ਵਿਥਿਆ ਉਹਨੇ ਸੰਤਾਂ ਨੂੰ ਕਹਿ ਸੁਣਾਈ। ਇਕ ਵੇਰਾਂ ਤਾਂ ਉਹ ਸੰਤਾਂ ਅੱਗੇ ਚੌਧਰੀ ਮੱਲ ਤੋਂ ਇਕ ਤੁੱਛ ਰੌਣਕੀ ਬਣ ਗਿਆ। ਸੰਤ ਨੂੰ ਦਇਆ ਆ ਗਈ, ਉਹਦੀ ਇਹ ਹਾਲਤ ਦੇਖ ਕੇ। ਮੂੰਹ ਵਿਚ ਘਾਹ, ਗਲ ਵਿਚ ਖੱਦਰ ਦਾ ਪਰਨਾ ਅਤੇ ਨੰਗੇ ਪੈਰੀਂ ਸ਼ਹਿਰ ਦਾ ਚੌਧਰੀ ਉਨ੍ਹਾਂ ਦੇ ਚਰਨਾਂ ਵਿਚ ਢਹਿਆ ਪਿਆ ਸੀ।

ਸੰਤਾਂ ਨੇ ਜੱਗ ਕਰਾਇਆ। ਉਨ੍ਹਾਂ ਨੇ ਉਹਦਾ ਹੱਥ ਲਵਾ ਕੇ ਗਰੀਬਾਂ ਨੂੰ ਕੱਪੜੇ ਵੰਡਾਏ। ਬ੍ਰਾਹਮਣਾਂ ਨੂੰ ਕਈ ਕਪਲਾ ਗਊਆਂ ਦਾਨ ਕਰਵਾਈਆਂ। ਉਹ ਉਹਦੇ ਕੋਲ ਸਵਾ ਮਹੀਨਾ ਰਹੇ। ਜਾਂਦੇ ਹੋਏ ਉਹਨੂੰ ਉਹ ਅਸੀਸ ਦੇ ਗਏ ਤੇ ਕਹਿ ਗਏ, "ਦੇਖ... ਰੌਣਕ ਮੱਲ... ਕੱਲ੍ਹ ਨੂੰ ਮੰਗਲਵਾਰ ਹੈ। ਕੱਲ੍ਹ ਤੋਂ ਹੀ ਡੁੱਬਦੇ ਸੂਰਜ ਨਾਲ ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾ ਕੇ ਆਇਆ ਕਰ। ਸਵਾ ਸਾਲ ਤਿਲਚੌਲੀ ਪਾਉਂਦਾ ਰਿਹਾ, ਤਾਂ ਇਹ ਬੇਜ਼ੁਬਾਨ ਕੀੜੇ ਤੈਨੂੰ ਤਾਰ ਦੇਣਗੇ। ਦੇਖੀਂ... ਕਿਤੇ ਭੁੱਲ ਨਾ ਜਾਈਂ।"

ਇਹ ਕਹਿ ਕੇ ਸੰਤ, ਨਗਰੀ ਤੋਂ ਬਾਹਰ ਹੋ ਗਏ। ਹੁਣ ਹਰ ਡੁੱਬਦੇ ਸੂਰਜ ਨਾਲ ਚੌਧਰੀ ਰੌਣਕ ਮੱਲ ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾਉਣ ਜਾਂਦਾ। ਵੱਡੇ ਤੋਂ ਵੱਡਾ ਕੰਮ ਛੱਡ ਉਹ ਆਪਣੇ ਹੱਥੀਂ ਤਿਲਚੌਲੀ ਪਾ ਕੇ ਆਉਂਦਾ। ਕਿੰਨਾ ਕਿੰਨਾ ਚਿਰ ਉਹ ਕੀੜਿਆਂ ਦੇ ਭੌਣ 'ਤੇ ਬੈਠਾ ਚੌਲਾਂ ਪਿੱਛੇ ਕੀੜਿਆਂ ਦੀ ਲੜਾਈ ਦੇਖਦਾ ਰਹਿੰਦਾ, ਸੁਆਦ ਲੈਂਦਾ ਰਹਿੰਦਾ। ਆਪਣੀ ਜ਼ਿੰਦਗੀ ਉਹਨੂੰ ਫੇਰ ਸਾਵੀ ਹੁੰਦੀ ਜਾਪੀ।

ਕਈ ਦਿਨਾਂ ਤੋਂ ਇਕ ਅਜੀਬ ਤਮਾਸ਼ਾ ਕੀੜਿਆਂ ਦਾ ਉਹ ਵੇਖ ਰਿਹਾ ਸੀ। ਛੋਟੇ ਛੋਟੇ ਕੀੜਿਆਂ ਤੋਂ ਇਕ ਵੱਡੇ ਕੱਦ-ਬੁੱਤ ਵਾਲਾ ਕੀੜਾ ਤਿਲ ਲੱਗੀ ਸ਼ੱਕਰ ਦੀ ਚਿਬਕੀ ਰੋੜੀ ਖੋਹ ਕੇ ਲੈ ਜਾਂਦਾ। ਉਹਦਾ ਇਹ ਹਮਲਾ ਵੇਖ ਕੇ ਚੌਧਰੀ ਖਿੜ ਉਠਦਾ। "ਕਿੰਨਾ ਹਿੰਮਤੀ ਐ, ਸਦਕੇ ਤੇਰੇ।" ਉਹਦੇ ਮੂੰਹੋਂ ਆਪੇ ਨਿਕਲ ਜਾਂਦਾ।

ਅੱਜ ਸ਼ਹਿਰ ਵਿਚ ਕੁਸ਼ਤੀਆਂ ਸਨ। ਇਲਾਕੇ ਵਿਚੋਂ ਆਏ ਕਰਜ਼ਾਈ ਭੇਡੇ ਪਾਈਂ, ਸ਼ਰਾਬ ਵਿਚ ਗੁੱਟ, ਉਹਦੇ ਵੱਲ ਘੂਰ ਘੂਰ ਦੇਖਦੇ ਸਨ। ਕਾਮਰੇਡ ਬਚਨਾ ਲੋਕਾਂ ਦੇ ਹੜ੍ਹ ਵਿਚ ਚਾਮ੍ਹਲਿਆ ਇਉਂ ਸੀ ਜਿਵੇਂ ਵਿਆਹ ਵਿਚ ਨਾਇਣ ਫਿਰਦੀ ਹੁੰਦੀ ਹੈ। ਚੌਧਰੀ ਰੌਣਕ ਮੱਲ ਨੂੰ ਕੁਸ਼ਤੀਆਂ ਵੇਖਣਾ ਅੱਜ ਚੰਗਾ ਨਾ ਲੱਗਿਆ।

ਉਹ ਤਾਂ ਆਪਣੇ ਪਹਿਲਵਾਨ ਕੀੜੇ ਦੇ ਦਾਓ-ਪੇਚ ਹੀ ਵੇਖੇਗਾ... ਇਹ ਸੋਚਦਾ, ਠਰ੍ਹੰਮੇ ਨਾਲ ਤੁਰਦਾ, ਅਠਖੇਲੀਆਂ ਕਰਦਾ, ਉਹ ਕੀੜਿਆਂ ਦੇ ਭੌਣ 'ਤੇ ਪੁੱਜਾ। ਤਿਲਚੌਲੀ ਪਾਉਣ ਤੋਂ ਪਹਿਲਾਂ ਉਹਨੇ ਇਕ ਨਿੱਕੀ ਜਿਹੀ ਚਿਬਕੀ ਹੋਈ ਤਿਲਾਂ ਨਾਲ ਭਰੀ ਗੁੜ ਦੀ ਰੋੜੀ ਭੌਣ 'ਤੇ ਸੁੱਟੀ।

ਤਮਾਸ਼ਾ ਵੇਖਣ ਲਈ ਉਹ ਤਿਆਰ ਹੋ ਗਿਆ। ਐਤਕੀਂ ਉਹਦੇ ਮੂੰਹੋਂ 'ਸਦਕੇ ਤੇਰੇ' ਨਾ ਨਿਕਲਿਆ। ਉਹ ਕੰਬ ਗਿਆ।

ਵੱਡੇ ਕੀੜੇ ਤੋਂ ਗੁੜ ਦੀ ਨਿੱਕੀ ਜਿਹੀ ਡਲੀ ਖੋਹ ਕੇ ਛੋਟੇ ਛੋਟੇ ਪੰਜ ਛੇ ਕੀੜੇ ਆਪਣੀ ਖੁੱਡ ਵੱਲ ਚਾਈਂ ਚਾਈਂ ਲਿਜਾ ਰਹੇ ਸਨ।



## ਮਿੰਨੀ ਕਹਾਣੀ

### ਟੋਭੇ ਵਾਲੀ ਸਮਾਧ

ਸੜਕ 'ਤੇ ਕੰਮ ਕਰਨ ਵਾਲੇ ਮਜ਼ਦੂਰ ਰੋਜ਼ ਵਾਂਗ ਦੁਪਹਿਰ ਦੀ ਰੋਟੀ ਖਾ ਕੇ ਦਰਖਤਾਂ ਦੀ ਛਾਂਵੇਂ ਬੇਫਿਕਰ ਹੋ ਕੇ ਸੌਂ ਜਾਂਦੇ। ਅੱਜ ਉਹ ਪਿੰਡ ਦੇ ਟੋਭੇ ਦੇ ਸਾਹਮਣੇ ਸੜਕ 'ਤੇ ਕੰਮ ਕਰ ਰਹੇ ਸੀ। ਦੁਪਹਿਰ ਪਿੱਛੋਂ ਉਨ੍ਹਾਂ ਪਹਿਲਾਂ ਵਾਂਗ ਇਥੇ ਵੀ ਇੱਟਾਂ ਦਾ ਆਰਜ਼ੀ ਚੁੱਲ੍ਹਾ ਬਣਾ ਕੇ ਚਾਹ ਬਣਾਈ ਅਤੇ ਚਾਹ ਪੀ ਕੇ ਮੁੜ ਕੰਮ ਕਰਨ ਲੱਗ ਪਏ। ਅਗਲੇ ਦਿਨ ਉਹ ਅੱਗੇ ਲੰਘ ਗਏ।

ਇੱਟਾਂ ਦਾ ਚੁੱਲ੍ਹਾ, ਸਮਾਂ ਬੀਤਣ ਨਾਲ ਮਿੱਟੀ ਨਾਲ ਭਰ ਗਿਆ। ਟੋਭੇ 'ਤੇ ਖੇਡਦੇ ਬੱਚਿਆਂ ਨੇ ਜਿਵੇਂ ਕਿ ਉਨ੍ਹਾਂ ਨੂੰ ਮਿੱਟੀ ਨਾਲ ਖੇਡਣ ਦਾ ਸ਼ੌਕ ਹੁੰਦਾ ਹੈ, ਮਿੱਟੀ ਦੇ ਨਾਲ ਚੁੱਲ੍ਹੇ ਨੂੰ ਲਿੱਪ ਦਿੱਤਾ।

ਟੋਭੇ ਵਿਚੋਂ ਸਵੇਰੇ-ਸ਼ਾਮ ਪਿੰਡ ਦੇ ਲੋਕ ਡੰਗਰ ਨੁਹਾ ਕੇ ਲਿਜਾਂਦੇ ਸਨ। ਸੜਕ ਤੋਂ ਡੰਗਰਾਂ ਦੇ ਪਾਰ ਕਰਨ ਸਮੇਂ ਥੋੜੇ ਦਿਨਾਂ ਬਾਅਦ ਹੀ ਕੋਈ ਨਾ ਕੋਈ ਹਾਦਸਾ ਵਾਪਰ ਜਾਂਦਾ। ਇਕ ਦਿਨ ਇਕ ਸਕੂਟਰ ਸਵਾਰ ਅਤੇ ਉਸ ਦੀ ਪਤਨੀ ਟੋਭੇ ਕੋਲੋਂ ਤੇਜ਼ੀ ਨਾਲ ਲੰਘ ਰਹੇ ਸਨ ਕਿ ਅਚਾਨਕ ਹੀ ਟੋਭੇ ਵਿਚੋਂ ਮੱਝ ਨਿਕਲ ਕੇ ਸੜਕ 'ਤੇ ਆ ਗਈ। ਸਕੂਟਰ ਸਵਾਰ ਨੇ ਮੱਝ ਨੂੰ ਬਚਾਉਣ ਲਈ ਬਰੇਕਾਂ ਲਾ ਦਿੱਤੀਆਂ ਅਤੇ ਉਹ ਮੂਧੇ ਮੂੰਹ ਡਿਗ ਪਏ। ਕਾਫੀ ਸੱਟਾਂ ਲੱਗੀਆਂ, ਲੋਕੀਂ ਉਨ੍ਹਾਂ ਦੁਆਲੇ ਇਕੱਠੇ ਹੋ ਗਏ। ਭੀੜ 'ਚੋਂ ਹੀ ਇਕ ਬੋਲਿਆ, "ਇਹ ਤਾਂ ਜਗ੍ਹਾ ਈ ਕੈੜੀ ਆ, ਇਥੇ ਤਾਂ ਪਹਿਲਾਂ ਵੀ ਕਈ ਰਗੜੇ ਗਏ ਨੇ, ਕੋਈ ਪੁੰਨਦਾਨ ਕਰਨਾ ਚਾਹੀਦਾ ਏਥੇ।"

ਸਕੂਟਰ ਸਵਾਰ ਦੀ ਸੜਕ 'ਤੇ ਬੈਠੇ ਦੀ ਨਿਗ੍ਹਾ ਅਚਾਨਕ ਸਾਹਮਣੇ ਮਟੀ ਵਰਗੀ ਚੀਜ਼ 'ਤੇ ਪਈ। ਇਹ ਬੱਚਿਆਂ ਦਾ ਲਿੰਪਿਆ ਚੁੱਲ੍ਹਾ ਹੀ ਸੀ ਜੋ ਕਿ ਮਿੱਟੀ ਨਾਲ ਭਰ ਚੁਕਾ ਸੀ। ਉਹਨੇ ਸੋਚਿਆ, ਜ਼ਰੂਰ ਇਹ ਕੋਈ ਪੁਰਾਣੀ ਪੂਜਣਯੋਗ ਥਾਂ ਹੋਣੀ ਏ। ਕੋਲ ਖੜ੍ਹੇ ਲੋਕਾਂ ਤੋਂ ਉਸ ਨੇ ਪੁੱਛ ਹੀ ਲਿਆ, "ਇਹ ਕੀ ਏ?" ਤਾਂ ਵਿਚੋਂ ਹੀ ਕਿਸੇ ਨੇ ਕਿਹਾ, "ਇਹ ਤਾਂ ਕਿਸੇ ਪੀਰ ਦੀ ਥਾਂ ਲਗਦੀ ਹੈ। ਇਥੇ ਤਾਂ ਜ਼ਰੂਰ ਭੰਡਾਰਾ ਕਰਨਾ ਚਾਹੀਦਾ ਏ।"

ਸਕੂਟਰ ਸਵਾਰ ਨੇ ਜੇਬ ਵਿਚੋਂ ਪੰਜਾਹ ਦਾ ਨੋਟ ਕੱਢ ਕੇ ਇਸ ਥਾਂ ਲਈ ਦੇ ਦਿੱਤਾ। ਉਹ ਆਪਣੀ ਭੁੱਲ ਬਖ਼ਸ਼ਾ ਕੇ ਸ਼ੁਕਰ ਕਰਦਾ ਆਪਣੇ ਘਰ ਮਸਾਂ ਪੁੱਜਿਆ। ਲੋਕਾਂ ਨੇ ਥੋੜ੍ਹੇ ਦਿਨਾਂ ਬਾਅਦ ਪੈਸੇ ਇਕੱਠੇ ਕਰਕੇ ਭੰਡਾਰਾ ਚਲਾ ਦਿੱਤਾ। ਰਾਹਗੀਰਾਂ ਨੇ ਵਾਹਵਾ ਹਿੱਸਾ ਪਾਇਆ। ਕਾਫੀ ਪੈਸੇ ਦੀ ਬੱਚਤ ਵੀ ਹੋ ਗਈ। ਕੁਝ ਦਾਨੀ ਸੱਜਣਾਂ ਨੇ ਹੋਰ ਪੈਸੇ ਵਿਚ ਪਾ ਕੇ ਇਕ ਸਮਾਧ ਬਣਾ ਦਿੱਤੀ। ਦੇਖਦੇ ਹੀ ਦੇਖਦੇ ਇਹ ਸਮਾਧ ਇਥੇ ਇਕ ਵੱਡੀ ਬਿਲਡਿੰਗ ਦਾ ਰੂਪ ਧਾਰਨ ਕਰ ਚੁੱਕੀ ਸੀ। ਲੋਕੀਂ ਦੂਰੋਂ ਦੂਰੋਂ ਆ ਕੇ ਆਪਣੀਆਂ ਮੁਰਾਦਾਂ ਪੂਰੀਆਂ ਕਰਨ ਲਈ ਸੁੱਖਾਂ ਸੁੱਖਦੇ। ਅੱਧ ਤੋਂ ਵੱਧ ਦੀਆਂ ਸੁੱਖਾਂ ਤਾਂ ਅਚਾਨਕ ਹੀ ਵਰ ਆ ਜਾਂਦੀਆਂ। ਲੋਕ ਸੁੱਖ ਪੂਰੀ ਹੋਣ 'ਤੇ ਖੁੱਲ੍ਹ ਦਿਲੀ ਨਾਲ ਚੜ੍ਹਾਵਾ ਚੜ੍ਹਾਉਂਦੇ। ਚੜ੍ਹਾਵਾ ਜ਼ਿਆਦਾ ਹੋਣ ਕਾਰਨ ਹੁਣ ਪ੍ਰਬੰਧਕ ਕਮੇਟੀ ਦੀ ਚੋਣ ਲਈ ਪ੍ਰਧਾਨ ਬਣਨ ਲਈ ਵੀ ਖਿੱਚ ਧੂਹ ਹੋਣ ਲੱਗ ਪਈ।

ਕਈ ਸਾਲਾਂ ਬਾਅਦ ਉਹੀ ਮਜ਼ਦੂਰ ਸੜਕ ਦੀ ਦੁਬਾਰਾ ਮੁਰੰਮਤ ਕਰਨ ਲਈ ਟੋਭੇ ਕੋਲ ਆਏ ਤਾਂ ਉਹ ਟੋਭੇ ਵਾਲੇ ਬਾਬੇ ਦੀ ਸਮਾਧ ਬਣੀ ਦੇਖ ਕੇ ਹੈਰਾਨ ਸਨ। ਲੰਗਰ ਹਰ ਸਮੇਂ ਚੱਲ ਰਿਹਾ ਸੀ। ਅੱਜ ਵਿਚਾਰੇ ਉਹ ਖੁਸ਼ ਸਨ ਕਿਉਂਕਿ ਉਨ੍ਹਾਂ ਨੂੰ ਚਾਹ ਬਣਾਉਣ ਲਈ ਚੁੱਲ੍ਹਾ ਨਹੀਂ ਸੀ ਬਾਲਣਾ ਪੈਣਾ ਕਿਉਂਕਿ ਹੁਣ ਇਥੇ ਚਾਹ ਦਾ ਲੰਗਰ ਵੀ ਚੱਲ ਰਿਹਾ ਸੀ।

***-ਮੇਜਰ ਸਿੰਘ ਨਾਭਾ***

# ਕਬਰਾਂ ਦੇ ਵਿਚ ਖਪ ਗਿਆ ਮਿਰਜ਼ਾ ਸੋਹਣਾ ਜਵਾਨ

**ਬਲਰਾਜ ਸਿੰਘ ਸਿੱਧੂ**

ਪੰਜਾਬ ਦੇ ਸਾਰੇ ਛੋਟੇ ਵੱਡੇ ਗਵੱਈਆਂ ਨੇ ਸਾਹਿਬਾਂ ਨੂੰ ਪਾਣੀ ਪੀ ਪੀ ਕੇ ਕੋਸਿਆ ਹੈ। ਪੰਜਾਬ ਦੀਆਂ ਲੋਕ ਕਥਾਵਾਂ ਵਿਚ ਸਭ ਤੋਂ ਜ਼ਿਆਦਾ ਬੇਇਨਸਾਫ਼ੀ ਸਾਹਿਬਾਂ ਦੇ ਕਿਰਦਾਰ ਨਾਲ ਹੋਈ ਹੈ। ਉਸ ਨੂੰ ਧੋਖੇਬਾਜ਼, ਯਾਰ ਮਾਰ, ਤੇ ਪਤਾ ਨਹੀਂ ਕੀ ਕੀ ਕਹਿ ਕੇ ਭੰਡਿਆ ਗਿਆ ਹੈ। ਸਾਹਿਬਾਂ ਨੂੰ ਭੰਡਣ ਵਾਲਿਆਂ ਨੂੰ ਗੌਰ ਕਰਨਾ ਚਾਹੀਦਾ ਹੈ ਕਿ ਕੋਈ ਪ੍ਰੇਮੀ, ਪ੍ਰੇਮਿਕਾ ਨੂੰ ਵਿਆਹ ਵਾਲੇ ਦਿਨ ਲੈ ਕੇ ਫਰਾਰ ਹੋ ਜਾਵੇ ਤੇ ਫਿਰ ਰਸਤੇ ਵਿਚ ਘਾਤ ਲਾ ਕੇ ਉਸ ਦੇ ਭਰਾਵਾਂ ਨੂੰ ਜਾਨੋਂ ਮਾਰਨ ਦੀਆਂ ਤਰਕੀਬਾਂ ਬਣਾਵੇ ਤਾਂ ਕੁੜੀ ਨੂੰ ਕੀ ਕਰਨਾ ਚਾਹੀਦਾ ਹੈ? ਕੀ ਉਸ ਨੂੰ ਆਪਣੀਆਂ ਅੱਖਾਂ ਸਾਹਮਣੇ ਬੇਕਸੂਰ ਸਕੇ ਭਰਾਵਾਂ ਨੂੰ ਮਰਦੇ ਵੇਖਣਾ ਚਾਹੀਦਾ ਹੈ?

ਉਂਜ ਤਾਂ ਮਿਰਜ਼ਾ ਸਾਹਿਬਾਂ ਦੀ ਕਹਾਣੀ ਬਾਰੇ ਸਾਰੇ ਜਾਣਦੇ ਹੀ ਹਨ, ਫਿਰ ਵੀ ਸੰਖੇਪ ਵਿਚ ਇਹ ਕਹਾਣੀ ਇਉਂ ਹੈ: ਮਿਰਜ਼ਾ ਸਾਹਿਬਾਂ ਦੀ ਪ੍ਰੇਮ ਕਹਾਣੀ 17ਵੀਂ ਸਦੀ ਵਿਚ ਵਾਪਰੀ ਸੀ। ਸਾਹਿਬਾਂ ਖੀਵੇ ਪਿੰਡ ਦੇ ਚੌਧਰੀ ਮਾਹਣੀ ਖ਼ਾਨ ਸਿਆਲ ਦੀ ਧੀ ਸੀ ਜੋ ਹੁਣ ਪਾਕਿਸਤਾਨੀ ਪੰਜਾਬ ਦੇ ਝੰਗ ਜ਼ਿਲ੍ਹੇ ਵਿਚ ਪੈਂਦਾ ਹੈ। ਮਿਰਜ਼ਾ ਗੰਜੀ ਬਾਰ ਦੇ ਪਿੰਡ ਦਾਨਾਬਾਦ (ਹੁਣ ਤਹਿਸੀਲ ਜੜ੍ਹਾਂਵਾਲਾ, ਜ਼ਿਲ੍ਹਾ ਫੈਸਲਾਬਾਦ) ਦੇ ਚੌਧਰੀ ਵੰਝਲ ਖ਼ਾਨ ਖਰਲ ਦਾ ਪੁੱਤਰ ਸੀ। ਦੋਵਾਂ ਪਿੰਡਾਂ ਵਿਚ ਤਕਰੀਬਨ 80-90 ਕਿਲੋਮੀਟਰ ਫ਼ਾਸਲਾ ਹੈ। ਸਾਹਿਬਾਂ ਮਿਰਜ਼ੇ ਦੇ ਸਕੇ ਮਾਮੇ ਦੀ ਧੀ ਸੀ। ਮਿਰਜ਼ੇ ਨੂੰ ਪੜ੍ਹਨ ਲਈ ਮਾਸੀ ਬੀਬੋ ਕੋਲ ਨਾਨਕੇ ਭੇਜਿਆ ਗਿਆ ਜਿੱਥੇ ਉਸ ਦਾ ਸਾਹਿਬਾਂ ਨਾਲ ਪਿਆਰ ਪੈ ਗਿਆ। ਵੰਝਲ ਖ਼ਾਨ ਨੇ ਵੀ ਮਿਰਜ਼ੇ ਦੀ ਮਾਂ ਨੂੰ ਘਰੋਂ ਭਜਾ ਕੇ ਵਿਆਹ ਕਰਵਾਇਆ ਸੀ। ਇਸ ਖੁੰਦਕ ਕਾਰਨ ਮਾਹਣੀ ਖ਼ਾਨ ਨੇ ਮਿਰਜ਼ਾ ਸਾਹਿਬਾਂ ਦਾ ਰਿਸ਼ਤਾ ਮਨਜ਼ੂਰ ਕਰਨ ਤੋਂ ਨਾਂਹ ਕਰ ਦਿੱਤੀ ਤੇ ਸਾਹਿਬਾਂ ਦਾ ਰਿਸ਼ਤਾ ਚੰਦੜ ਗੋਤ ਦੇ ਜੱਟ ਤਾਹਿਰ ਖ਼ਾਨ ਨਾਲ ਪੱਕਾ ਕਰ ਦਿੱਤਾ। ਇਸ ਦਾ ਪਤਾ ਲੱਗਣ 'ਤੇ ਮਿਰਜ਼ਾ ਵਿਆਹ ਤੋਂ ਪਹਿਲੀ ਰਾਤ ਸਾਹਿਬਾਂ ਨੂੰ ਲੈ ਗਿਆ, ਪਰ ਰਸਤੇ ਵਿਚ ਆਰਾਮ ਕਰਨ ਲਈ ਸੌਂ ਗਿਆ। ਸਾਹਿਬਾਂ ਨੇ ਬਹੁਤ ਵਾਸਤੇ ਪਾਏ, ਪਰ ਮਿਰਜ਼ਾ ਨਾ ਮੰਨਿਆ। ਸਾਹਿਬਾਂ ਦੇ ਸਮਝਾਉਣ ਦੇ ਬਾਵਜੂਦ ਉਹ ਸ਼ੇਖੀਆਂ ਮਾਰਨ ਲੱਗਾ:

ਕੋਈ ਨਹੀਂ ਦੀਂਹਦਾ ਸੂਰਮਾ,  
ਜੋ ਮੈਨੂੰ ਹੱਥ ਕਰੇ।  
ਮੈਂ ਕਟਕ ਭਿੜਾਂ ਦਿਆਂ ਟੱਕਰੀਂ,  
ਮੈਥੋਂ ਮੌਤ ਡਰੇ।  
ਵਲ ਵਲ ਵੱਢ ਦਿਆਂ ਸੂਰਮੇ,  
ਜਿਉਂ ਖੇਤੀਂ ਪੈਣ ਗੜੇ।  
ਮੈਂ ਵੱਢ ਕੇ ਸਿਰ ਸਿਆਲਾਂ ਦੇ,  
ਸੁਟੂੰਗਾ ਵਿਚ ਰੜੇ।

ਸਾਹਿਬਾਂ ਚਾਹੇ ਮਿਰਜ਼ੇ ਨਾਲ ਪਿਆਰ ਕਰਦੀ ਸੀ, ਪਰ ਉਸ ਦਾ ਆਪਣੇ ਭਰਾਵਾਂ ਨਾਲ ਕੋਈ ਅਜਿਹਾ ਵੈਰ ਵਿਰੋਧ ਨਹੀਂ ਸੀ ਕਿ ਉਨ੍ਹਾਂ ਦਾ ਕਤਲ ਕਰਵਾ ਦਿੰਦੀ। ਭਰਾਵਾਂ ਦੇ ਪਿਆਰ ਅੱਗੇ ਮਿਰਜ਼ੇ ਦਾ ਪਿਆਰ ਹਾਰ ਗਿਆ। ਉਸ ਨੇ ਮਿਰਜ਼ੇ ਦੇ ਤੀਰ ਤੋੜ ਦਿੱਤੇ। ਚੰਦੜਾਂ ਅਤੇ ਸਿਆਲਾਂ ਦੀ ਧਾੜ ਨੇ ਦੋਵਾਂ ਨੂੰ ਘੇਰ ਕੇ ਕਤਲ ਕਰ ਦਿੱਤਾ। ਕਿੱਸਾਕਾਰ ਪੀਲੂ ਨੇ ਮਿਰਜ਼ੇ ਦਾ ਕਿਰਦਾਰ ਬਹੁਤ ਬਹਾਦਰ ਤੇ ਸ਼ਕਤੀਸ਼ਾਲੀ ਚਿਤਰਿਆ ਹੈ। ਉਸ ਦੀ ਮੌਤ ਦਾ ਕਾਰਨ ਸਾਹਿਬਾਂ ਵੱਲੋਂ ਤੀਰ ਤੋੜਨਾ ਦੱਸਿਆ ਹੈ, ਪਰ ਅਸਲ ਵਿਚ ਅਜਿਹੀ ਗੱਲ ਨਹੀਂ ਲੱਗਦੀ। ਮਿਰਜ਼ੇ ਦੀ ਕਹਾਣੀ ਨੂੰ ਸੱਚ ਦੀ ਕਸਵੱਟੀ 'ਤੇ ਪਰਖਿਆ ਜਾਵੇ ਤਾਂ ਉਸ ਦੀ ਮੌਤ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਹੈ, ਉਸ ਦਾ ਅਤਿ ਦਾ ਹੰਕਾਰੀ ਹੋਣਾ। ਆਪਣੇ ਆਪ ਅਤੇ ਆਪਣੀ ਬੱਕੀ ਉਪਰ ਲੋੜ ਤੋਂ ਵੱਧ ਵਿਸ਼ਵਾਸ ਕਰਨਾ।

ਬਹਿ ਨਾਲ ਯਕੀਨ ਦੇ,  
ਮੇਰੀ ਬੱਕੀ ਨਾ ਨਿੰਦ ਕੇ ਜਾ,  
ਇਹ ਪਾਣੀ ਪੀਂਦੀ ਅੰਬਰੋਂ,  
ਅਰਸ਼ਾਂ ਤੋਂ ਚੁਗਦੀ ਘਾਹ।

ਮਿਰਜ਼ੇ ਨੇ ਸਾਹਿਬਾਂ ਨੂੰ ਲੈ ਕੇ ਦਾਨਾਬਾਦ ਪਹੁੰਚਣ ਦੀ ਕਾਹਲੀ ਵਿਚ ਬੱਕੀ 'ਤੇ ਜ਼ਰੂਰਤ ਤੋਂ ਜ਼ਿਆਦਾ ਦਬਾਅ ਪਾ ਦਿੱਤਾ। ਬੱਕੀ ਇੱਕ ਦਿਨ ਪਹਿਲਾਂ ਹੀ ਮਿਰਜ਼ੇ ਨੂੰ ਲੈ ਕੇ ਖੀਵੇ ਪਹੁੰਚੀ ਸੀ। ਅਗਲੇ ਦਿਨ ਤੜਕੇ ਹੀ ਬਿਨਾਂ ਆਰਾਮ ਕੀਤੇ ਮਿਰਜ਼ਾ ਸਾਹਿਬਾਂ ਨੂੰ ਲੈ ਕੇ ਵਾਪਸ ਦਾਨਾਬਾਦ ਨੂੰ ਚੱਲ ਪਈ। ਦੋ ਸਵਾਰਾਂ ਦਾ ਭਾਰ ਲੈ ਕੇ 80 ਕਿਲੋਮੀਟਰ ਸਫ਼ਰ ਨਿਰੰਤਰ ਤੇਜ਼ੀ ਨਾਲ ਤੈਅ ਕਰਨਾ ਚੰਗੀ ਤੋਂ ਚੰਗੀ ਨਸਲ ਦੇ ਘੋੜੇ ਲਈ ਵੀ ਸੰਭਵ ਨਹੀਂ। ਸਭ ਤੋਂ ਵਧੀਆ ਨਸਲ ਦੇ ਘੋੜੇ (ਅਰਬੀ, ਥੈਰੋਬਰੈਡ) ਦੀ ਪੂਰੀ ਰਫ਼ਤਾਰ (ਗੈਲੋਪਿੰਗ) ਵੀ ਵੱਧ ਤੋਂ ਵੱਧ 40-50 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ, ਪਰ ਘੋੜਾ ਇੰਨੀ ਰਫ਼ਤਾਰ ਨਾਲ ਲਗਾਤਾਰ ਇੱਕ ਦੋ ਕਿਲੋਮੀਟਰ ਤੋਂ ਜ਼ਿਆਦਾ ਨਹੀਂ ਦੌੜ ਸਕਦਾ। ਦੁੜਕੀ ਚਾਲ 15-20 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਬੱਕੀ ਚਾਹੇ ਕਿੰਨੀ ਵੀ ਤਕੜੀ ਸੀ, ਉਹ ਵੀ ਦੋ ਸਵਾਰ ਲੈ ਕੇ ਲਗਾਤਾਰ ਪੂਰੀ ਰਫ਼ਤਾਰ ਨਾਲ ਨਹੀਂ ਸੀ ਦੌੜ ਸਕਦੀ। ਉਹ ਤੁਰ ਕੇ ਜਾਂ ਦੁੜਕੀ ਚਾਲ ਹੀ ਆਈ ਹੋਵੇਗੀ। ਇਸ ਲਈ ਦਾਨਾਬਾਦ ਪਹੁੰਚਣ 'ਤੇ ਉਸ ਨੂੰ 5-6 ਘੰਟੇ ਲੱਗਣੇ ਸਨ। ਇਸ ਕਾਰਨ ਲੱਗਦਾ ਹੈ ਕਿ ਸਿਆਲਾਂ ਦੇ ਤਾਜ਼ਾਦਮ ਘੋੜਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਹੋਵੇਗਾ ਤੇ ਮਾਰ ਦਿੱਤਾ ਹੋਵੇਗਾ।

***ਮਿਰਜ਼ੇ ਦੀ ਕਬਰ 'ਤੇ ਦਸ ਚੇਤਰ ਨੂੰ ਮੇਲਾ ਲੱਗਦਾ ਹੈ। ਸ਼ਾਇਦ ਇਸੇ ਦਿਨ ਮਿਰਜ਼ਾ ਸਾਹਿਬਾਂ ਦਾ ਕਤਲ ਹੋਇਆ ਹੋਵੇ। ਮਿਰਜ਼ੇ ਨੂੰ ਆਪਣੇ ਪਿੰਡ ਦੀ ਮਿੱਟੀ ਵੀ ਨਸੀਬ ਨਹੀਂ ਹੋਈ। ਮਿਰਜ਼ਾ ਸਾਹਿਬਾਂ ਨੂੰ ਮਰਨ ਵਾਲੀ ਜਗ੍ਹਾ 'ਤੇ ਹੀ ਦਫਨਾ ਦਿੱਤਾ ਗਿਆ। ਪਾਕਿਸਤਾਨੀ ਲੇਖਕ ਤਾਰਿਕ ਅਮੀਰ ਨੇ 2014 ਵਿਚ ਕਬਰਾਂ ਦਾ ਦੌਰਾ ਕੀਤਾ ਸੀ। ਉਸ ਨੇ ਲਿਖਿਆ ਹੈ ਕਿ ਕਬਰਾਂ ਉਤੇ ਨਵਾਂ ਹੀ ਤਿਆਰ ਕੀਤਾ ਸਾਧਾਰਨ ਜਿਹਾ ਕਮਰਾ ਬਣਿਆ ਹੋਇਆ ਹੈ। ਕਮਰੇ ਦੀ ਦਿੱਖ ਤੋਂ ਜਾਪਦਾ ਹੈ ਕਿ ਇਹ ਦੋ ਤਿੰਨ ਸਾਲ ਪਹਿਲਾਂ ਹੀ ਤਿਆਰ ਕੀਤਾ ਗਿਆ ਹੈ।***



*ਮਿਰਜ਼ਾ ਸਾਹਿਬਾਂ ਦੀ ਕਬਰ ਉਤੇ ਬਣਿਆ ਕਮਰਾ।*

ਦੂਜੀ ਗੱਲ ਰਹੀ ਮਿਰਜ਼ੇ ਨੂੰ ਨੀਂਦ ਆਉਣ ਦੀ। ਜਿਸ ਜਗ੍ਹਾ ਮਿਰਜ਼ਾ ਸਾਹਿਬਾਂ ਕਤਲ ਹੋਏ ਸਨ, ਉਹ ਦਾਨਾਬਾਦ ਤੋਂ ਸਿਰਫ਼ ਦੋ ਤਿੰਨ ਕਿਲੋਮੀਟਰ ਬਾਹਰਵਾਰ ਖੇਤਾਂ ਵਿਚ ਹੈ। ਜਿਸ ਬੰਦੇ ਪਿੱਛੇ ਵਾਹਰ ਲੱਗੀ ਹੋਵੇ, ਉਸ ਨੂੰ ਅਚਾਨਕ ਪਿੰਡ ਲਾਗੇ ਜਾ ਕੇ ਨੀਂਦ ਨਹੀਂ ਆ ਸਕਦੀ। ਅਸਲ ਵਿਚ ਮਿਰਜ਼ੇ ਦਾ ਇਰਾਦਾ ਸ਼ੁਰੂ ਤੋਂ ਹੀ ਸਾਹਿਬਾਂ ਦੇ ਭਰਾ ਸ਼ਮੀਰ ਅਤੇ ਮੰਗੇਤਰ ਤਾਹਿਰ ਖ਼ਾਨ ਚੰਦੜ ਨੂੰ ਕਤਲ ਕਰਨ ਦਾ ਸੀ। ਉਸ ਦੀ ਬਚਪਨ ਤੋਂ ਹੀ ਸ਼ਮੀਰ ਖ਼ਾਨ ਨਾਲ ਨਹੀਂ ਸੀ ਬਣਦੀ। ਸਾਹਿਬਾਂ ਨੇ ਸੋਚਿਆ ਕਿ ਉਸ ਦੇ ਘਰੋਂ ਭੱਜਣ ਕਾਰਨ ਪਰਿਵਾਰ ਦੀ ਪਹਿਲਾਂ ਹੀ ਬਹੁਤ ਬਦਨਾਮੀ ਹੋ ਗਈ ਹੈ। ਜੇ ਹੁਣ ਭਰਾ ਵੀ ਮਾਰੇ ਗਏ ਤਾਂ ਮਾਪਿਆਂ ਨੇ ਜਿਉਂਦੇ ਜੀਅ ਮਰ ਜਾਣਾ ਹੈ। ਪੰਜਾਬ ਦੀ ਕੋਈ ਕੁੜੀ ਆਪਣੇ ਹੱਥੀਂ ਭਰਾ ਮਰਵਾ ਕੇ ਪਤੀ ਨਾਲ ਸੁਖ ਨਹੀਂ ਭੋਗ ਸਕਦੀ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਮਿਰਜ਼ੇ ਨੂੰ ਮਾਰਨ ਤੋਂ ਬਾਅਦ ਭਰਾਵਾਂ ਨੇ ਉਸ ਨੂੰ ਵੀ ਨਹੀਂ ਬਖ਼ਸ਼ਣਾ, ਪਰ ਭਰਾਵਾਂ ਦੀ ਜ਼ਿੰਦਗੀ ਉਸ ਨੂੰ ਆਪਣੀ ਜਾਨ ਤੋਂ ਵੱਧ ਪਿਆਰੀ ਲੱਗੀ। ਮਿਰਜ਼ੇ ਨੇ ਸੋਚਿਆ ਹੋਵੇਗਾ ਕਿ ਮੈਨੂੰ ਪਿੰਡ ਲਾਗੇ ਪਹੁੰਚਿਆ ਵੇਖ ਕੇ ਭਰਾ ਤੇ ਹੋਰ ਸ਼ਰੀਕਾ ਬਰਾਦਰੀ ਮਦਦ ਵਾਸਤੇ ਆ ਜਾਣਗੇ। ਇਸੇ ਕਾਰਨ ਉਹ ਆਪਣੇ ਪਿੰਡ ਲਾਗੇ ਜਾ ਕੇ ਜਾਣ-ਬੁੱਝ ਕੇ ਰੁਕ ਗਿਆ, ਪਰ ਉਸ ਦੀ ਜ਼ਿੱਦ ਕਾਰਨ ਉਹ ਆਪ ਵੀ ਮਰਿਆ ਤੇ ਸਾਹਿਬਾਂ ਵੀ ਮਾਰੀ ਗਈ।



ਪੀਲੂ ਮੁਤਾਬਿਕ ਮਿਰਜ਼ਾ ਇਸ ਲਈ ਮਾਰਿਆ ਗਿਆ, ਕਿਉਂਕਿ ਸਾਹਿਬਾਂ ਨੇ ਉਸ ਦੇ ਤੀਰ ਤੋੜ ਦਿੱਤੇ ਸਨ, ਪਰ ਜੇ ਸਾਹਿਬਾਂ ਤੀਰ ਨਾ ਤੋੜਦੀ ਤਾਂ ਵੀ ਉਸ ਕੋਲੋਂ ਕੁਝ ਨਹੀਂ ਸੀ ਸਰਨਾ। ਪੀਲੂ ਲਿਖਦਾ ਹੈ:

ਤਿੰਨ ਸੌ ਕਾਨੀ ਮਿਰਜ਼ੇ ਜੱਟ ਦੀ,  
ਨੀ ਮੈਂ ਦਿੰਦਾ ਸਿਆਲੀਂ ਵੰਡ।

ਦਰਅਸਲ, ਇਹ ਗੱਲ ਸੰਭਵ ਨਹੀਂ। ਤਿੰਨ ਸੌ ਤੀਰ ਭੱਥੇ ਵਿਚ ਰੱਖੇ ਹੀ ਨਹੀਂ ਜਾ ਸਕਦੇ, ਇਨ੍ਹਾਂ ਦੀ ਪੰਡ ਬੰਨ੍ਹਣੀ ਪਵੇਗੀ। ਪੁਰਾਤਨ ਜੰਗਾਂ ਯੁੱਧਾਂ ਵੇਲੇ ਇੱਕ ਸੈਨਿਕ ਕੋਲ ਸਿਰਫ਼ ਵੱਧ ਤੋਂ ਵੱਧ ਵੀਹ ਤੀਰ ਹੁੰਦੇ ਸਨ। ਸੋ ਮਿਰਜ਼ੇ ਕੋਲ ਵੀ ਵੀਹ ਤੋਂ ਵੱਧ ਤੀਰ ਨਹੀਂ ਹੋ ਸਕਦੇ। ਅੱਜ ਕੱਲ੍ਹ ਖੇਡਾਂ ਅਤੇ ਸ਼ਿਕਾਰ ਵਾਸਤੇ ਵਰਤੇ ਜਾਣ ਵਾਲੇ ਆਧੁਨਿਕ ਤੀਰ ਕਮਾਨ ਦੀ ਕਾਰਗਰ ਮਾਰ 40 ਗਜ਼ ਤੋਂ ਵੱਧ ਨਹੀਂ ਹੈ। ਮਾਹਿਰ ਤੀਰਅੰਦਾਜ਼ ਵੀ ਨਿਸ਼ਾਨਾ ਬੰਨ੍ਹ ਕੇ ਇੱਕ ਮਿੰਟ ਵਿਚ ਦਸ ਕੁ ਤੀਰ ਹੀ ਚਲਾ ਸਕਦਾ ਹੈ।

ਇਹ ਵੀ ਜ਼ਰੂਰੀ ਨਹੀਂ ਕਿ ਹਰ ਤੀਰ ਨਾਲ ਬੰਦਾ ਮਰ ਹੀ ਜਾਵੇ। ਜਦੋਂ ਮਿਰਜ਼ਾ ਦਿਖ ਗਿਆ ਹੋਵੇਗਾ ਤਾਂ ਸਿਆਲ ਜੋਸ਼ ਅਤੇ ਗੁੱਸੇ ਵਿਚ ਆ ਕੇ ਪੂਰੀ ਰਫ਼ਤਾਰ ਨਾਲ ਘੋੜੇ ਨਠਾ ਕੇ ਉਸ ਨੂੰ ਪਏ ਹੋਣਗੇ। ਘੋੜਾ ਪੂਰੀ ਰਫ਼ਤਾਰ ਨਾਲ ਪੰਜਾਹ ਗਜ਼ ਦੀ ਦੂਰੀ ਛੇ ਕੁ ਸਕਿੰਟ ਵਿਚ ਪੂਰੀ ਕਰ ਲੈਂਦਾ ਹੈ। ਮਤਲਬ ਮਿਰਜ਼ੇ ਕੋਲ ਦੋ-ਚਾਰ ਤੀਰ ਚਲਾਉਣ ਦਾ ਵਕਤ ਹੀ ਬਚਦਾ ਸੀ। ਉਂਜ, ਉਸ ਕੋਲ ਕਿਰਪਾਨ ਵੀ ਸੀ, ਪਰ ਉਹ ਇੰਨਾ 'ਬਹਾਦਰ' ਸੀ ਕਿ ਹੱਥੋ-ਹੱਥ ਲੜਾਈ ਵਿਚ ਇੱਕ ਵੀ ਦੁਸ਼ਮਣ ਨੂੰ ਨਹੀਂ ਮਾਰ ਸਕਿਆ। ਪੀਲੂ ਨੇ ਵੀ ਮਿਰਜ਼ੇ ਦੇ ਹੰਕਾਰੀ ਹੋਣ ਬਾਰੇ ਲਿਖਿਆ ਹੈ:

ਮਿਰਜ਼ਾ ਮਾਰਿਆ ਮਲਕੁਲ ਮੌਤ ਨੇ,  
ਕੁਝ ਮਾਰਿਆ ਖੁਦੀ ਗੁਮਾਨ,  
ਵਿਚ ਕਬਰਾਂ ਦੇ ਖਪ ਗਿਆ,  
ਮਿਰਜ਼ਾ ਸੋਹਣਾ ਜਵਾਨ।

ਚੜ੍ਹਦੇ ਪੰਜਾਬ ਵਿਚ ਗਵੱਈਆਂ ਨੇ ਮਿਰਜ਼ਾ ਗਾ ਕੇ ਲੱਖਾਂ ਰੁਪਏ ਕਮਾਏ ਹਨ, ਪਰ ਉਸ ਦੇ ਜੱਦੀ ਇਲਾਕੇ ਵਿਚ ਉਸ ਦੀ ਕੋਈ ਜ਼ਿਆਦਾ ਇੱਜ਼ਤ ਨਹੀਂ ਲੱਗਦੀ। ਜਾਪਦਾ ਹੈ ਕਿ ਲੋਕਾਂ ਨੇ ਉਸ ਦੇ ਸਾਹਿਬਾਂ ਨੂੰ ਲਿਜਾਣ ਵਾਲੇ ਕੰਮ ਨੂੰ ਬਹੁਤਾ ਪਸੰਦ ਨਹੀਂ ਕੀਤਾ। ਸਾਬਕਾ ਮੰਤਰੀ ਹਰਨੇਕ ਸਿੰਘ ਘੜੂੰਆਂ ਨੇ 1997 ਵਿਚ ਮਿਰਜ਼ਾ ਸਾਹਿਬਾਂ ਦੀਆਂ ਕਬਰਾਂ ਦਾ ਦੌਰਾ ਕੀਤਾ ਸੀ। ਉਦੋਂ ਤਕ ਕਬਰਾਂ 'ਤੇ ਕੋਈ ਕਮਰਾ ਜਾਂ ਯਾਦਗਾਰ ਆਦਿ ਨਹੀਂ ਸੀ ਬਣੀ ਹੋਈ। ਪਿੱਲੀਆਂ ਇੱਟਾਂ ਦੀਆਂ ਸਾਧਾਰਨ ਜਿਹੀਆਂ ਕਬਰਾਂ ਮਾੜੀ ਹਾਲਤ ਵਿਚ ਖੁੱਲ੍ਹੇ ਆਸਮਾਨ ਹੇਠ ਅਣਗੌਲੀਆਂ ਪਈਆਂ ਸਨ। ਮਿਰਜ਼ੇ ਦਾ ਪਿੰਡ ਦਾਨਾਬਾਦ ਕਬਰਾਂ ਤੋਂ ਦੋ-ਤਿੰਨ ਕਿਲੋਮੀਟਰ ਹੀ ਦੂਰ ਹੈ। ਮਿਰਜ਼ੇ ਦੇ ਵੰਸ਼ਜ ਹੁਣ ਦਾਨਾਬਾਦ ਦੀ ਬਜਾਏ ਉਥੋਂ ਚਾਰ ਕੁ ਕਿਲੋਮੀਟਰ ਦੂਰ ਪਿੰਡ ਸ਼ਾਹੀਕੇ ਵੱਸਦੇ ਹਨ।

ਮਿਰਜ਼ੇ ਦੀ ਕਬਰ 'ਤੇ ਦਸ ਚੇਤਰ ਨੂੰ ਮੇਲਾ ਲੱਗਦਾ ਹੈ। ਸ਼ਾਇਦ ਇਸੇ ਦਿਨ ਮਿਰਜ਼ਾ ਸਾਹਿਬਾਂ ਦਾ ਕਤਲ ਹੋਇਆ ਹੋਵੇ। ਮਿਰਜ਼ੇ ਨੂੰ ਆਪਣੇ ਪਿੰਡ ਦੀ ਮਿੱਟੀ ਵੀ ਨਸੀਬ ਨਹੀਂ ਹੋਈ। ਮਿਰਜ਼ਾ ਸਾਹਿਬਾਂ ਨੂੰ ਮਰਨ ਵਾਲੀ ਜਗ੍ਹਾ 'ਤੇ ਹੀ ਦਫਨਾ ਦਿੱਤਾ ਗਿਆ। ਪਾਕਿਸਤਾਨੀ ਲੇਖਕ ਤਾਰਿਕ ਅਮੀਰ ਨੇ 2014 ਵਿਚ ਕਬਰਾਂ ਦਾ ਦੌਰਾ ਕੀਤਾ ਸੀ। ਉਸ ਨੇ ਲਿਖਿਆ ਹੈ ਕਿ ਕਬਰਾਂ ਉਤੇ ਨਵਾਂ ਹੀ ਤਿਆਰ ਕੀਤਾ ਸਾਧਾਰਨ ਜਿਹਾ ਕਮਰਾ ਬਣਿਆ ਹੋਇਆ ਹੈ। ਕਮਰੇ ਦੀ ਦਿੱਖ ਤੋਂ ਜਾਪਦਾ ਹੈ ਕਿ ਇਹ ਦੋ ਤਿੰਨ ਸਾਲ ਪਹਿਲਾਂ ਹੀ ਤਿਆਰ ਕੀਤਾ ਗਿਆ ਹੈ। ਜੇ ਪਰਿਵਾਰ ਅਤੇ ਸ਼ਰੀਕੇ ਕਬੀਲੇ ਵਾਲੇ ਉਸ ਦੇ ਕਾਰਨਾਮੇ ਦੀ ਪ੍ਰੋੜ੍ਹਤਾ ਕਰਦੇ ਹੁੰਦੇ ਤਾਂ ਮਿਰਜ਼ਾ-ਸਾਹਿਬਾਂ ਦੀਆਂ ਲਾਸ਼ਾਂ ਨੂੰ ਦਾਨਾਬਾਦ ਲਿਜਾ ਕੇ ਪੂਰੇ ਮਾਣ-ਸਨਮਾਨ ਨਾਲ ਸਪੁਰਦ-ਏ-ਖਾਕ ਕਰਦੇ ਅਤੇ ਉਨ੍ਹਾਂ ਦਾ ਸ਼ਾਨਦਾਰ ਮਕਬਰਾ ਤਾਮੀਰ ਕਰਵਾਉਂਦੇ।

---


# ਐਸ ਵਾਈ ਐਲ ਤੇ ਪੰਜਾਬ ਦੇ ਕਾਲੇ ਦਿਨਾਂ ਦਾ ਕੌੜਾ ਸੱਚ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**  
Sandhugulzar@yahoo.com

ਉਂਜ ਤਾਂ ਪੰਜਾਬ ਦੇ ਕਾਲੇ ਦਿਨ ਦੀ ਨੀਂਹ 1978 ਦੀ ਵਿਸਾਖੀ ਵਾਲੇ ਦਿਨ ਹੀ ਰੱਖੀ ਗਈ ਸੀ, ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਟੋਲੇ ਵੱਲੋਂ ਤੇਰਾਂ ਵਿਰੋਧ ਪ੍ਰਦਰਸ਼ਨ ਕਰਦੇ ਸਿੱਖਾਂ ਦੀ ਹੱਤਿਆ ਉਪਰੰਤ। ਪਰ ਫਿਰ ਇਸ ਵਿਚ ਪੰਜਾਬ ਨੂੰ ਪਾਣੀਆਂ ਦੀ ਲੋੜ ਨੂੰ ਦੁਰਕਾਰਦਿਆਂ ਹਰਿਆਣਾ ਤੇ ਹਿਮਾਚਲ ਦੇ ਵਸਨੀਕਾਂ ਨੇ ਆਪਣੇ ਹਿੱਸੇ ਦਾ ਪਾਣੀ ਮੰਗਣਾ ਸ਼ੁਰੂ ਕਰ ਦਿੱਤਾ। ਇਸ ਦਾ ਸਭ ਤੋਂ ਭਿਆਨਕ ਰੂਪ ਪਹਿਲੀ ਜੂਨ 1984 ਨੂੰ ਹਰਿਮੰਦਰ ਸਾਹਿਬ ਵਿਖੇ ਨੀਲਾ ਤਾਰਾ ਅਪ੍ਰੇਸ਼ਨ ਸੀ। ਇਸ ਤੋਂ ਪਿਛੋਂ ਸਿਖਰ ਦੇਸ਼ ਦੀ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕੀਤੀ ਗਈ ਹੱਤਿਆ ਸੀ ਜਿਸ ਪਿਛੋਂ ਨਿਹੱਥੇ ਸਿੱਖਾਂ ਨੂੰ ਦੇਸ਼ ਦੇ ਕੋਨੇ-ਕੋਨੇ ਵਿਚ ਸਿੱਖ ਕਤਲੇਆਮ ਦੇ ਰੂਪ ਵਿਚ ਭੁਗਤਣੇ ਪਏ। ਚੇਤੇ ਰਹੇ, ਇੰਦਰਾ ਗਾਂਧੀ ਸਿੱਖਾਂ ਦੀ ਦਿਲੋਂ ਕਦਰ ਕਰਦੀ ਸੀ ਪਰ ਉਸ ਦੀ ਸਿੱਖ ਇਤਿਹਾਸ ਦੇ ਭਾਵੁਕ ਤੇ ਜੁਝਾਰੂ ਪਿਛੋਕੜ ਉਤੇ ਪੂਰੀ ਪਕੜ ਨਹੀਂ ਸੀ। ਉਸ ਨੂੰ ਅਰੁਣ ਨਹਿਰੂ ਵਰਗੇ ਸਲਾਹਕਾਰਾਂ ਨੇ ਇਤਿਹਾਸ ਦੇ ਹਨੇਰੇ ਵਿਚ ਹੀ ਨਹੀਂ ਧੱਕੀ ਰੱਖਿਆ, ਇਸ ਦੀ ਬਲਦੀ ਦੇ ਬੂਥੇ ਵਿਚ ਵੀ ਝੋਕਿਆ।




ਪੰਜਾਬ ਦੇ ਕਾਲੇ ਦਿਨਾਂ ਦੀ ਇਸ ਗਾਥਾ ਬਾਰੇ ਪਿਛਲੇ ਦਿਨਾਂ ਵਿਚ ਦੋ ਪੁਸਤਕਾਂ ਮਾਰਕੀਟ ਵਿਚ ਆਈਆਂ। ਤੱਥਾਂ ਤੇ ਮਿਤੀਆਂ ਨਾਲ ਭਰਪੂਰ ਕੇਂਦਰ ਦੀ ਰਾਜਧਾਨੀ ਦੇ ਜਾਣੇ-ਪਛਾਣੇ ਹਸਤਾਖਰ ਜੀ. ਏ. ਚਾਵਲਾ ਦੀ 'ਬਲੱਡ ਸ਼ੈਡ ਇਨ ਪੰਜਾਬ' ਅਤੇ ਸਿੱਖ ਸੋਚ ਨੂੰ ਪ੍ਰਣਾਏ ਪੱਤਰਕਾਰ ਹਰਬੀਰ ਭੰਵਰ ਦੀ 'ਪੰਜਾਬ ਦਾ ਤੀਸਰਾ ਘੱਲੂਘਾਰਾ।'

ਜੀ. ਏ. ਚਾਵਲਾ ਦਾ ਕਹਿਣਾ ਹੈ ਕਿ ਪੰਜਾਬ ਦੇ ਕਾਲੇ ਦਿਨਾਂ ਦੇ ਕੌੜੇ ਸੱਚ ਨੇ ਸਿੱਖੀ ਦੇ ਪ੍ਰਚਾਰਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਏਨੇ ਖਤਰਨਾਕ ਰੂਪ ਵਿਚ ਉਭਾਰਿਆ ਕਿ ਗਿਆਨੀ ਜ਼ੈਲ ਸਿੰਘ ਤੇ ਕੈਪਟਨ ਅਮਰਿੰਦਰ ਸਿੰਘ ਵਰਗੇ ਉਸ ਦੇ ਉਸਰਈਆਂ ਨਾਲੋਂ ਵੀ ਕਿਤੇ ਵੱਧ ਸ਼ਕਤੀਸ਼ਾਲੀ ਤੇ ਕੱਦ-ਬੁੱਤ ਵਾਲਾ ਹੋ ਨਿਬੜਿਆ। ਉਸ ਦੇ ਨਤੀਜੇ ਕੀ ਨਿਕਲੇ? ਸਭ ਦੇ ਸਾਹਮਣੇ ਹਨ।



*ਹਰਬੀਰ ਭੰਵਰ*

ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਚਾਣਚੱਕ ਰਾਜਨੀਤਕ ਰੰਗਤ ਦੇਣ ਤੇ ਭਾਰਤ ਦੇਸ਼ ਦੇ ਆਮ ਵਸਨੀਕ ਹੀ ਨਹੀਂ ਦੇਸ਼ ਦੀ ਉਚਤਮ ਅਦਾਲਤ ਵੱਲੋਂ ਵੀ ਬਰੇਕਾਂ ਲਾਉਣ ਦੀ ਬੜੀ ਲੋੜ ਅਨੁਭਵ ਕੀਤੀ ਗਈ ਹੈ। ਇਸ ਗੱਲ ਦੇ ਸੰਦਰਭ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਟ੍ਰਿਬਿਊਨ ਦੇ ਇਕ ਸੰਪਾਦਕੀ ਨਾਲ ਆਢਾ ਲੈਂਦਿਆਂ ਪਿਛਲੇ ਹਫਤੇ ਤੱਥਾਂ ਮਿਤੀਆਂ ਦੇ ਨਾਲ ਭਰਪੂਰ ਬਹੁਤ ਹੀ ਗੁਸੈਲੀ ਇਕ ਚਿੱਠੀ ਲਿਖੀ ਹੈ। ਇਸ ਦਾ ਮੂਲ ਮੰਤਵ ਪੰਜਾਬ ਤੋਂ ਪਾਣੀ ਦੀ ਮੰਗ ਕਰਨ ਵਾਲਿਆਂ ਨੂੰ ਚੇਤੇ ਕਰਾਉਣਾ ਹੈ ਕਿ ਪੰਜਾਬ ਖੇਤੀ ਉਪਜ ਸਦਕਾ ਸਮੁੱਚੇ ਦੇਸ਼ ਦਾ ਅੰਨਦਾਤਾ ਹੈ ਪਰ ਇਸ ਦੀ ਕਿਸਾਨੀ ਨੂੰ ਆਏ ਦਿਨ ਸਰਕਾਰ ਦਾ ਕਰਜ਼ਾ ਮੋੜਨ ਦੇ ਅਸਮਰਥ ਹੋਣ ਕਾਰਨ ਆਤਮ ਹੱਤਿਆਵਾਂ ਦੇ ਮਾਰਗ ਪੈਣਾ ਪੈ ਗਿਆ ਹੈ। ਇਥੇ ਹੀ ਬੱਸ ਨਹੀਂ, ਪੰਜਾਬ ਦੀ ਨਵੀਂ ਪੀੜ੍ਹੀ ਰੋਜ਼ਗਾਰ ਲਈ ਦਰ-ਦਰ ਭਟਕਦੇ ਰਹਿਣ ਪਿਛੋਂ ਨਸ਼ਾਖੋਰੀ ਦੇ ਰਾਹ ਤੁਰ ਪਈ ਹੈ, ਜਿਸ ਦੇ ਪ੍ਰਭਾਵ ਹੋਰ ਭਿਆਨਕ ਹਨ। ਚਾਵਲਾ ਤੇ ਭੰਵਰ ਦੀਆਂ ਪੁਸਤਕਾਂ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਚਿੱਠੀ ਧਿਆਨ ਮੰਗਦੀ ਹੈ।

**ਅੰਤਿਕਾ: (ਗੁਮਨਾਮ)**  
ਵੋਹ ਦਿਨ ਭੀ ਦੇਖੇ ਹੈਂ,  
ਤਵਾਰੀਖ ਕੀ ਘੜੀਉਂ ਨੇ।  
ਲਮਹੋਂ ਨੇ ਖਤਾ ਕੀ ਥੀ,  
ਸਦੀਓਂ ਨੇ ਸਜ਼ਾ ਪਾਈ।

# ਅਮਰੀਕੀ ਮੁਟਿਆਰ ਦੀ ਨਿਗ੍ਹਾ ਵਿਚ ਮੁਗਲ

**ਮੁਗ਼ਲ ਕਦੇ ਵੀ ਭਾਰਤੀ ਸਭਿਆਚਾਰ ਖ਼ਿਲਾਫ਼ ਨਹੀਂ ਰਹੇ। ਉਨ੍ਹਾਂ ਨੇ ਤਾਂ ਇਸ ਸਭਿਆਚਾਰ ਨੂੰ ਸਾਂਭਣ ਦੇ ਯਤਨਾਂ ਵਿਚ ਮਦਦ ਕੀਤੀ। ਉਨ੍ਹਾਂ ਨੂੰ ਬਦਨਾਮ ਕਰਨ ਦਾ ਅਮਲ ਬ੍ਰਿਟਿਸ਼ ਸਾਮਰਾਜਵਾਦੀ ਹਕੂਮਤ ਦੌਰਾਨ ਸ਼ੁਰੂ ਹੋਇਆ। ਸਾਮਰਾਜਵਾਦੀਆਂ ਨੂੰ ਭਾਰਤ ਉਤੇ ਆਪਣੀ ਹਕੂਮਤ ਨੂੰ ਜਾਇਜ਼ ਦੱਸਣ ਦੇ ਬਹਾਨੇ ਚਾਹੀਦੇ ਸਨ। ਇਸੇ ਲਈ ਉਨ੍ਹਾਂ ਨੇ ਭਾਰਤੀ ਇਤਿਹਾਸ ਨੂੰ ਵੀ ਗ਼ਲਤ ਪੁੱਠ ਚਾੜ੍ਹੀ ਅਤੇ ਇਹ ਦਰਸਾਉਣ ਦਾ ਯਤਨ ਕੀਤਾ ਕਿ ਉਹ ਤਾਂ ਭਾਰਤੀਆਂ ਨੂੰ ਤੁਅੱਸਬੀ ਹਕੂਮਤਾਂ ਤੋਂ ਮੁਕਤੀ ਦਿਵਾਉਣ ਲਈ ਇਸ ਮੁਲਕ ਦੇ ਸ਼ਾਸਕ ਬਣੇ ਸਨ। 'ਪਾੜੋ ਤੇ ਰਾਜ ਕਰੋ' ਦੀ ਇਹ ਰਣਨੀਤੀ ਉਨ੍ਹਾਂ ਨੂੰ ਰਾਸ ਵੀ ਖ਼ੂਬ ਆਈ। ਹਿੰਦੂ-ਮੁਸਲਿਮ ਤਣਾਅ ਮੁਗ਼ਲ ਇਤਿਹਾਸ ਨੂੰ ਬਰਤਾਨਵੀ ਪੁੱਠ ਚਾੜ੍ਹਨ ਦੀ ਵਿਰਾਸਤ ਹੈ। ਇਹ ਤਣਾਅ ਉਨੀ ਦੇਰ ਤਕ ਨਹੀਂ ਮੁੱਕਣਾ ਜਦੋਂ ਤਕ ਇਤਿਹਾਸ ਦਾ ਅਸਲ ਸਰੂਪ ਵਾਪਸ ਨਹੀਂ ਲਿਆਂਦਾ ਜਾਂਦਾ। ਬਦਕਿਸਮਤੀ ਨਾਲ ਭਾਰਤ ਵਿਚ ਇਸ ਵੇਲੇ ਮਾਹੌਲ ਅਜਿਹਾ ਨਹੀਂ ਜੋ ਮੁਸਲਿਮ ਹਾਕਮਾਂ ਦੇ ਦਾਨਵੀਕਰਨ ਦੀ ਪ੍ਰਕਿਰਿਆ ਨੂੰ ਮੋੜਾ ਦੇ ਸਕੇ।**

ਔਡਰੇ ਟ੍ਰਸ਼ਕੇ। ਇਸ ਨਾਮ ਦਾ ਉਚਾਰਨ ਆਪਣੇ ਆਪ ਵਿਚ ਔਖਾ ਹੈ। ਔਡਰੇ ਅਮਰੀਕੀ ਨਾਗਰਿਕ ਹੈ। ਜਰਮਨ-ਨੌਰਵਿਕ ਮੂਲ ਦੀ ਅਮਰੀਕੀ ਨਾਗਰਿਕ। ਉਮਰ 34 ਸਾਲ। ਰੱਜਰਜ਼ ਯੂਨੀਵਰਸਿਟੀ, ਨੇਵਾਰਕ ਵਿਚ ਉਹ ਦੱਖਣ ਏਸ਼ਿਆਈ ਇਤਿਹਾਸ ਦੀ ਅਸਿਸਟੈਂਟ ਪ੍ਰੋਫੈਸਰ ਹੈ ਅਤੇ ਨਾਲ ਹੀ ਸਟੈਨਫਰਡ ਯੂਨੀਵਰਸਿਟੀ ਵਿਚ ਪੋਸਟਡੌਕਟੋਰਲ ਫੈਲੋ ਵੀ ਹੈ। ਭਾਰਤ ਦੇ ਪ੍ਰਸੰਗ ਵਿਚ ਉਸ ਦਾ ਮਹੱਤਵ ਇਹ ਹੈ ਕਿ ਭਾਰਤੀ

**ਜੈਵੀਰ ਸਿੰਘ**

ਇਤਿਹਾਸਕਾਰਾਂ ਨੂੰ ਜਦੋਂ ਦਿੱਲੀ ਦੇ ਸੁਲਤਾਨ ਕਾਲ ਜਾਂ ਮੁਗ਼ਲ ਕਾਲ ਵਿਚ ਹਿੰਦੂ-ਮੁਸਲਿਮ ਸਬੰਧਾਂ ਬਾਰੇ ਕੁਝ ਜਾਣਨ ਦੀ ਲੋੜ ਪੈਂਦੀ ਹੈ ਤਾਂ ਉਹ ਉਸ ਦੇ ਬਲੌਗ ਜਾਂ ਉਸ ਦੇ ਪਰਚੇ ਪੜ੍ਹਦੇ ਹਨ, ਜਾਂ ਉਸ ਨਾਲ ਸੰਪਰਕ ਕਰ ਕੇ ਉਸ ਤੋਂ ਸਿੱਧੇ ਤੌਰ 'ਤੇ ਜਾਣਕਾਰੀ ਮੰਗਦੇ ਹਨ।

ਔਡਰੇ ਨੇ ਮੱਧਯੁਗੀ ਦਿੱਲੀ ਦਰਬਾਰ ਨਾਲ ਜੁੜੀਆਂ ਕਈ ਮਕਬੂਲ, ਪਰ ਖ਼ਤਰਨਾਕ ਧਾਰਨਾਵਾਂ ਨੂੰ ਗ਼ਲਤ ਸਾਬਤ ਕੀਤਾ ਹੈ। ਉਹ ਸੰਸਕ੍ਰਿਤ, ਪੂਰਵ-ਆਧੁਨਿਕ ਹਿੰਦ-ਫਾਰਸੀ, ਬ੍ਰਜ ਭਾਸ਼ਾ ਅਤੇ ਆਧੁਨਿਕ ਹਿੰਦੀ ਤੇ ਉਰਦੂ ਦੀ ਵਿਦਵਾਨ ਹੈ। ਉਸ ਨੇ ਮੱਧਯੁਗੀ ਦਸਤਾਵੇਜ਼ਾਂ ਦਾ ਇੰਨਾ ਭਰਵਾਂ ਅਧਿਐਨ ਕੀਤਾ ਹੋਇਆ ਹੈ ਕਿ ਉਨ੍ਹਾਂ ਦੇ ਹਵਾਲਿਆਂ ਨਾਲ ਇਹ ਸਾਬਤ ਕਰਨ ਵਿਚ ਦੇਰ ਨਹੀਂ ਲਾਉਂਦੀ ਕਿ ਮੁਗ਼ਲਾਂ ਦੇ ਸਮੇਂ ਅਸਹਿਣਸ਼ੀਲਤਾ ਦੀਆਂ ਜੋ ਮਿਸਾਲਾਂ ਸਾਡੇ ਇਤਿਹਾਸ ਦਾ ਅੰਗ ਹਨ, ਉਹ ਜਾਂ ਤਾਂ ਵਧਾ-ਚੜ੍ਹਾਅ ਕੇ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਜਾਂ ਫਿਰ ਕਲਪਿਤ ਹਨ। ਉਸ ਦੀ ਕਿਤਾਬ 'ਕਲਚਰ ਆਫ ਐਨਕਾਊਂਟਰਜ਼: ਸੰਸਕ੍ਰਿਤ ਐਟ ਦਿ ਮੁਗ਼ਲ ਕੋਰਟ' 23 ਮਾਰਚ ਨੂੰ ਭਾਰਤ ਵਿਚ ਰਿਲੀਜ਼ ਹੋਈ। ਇਸ ਦਾ ਅਮਰੀਕੀ ਐਡੀਸ਼ਨ ਮਹੀਨਾ ਪਹਿਲਾਂ ਰਿਲੀਜ਼ ਹੋ ਗਿਆ ਸੀ। ਕਿਤਾਬ ਦਰਸਾਉਂਦੀ ਹੈ ਕਿ ਮੁਗ਼ਲ ਬਾਦਸ਼ਾਹ ਸਹੀ ਮਾਅਨਿਆਂ ਵਿਚ ਭਾਰਤੀ ਬਾਦਸ਼ਾਹ ਸਨ। ਉਨ੍ਹਾਂ ਦੀ ਸੰਸਕ੍ਰਿਤ ਵਿਚ ਗਹਿਰੀ ਦਿਲਚਸਪੀ ਸੀ। ਇਸ ਦਿਲਚਸਪੀ ਦੇ ਕਾਰਨ ਕਈ ਸਨ: ਬੌਧਿਕ ਗਿਆਨ ਦੀ ਲਾਲਸਾ, ਧਾਰਮਿਕ ਉਤਸੁਕਤਾ, ਭਾਰਤੀ ਰੀਤੀ-ਰਿਵਾਜਾਂ ਨੂੰ ਸਮਝਣ ਤੇ ਜਾਣਨ ਦੀ ਰੁਚੀ ਅਤੇ ਆਪਣੀ ਪਰਜਾ ਨੂੰ ਇਹ ਪ੍ਰਭਾਵ ਦੇਣ ਦੀ ਇੱਛਾ ਕਿ ਮੁਗ਼ਲ ਹੁਕਮਰਾਨ ਕੋਈ ਵਿਦੇਸ਼ੀ ਧਾੜਵੀ ਨਹੀਂ, ਹਿੰਦੋਸਤਾਨੀ ਮਿੱਟੀ ਦੀ ਹੀ ਪੈਦਾਇਸ਼ ਹਨ। ਔਡਰੇ ਅਨੁਸਾਰ ਅਜਿਹਾ ਕਰਨਾ ਜ਼ਰੂਰੀ ਵੀ ਸੀ ਕਿਉਂਕਿ ਮੁਗ਼ਲ ਬਾਦਸ਼ਾਹ ਸਥਾਨਕ ਪੱਧਰ ਦੀਆਂ ਛੋਟੀਆਂ-ਵੱਡੀਆਂ ਬਗ਼ਾਵਤਾਂ ਤੋਂ ਬਚਣਾ ਚਾਹੁੰਦੇ ਸਨ ਅਤੇ ਹਿੰਦੂ ਵਸੋਂ ਨੂੰ ਇਹ ਪ੍ਰਭਾਵ ਦੇਣ ਦੇ ਚਾਹਵਾਨ ਸਨ ਕਿ ਉਨ੍ਹਾਂ ਲਈ ਸਾਰੇ ਵਰਗ ਤੇ ਸਾਰੇ ਧਰਮ ਬਰਾਬਰ ਹਨ।

ਔਡਰੇ ਦੀ ਕਿਤਾਬ ਅਕਬਰ, ਜਹਾਂਗੀਰ ਤੇ ਸ਼ਾਹਜਹਾਂ ਦੇ ਦਰਬਾਰਾਂ ਵਿਚ ਸੰਸਕ੍ਰਿਤ ਨੂੰ ਮਿਲੀ ਮਾਨਤਾ ਦਾ ਦ੍ਰਿਸ਼ਟਾਂਤਾਂ ਸਮੇਤ ਵਰਣਨ ਹੈ। ਉਹ ਮੰਨਦੀ ਹੈ ਕਿ ਮੁਗ਼ਲ ਪਸਾਰਵਾਦੀ ਸਨ ਅਤੇ ਜਦੋਂ ਜੰਗ ਹੁੰਦੀ ਸੀ ਤਾਂ ਉਹ ਕਿਸੇ ਉੱਤੇ ਵੀ ਰਹਿਮ ਨਹੀਂ ਸਨ ਕਰਦੇ। ਮਿਸਾਲ ਦੇ ਤੌਰ 'ਤੇ ਅਕਬਰ ਨੂੰ ਰਹਿਮ-ਦਿਲ ਇਨਸਾਨ ਮੰਨਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਉਹ ਸਾਰੇ ਧਰਮਾਂ ਦਾ ਬਹੁਤ ਆਦਰ ਕਰਦਾ ਸੀ, ਪਰ ਜਦੋਂ ਉਸ ਨੇ ਮੇਵਾੜ ਉਪਰ ਹਮਲਾ ਕੀਤਾ ਅਤੇ ਚਿਤੌੜ ਸ਼ਹਿਰ ਘੇਰਿਆ ਤਾਂ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਮੁਗ਼ਲ ਸੈਨਾ ਦੀ ਲੁੱਟਮਾਰ ਤੋਂ ਬਚਣ ਲਈ ਸੈਂਕੜੇ ਇਸਤਰੀਆਂ ਸਤੀ ਹੋ ਗਈਆਂ। ਇਸੇ ਤਰ੍ਹਾਂ ਅਕਬਰ ਦੇ ਹੀ ਕਾਲ ਦੌਰਾਨ ਪਠਾਨ ਰਿਆਸਤ ਅਹਿਮਦਨਗਰ ਖ਼ਿਲਾਫ਼ ਜੰਗ ਦੌਰਾਨ ਵੀ ਬੇਪਨਾਹ ਵਧੀਕੀਆਂ ਹੋਈਆਂ। ਉਦੋਂ ਬਾਦਸ਼ਾਹ ਦੇ ਹੁਕਮਾਂ 'ਤੇ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ। ਹਜ਼ਾਰਾਂ ਲੋਕਾਂ ਨੂੰ ਮਾਰ ਦਿੱਤਾ ਗਿਆ। ਮਰਨ ਵਾਲੇ ਹਿੰਦੂ ਵੀ ਸਨ ਤੇ ਮੁਸਲਮਾਨ ਵੀ। ਹਿੰਦੂ ਇਸ ਕਰ ਕੇ ਵੱਧ ਮਰੇ ਕਿਉਂਕਿ ਉਹ ਰਿਆਸਤੀ ਵਸੋਂ ਦਾ 80 ਫ਼ੀਸਦ ਤੋਂ ਵੱਧ ਹਿੱਸਾ ਬਣਦੇ ਸਨ।

ਅਕਬਰ ਤੋਂ ਇੱਕ ਸਦੀ ਬਾਅਦ ਔਰੰਗਜ਼ੇਬ ਨੇ ਵੀ ਦੱਖਣ ਦੀਆਂ ਰਿਆਸਤਾਂ ਉੱਤੇ ਲਗਾਤਾਰ ਕਹਿਰ ਢਾਹਿਆ। ਉਸ ਨੇ ਬਹੁਤੇ ਪਿੰਡ ਅਤੇ ਖੇਤ ਸਾੜੇ, ਪਰ ਇਹੀ ਕੁਝ ਮਰਾਠਿਆਂ ਨੇ ਵੀ ਕੀਤਾ। ਉਨ੍ਹਾਂ ਨੇ ਜਦੋਂ ਵੀ ਮੁਗ਼ਲ ਸ਼ਾਸਨ ਹੇਠਲੇ ਖੇਤਰਾਂ ਉੱਤੇ ਹਮਲੇ ਕੀਤੇ ਤਾਂ ਖੇਤ ਸਾੜਨ ਤੋਂ ਇਲਾਵਾ ਇੱਕ ਵੀ ਇਮਾਰਤ ਜਾਂ ਮਕਾਨ ਸਲਾਮਤ ਨਹੀਂ ਰਹਿਣ ਦਿੱਤਾ। ਕਤਲੋ-ਗਾਰਤ ਇਕੱਲੀ ਹਿੰਦੂ ਵਸੋਂ ਦੀ ਨਹੀਂ ਕੀਤੀ ਗਈ, ਮੁਸਲਮਾਨ ਵੀ ਹਿੰਦੂਆਂ ਵਾਂਗ ਹੀ ਜ਼ੁਲਮਾਂ ਦਾ ਸ਼ਿਕਾਰ ਹੋਏ।

ਔਰੰਗਜ਼ੇਬ ਦੇ ਕੱਟੜਵਾਦੀ ਤੇ ਤੁਅੱਸਬੀ ਅਕਸ ਦੇ ਪ੍ਰਸੰਗ ਵਿਚ ਔਡਰੇ ਦਾ ਕਹਿਣਾ ਹੈ ਕਿ ਇਹ ਬਾਦਸ਼ਾਹ ਤੁਅੱਸਬੀ ਸੀ, ਇਸ ਬਾਰੇ ਦੋ ਰਾਵਾਂ ਨਹੀਂ ਹੋਣੀਆਂ ਚਾਹੀਦੀਆਂ, ਪਰ ਉਸ ਦੇ ਕੱਟੜਵਾਦ ਨਾਲ ਜੁੜੀਆਂ ਬਹੁਤੀਆਂ ਕਹਾਣੀਆਂ ਦੀ ਬੁਨਿਆਦ ਉਸ ਦੀ ਇਸਲਾਮਪ੍ਰਸਤੀ ਨਹੀਂ ਸੀ। ਕਾਰਨ ਹੋਰ ਸਨ। ਉਸ ਨੇ ਕਈ ਹਿੰਦੂ ਮੰਦਰ ਢਾਹੁਣ ਦੇ ਹੁਕਮ ਦਿੱਤੇ, ਧਾਰਮਿਕ ਕਾਰਨਾਂ ਕਰ ਕੇ ਨਹੀਂ ਸਗੋਂ ਵਿਦਰੋਹੀ ਇਲਾਕਿਆਂ ਦੀ ਵਸੋਂ ਨੂੰ ਸਬਕ ਸਿਖਾਉਣ ਲਈ। ਉਸ ਨੇ ਕਦੇ ਵੀ ਹਿੰਦੂਆਂ ਨੂੰ ਵੱਡੀ ਪੱਧਰ 'ਤੇ ਜਬਰੀ ਮੁਸਲਮਾਨ ਬਣਾਉਣ ਦੇ ਹੁਕਮ ਨਹੀਂ ਦਿੱਤੇ। ਦਰਅਸਲ, ਉਹ ਸਿਆਸੀ ਲਾਲਸਾਵਾਂ ਜਾਂ ਮਾਇਕ ਲਾਲਚਵੱਸ ਧਰਮ ਬਦਲਣ ਵਾਲੇ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਸੀ। ਉਸ ਦੇ ਦਰਬਾਰ ਵਿਚ ਇੱਕ ਵੀ ਅਜਿਹਾ ਦਰਬਾਰੀ ਨਹੀਂ ਸੀ ਜੋ ਹਿੰਦੂ ਤੋਂ ਮੁਸਲਮਾਨ ਬਣਿਆ ਹੋਵੇ। ਦੂਜੇ ਪਾਸੇ ਉਸ ਦੇ ਖ਼ਜ਼ਾਨੇ ਦੀ ਵਾਗਡੋਰ ਹਮੇਸ਼ਾ ਹਿੰਦੂ ਦੀਵਾਨਾਂ ਕੋਲ ਰਹੀ। ਉਸ ਨੇ ਸੰਸਕ੍ਰਿਤ ਦੇ ਵਿਦਵਾਨਾਂ ਦੇ ਵਜ਼ੀਫ਼ੇ ਦੋ ਕਾਰਨਾਂ ਕਰ ਕੇ ਬੰਦ ਕੀਤੇ: ਇੱਕ ਤਾਂ ਉਹ ਖ਼ੁਦ ਨੂੰ ਆਪਣੇ ਵੱਡੇ ਭਰਾ ਦਾਰਾ ਸ਼ਿਕੋਹ ਤੋਂ ਵੱਖਰਾ ਸਾਬਤ ਕਰਨਾ ਚਾਹੁੰਦਾ ਸੀ (ਦਾਰਾ ਸ਼ਿਕੋਹ ਬਾਰੇ ਆਮ ਪ੍ਰਭਾਵ ਸੀ ਕਿ ਉਸ ਦਾ ਝੁਕਾਅ ਹਿੰਦੂ ਮੱਤ ਵੱਲ ਵੱਧ ਸੀ) ਅਤੇ ਦੂਜਾ ਮੁਗ਼ਲ ਦਰਬਾਰ ਵਿਚ ਹਿੰਦੀ ਨੇ ਸੰਸਕ੍ਰਿਤ ਵਾਲੀ ਥਾਂ ਪਹਿਲਾਂ ਹੀ ਲੈ ਲਈ ਸੀ ਅਤੇ ਹਿੰਦੀ ਦੇ ਵਿਦਵਾਨਾਂ, ਚਾਹੇ ਉਹ ਹਿੰਦੂ ਸਨ ਜਾਂ ਮੁਸਲਿਮ, ਨੂੰ ਸਰਕਾਰੀ ਸਰਪ੍ਰਸਤੀ ਔਰੰਗਜ਼ੇਬ ਦੇ ਰਾਜਕਾਲ ਦੌਰਾਨ ਵੀ ਬਰਕਰਾਰ ਰਹੀ।

ਦਰਅਸਲ, ਸੰਸਕ੍ਰਿਤ ਤੇ ਫਾਰਸੀ ਦੇ ਸਰਲੀਕਰਨ ਅਤੇ ਇਨ੍ਹਾਂ ਭਾਸ਼ਾਵਾਂ ਨੂੰ ਆਮ ਹਿੰਦੋਸਤਾਨੀਆਂ ਦੀ ਜ਼ੁਬਾਨ ਮੁਤਾਬਿਕ ਢਾਲਣ ਦਾ ਅਮਲ ਸ਼ੇਰਸ਼ਾਹ ਸੂਰੀ ਨੇ ਹੀ ਆਰੰਭ ਦਿੱਤਾ ਸੀ। ਉਸ ਦੇ ਮਾਡਲ ਨੂੰ ਹੀ ਹਮਾਯੂੰ ਤੇ ਅਕਬਰ ਨੇ ਅਪਨਾਇਆ। ਜਹਾਂਗੀਰ ਵੇਲੇ ਤਾਂ ਦਰਬਾਰ ਵਿਚ ਗੱਲਬਾਤ ਦੀ ਜ਼ੁਬਾਨ ਹੀ ਹਿੰਦੋਸਤਾਨੀ ਹੋ ਚੁੱਕੀ ਸੀ।

ਮੁਗ਼ਲ ਕਦੇ ਵੀ ਭਾਰਤੀ ਸਭਿਆਚਾਰ ਖ਼ਿਲਾਫ਼ ਨਹੀਂ ਰਹੇ। ਉਨ੍ਹਾਂ ਨੇ ਤਾਂ ਇਸ ਸਭਿਆਚਾਰ ਨੂੰ ਸਾਂਭਣ ਦੇ ਯਤਨਾਂ ਵਿਚ ਮਦਦ ਕੀਤੀ। ਉਨ੍ਹਾਂ ਨੂੰ ਬਦਨਾਮ ਕਰਨ ਦਾ ਅਮਲ ਬ੍ਰਿਟਿਸ਼ ਸਾਮਰਾਜਵਾਦੀ ਹਕੂਮਤ ਦੌਰਾਨ ਸ਼ੁਰੂ ਹੋਇਆ। ਸਾਮਰਾਜਵਾਦੀਆਂ ਨੂੰ ਭਾਰਤ ਉੱਤੇ ਆਪਣੀ ਹਕੂਮਤ ਨੂੰ ਜਾਇਜ਼ ਦੱਸਣ ਦੇ ਬਹਾਨੇ ਚਾਹੀਦੇ ਸਨ। ਇਸੇ ਲਈ ਉਨ੍ਹਾਂ ਨੇ ਭਾਰਤੀ ਇਤਿਹਾਸ ਨੂੰ ਵੀ ਗ਼ਲਤ ਪੁੱਠ ਚਾੜ੍ਹੀ ਅਤੇ ਇਹ ਦਰਸਾਉਣ ਦਾ ਯਤਨ ਕੀਤਾ ਕਿ ਉਹ ਤਾਂ ਭਾਰਤੀਆਂ ਨੂੰ ਤੁਅੱਸਬੀ ਹਕੂਮਤਾਂ ਤੋਂ ਮੁਕਤੀ ਦਿਵਾਉਣ ਲਈ ਇਸ ਮੁਲਕ ਦੇ ਸ਼ਾਸਕ ਬਣੇ ਸਨ। 'ਪਾੜੋ ਤੇ ਰਾਜ ਕਰੋ' ਦੀ ਇਹ ਰਣਨੀਤੀ ਉਨ੍ਹਾਂ ਨੂੰ ਰਾਸ ਵੀ ਖ਼ੂਬ ਆਈ। ਹਿੰਦੂ-ਮੁਸਲਿਮ ਤਣਾਅ ਮੁਗ਼ਲ ਇਤਿਹਾਸ ਨੂੰ ਬਰਤਾਨਵੀ ਪੁੱਠ ਚਾੜ੍ਹਨ ਦੀ ਵਿਰਾਸਤ ਹੈ। ਇਹ ਤਣਾਅ ਉਨੀ ਦੇਰ ਤਕ ਨਹੀਂ ਮੁੱਕਣਾ ਜਦੋਂ ਤਕ ਇਤਿਹਾਸ ਦਾ ਅਸਲ ਸਰੂਪ ਵਾਪਸ ਨਹੀਂ ਲਿਆਂਦਾ ਜਾਂਦਾ। ਬਦਕਿਸਮਤੀ ਨਾਲ ਭਾਰਤ ਵਿਚ ਇਸ ਵੇਲੇ ਮਾਹੌਲ ਅਜਿਹਾ ਨਹੀਂ ਜੋ ਮੁਸਲਿਮ ਹਾਕਮਾਂ ਦੇ ਦਾਨਵੀਕਰਨ ਦੀ ਪ੍ਰਕਿਰਿਆ ਨੂੰ ਮੋੜਾ ਦੇ ਸਕੇ।

ਮੁਗ਼ਲ ਹੁਕਮਰਾਨਾਂ ਨੇ ਕਦੇ ਵੀ ਖ਼ੁਦ ਨੂੰ ਤੁਰਕੀ ਦੀ ਪਾਦਸ਼ਾਹੀ ਦੇ ਮਾਤਹਿਤ ਨਹੀਂ ਸਮਝਿਆ। ਮੱਧ ਏਸ਼ਿਆਈ ਮੁਸਲਿਮ ਰਿਆਸਤਾਂ ਵਾਂਗ, ਮੁਗ਼ਲਾਂ ਨੇ ਆਪਣੇ-ਆਪ ਨੂੰ ਹਮੇਸ਼ਾ ਆਜ਼ਾਦ ਹੁਕਮਰਾਨਾਂ ਵਜੋਂ ਦੇਖਿਆ। ਉਨ੍ਹਾਂ ਤੋਂ ਪਹਿਲੇ ਰਾਜ ਘਰਾਣਿਆਂ ਦੇ ਮੁਖੀ ਖ਼ੁਦ ਨੂੰ ਸੁਲਤਾਨ ਕਹਿੰਦੇ ਸਨ, ਬਾਦਸ਼ਾਹ (ਪਾਦਸ਼ਾਹ) ਨਹੀਂ। ਸੁਲਤਾਨ, ਕਿਸੇ ਪਾਦਸ਼ਾਹ ਦਾ ਨੁਮਾਇੰਦਾ ਹੁੰਦਾ ਹੈ। ਦਿੱਲੀ ਦੇ ਸੁਲਤਾਨ ਖ਼ੁਦ ਨੂੰ ਮਜ਼ਹਬੀ ਤੇ ਰੂਹਾਨੀ ਤੌਰ 'ਤੇ ਤੁਰਕ ਸਾਮਰਾਜ ਦੇ ਖ਼ਲੀਫ਼ਿਆਂ ਦੇ ਨੁਮਾਇੰਦਿਆਂ ਵਜੋਂ ਪੇਸ਼ ਕਰਦੇ ਸਨ। ਇਸ ਰਵਾਇਤ ਨੂੰ ਵੀ ਸ਼ੇਰਸ਼ਾਹ ਸੂਰੀ ਨੇ ਤੋੜਿਆ, ਪਰ ਉਸ ਨੂੰ ਆਪਣੀ ਬਾਦਸ਼ਾਹਤ ਕਬੂਲ ਕਰਵਾਉਣ ਲਈ ਬਹੁਤਾ ਸਮਾਂ ਨਹੀਂ ਮਿਲਿਆ। ਅਕਬਰ ਨੇ ਸ਼ੇਰਸ਼ਾਹ ਦਾ ਪ੍ਰਭਾਵ ਭਾਵੇਂ ਕਦੇ ਵੀ ਜ਼ਾਹਿਰਾ ਤੌਰ 'ਤੇ ਇਕਬਾਲ ਨਹੀਂ ਕੀਤਾ, ਪਰ ਉਸ ਦਾ ਹਕੂਮਤੀ ਮਾਡਲ ਸ਼ੇਰਸ਼ਾਹ ਦੇ ਮਾਡਲ ਦੀ ਨਕਲ ਹੀ ਸੀ। ਸ਼ੇਰਸ਼ਾਹ ਹੀ ਪਹਿਲਾ 'ਹਿੰਦੀ ਹੁਕਮਰਾਨ' ਸੀ। ਉਹ ਹਿੰਦੋਸਤਾਨੀਆਂ ਦਾ ਨੇਤਾ ਸੀ, ਮੁਸਲਮਾਨਾਂ ਦਾ ਨਹੀਂ। ਉਸ ਦਾ ਕਾਰ-ਵਿਹਾਰ ਉਸ ਦੀ ਇਸੇ ਪਹੁੰਚ ਦਾ ਨਮੂਨਾ ਸੀ।

ਔਡਰੇ ਭਾਰਤ ਵਿਚ ਅੱਜ ਕੱਲ੍ਹ ਚੱਲ ਰਹੇ ਵਿਵਾਦਾਂ ਤੋਂ ਫ਼ਿਕਰਮੰਦ ਹੈ। ਉਸ ਅਨੁਸਾਰ ਭਾਰਤ ਵਿਚ ਇਤਿਹਾਸ ਦੀ ਖੋਜਕਾਰੀ ਦਾ ਦਾਇਰਾ ਸੁੰਗੇੜਿਆ ਜਾ ਰਿਹਾ ਹੈ। ਪਹਿਲਾਂ ਹੀ ਇਤਿਹਾਸਕ ਰਿਕਾਰਡ ਤੇ ਹੱਥ-ਲਿਖਤਾਂ ਦੀ ਸਾਂਭ-ਸੰਭਾਲ ਨਹੀਂ ਕੀਤੀ ਗਈ। ਜੋ ਕੁਝ ਬਚਿਆ ਸੀ, ਉਸ ਨੂੰ ਵੀ ਹੁਣ ਲੁਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਮੱਧਯੁਗ ਵਿਚ ਮਜ਼ਹਬੀ ਤਣਾਅ ਜਾਂ ਮਜ਼ਹਬੀ ਜ਼ੁਲਮਾਂ ਦੇ ਬੁਨਿਆਦ 'ਤੇ ਅਜੋਕੀ ਇਤਿਹਾਸਕ ਸਕ੍ਰਿਪਟ ਲਿਖਣ ਦੇ ਚਾਹਵਾਨ ਇਹ ਚਾਹੁੰਦੇ ਹਨ ਕਿ ਇਤਿਹਾਸ ਦਾ ਉਨ੍ਹਾਂ ਵਾਲਾ ਆਈਨਾ ਹੀ ਸਭ ਨੂੰ ਨਜ਼ਰ ਆਵੇ। ਇਹ ਵੱਡਾ ਦੁਖਾਂਤ ਹੈ। -0-



*ਅਕਬਰ ਤੋਂ ਇੱਕ ਸਦੀ ਬਾਅਦ ਔਰੰਗਜ਼ੇਬ ਨੇ ਵੀ ਦੱਖਣ ਦੀਆਂ ਰਿਆਸਤਾਂ ਉਤੇ ਕਹਿਰ ਢਾਹਿਆ। ਪਿੰਡ ਅਤੇ ਖੇਤ ਸਾੜੇ, ਪਰ ਇਹੀ ਕੁਝ ਮਰਾਠਿਆਂ ਨੇ ਵੀ ਕੀਤਾ। ਉਨ੍ਹਾਂ ਨੇ ਜਦੋਂ ਵੀ ਮੁਗ਼ਲ ਸ਼ਾਸਨ ਹੇਠਲੇ ਖੇਤਰਾਂ ਉੱਤੇ ਹਮਲੇ ਕੀਤੇ ਤਾਂ ਖੇਤ ਸਾੜਨ ਤੋਂ ਇਲਾਵਾ ਇੱਕ ਵੀ ਇਮਾਰਤ ਜਾਂ ਮਕਾਨ ਸਲਾਮਤ ਨਹੀਂ ਰਹਿਣ ਦਿੱਤਾ। ਕਤਲੋ-ਗਾਰਤ ਇਕੱਲੀ ਹਿੰਦੂ ਵਸੋਂ ਦੀ ਨਹੀਂ ਕੀਤੀ ਗਈ, ਮੁਸਲਮਾਨ ਵੀ ਹਿੰਦੂਆਂ ਵਾਂਗ ਹੀ ਜ਼ੁਲਮਾਂ ਦਾ ਸ਼ਿਕਾਰ ਹੋਏ।... ਔਡਰੇ ਭਾਰਤ ਵਿਚ ਅੱਜ ਕੱਲ੍ਹ ਚੱਲ ਰਹੇ ਵਿਵਾਦਾਂ ਤੋਂ ਫਿਕਰਮੰਦ ਹੈ। ਉਸ ਅਨੁਸਾਰ ਭਾਰਤ ਵਿਚ ਇਤਿਹਾਸ ਦੀ ਖੋਜਕਾਰੀ ਦਾ ਦਾਇਰਾ ਸੁੰਗੇੜਿਆ ਜਾ ਰਿਹਾ ਹੈ। ਪਹਿਲਾਂ ਹੀ ਇਤਿਹਾਸਕ ਰਿਕਾਰਡ ਤੇ ਹੱਥ-ਲਿਖਤਾਂ ਦੀ ਸਾਂਭ-ਸੰਭਾਲ ਨਹੀਂ ਕੀਤੀ ਗਈ। ਜੋ ਕੁਝ ਬਚਿਆ ਸੀ, ਉਸ ਨੂੰ ਵੀ ਹੁਣ ਲੁਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।*

# ਨੌਂ ਸਾਲਾਂ ਦੀ ਮਿਹਨਤ ਦਾ ਮਿਲਿਆ ਮਿੱਠਾ ਫਲ

ਡਾ. ਔਡਰੇ ਟ੍ਰਸ਼ਕੇ ਨੇ ਜਿੰਨਾ ਅਧਿਐਨ ਕੀਤਾ ਹੈ, ਉਸ ਹਿਸਾਬ ਨਾਲ ਉਸ ਦੀਆਂ ਘੱਟੋ-ਘੱਟ ਚਾਰ ਕਿਤਾਬਾਂ ਮਾਰਕਿਟ ਵਿਚ ਆ ਜਾਣੀਆਂ ਚਾਹੀਦੀਆਂ ਹਨ, ਪਰ ਉਸ ਦੀ ਪਹਿਲੀ ਕਿਤਾਬ ਹੀ ਅਜੇ ਸਾਹਮਣੇ ਆਈ ਹੈ। 'ਕਲਚਰ ਆਫ ਐਨਕਾਊਂਟਰਜ਼' ਰਾਹੀਂ ਉਸ ਨੇ ਮੁਗ਼ਲ ਬਾਦਸ਼ਾਹਾਂ ਦੀ ਭਾਰਤੀਅਤਾ ਬਾਰੇ ਬਹੁਤ ਸਾਰੇ ਭਰਮ-ਭੁਲੇਖੇ ਦੂਰ ਕਰਨ ਦਾ ਯਤਨ ਕੀਤਾ ਹੈ। ਇਸ ਕਿਤਾਬ ਵਿਚ ਮੁਗ਼ਲ ਦਰਬਾਰ ਵਿਚ ਸੰਸਕ੍ਰਿਤ ਨੂੰ ਮਿਲੀ ਸਰਪ੍ਰਸਤੀ ਦਾ ਵਿਆਪਕ ਵਰਣਨ ਹੈ ਅਤੇ ਨਾਲ ਹੀ ਸੰਸਕ੍ਰਿਤ ਗ੍ਰੰਥਾਂ ਤੇ ਲਿਖਤਾਂ ਦਾ ਇਤਿਹਾਸ ਵੀ ਸ਼ਾਮਿਲ ਹੈ। ਅਜਿਹਾ ਉਪਰਾਲਾ ਬਹੁਤ ਡੂੰਘਾ ਅਧਿਐਨ ਅਤੇ ਭਾਸ਼ਾਈ ਗਿਆਨ ਮੰਗਦਾ ਹੈ। ਔਡਰੇ ਨੇ ਅਠਾਰਾਂ ਸਾਲਾਂ ਦੀ ਉਮਰ ਵਿਚ ਸੰਸਕ੍ਰਿਤ ਤੇ ਫਾਰਸੀ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ ਸੀ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਪ੍ਰਬੀਨਤਾ ਹਾਸਲ ਕਰਨ ਮਗਰੋਂ ਉਸ ਨੇ ਸੈਂਕੜੇ ਪ੍ਰਾਚੀਨ ਪੁਸਤਕਾਂ ਤੇ ਪਾਂਡੂਲਿਪੀਆਂ ਪੜ੍ਹੀਆਂ। ਇਨ੍ਹਾਂ ਨੂੰ ਹਾਸਲ ਕਰਨ ਲਈ ਉਸ ਨੂੰ ਕਿੰਨੀ ਮੁਸ਼ੱਕਤ ਕਰਨੀ ਪਈ ਹੋਵੇਗੀ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਟ੍ਰਸ਼ਕੇ ਦੀ ਕਿਤਾਬ ਵਿਚ ਜਿੰਨੇ ਹਵਾਲੇ ਦਿੱਤੇ ਗਏ ਹਨ, ਉਹ ਉਸ ਦੀ ਮੁਸ਼ੱਕਤ ਦਾ ਪ੍ਰਮਾਣ ਹਨ। ਕੁੱਲ 336 ਪੰਨਿਆਂ ਦੀ ਕਿਤਾਬ ਵਿਚ ਸੌ ਤੋਂ ਵੱਧ ਸਫ਼ੇ ਬਿਬਲੀਓਗ੍ਰਾਫ਼ੀ ਦੇ ਹਨ। ਕਿਤਾਬ ਫਾਰਸੀ ਤੇ ਸੰਸਕ੍ਰਿਤ ਦਰਮਿਆਨ ਸਹਿਯੋਗ ਦੇ ਤਿੰਨ ਅਹਿਮ ਖ਼ਿੱਤਿਆਂ ਦੀ ਸ਼ਨਾਖ਼ਤ ਕਰਦੀ ਹੈ। ਪਹਿਲਾ ਇਹ ਕਿ ਮੁਗ਼ਲ ਦਰਬਾਰ ਵਿਚ ਸੰਸਕ੍ਰਿਤ ਪੁੱਜੀ ਕਿਵੇਂ। ਇਹ ਖਗੋਲ ਵਿਗਿਆਨ, ਗਣਿਤ ਅਤੇ ਕਲਾਵਾਂ ਰਾਹੀਂ ਮੁਗ਼ਲਾਂ ਤਕ ਸੰਸਕ੍ਰਿਤ ਦੀ ਮੁਢਲੀ ਪਹੁੰਚ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ। ਦੂਜੇ ਮੁਗ਼ਲ ਬਾਦਸ਼ਾਹ ਹਮਾਯੂੰ ਨੂੰ ਭਾਰਤੀ ਤਾਰਾ ਵਿਗਿਆਨ ਅਤੇ ਗਣਿਤ ਵਿਚ ਭਰਪੂਰ ਦਿਲਚਸਪੀ ਸੀ। ਉਸ ਨੇ ਸੰਸਕ੍ਰਿਤ ਲਿਖਤਾਂ ਦੇ ਫਾਰਸੀ ਤਰਜਮੇ ਦਾ ਪਹਿਲਾ ਉਪਰਾਲਾ ਆਰੰਭ ਕਰਵਾਇਆ। ਇਸ ਕਾਰਜ ਲਈ ਉਸ ਨੇ ਸੂਫ਼ੀ ਵਿਦਵਾਨਾਂ ਦੀ ਮਦਦ ਲਈ। ਉਂਜ, ਹਮਾਯੂੰ ਤੋਂ ਪਹਿਲਾਂ ਬਾਬਰ ਨੇ ਭਾਰਤੀ ਰਹੁਰੀਤਾਂ ਬਾਰੇ ਜਾਣਨ ਲਈ ਕੁਝ ਸੰਸਕ੍ਰਿਤ ਲਿਖਤਾਂ ਦੇ ਫਾਰਸੀ-ਅਰਬੀ ਵਿਚ ਤਰਜਮੇ ਕਰਵਾਏ ਸਨ। ਬਾਬਰ ਮੱਧ ਏਸ਼ੀਆ ਦਾ ਜੰਮ-ਪਲ ਸੀ। ਭਾਰਤ ਬਾਰੇ ਉਸ ਦਾ ਗਿਆਨ ਬਹੁਤ ਸੀਮਤ ਸੀ। ਦਿੱਲੀ ਦੀ ਹਕੂਮਤ ਹਥਿਆਉਣ ਦੇ ਬਾਵਜੂਦ ਉਹ ਮੁੱਢ ਵਿਚ ਭਾਰਤੀ ਲੋਕਾਂ, ਭਾਰਤੀ ਖਾਣ-ਪਾਨ, ਭਾਰਤੀ ਮੌਸਮ ਤੇ ਭਾਰਤੀ ਤਹਿਜ਼ੀਬ ਨੂੰ ਹਿਕਾਰਤ ਨਾਲ ਦੇਖਦਾ ਸੀ। ਫਿਰ ਹੌਲੀ-ਹੌਲੀ ਉਸ ਨੂੰ ਅਹਿਸਾਸ ਹੋਣਾ ਸ਼ੁਰੂ ਹੋਇਆ ਕਿ ਜਿਸ ਮੁਲਕ ਨੂੰ ਉਹ ਨਫ਼ਰਤ ਕਰਦਾ ਹੈ, ਉਸ ਦੀ ਤਹਿਜ਼ੀਬੀ ਵਿਰਾਸਤ ਤਾਂ ਮੱਧ ਏਸ਼ਿਆਈ ਵਿਰਸੇ ਤੋਂ ਕਿਤੇ ਵੱਧ ਅਮੀਰ ਹੈ। ਦਿੱਲੀ ਦਾ ਹਾਕਮ ਬਣਨ ਤੋਂ ਚਾਰ ਸਾਲ ਬਾਅਦ ਉਸ ਵੱਲੋਂ ਸੰਸਕ੍ਰਿਤ ਬਾਰੇ ਜਾਣਨ ਅਤੇ ਪ੍ਰਾਚੀਨ ਭਾਰਤੀ ਲਿਖਤਾਂ ਦੇ ਤਰਜਮੇ ਪ੍ਰਤੀ ਰੁਚੀ ਦਿਖਾਈ ਜਾਣੀ ਇਸ ਹਕੀਕਤ ਦਾ ਪ੍ਰਗਟਾਵਾ ਸੀ ਕਿ ਕਾਬਲ ਪਰਤਣ ਦਾ ਇਰਾਦਾ ਉਹ ਤਿਆਗ ਚੁੱਕਾ ਸੀ।

ਜਿਨ੍ਹਾਂ ਸੰਸਕ੍ਰਿਤ ਗਰੰਥਾਂ ਦੇ ਤਰਜਮੇ ਵਿਚ ਮੁਗ਼ਲ ਹੁਕਮਰਾਨਾਂ ਨੇ ਵਿਸ਼ੇਸ਼ ਰੁਚੀ ਦਿਖਾਈ, ਉਨ੍ਹਾਂ ਵਿਚ ਮਹਾਂਭਾਰਤ, ਰਾਮਾਇਣ, ਪੰਚਤੰਤਰ, ਵੇਦ ਅਤੇ ਗਣਿਤ ਸ਼ਾਸਤਰ ਨਾਲ ਸਬੰਧਿਤ ਕਿਤਾਬਾਂ ਸ਼ਾਮਿਲ ਸਨ। ਜੈਨ ਗਰੰਥਾਂ ਤੇ ਬੋਧ ਸ਼ਾਸਤਰਾਂ ਦਾ ਤਰਜਮਾ ਅਕਬਰ ਦੇ ਰਾਜਕਾਲ ਸਮੇਂ ਸੰਭਵ ਹੋਇਆ। ਅਕਬਰ ਦੇ ਦਰਬਾਰ ਵਿਚ ਇਹ ਖੁੱਲ੍ਹੀ ਬਹਿਸ ਕਈ ਦਿਨ ਚਲਦੀ ਰਹੀ ਕਿ ਜੈਨ ਸਾਧਕਾਂ ਨੂੰ ਆਪਣੀ ਧਾਰਮਿਕ ਪਰੰਪਰਾਵਾਂ ਅਨੁਸਾਰ ਵਿਚਰਨ ਦਿੱਤਾ ਜਾਵੇ ਜਾਂ ਨਹੀਂ। ਅੰਤ ਅਕਬਰ ਨੇ ਇਨ੍ਹਾਂ ਪਰੰਪਰਾਵਾਂ ਵਿਚ ਕੋਈ ਦਖ਼ਲ ਨਾ ਦੇਣ ਦਾ ਫ਼ੈਸਲਾ ਕੀਤਾ। ਅਕਬਰ ਨੇ ਨਾ ਸਿਰਫ ਸੰਸਕ੍ਰਿਤ, ਬ੍ਰਜ, ਬੰਗਲਾ ਆਦਿ ਭਾਰਤੀ ਭਾਸ਼ਾਵਾਂ ਦੇ ਗਰੰਥਾਂ ਦੇ ਅਨੁਵਾਦ ਕਰਵਾਏ ਸਗੋਂ ਗੁਜਰਾਤੀ ਭਾਸ਼ਾ ਦੀਆਂ ਕੁਝ ਕਿਤਾਬਾਂ ਦਾ ਤਰਜਮਾ ਕਰਵਾ ਕੇ ਉਨ੍ਹਾਂ ਨੂੰ ਆਪਣੀ ਲਾਇਬਰੇਰੀ ਦਾ ਸ਼ਿੰਗਾਰ ਬਣਾਇਆ।

ਔਡਰੇ ਟ੍ਰਸ਼ਕੇ ਦੀ ਕਿਤਾਬ ਦਰਸਾਉਂਦੀ ਹੈ ਕਿ ਮੁਸਲਮਾਨਾਂ ਤੇ ਹਿੰਦੂਆਂ ਦਰਮਿਆਨ ਅਵਿਸ਼ਵਾਸ ਕਿੰਨਾ ਬੇਮਾਅਨਾ ਹੈ। ਉਹ ਨਿਰਪੱਖ ਤੇ ਬੇਲਾਗ ਨਜ਼ਰੀਏ ਨਾਲ ਇੰਨਾ ਕੁਝ ਲਿਖ ਸਕੀ, ਇਹ ਉਸ ਦੇ ਦੂਰ ਬੈਠੇ ਹੋਣ ਦਾ ਸਿੱਟਾ ਹੋ ਸਕਦਾ ਹੈ। ਫਿਰ ਵੀ, ਉਸ ਦੀ ਕਿਤਾਬ ਆਪਣੇ ਆਪ ਵਿਚ ਅਨਮੋਲ ਰਚਨਾ ਹੈ। -0-






ਡਾ. ਔਡਰੇ ਟ੍ਰਸ਼ਕੇ ਅਤੇ ਉਸ ਦੀ ਕਿਤਾਬ ਦਾ ਟਾਈਟਲ।

# ਡਿਸਕਸ ਥਰੋਅਰ ਬਲਦੇਵ ਵੀ ਚੱਲ ਵਸਿਆ

**ਸ਼ਰਧਾਂਜਲੀ**

ਪੱਤੋ ਵਾਲਾ ਬਲਦੇਵ ਸਿੰਘ ਬਰਾੜ ਨਾਮੀ ਡਿਸਕਸ ਥਰੋਅਰ ਸੀ। ਢੁੱਡੀਕੇ ਉਹਦੇ ਨਾਨਕੇ ਸਨ ਤੇ ਜੱਸੋਵਾਲ ਸਹੁਰੇ। ਮੈਥੋਂ ਉਹ ਢਾਈ ਸਾਲ ਵੱਡਾ ਸੀ। 1960 ਵਿਚ ਲੁਧਿਆਣੇ ਸਾਡਾ ਕੋਚਿੰਗ ਕੈਂਪ ਲੱਗਾ ਤਾਂ ਮੈਂ ਉਸ ਨੂੰ ਪਹਿਲੀ ਵਾਰ ਡਿਸਕਸ ਸੁੱਟਦੇ ਵੇਖਿਆ। 60ਵਿਆਂ ਤੇ 70ਵਿਆਂ ਵਿਚ ਉਹ 8 ਵਾਰ ਨੈਸ਼ਨਲ ਚੈਂਪੀਅਨ ਤੇ 21 ਵਾਰ ਆਲ ਇੰਡੀਆ ਰੇਲਵੇ ਚੈਂਪੀਅਨ ਬਣਿਆ। 3 ਗੋਲਡ ਮੈਡਲ ਉਸ ਨੇ ਇੰਡੋ-ਰੂਸ ਅਥਲੈਟਿਕ ਮੀਟਾਂ 'ਚੋਂ ਜਿੱਤੇ। ਸੈਂਕੜੇ ਜੁਆਨਾਂ ਨੂੰ ਉਹਨੇ ਖੇਡਾਂ ਦੇ ਲੜ ਲਾਇਆ। ਕਬੱਡੀ ਦਾ ਵੀ ਉਹ ਧਨੰਤਰ ਖਿਡਾਰੀ ਸੀ। ਮੈਂ ਉਹਨੂੰ 50ਵਿਆਂ ਵਿਚ ਤਖਤੂਪੁਰੇ ਦੇ ਮੇਲੇ 'ਚ ਖੇਡਦਿਆਂ ਵੇਖਿਆ ਸੀ। ਉਹ ਗੋਰੇ ਨਿਛੋਹ ਜੁੱਸੇ ਦਾ ਦਰਸ਼ਨੀ ਜੁਆਨ ਸੀ। ਕਬੱਡੀ ਪਾਉਣ ਜਾਂਦਾ ਤਾਂ ਧਰਤੀ ਕੰਬਦੀ ਉਹਦੇ ਕਦਮਾਂ ਥੱਲੇ। ਉਥੋਂ ਹੀ ਉਹਦਾ ਨਾਂ ਬਲਦੇਵ ਪੱਤੋ ਵਾਲਾ ਪੱਕਿਆ। ਪੱਤੋ ਵਾਲਿਆਂ ਨੇ ਉਹਨੂੰ ਘਿਉ 'ਕੱਠਾ ਕਰ ਕੇ ਦਿੱਤਾ। 28 ਮਾਰਚ 2016 ਨੂੰ ਉਹਦਾ ਦੇਹਾਂਤ ਹੋਇਆ। 6 ਅਪਰੈਲ ਨੂੰ ਬਠਿੰਡੇ ਭੋਗ ਪਿਆ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਹ ਨਿੱਘੇ ਸੁਭਾਅ ਦਾ ਸਾਊ ਅਥਲੀਟ ਸੀ। ਦਾੜ੍ਹੀ ਉਹਦੀ ਡੋਰੀ ਨਾਲ ਕਸੀ ਹੁੰਦੀ ਤੇ ਮੁੱਛਾਂ ਖੜ੍ਹੀਆਂ ਹੁੰਦੀਆਂ। ਉਹ ਜਬਾੜੇ ਘੁੱਟੀ ਹੱਸਦਾ। ਸ਼ਕਲੋਂ ਫੌਜੀ ਲੱਗਦਾ ਪਰ ਸੀ ਰੇਲਵੇ ਦਾ ਠਾਣੇਦਾਰ। ਉਹਦੀ ਹਿੱਕ ਦੋਹ ਜਿੰਨੀ ਚੌੜੀ ਸੀ। ਪੱਟ ਭਾਰੇ ਹੋਣ ਕਾਰਨ ਪੈਰ ਖਿਲਵੇਂ ਧਰਦਾ। ਉਹਦਾ ਖੱਬਾ ਮੋਢਾ ਨਿਵਿਆਂ ਰਹਿੰਦਾ ਜਿਵੇਂ ਡਿਸਕਸ ਸੁੱਟਣ ਨੂੰ ਤਿਆਰ ਹੋਵੇ। ਖਬਚੂ ਸੀ ਉਹ। ਉਹਦੀ ਤੋਰ 'ਹੀ ਡਿਸਕਸ ਦਾ ਪੈਂਤੜਾ ਲੈਣ ਵਾਲੀ ਬਣੀ ਪਈ ਸੀ।

ਬਲਦੇਵ ਬਰਾੜ ਦਾ ਜਨਮ ਪਹਿਲੀ ਜਨਵਰੀ 1938 ਨੂੰ ਪੱਤੋ ਹੀਰਾ ਸਿੰਘ ਜ਼ਿਲ੍ਹਾ ਮੋਗਾ 'ਚ ਮਹਿੰਦਰ ਸਿੰਘ ਬਰਾੜ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਹੋਇਆ। ਪਿੰਡੋਂ ਦਸਵੀਂ ਕੀਤੀ ਤਾਂ ਉਹਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਾਲੇ ਲੈ ਗਏ। 1960 ਵਿਚ ਉਹ ਆਲ ਇੰਡੀਆ ਯੂਨੀਵਰਸਿਟੀਆਂ ਦਾ ਚੈਂਪੀਅਨ ਬਣਿਆ। ਇਸ ਤੋਂ ਪਹਿਲਾਂ ਉਹ ਸਕੂਲਾਂ ਦਾ ਬੈਸਟ ਅਥਲੀਟ ਬਣ ਚੁੱਕਾ ਸੀ। ਕਾਲਜ ਪੜ੍ਹਦਿਆਂ ਉਹ ਰੇਲਵੇ ਪੁਲਿਸ 'ਚ ਸਬ ਇੰਸਪੈਕਟਰ ਭਰਤੀ ਹੋ ਗਿਆ ਤੇ ਦਿੱਲੀ ਦਾ ਰੇਲਵੇ ਸਟੇਡੀਅਮ ਉਹਦੀ ਕਰਮ ਭੂਮੀ ਬਣ ਗਿਆ। ਮੈਂ ਉਦੋਂ ਦਿੱਲੀ ਯੂਨੀਵਰਸਿਟੀ ਦਾ ਅਥਲੀਟ ਸਾਂ। ਪਿੱਛੋਂ ਨੇੜਲੇ ਪਿੰਡਾਂ ਦੇ ਹੋਣ ਕਾਰਨ ਸਾਡਾ ਆਮ ਹੀ ਮੇਲ ਮਿਲਾਪ ਹੁੰਦਾ। ਗੋਲਾ ਸੁੱਟਣ ਵਾਲਾ ਭਗਤੇ ਦਾ ਪ੍ਰਦੁਮਣ ਸਿੰਘ ਵੀ ਮਿਲਦਾ ਤੇ ਡਿਸਕਸ ਸੁਟਾਵਾ ਬਲਕਾਰ ਸਿੰਘ ਵੀ। ਗੋਲੇ ਵਾਲਾ ਜੋਗਿੰਦਰ ਜੋਗੀ ਵੀ ਰੌਣਕਾਂ ਲਾਉਂਦਾ। ਉਹ ਤਿੰਨੇ ਸੁਟਾਵੇ ਪਹਿਲਾਂ ਹੀ ਪਰਲੋਕ ਸਿਧਾਰ ਚੁੱਕੇ ਨੇ। ਹੁਣ ਬਲਦੇਵ ਵੀ ਉਨ੍ਹਾਂ ਕੋਲ ਚਲਾ ਗਿਆ ਹੈ।

1966 ਵਿਚ ਜਦ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਦੀ ਤਿਆਰੀ ਲਈ ਭਾਰਤੀ ਅਥਲੀਟਾਂ ਦਾ ਪਟਿਆਲੇ ਕੋਚਿੰਗ ਕੈਂਪ ਲੱਗਾ ਤਾਂ ਮੈਂ ਚੈਂਪੀਅਨ ਅਥਲੀਟਾਂ ਕੋਲ ਰਹਿ ਕੇ ਉਨ੍ਹਾਂ ਬਾਰੇ ਲਿਖਣਾ ਸ਼ੁਰੂ ਕੀਤਾ। ਬਲਦੇਵ ਬਾਰੇ ਲਿਖੇ ਲੇਖ ਦਾ ਨਾਂ ਮੈਂ 'ਪੱਤੋ ਵਾਲਾ' ਰੱਖਿਆ ਜੋ 'ਆਰਸੀ' ਵਿਚ ਛਪਿਆ। ਪਿੱਛੋਂ ਉਹ ਲੇਖ 'ਪੰਜਾਬ ਦੇ ਉੱਘੇ ਖਿਡਾਰੀ' ਪੁਸਤਕ ਵਿਚ ਸ਼ਾਮਲ ਕੀਤਾ ਗਿਆ ਜੋ ਨਵਯੁਗ ਪਬਲਿਸ਼ਰਜ਼ ਨੇ ਪ੍ਰਕਾਸ਼ਿਤ ਕੀਤੀ।

ਜਦ ਬੰਦਾ ਚਲਾ ਜਾਂਦਾ ਹੈ ਤਾਂ ਪਿੱਛੇ ਉਹਦੀਆਂ ਯਾਦਾਂ ਹੀ ਰਹਿ ਜਾਂਦੀਆਂ ਹਨ। ਮੈਂ 1967 ਵਿਚ ਉਹਦੇ ਬਾਰੇ ਲਿਖਿਆ ਸੀ, "ਉਹ ਆਂਡੇ ਭੰਨ ਭੰਨ ਛੰਨੇ ਵਿਚ ਪਾਈ ਜਾਵੇਗਾ। ਜਦੋਂ ਛੰਨਾ ਭਰ ਜਾਏਗਾ ਤਾਂ ਉਂਗਲ ਫੇਰ ਕੇ ਪੀ ਲਏਗਾ। ਦੁੱਧ ਦਾ ਕਮੰਡਲ ਗੱਡੀ ਵਿਚ ਵੀ ਨਾਲ ਹੀ ਰੱਖੇਗਾ। ਜਿਥੇ ਕਿਤੇ ਕੋਈ ਸਿਆਣੂੰ ਗਿਆਣੂੰ ਮਿਲੇ, ਪੁੱਛੇਗਾ, ਦੁੱਧ ਪੀਣੈਂ? ਅੱਜ ਕੱਲ੍ਹ ਉਹਦਾ ਟਿਕਾਣਾ ਫਿਰੋਜ਼ਪੁਰ ਹੈ। ਬਹੁਤਾ ਸਮਾਂ ਉਹਦਾ ਕੋਚਿੰਗ ਕੈਂਪਾਂ, ਮੁਕਾਬਲਿਆਂ ਤੇ ਸਫਰਾਂ ਵਿਚ ਬੀਤਦਾ ਹੈ। ਜਦੋਂ ਮੁੜ ਕੇ ਫਿਰੋਜ਼ਪੁਰ ਆਉਂਦਾ ਹੈ ਤਾਂ ਉਹਦੇ ਸਾਥੀ ਕਈ ਦਿਨ ਉਹਦੇ ਵਾਪਸ ਆਉਣ ਦਾ ਪਤਾ ਨਹੀਂ ਲੱਗਣ ਦਿੰਦੇ। ਉਹ ਮਖੌਲ ਨਾਲ ਕਹਿੰਦੇ ਹਨ, ਉਹਦੇ ਵਾਪਸ ਆਉਣ ਦਾ ਪਤਾ ਲੱਗਣ ਸਾਰ ਹੀ ਸ਼ਹਿਰ ਵਿਚ ਦੋ ਪੈਸੇ ਆਂਡਾ ਚੜ੍ਹ ਜਾਂਦਾ ਤੇ ਪੰਜ ਪੈਸੇ ਕਿੱਲੋ ਦੁੱਧ!"

ਉਹਦੀ ਖੁਰਾਕ ਸਾਧਾਰਨ ਚਹੁੰ ਬੰਦਿਆਂ ਜਿੰਨੀ ਸੀ। ਕਹਿੰਦਾ ਸੀ, "ਜਿਵੇਂ ਜਿਵੇਂ ਤਨਖਾਹ ਵਧਦੀ ਜਾਂਦੀ ਆ ਤਿਵੇਂ ਤਿਵੇਂ ਖੁਰਾਕ ਵਧਾਉਂਦੇ ਜਾਈਦਾ। ਅੱਜ ਕੱਲ੍ਹ ਚਾਰ ਸੌ ਦੀ ਖਾਨਾਂ, ਹਜ਼ਾਰ ਤਨਖਾਹ ਹੋ ਜਾਏ, ਹਜ਼ਾਰ ਦੀ ਖਾਣ ਲੱਗ ਪਊਂ!"

ਜਦੋਂ ਉਹ ਤੀਜੀ ਚੌਥੀ 'ਚ ਪੜ੍ਹਦਾ ਸੀ, ਉਦੋਂ ਹੀ ਹੋਰਨਾਂ ਨੂੰ ਵੇਖ ਵੇਖ ਡੰਡ ਬੈਠਕਾਂ ਕੱਢਣ ਲੱਗ ਪਿਆ ਸੀ। ਤੇਰਾਂ ਚੌਦਾਂ ਸਾਲ ਦੀ ਉਮਰ ਵਿਚ ਉਹ ਅਹਿਰਨ ਦਾ ਬਾਲਾ ਕੱਢ ਦਿੰਦਾ ਸੀ। ਉਸ ਨੇ ਪਹੁ ਫੁਟਦੀ ਦੇ ਤਾਰੇ ਨਾਲ ਜਾਗ ਪੈਣਾ। ਖੇਸ 'ਚੋਂ ਮੂੰਹ ਕੱਢ ਕੇ ਵੇਖਣਾ ਪਈ ਤਾਰਾ ਚੜ੍ਹਿਆ ਕਿ ਨਹੀਂ? ਫਿਰ ਉਠ ਦੀ ਬੀਂਡੀ ਚੁੱਕਣੀ ਤੇ ਜ਼ੋਰ ਕਰਨ ਲਈ ਨਿਆਈਂ ਵਾਲੇ ਖੂਹ 'ਤੇ ਬੀਂਡੀ ਪਾ ਕੇ ਜੁੜ ਜਾਣਾ। ਚਾਲੀ ਚਾਲੀ ਗੇੜੇ ਦੇਣੇ। ਉਸ ਨੂੰ ਸਰੀਰ ਤਕੜਾ ਕਰਨ ਦਾ ਅਣਮਿਣਿਆ ਚਾਅ ਸੀ। ਅਜੇ ਉਹ ਨੌਵੀਂ 'ਚ ਪੜ੍ਹਦਾ ਸੀ ਜਦੋਂ ਪੱਤੋ ਦੀ ਰੌਂਤੇ ਨਾਲ ਕਬੱਡੀ ਹੋਈ। ਬਲਦੇਵ ਨੇ ਕਮਾਲ ਦੀ ਖੇਡ ਵਿਖਾਈ ਜਿਸ ਨਾਲ ਪੱਤੋ ਦੀ ਟੀਮ ਜਿੱਤ ਗਈ। ਉਨ੍ਹੀਂ ਦਿਨੀਂ ਉਸ ਨੂੰ ਪੰਜ ਸੌ ਰੁਪਏ ਦੇ ਇਨਾਮ ਮਿਲੇ। ਉਦੋਂ ਏਕੜ ਭੋਇੰ ਦਾ ਭਾਅ ਮਸਾਂ ਹਜ਼ਾਰ ਰੁਪਏ ਸੀ। ਪਿੰਡ ਵਾਲਿਆਂ ਨੇ ਉਹਨੂੰ ਹੋਰ ਤਕੜਾ ਕਰਨ ਲਈ ਉਹਦੀ ਖੁਰਾਕ ਵਿਚ ਵੀ ਵਾਧਾ ਕੀਤਾ।

1956 ਵਿਚ ਉਹਨੇ ਗੋਲਾ ਤੇ ਡਿਸਕਸ ਸੁੱਟਣੇ ਸ਼ੁਰੂ ਕੀਤੇ। ਖਾਲਸਾ ਕਾਲਜ 'ਚ ਦਾਖਲ ਹੋ ਕੇ ਪਹਿਲੇ ਸਾਲ ਹੀ ਉਸ ਨੇ 146 ਫੁੱਟ ਦੂਰ ਡਿਸਕਸ ਸੁੱਟੀ ਜੋ ਇੰਟਰ ਵਰਸਿਟੀ ਰਿਕਾਰਡ ਸੀ। ਹੈਦਰਾਬਾਦ ਦੀਆਂ ਰਾਸ਼ਟਰੀ ਖੇਡਾਂ ਵਿਚ ਉਸ ਨੇ 161 ਫੁੱਟ 9 ਇੰਚ ਦੂਰ ਡਿਸਕਸ ਸੁੱਟ ਕੇ ਏਸ਼ੀਆ ਦੇ ਰਿਕਾਰਡ ਤੋਂ ਬਿਹਤਰ ਥਰੋਅ ਕੀਤੀ। ਖਾਲਸਾ ਕਾਲਜ ਵਿਚ ਪੜ੍ਹਦਿਆਂ ਉਹ ਪਹਿਲਵਾਨੀ ਦਾ ਵੀ ਇੰਟਰਵਰਸਿਟੀ ਚੈਂਪੀਅਨ ਬਣਿਆ। ਉਹਦਾ ਭਾਰ ਉਦੋਂ 174 ਪੌਂਡ ਸੀ ਤੇ ਮੁਕਾਬਲੇ ਦੇ ਪਹਿਲਵਾਨ ਇਰਾਨੀ ਦਾ 235 ਪੌਂਡ। ਬਲਦੇਵ ਨੇ ਉਹਨੂੰ 15 ਸੈਕੰਡ ਦੇ ਰਿਕਾਰਡ ਸਮੇਂ ਵਿਚ ਢਾਹ ਲਿਆ। ਖਾਲਸਾ ਕਾਲਜ ਦੇ ਡੀ. ਪੀ. ਈ. ਨੇ ਉਹਤੋਂ ਮੀਲ ਦੀ ਦੌੜ ਲੁਆਈ ਤਾਂ ਉਹ ਡੂਢ ਗੇੜਾ ਲਾ ਕੇ ਹੀ ਖੜ੍ਹ ਗਿਆ। ਹੌਪ ਸਟੈੱਪ ਐਂਡ



ਜੰਪ ਲੁਆਇਆ ਤਾਂ ਉਹ ਰੜੇ ਥਾਂ ਹੀ ਡਿੱਗ ਪਿਆ। ਮੂਲ ਰੂਪ ਵਿਚ ਉਹ ਸੁਟਾਵਾ ਹੀ ਸੀ। ਉਹ ਪੰਜ ਸੌ ਪੌਂਡ ਵਜ਼ਨ ਨਾਲ ਅੱਧੀਆਂ ਤੇ ਚਾਰ ਸੌ ਪੌਂਡ ਨਾਲ ਪੂਰੀਆਂ ਬੈਠਕਾਂ ਮਾਰ ਲੈਂਦਾ ਸੀ। ਉਦੋਂ ਉਹਦਾ ਆਪਣਾ ਸਰੀਰਕ ਵਜ਼ਨ 200 ਪੌਂਡ ਸੀ ਤੇ ਕੱਦ 5 ਫੁੱਟ 10 ਇੰਚ।

ਪਟਿਆਲੇ ਇਕ ਦਿਨ ਅਸੀਂ ਫਿਲਮ ਵੇਖਣ ਗਏ ਤਾਂ ਮੈਂ ਉਹਦੀ ਕੁਮੈਂਟਰੀ ਨੋਟ ਕੀਤੀ, "ਔਹਦੇ ਪੱਟ ਦੇਖ ਕਿੰਨੇ ਨਰੋਏ ਆ। ਔਹਦੇ ਡੌਲੇ ਦੇਖ ਨਾਲੇ ਮੋਢੇ। ਨਾਲੇ ਦੇਖ ਹੱਥ। ਔਹ ਮੇਜ਼ 'ਤੇ ਖਾਣ ਵਾਲੀਆਂ ਤਾਂ ਤਿੰਨ ਕੁ ਚੀਜ਼ਾਂ ਪਰ ਖਾਣ ਆਲੇ ਤੇਰਾਂ ਜਣੇ ਬੈਠੇ ਆ ਉਦਾਲੇ। ਇਹ ਤਾਂ ਮੈਂ 'ਕੱਲਾ ਈ ਖਾ-ਜਾਂ। ਆਹ ਦੇਖ ਗੁੱਡੀ ਜੀ ਕਿਵੇਂ ਨੱਚੀ ਜਾਂਦੀ ਆ, ਊਂ ਇਹ ਇਕ ਮੁੱਕੀ ਦੀ ਮਾਰ ਨੀ...।"

ਸਿਨਮਿਓਂ ਨਿਕਲੇ ਤਾਂ ਕਹਿਣ ਲੱਗਾ, "ਸਿਨਮਾ ਨੀ ਮੈਂ ਮੁੜ ਕੇ ਦੇਖਣਾ। ਮੈਨੂੰ ਤਾਂ ਖਾਣ ਪੀਣ ਤੇ ਸਰੀਰ ਬਣਾਉਣ ਦਾ ਈ ਸ਼ੌਕ ਆ।"

ਅਥਲੈਟਿਕਸ ਕਰਨ ਦਾ ਕਾਰਨ ਉਹ ਸਰੀਰ ਦੀ ਸੰਭਾਲ ਤੇ ਨਾਂ ਕਮਾਉਣਾ ਦੱਸਦਾ ਸੀ, "ਏਧਰ ਜ਼ੋਰ ਲੱਗਦਾ ਰਹੇ ਤਾਂ ਬੰਦਾ ਮਾੜਿਆਂ ਕਾਰਿਆਂ ਤੋਂ ਬਚਿਆ ਰਹਿੰਦੈ। ਊਂ ਵੀ ਜੀਅ ਲਾਉਣੀ ਖੇਡ ਐ। ਜਦੋਂ ਡਿਸਕਸ ਸੁੱਟ ਕੇ ਪਿੱਛੇ ਨੂੰ ਮੁੜੀਦਾ ਤਾਂ ਅੰਗਾਂ 'ਚ ਇਕ ਨਸ਼ਾ ਜਿਹਾ ਛਾਲਾਂ ਮਾਰਦਾ।"

ਰੇਲਵੇ ਪੁਲਿਸ ਵਿਚ ਤਰੱਕੀ ਕਰਦਾ ਉਹ ਡੀ. ਐਸ. ਪੀ. ਬਣ ਗਿਆ। ਬਠਿੰਡੇ ਆਪਣੀ ਕੋਠੀ ਬਣਾ ਲਈ ਤੇ ਪਿੰਡ ਦੀ ਥਾਂ ਸ਼ਹਿਰ ਰਿਹਾਇਸ਼ ਕਰ ਲਈ। 1996 ਵਿਚ ਰਿਟਾਇਰ ਹੋਣ ਪਿੱਛੋਂ ਉਸ ਨੇ ਮਾਲਵਾ ਐਡਵਾਂਸਡ ਐਜੂਕੇਸ਼ਨਲ ਸੁਸਾਇਟੀ ਬਣਾਈ ਜਿਸ ਦੀ ਮਦਦ ਨਾਲ ਮਾਲਵਾ ਕਾਲਜ ਤੇ ਮਾਲਵਾ ਸਰੀਰਕ ਸਿੱਖਿਆ ਕਾਲਜ ਬਠਿੰਡਾ ਵਿਚ ਐਥਲੀਟ ਤਿਆਰ ਕੀਤੇ ਜਾਣ ਲੱਗੇ। ਉਨ੍ਹਾਂ ਅਥਲੀਟਾਂ ਨੇ 8 ਇੰਟਰਵਰਸਿਟੀ ਰਿਕਾਰਡ ਨਵਿਆਏ ਤੇ 70 ਮੈਡਲ ਜਿੱਤੇ। 8 ਅਥਲੀਟ ਏਸ਼ਿਆਈ ਖੇਡਾਂ ਤੇ 5 ਕਾਮਨਵੈਲਥ ਖੇਡਾਂ ਦੇ ਜਿੱਤ-ਮੰਚ 'ਤੇ ਚੜ੍ਹੇ। ਇਹ ਕਾਲਜ ਅਥਲੈਟਿਕਸ ਵਿਚ ਦੇਸ਼ ਦਾ ਮੀਰੀ ਕਾਲਜ ਗਿਣਿਆ ਜਾਣ ਲੱਗਾ ਹੈ।

ਬਲਦੇਵ ਸਿੰਘ ਦਾ ਪੁੱਤਰ ਕੰਵਲਪ੍ਰੀਤ ਸਿੰਘ ਬਰਾੜ ਵੀ ਡਿਸਕਸ ਸੁੱਟਣ ਵਿਚ ਸਿਓਲ ਦੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਤੇ ਹੁਣ ਪੰਜਾਬ ਅਥਲੈਟਿਕਸ ਐਸੋਸੀਏਸ਼ਨ ਦਾ ਸਕੱਤਰ ਹੈ। ਦੂਜਾ ਪੁੱਤਰ ਕੰਵਰਵੀਰ ਕੈਨੇਡਾ ਦਾ ਪੱਕਾ ਵਾਸੀ ਹੈ ਜੋ ਟੋਰਾਂਟੋ ਰਹਿ ਰਿਹੈ।

ਮੈਂ ਬਲਦੇਵ ਸਿੰਘ ਨੂੰ ਆਖਰੀ ਵਾਰ ਬਠਿੰਡੇ ਇਕ ਵਿਆਹ ਵਿਚ ਮਿਲਿਆ ਸਾਂ। ਉਦੋਂ ਉਹਦੀ ਸਿਹਤ ਠੀਕ ਸੀ ਪਰ ਪਿੱਛੋਂ ਪਾਰਕਿਨਸਨ ਦਾ ਰੋਗੀ ਹੋ ਗਿਆ। ਕੰਬਦੇ ਰਹਿਣ ਦੀ ਇਹ ਨਾਮੁਰਾਦ ਬਿਮਾਰੀ ਮੁੱਕੇਬਾਜ਼ ਮੁਹੰਮਦ ਅਲੀ ਨੂੰ ਵੀ ਹੈ। ਪਰਿਵਾਰ ਨੇ ਇਲਾਜ ਕਰਾਉਣ ਤੇ ਸੇਵਾ ਕਰਨ ਦੀ ਕੋਈ ਕਸਰ ਨਹੀਂ ਸੀ ਛੱਡੀ ਪਰ ਹੋਇਆ ਉਹੀ ਜੋ ਕੁਦਰਤ ਨੂੰ ਮਨਜ਼ੂਰ ਸੀ। ਉਹ 78 ਸਾਲ ਦੀ ਉਮਰ ਵਿਚ ਪ੍ਰਾਣ ਤਿਆਗ ਗਿਆ ਤੇ ਚੰਗੀਆਂ ਯਾਦਾਂ ਛੱਡ ਗਿਆ।

# ਜਹਾ ਦਾਣੇ ਤਹਾਂ ਖਾਣੇ

ਕੁਲਦੀਪ ਸਿੰਘ
ਯੂਨੀਅਨ ਸਿਟੀ, ਕੈਲੀਫੋਰਨੀਆ

ਸਾਲ 2010 ਤੋਂ 2014 ਤਕ ਮੈਂ ਹਰ ਸਾਲ ਬਸੰਤ ਰੁੱਤੇ ਪੰਜਾਬ ਜਾਂਦਾ ਸਾਂ, ਆਪਣੀ ਜਨਮਦਾਤੀ ਮਾਂ ਦੇ ਦਰਸ਼ਨ ਕਰਨ ਲਈ। ਉਂਜ ਇਨ੍ਹਾਂ ਫੇਰੀਆਂ ਦੌਰਾਨ ਪਰਿਵਾਰ ਦੇ ਹੋਰ ਜੀਆਂ ਨਾਲ ਵੀ ਮੇਲ ਮਿਲਾਪ ਹੁੰਦਾ। ਪਰ ਲੋਚਾ ਉਚੇਚਾ ਬੀਜੀ ਨੂੰ ਮਿਲਣ ਦੀ ਹੀ ਹੁੰਦੀ। ਹੁਣ ਬੀਜੀ ਨਹੀਂ ਰਹੇ। ਉਹ 2014 ਦੀ ਸਰਦੀ ਰੁੱਤੇ ਇਸ ਫਾਨੀ ਸੰਸਾਰ ਨੂੰ 90 ਸਾਲ ਦੀ ਉਮਰ ਭੋਗ ਕੇ ਅਲਵਿਦਾ ਕਹਿ ਗਏ। ਮੇਰੇ ਬੀਜੀ ਮੇਰੇ ਵੱਡੇ ਭਰਾ ਕੋਲ ਐਸ ਬਲਾਕ ਨੰਗਲ ਟਾਊਨਸ਼ਿਪ ਰਹਿੰਦੇ ਸਨ।

ਨੰਗਲ ਟਾਊਨਸ਼ਿਪ ਮੇਰੇ ਬਚਪਨ ਦਾ ਸ਼ਹਿਰ ਹੈ। ਸਤਲੁਜ ਦਰਿਆ ਅਤੇ ਇਸ ਵਿਚੋਂ ਕੱਢੀਆਂ ਨਹਿਰਾਂ ਇਸ ਵਿਚ ਦੀ ਵਹਿੰਦੀਆਂ ਹਨ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਦੋ ਇਤਿਹਾਸਕ ਗੁਰਦੁਆਰੇ ਵੀ ਦਰਿਆ ਦੇ ਆਰ-ਪਾਰ ਸੁਸ਼ੋਭਿਤ ਹਨ। ਇਕ ਗੁਰਦੁਆਰਾ ਘਾਟ ਸਾਹਿਬ ਅਤੇ ਦੂਜਾ ਭਿੰਬੌਰ ਸਾਹਿਬ।

ਚਾਹੇ ਮੈਂ ਪਿਛਲੇ 32 ਸਾਲ ਤੋਂ ਅਮਰੀਕਾ ਰਹਿ ਰਿਹਾਂ ਹਾਂ, ਪਰ ਅਜ ਵੀ ਮੇਰੀ ਆਤਮਾ ਨੰਗਲ ਟਾਊਨਸ਼ਿਪ ਦਾ ਭਰਮਣ ਕਰਦੀ ਰਹਿੰਦੀ ਹੈ। ਮੈਨੂੰ ਅਮਰੀਕਾ ਦੇ ਮਿਸੀਸਿਪੀ ਵਰਗੇ ਦਰਿਆ ਵੀ ਸਤਲੁਜ ਅੱਗੇ ਫਿੱਕੇ ਜਾਪਦੇ ਹਨ ਅਤੇ ਇਹ ਪਰਦੇਸੀ ਦਰਿਆ ਮੈਨੂੰ ਮੋਹ ਨਹੀਂ ਸਕੇ।

2011 ਦੀ ਮਾਰਚ ਨੂੰ ਮੇਰੀ ਇੰਡੀਆ ਫੇਰੀ ਵੇਲੇ ਮੇਰਾ ਇੱਕ ਪੁਰਾਣਾ ਦੋਸਤ, ਜੋ ਖਾਲਸਾ ਕਾਲਜ, ਅੰਮ੍ਰਿਤਸਰ 1972-76 ਦੇ ਨਾਨ-ਮੈਡੀਕਲ ਬੈਚ ਵਿਚ ਮੇਰਾ ਜਮਾਤੀ ਸੀ, ਵੀ ਮਿਲਣ ਆ ਗਿਆ। ਫਿਰ ਕੀ ਸੀ, ਕਹਿੰਦਾ ਹੁਣ ਤਾਂ ਮੈਂ ਕੁਲਦੀਪ ਦੀ ਅਮਰੀਕਾ ਵਾਪਸੀ 'ਤੇ ਦਿੱਲੀ ਜਹਾਜ ਚੜ੍ਹਾਉਣ ਤਕ ਨਾਲ ਹੀ ਰਹਾਂਗਾ। ਉਂਜ ਸੁਰਜੀਤ ਨੂੰ ਕਿਸੇ ਨਾਲ ਕਿਵੇਂ ਰਹਿਣਾ ਹੈ, ਬਹੁਤ ਚੰਗੀ ਤਰ੍ਹਾਂ ਆਉਂਦਾ ਹੈ। ਸਵੇਰੇ ਉਠ ਕੇ ਉਹ ਮੇਰੇ ਵੱਡੇ ਭਰਾ ਨੂੰ ਮੱਥਾ ਟੇਕਦਾ ਅਤੇ ਨਾਲ ਹੀ ਉਸ ਅਗੇ ਅਰਜੋਈ ਕਰ ਦਿੰਦਾ ਕਿ ਉਹ ਸਾਰੇ ਦਿਨ ਲਈ ਉਸ ਅਵਗੁਣਹਾਰੇ ਦੇ ਔਗੁਣਾਂ ਦੇ ਕੋਈ ਪੋਤੜੇ ਨਾ ਫੋਲੇ। ਭਾਜੀ ਨੂੰ ਉਸ ਬਾਰੇ ਪਤਾ ਸੀ ਕਿ ਉਹ ਗਪੌੜ ਸੰਖ ਹੈ। ਪੰਜਾਬ ਫੇਰੀ ਵੇਲੇ ਮੇਰੇ ਪੰਜਾਬੀ ਕੁੜਤੇ ਪੰਜਾਮੇ ਦੇ ਪਹਿਰਾਵੇ ਵਿਚ ਅਤੇ ਮੇਰੀ ਬਿਲਕੁਲ ਸਾਦ ਮੁਰਾਦੀ ਰਹਿਣੀ-ਬਹਿਣੀ ਤੋਂ ਕੋਈ ਵੀ ਇਹ ਪਛਾਣ ਨਹੀਂ ਸੀ ਸਕਦਾ ਕਿ ਮੈਂ ਐਨ-ਆਰ-ਆਈ ਹਾਂ। ਨੰਗਲ ਰਹਿੰਦਿਆਂ ਮੈਂ ਸਵੇਰੇ ਉਠ ਕੇ ਸਭ ਤੋਂ ਪਹਿਲਾਂ ਬੀਜੀ ਨੂੰ ਮੱਥਾ ਟੇਕਦਾ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲੈਂਦਾ। ਫਿਰ ਇਸ਼ਨਾਨ ਕਰਕੇ ਥੋੜੇ ਸੁਕੇ ਮੇਵੇ ਖਾ ਕੇ ਮੈਂ ਅਤੇ ਸੁਰਜੀਤ ਸਿੰਘ ਸਭਾ ਗੁਰਦੁਆਰਾ (ਮੇਨ ਮਾਰਕੀਟ) ਪਹੁੰਚ ਜਾਂਦੇ। ਸਾਰੀਆਂ ਪੁਰਾਣੀਆਂ ਜਾਣੀਆਂ ਪਛਾਣੀਆਂ ਰੂਹਾਂ ਉਥੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਇੱਕਠੀਆਂ ਹੁੰਦੀਆਂ ਸਨ। ਗੁਰਦੁਆਰੇ ਸਵੇਰੇ ਸਾਢੇ ਸਤ ਵਜੇ ਆਸਾ ਦੀ ਵਾਰ ਅਤੇ ਨਿੱਤਨੇਮ ਦੀਆਂ ਬਾਣੀਆਂ ਉਪਰੰਤ ਅਰਦਾਸ ਕਰਨ ਦਾ ਸਮਾਂ ਮਜਦੂਰਾਂ ਨੂੰ ਭਾਖੜਾ ਡੈਮ ਨੂੰ ਲਿਜਾਣ ਵਾਲੀ ਗੱਡੀ ਦੇ ਲੇਬਰ ਹੱਟ ਸਟੇਸ਼ਨ ਤੋਂ ਤੁਰਨ ਦੇ ਸਮੇਂ ਨਾਲ ਬੱਝਾ ਸੀ। ਗੁਰਦੁਆਰੇ ਤੋਂ ਅਸੀਂ ਸਤਲੁਜ ਦਰਿਆ (ਗੁਰਦੁਆਰਾ ਭਿੰਬੌਰ ਸਾਹਿਬ ਦੇ ਸਾਹਮਣੇ, ਨੰਗਲ ਵਾਲੇ ਪਾਸੇ) ਆ ਜਾਂਦੇ। ਦਰਿਆ ਕੰਢੇ ਇਕਾਂਤ ਮਾਹੌਲ ਵਿਚ ਸਿਮਰਨ ਕਰਨ ਨੂੰ ਜੀਅ ਕਰ ਆਉਂਦਾ।

ਇੱਕ ਦਿਨ ਅਸੀਂ ਉਸੇ ਪੱਤਣ ਤੋਂ ਕਿਸ਼ਤੀ ਰਾਹੀਂ ਦੂਜੇ ਪਾਸੇ ਪਹੁੰਚੇ। ਕੀ ਦੇਖਦੇ ਹਾਂ ਕਿ ਸਵਾਮੀਪੁਰ ਪਿੰਡ ਦੇ ਡੇਰੇ ਦੇ ਸਿੱਖ ਬਾਬੇ ਆਪਣੇ ਕਿਸੇ ਮਰਹੂਮ ਮਹਾਂਪੁਰਸ਼ ਦੇ ਵਗਦੇ ਦਰਿਆ ਦੇ ਸਥਾਨ 'ਤੇ, ਜਿੱਥੇ ਕਿਤੇ ਉਸ ਦੀ ਦੇਹ ਜਲ-ਪਰਵਾਹ ਕੀਤੀ ਹੋਵੇਗੀ, ਸ਼ਰਧਾ ਦੇ ਫੁੱਲ ਭੇਟ ਕਰਨ ਆਏ ਹੋਏ ਸਨ। ਜਦੋਂ ਵਾਪਸੀ ਲਈ ਉਨ੍ਹਾਂ ਦੀ ਮਿੰਨੀ ਬਸ ਸਵਾਮੀਪੁਰ ਨੂੰ ਮੁੜਨ ਲੱਗੀ, ਅਸੀਂ ਡੇਰੇ ਦੇ ਦਰਸ਼ਨ ਕਰਨ ਦੀ ਇੱਛਾ ਨਾਲ ਉਨ੍ਹਾਂ ਦੀ ਬਸ ਵਿਚ ਹੀ ਚੜ੍ਹ ਗਏ।




ਡੇਰੇ ਪਹੁੰਚ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਪ੍ਰਸ਼ਾਦ ਲਿਆ। ਦਿਨ ਦੇ 11 ਵਜ ਚੁੱਕੇ ਸਨ। ਸਵੇਰ ਦਾ ਖਾਸ ਨਾਸ਼ਤਾ ਨਾ ਕਰਨ ਕਰਕੇ ਸਾਡੇ ਢਿੱਡੀਂ ਚੂਹੇ ਨੱਚ ਰਹੇ ਸਨ।

ਇੱਕ ਸੇਵਾਦਾਰ, ਜੋ ਬਸ ਵਿਚ ਸਾਡੇ ਨਾਲ ਹੀ ਪਰਤਿਆ ਸੀ, ਅਸੀਂ ਨਿਮਰਤਾ ਸਹਿਤ ਲੰਗਰ ਛਕਣ ਦੀ ਬੇਨਤੀ ਕੀਤੀ। ਹੈਰਾਨੀ ਦੀ ਗੱਲ ਕਿ ਉਹ ਤਾਂ ਸਾਡੇ 'ਤੇ ਅਗ-ਬਬੂਲਾ ਹੋ ਕੇ ਵਰ੍ਹ ਪਿਆ, "ਤੁਸੀਂ ਕਿਥੋਂ ਆ ਜਾਂਦੇ ਹੋ, ਆਉਂਦੇ ਪਿਛੋਂ, ਲੰਗਰ ਪਹਿਲਾਂ ਮੰਗਣ ਲਗ ਪੈਂਦੇ ਹੋ?"

ਅਸੀਂ ਬੇਨਤੀ ਕੀਤੀ ਕਿ ਲੰਗਰ ਛਕਣ ਦੀ ਇੱਛਾ ਪ੍ਰਗਟ ਕਰਨ ਦੀ ਸਾਡੇ ਤੋਂ ਭੁੱਲ ਹੋ ਗਈ, ਸਾਨੂੰ ਮੁਆਫ ਕਰ ਦਿਉ, ਅਤੇ ਉਥੋਂ ਪਤਰਾ ਵਾਚ ਗਏ। ਦਿਲ ਬਹੁਤ ਉਦਾਸ ਹੋਇਆ ਪਰ ਸੁਰਜੀਤ ਨਾਲ ਹੋਵੇ ਤਾਂ ਤਰਕੀਬਾਂ ਆਪਣੇ ਆਪ ਸੁਝ ਪੈਂਦੀਆਂ ਹਨ। ਅਸੀਂ ਉਸ ਪਿੰਡ ਤੋਂ ਜਾਣੂ ਨਹੀਂ ਸਾਂ ਅਤੇ ਨਾ ਹੀ ਉਸ ਦੁਰ-ਦੁਰੇਡੇ ਪਿੰਡ ਵਿਚ ਕੋਈ ਦੁਕਾਨ ਜਾਂ ਢਾਬਾ ਸੀ। ਅਸੀਂ ਤਾਂ ਵੇਕੇਸ਼ਨ 'ਤੇ ਸਾਂ, ਸਾਨੂੰ ਕਿਹੜਾ ਕੋਈ ਕਾਹਲੀ ਸੀ। ਪਿੰਡ ਸਵਾਮੀਪੁਰ ਦੀਆਂ ਗਲੀਆਂ ਗਾਹ ਕੇ ਨੰਗਲ ਪਰਤਣ ਦਾ ਫੈਸਲਾ ਕੀਤਾ।

ਕੀ ਵੇਖਿਆ, ਇਕ ਹਿੰਦੂ ਕਿਸਾਨ ਆਪਣੇ ਘਰ (ਚਾਰਦੁਆਰੀ ਦੀਆਂ ਕੰਧਾਂ ਤੋਂ ਬਿਨ੍ਹਾਂ) ਪਰਸ਼ਾਦਾ ਛਕ ਰਿਹਾ ਸੀ। ਉਸ ਦੀ ਘਰਵਾਲੀ ਗਰਮ-ਗਰਮ ਫੁਲਕੇ ਲਾਹ ਰਹੀ ਸੀ। ਮੈਂ ਉਸ ਅਜਨਬੀ ਨੂੰ ਸਤਿ ਸ੍ਰੀ ਅਕਾਲ ਜਾ ਬੁਲਾਈ ਅਤੇ ਨਾਲ ਹੀ ਬੇਨਤੀ ਕਰ ਦਿੱਤੀ ਕਿ ਲੋਹ-ਲੰਗਰ ਵਿਚੋਂ ਸਾਨੂੰ ਪ੍ਰਸ਼ਾਦਾ ਛਕਾਇਆ ਜਾਵੇ ਅਤੇ ਦੱਸਿਆ ਕਿ ਅਸੀਂ ਨੰਗਲ ਟਾਊਨਸ਼ਿਪ ਤੋਂ ਸਵੇਰ ਦੇ ਬਿਨਾ ਕੁਝ ਖਾਧਿਆਂ ਨਿਕਲੇ ਹਾਂ। ਸਾਨੂੰ ਭੁੱਖ ਨੇ ਅਵਾਜ਼ਾਰ ਕੀਤਾ ਹੋਇਆ ਹੈ। ਬੇਨਤੀ ਕਰਨ ਦੀ ਦੇਰ ਸੀ ਕਿ ਉਸ ਨੂੰ ਚਾਅ ਚੜ੍ਹ ਗਿਆ। ਉਸ ਨੇ ਆਪਣਾ ਖਾਣਾ ਵਿਚਾਲੇ ਹੀ ਛੱਡ ਦਿੱਤਾ ਤੇ ਬੈਠਣ ਲਈ ਮੰਜਾ ਡਾਹ ਦਿੱਤਾ, ਮੰਜੇ 'ਤੇ ਚਾਦਰ ਵਿਛਾ ਕੇ ਸਾਨੂੰ ਬੈਠਣ ਲਈ ਕਿਹਾ। ਫਿਰ ਪਤਨੀ ਨੂੰ ਸਾਡੇ ਲਈ ਭੋਜਨ ਦੀਆਂ ਦੋ ਥਾਲੀਆਂ ਤਿਆਰ ਕਰਨ ਲਈ ਕਹਿ ਦਿੱਤਾ।

ਪੰਜਾਬ ਦੇ ਪਿਛਲੇ ਸਮੇਂ ਦੇ ਕਾਲੇ ਦੌਰ ਨੂੰ ਯਾਦ ਕਰਦਿਆਂ, ਮੇਰੇ ਮਨ ਵਿਚ ਫੁਰਨਾ ਆਇਆ ਕਿ ਇਹ ਸਾਡੇ ਦੋਵਾਂ ਦੇ ਸਿੱਖੀ ਸਰੂਪ ਨੂੰ ਵੇਖ ਕੇ ਕਿਤੇ ਡਰ ਨਾ ਜਾਵੇ। ਇਹ ਸੋਚ ਕੇ ਮੈਂ ਮੰਜੇ 'ਤੇ ਬੈਠ ਕੇ ਮੂੰਹ ਜਬਾਨੀ ਜਪੁ ਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸਾਨੂੰ ਨਿਹਚਲ ਵੇਖ ਕੇ ਉਸ ਨੇ ਕੋਈ ਭੈ-ਭੀਤ ਹੋਣ ਦਾ ਸੰਕੇਤ ਨਾ ਦਿੱਤਾ। ਪਰਿਵਾਰ ਨੇ ਜੋ ਵੀ ਦਾਲ-ਸਬਜੀ ਬਣੀ ਹੋਈ ਸੀ, ਉਸ ਨਾਲ ਗਰਮ-ਗਰਮ ਪਰਸ਼ਾਦੇ ਸਾਨੂੰ ਛਕਾਏ। ਅਸੀਂ ਪ੍ਰੀਤੀ ਭੋਜਨ ਛਕ ਕੇ ਤ੍ਰਿਪਤ ਹੋ ਗਏ। ਬਾਅਦ ਵਿਚ ਉਸ ਨੇ ਸਾਨੂੰ ਚਾਹ ਵੀ ਪਿਲਾਈ। ਅਸੀਂ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਸ ਦੀ ਨਾ ਲੈਣ ਦੀ ਜਿੱਦ ਦੇ ਉਲਟ ਯਥਾ-ਸ਼ਕਤੀ ਕੁਝ ਨਗਦੀ ਅਤੇ ਆਪਣੀ ਇਕ ਜੈਕਟ ਪ੍ਰੇਮ ਭੇਟਾ ਵਜੋਂ ਦਿਤੀ।

ਪਰਿਵਾਰ ਕੋਲੋਂ ਵਿਦਾਇਗੀ ਲੈ ਕੇ ਅਸੀਂ ਨੰਗਲ ਟਾਊਨਸ਼ਿਪ ਨੂੰ ਪਰਤ ਰਹੇ ਸਾਂ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਇੱਕ ਸਲੋਕ ਯਾਦ ਆ ਗਿਆ, "ਨਕਿ ਨਥ ਖਸਮ ਹਥ ਕਿਰਤ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥"

# ਰਿਸ਼ਤਿਆਂ ਦੀ ਮਾਰਮਿਕ ਗਾਥਾ: ਨਮਕੀਨ

ਆਵਾਜ਼ ਦੇ ਕਹਾਂ ਹੈ... -44-



ਕੁਲਦੀਪ ਕੌਰ
ਫੋਨ: +91-98554-04330

ਫਿਲਮ 'ਨਮਕੀਨ' ਪਹਿਲੀ ਨਜ਼ਰੇ ਸਾਧਾਰਨ ਫਿਲਮ ਜਾਪਦੀ ਹੈ। ਹਿਮਾਚਲ ਪ੍ਰਦੇਸ਼ ਦਾ ਛੋਟਾ ਜਿਹਾ ਪਿੰਡ, ਇਸ ਵਿਚ ਵਸਦੇ ਸਾਧਾਰਨ ਲੋਕ, ਪਰ ਜਲਦੀ ਹੀ ਇਸ ਸਾਧਾਰਨ ਆਲੇ-ਦੁਆਲੇ ਵਿਚੋਂ ਅਸਾਧਾਰਨ ਪਰਿਵਾਰ ਦੇ ਨਕਸ਼ ਉਭਰਨ ਲੱਗਦੇ ਹਨ। ਇੱਕਲੀਆਂ ਔਰਤਾਂ ਦਾ ਪਰਿਵਾਰ। ਇਨ੍ਹਾਂ ਔਰਤਾਂ ਦਾ ਇੱਕ-ਦੂਜੇ ਲਈ ਸਮਰਪਣ। ਇਨ੍ਹਾਂ ਦਾ ਬਾਹਰਲੇ ਸੰਸਾਰ ਨਾਲ ਬੇਯਕੀਨੀ ਵਾਲਾ ਰਿਸ਼ਤਾ। ਘਰ ਵਿਚ ਕੋਈ ਮਰਦ ਮੈਂਬਰ ਨਾ ਹੋਣ ਕਾਰਨ ਇਸ ਪਰਿਵਾਰ ਬਾਰੇ ਸਮਾਜ ਦਾ ਸ਼ਰਮਿੰਦਾ ਕਰਨ ਵਾਲਾ ਨਜ਼ਰੀਆ ਅਤੇ ਇਸ ਸਾਰੇ ਖਲਜਗਣ ਵਿਚ ਸਾਫਦਿਲ ਗੇਰੂਲਾਲ ਦੀ ਅਚਾਨਕ ਆਮਦ। ਇਨ੍ਹਾਂ ਸਾਰੀਆਂ ਤੰਦਾਂ ਨੂੰ ਗੁਲਜ਼ਾਰ ਆਪਣੀ ਕਲਾਤਮਿਕਤਾ ਨਾਲ ਇੱਕ ਧਾਗੇ ਵਿਚ ਪਰੋ ਦਿੰਦਾ ਹੈ।

ਇਸ ਫਿਲਮ ਨੂੰ ਗੁਲਜ਼ਾਰ ਦੇ ਇਨ੍ਹਾਂ ਸ਼ਬਦਾਂ ਰਾਹੀਂ ਯਾਦ ਕਰਦੇ ਹਨ:


"ਸ਼ਮਰੇਸ਼ ਬਾਸੂ ਮੇਰੇ ਪਸੰਦੀਦਾ ਲੇਖਕ ਰਹੇ ਹਨ। ਮੈਂ ਉਨ੍ਹਾਂ ਦੀਆਂ ਸਾਰੀਆਂ ਮੂਲ ਰਚਨਾਵਾਂ ਬੰਗਾਲੀ ਵਿਚ ਪੜ੍ਹੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚਲੀਆਂ ਬਾਰੀਕੀਆਂ ਅਤੇ ਤੰਦਾਂ ਨੂੰ ਮੈਂ ਮਹਿਸੂਸ ਕਰ ਸਕਦਾ ਹਾਂ। ਅਕਸਰ ਰਚਨਾ ਉਲਥਾਉਣ ਸਮੇਂ ਇਹ ਚੀਜ਼ਾਂ ਛੁੱਟ ਜਾਂਦੀਆਂ ਹਨ। 'ਨਮਕੀਨ' ਕਹਾਣੀ ਮੈਨੂੰ ਪਹਿਲੀ ਨਜ਼ਰੇ ਹੀ ਜਚ ਗਈ। ਕਹਾਣੀ ਵਿਚ ਚਾਰ ਔਰਤ ਕਿਰਦਾਰਾਂ ਦੀ ਉਮਰ ਵਾਲਾ ਪੱਖ ਬੇਹੱਦ ਦਿਲਚਸਪ ਹੈ। ਪਹਿਲੀ ਔਰਤ ਦੇ ਵਿਆਹ ਦੀ ਉਮਰ ਲੰਘ ਚੁੱਕੀ ਹੈ, ਦੂਜੀ ਵਿਆਹ ਵਾਲੀ ਉਮਰ ਦੀ ਸੀਮਾ 'ਤੇ ਖੜ੍ਹੀ ਹੈ, ਤੀਜੀ ਵਿਆਹ ਵਾਲੀ ਉਮਰ ਦੀ ਹੋਣ ਵਾਲੀ ਹੈ ਅਤੇ ਚੌਥੀ ਦੀ ਸਭ ਤੋਂ ਵੱਡੀ ਚਿੰਤਾ ਇਨ੍ਹਾਂ ਤਿੰਨਾਂ ਦੇ ਵਿਆਹ ਦੀ ਉਮਰ ਹੀ ਹੈ। ਮੇਰੇ ਲਈ ਉਹ ਜ਼ਿੰਦਗੀ ਤੋਂ ਡਰਿਆ ਹੋਇਆ ਕਿਰਦਾਰ ਹੈ। ਇਹ ਚਾਰੇ ਔਰਤਾਂ ਆਪਣੀ ਜ਼ਿੰਦਗੀ ਵਿਚ ਆਏ ਮਰਦ ਕਿਰਾਏਦਾਰ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦੀਆਂ ਹਨ? ਘਰ ਦੇ ਨਿੱਕੇ-ਨਿੱਕੇ ਕੰਮਾਂ ਵਿਚ ਮਦਦ ਕਰਦਿਆਂ ਉਹ ਜਾਣੇ-ਅਣਜਾਣੇ ਉਨ੍ਹਾਂ ਦਾ ਸਹਾਰਾ ਬਣ ਜਾਂਦਾ ਹੈ। ਉਸ ਦਾ ਹਰ ਔਰਤ ਨਾਲ ਵੱਖਰੀ ਕਿਸਮ ਦਾ ਰਿਸ਼ਤਾ ਹੈ। ਇਸ ਕਿਰਦਾਰ ਲਈ ਅਦਾਕਾਰ ਦੇ ਤੌਰ 'ਤੇ ਲਈ ਮੇਰੀ ਕੁਦਰਤੀ ਚੋਣ ਸੰਜੀਵ ਕੁਮਾਰ ਸੀ। ਕਹਾਣੀ ਅਤੇ ਫਿਲਮ ਬਣਾਉਣ ਲਈ ਮੈਂ ਸ਼ਮਰੇਸ਼ ਬਾਸੂ ਨੂੰ ਮਿਲਿਆ। ਫਿਲਮ ਦੇ ਸਿਰਲੇਖ ਬਾਰੇ ਕਾਫੀ ਚਰਚਾ ਹੋਈ। ਮੈਨੂੰ ਹਮੇਸ਼ਾ ਲੱਗਦਾ ਹੈ ਕਿ ਹਰ ਫਿਲਮ ਇਸ ਦੇ ਸਿਰਲੇਖ ਤੋਂ ਹੀ ਸ਼ਪਸ਼ਟ ਹੋਣੀ ਚਾਹੀਦੀ ਹੈ। ਮੈਂ ਇਹ 'ਨਮਕੀਨ' ਸਿਰਲੇਖ ਪਹਿਲਾ ਰਿਸ਼ੀਕੇਸ਼ ਮੁਖਰਜੀ ਨੂੰ ਇੱਕ ਫਿਲਮ ਲਈ ਦਿੱਤਾ ਜੋ ਉਨ੍ਹਾਂ ਨੂੰ ਪਸੰਦ ਨਹੀਂ ਆਇਆ। ਮੇਰੇ ਮੂੰਹੋਂ ਨਿਕਲਿਆ- 'ਮੈਂ ਆਪ ਕੋ ਖੂਬਸੂਰਤ ਟਾਈਟਲ ਦੇ ਰਹਾ ਹੂੰ'। ਉਨ੍ਹਾਂ ਨੇ ਨਾਂਹ ਵਿਚ ਸਿਰ ਮਾਰ ਦਿੱਤਾ- 'ਕਿਆ ਹੈ ਯੇਹ?' ਮੈਂ ਕਿਹਾ- 'ਬੱਸ ਯਹੀ ਹੈ... ਖੁਬਸੂਰਤ'।ਇਸ ਤਰ੍ਹਾਂ ਉਨ੍ਹਾਂ ਦੀ ਅਗਲੀ ਫਿਲਮ ਦਾ ਨਾਮ ਪੈ ਗਿਆ- ਖੁਬਸੂਰਤ... ਤੇ ਨਮਕੀਨ ਮੈਂ ਵਰਤ ਲਿਆ।"





ਫਿਲਮਸਾਜ਼ ਗੁਲਜ਼ਾਰ ਅਦਾਕਾਰਾ ਸ਼ਰਮੀਲਾ ਟੈਗੋਰ ਨੂੰ ਸੀਨ ਸਮਝਾਉਂਦਾ ਹੋਇਆ ਅਤੇ (ਸੱਜੇ) ਫਿਲਮ 'ਨਮਕੀਨ' ਦੀ ਝਲਕ।

ਫਿਲਮ ਵਿਚ ਟਰੱਕ ਡਰਾਈਵਰ ਗੇਰੂਲਾਲ (ਸੰਜੀਵ ਕੁਮਾਰ) ਪਹਾੜੀ ਖੇਤਰ ਵਿਚ ਰਹਿਣ ਲਈ ਕਮਰੇ ਦੀ ਤਲਾਸ਼ ਕਰ ਰਿਹਾ ਹੈ। ਉਸ ਦਾ ਕੋਈ ਜਾਣਕਾਰ ਉਸ ਨੂੰ ਜੋਤੀ ਅੰਮਾ (ਵਹੀਦਾ ਰਹਿਮਾਨ) ਦੇ ਘਰ ਇਕ ਕਮਰਾ ਦਿਵਾ ਦਿੰਦਾ ਹੈ। ਪਹਿਲਾਂ-ਪਹਿਲ ਘਰ ਦੀਆਂ ਔਰਤਾਂ ਦਾ ਵਿਹਾਰ ਉਸ ਨੂੰ ਹੈਰਾਨ-ਪਰੇਸ਼ਾਨ ਕਰਦਾ ਹੈ, ਪਰ ਦਿਨ ਬੀਤਣ ਨਾਲ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਜਗੀਰੂ ਮੁੱਲਾਂ ਵਾਲੇ ਪਿਤਰ-ਮੁਖੀ ਸਮਾਜ ਵਿਚ ਇਨ੍ਹਾਂ ਸਾਰੇ ਔਰਤਾਂ ਦਾ ਸੰਘਰਸ਼ ਕਿੰਨਾ ਔਖਾ ਹੈ! ਉਪਰੋਂ ਗਰੀਬੀ ਅਤੇ ਕੰਮ-ਕਾਰ ਦੀ ਕਮੀ ਉਨ੍ਹਾਂ ਦੇ ਸੁਪਨਿਆਂ ਨੂੰ ਦਿਨ-ਰਾਤ ਡਸਦੀ ਰਹਿੰਦੀ ਹੈ। ਜੋਤੀ ਅੰਮਾ ਦਾ ਵਿਹਾਰ ਦੁਨੀਆਂ ਦੀਆਂ ਠੋਕਰਾਂ ਖਾ-ਖਾ ਕੇ ਸਨਕੀ ਹੋ ਚੁੱਕਾ ਹੈ। ਉਹ ਕਿਸੇ 'ਤੇ ਸੌਖਿਆਂ ਵਿਸਵਾਸ਼ ਨਹੀਂ ਕਰਦੀ। ਘਰ ਦੀ ਵੱਡੀ ਕੁੜੀ ਨਿਮਕੀ (ਸ਼ਰਮੀਲਾ ਟੈਗੋਰ) ਲਈ ਜਿਉਣ ਦਾ ਅਰਥ ਹੈਨ ਛੋਟੀਆਂ ਭੈਣਾਂ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਕਰਨਾ। ਮਿੱਠੂ (ਸ਼ਬਾਨਾ ਆਜ਼ਮੀ) ਗੁੰਗੀ ਤੇ ਬੋਲੀ ਹੈ। ਉਸ ਦੀਆਂ ਆਪਣੀਆਂ ਖਾਸ ਜ਼ਰੂਰਤਾਂ ਹਨ। ਸਭ ਤੋਂ ਛੋਟੀ ਚਿੰਕੀ (ਕਿਰਨ ਵਾਰਲੇ) ਲਈ ਜ਼ਿੰਦਗੀ ਗੁੰਝਲਦਾਰ ਬੁਝਾਰਤ ਹੈ। ਇਨ੍ਹਾਂ ਦੀਆਂ ਕੁਝ ਜ਼ਰੂਰਤਾਂ ਦਾ ਜ਼ਿੰਮਾ ਇਨਸਾਨੀਅਤ ਨਾਤੇ ਗੇਰੂਲਾਲ ਆਪਣੇ ਸਿਰ ਲੈ ਲੈਂਦਾ ਹੈ।



ਅਦਾਕਾਰ ਸੰਜੀਵ ਕੁਮਾਰ

ਫਿਰ ਇੱਕ ਦਿਨ ਗੇਰੂਲਾਲ ਦੀ ਬਦਲੀ ਕਿਸੇ ਹੋਰ ਜਗ੍ਹਾ ਹੋ ਜਾਂਦੀ ਹੈ। ਉਹ ਨਿਮਕੀ ਅੱਗੇ ਵਿਆਹ ਦੀ ਤਜਵੀਜ਼ ਰੱਖਦਾ ਹੈ ਜਿਸ ਨੂੰ ਉਹ ਇਹ ਸੋਚ ਕੇ ਨਾਮਨਜ਼ੂਰ ਕਰ ਦਿੰਦੀ ਹੈ ਕਿ ਉਸ ਦੀਆਂ ਛੋਟੀਆਂ ਭੈਣਾਂ ਦਾ ਕੀ ਬਣੇਗਾ! ਗੇਰੂਲਾਲ ਭਰੇ ਮਨ ਨਾਲ ਉਹ ਘਰ ਛੱਡ ਦਿੰਦਾ ਹੈ। ਸਮਾਂ ਬੀਤਣ ਨਾਲ ਸਾਰਾ ਕੁਝ ਧੁੰਦਲਾ ਹੋ ਜਾਂਦਾ ਹੈ। ਇੱਕ ਦਿਨ ਕਿਸੇ ਪਿੰਡ ਵਿਚ ਨੌਟੰਕੀ ਦੇਖਦਿਆਂ ਉਸ ਦੀ ਮੁਲਾਕਾਤ ਚਿੰਕੀ ਨਾਲ ਹੁੰਦੀ ਹੈ ਜਿਸ ਤੋਂ ਉਸ ਨੂੰ ਪਤਾ ਲੱਗਦਾ ਹੈ ਕਿ ਘਰ ਦੀ ਰੋਟੀ ਪੱਕਦੀ ਰੱਖਣ ਲਈ ਉਸ ਨੂੰ ਇਹ ਬਾਜ਼ਾਰੀ ਕਿੱਤਾ ਅਪਨਾਉਣਾ ਪਿਆ। ਨਿਮਕੀ ਨੇ ਉਸ ਤੋਂ ਬਾਅਦ ਵਿਆਹ ਹੀ ਨਹੀਂ ਕਰਵਾਇਆ ਅਤੇ ਮਿੱਠੂ ਨਾਲ ਵਿਆਹ ਲਈ ਕੋਈ ਰਾਜ਼ੀ ਹੀ ਨਹੀਂ ਹੋਇਆ। ਇਨ੍ਹਾਂ ਸਦਮਿਆਂ ਕਾਰਨ ਹੀ ਉਨ੍ਹਾਂ ਦੀ ਮਾਂ ਨੀਮ ਪਾਗਲ ਹੋ ਗਈ। ਇਹ ਸੁਣ ਕੇ ਗੇਰੂਲਾਲ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੁਆਰਾ ਨਿਮਕੀ ਨਾਲ ਵਿਆਹ ਕਰਨ ਨਾਲ ਸਾਰੇ ਪਰਿਵਾਰ ਨੂੰ ਸਹਾਰਾ ਮਿਲ ਸਕਦਾ ਸੀ। ਇਹ ਗਲਤੀ ਸੁਧਾਰਨ ਲਈ ਉਹ ਵਾਪਸ ਉਸ ਘਰ ਪਹੁੰਚਦਾ ਹੈ। ਇਸ ਤਰ੍ਹਾਂ ਇੱਕ ਨਮਕੀਨ ਕਹਾਣੀ ਦਾ ਮਿੱਠਾ ਅੰਤ ਹੁੰਦਾ ਹੈ।

ਫਿਲਮ ਵਿਚ ਕਿਸ਼ੋਰ ਕੁਮਾਰ ਦਾ ਗਾਇਆ ਗਾਣਾ 'ਜਾਗਤੇ ਰਹਤੇ ਹੈਂ, ਯਾਦੋਂ ਪੇ ਗੁਜ਼ਰ ਕਰਤੇ ਹੈ, ਖੁਸ਼ ਰਹੋ ਅਹਲੇ-ਵਤਨ, ਹਮ ਤੋ ਸਫਰ ਕਰਤੇ ਹੈਂ' ਭਾਰਤੀ ਸਿਨੇਮਾ ਵਿਚ ਆਪਣੀ ਧੁਨ ਅਤੇ ਕਾਵਿਕਤਾ ਕਾਰਣ ਖਾਸ ਸਥਾਨ ਰੱਖਦਾ ਹੈ। ਇਹ ਅਣਮਿੱਥੇ ਸਮੇਂ ਲਈ ਸਫਰ 'ਤੇ ਨਿਕਲੇ ਮੁਸਾਫਰਾਂ ਦਾ ਗੀਤ ਹੈ। ਇਸ ਤੋਂ ਬਿਨਾਂ ਫਿਲਮ ਵਿਚਲੇ ਸਾਰੇ ਅਦਾਕਾਰਾਂ ਨੇ ਆਪਣੀਆਂ ਭੂਮਿਕਾਵਾਂ ਨਾਲ ਪੂਰਾ ਇਨਸਾਫ ਕੀਤਾ ਹੈ। -0-

# ਗੁਲਾਮ ਅਲੀ ਦੀ ਗੱਲ



ਉਹੀ ਗੱਲ ਹੋਈ। ਫਿਲਮਸਾਜ਼ ਸੁਹੇਬ ਇਲਿਆਸੀ ਦੀ ਫਿਲਮ 'ਘਰ ਵਾਪਸੀ' ਦਾ ਨਵੀਂ ਦਿੱਲੀ ਵਿਚ ਹੋ ਰਿਹਾ ਸੰਗੀਤ ਸਮਾਗਮ ਖੜ੍ਹੇ ਪੈਰ ਰੱਦ ਕਰਨਾ ਪਿਆ। ਇਹ ਸਮਾਗਮ 4 ਅਪਰੈਲ ਨੂੰ ਹੋਣਾ ਸੀ ਅਤੇ ਇਸ ਸਮਾਗਮ ਵਿਚ ਪਾਕਿਸਤਾਨੀ ਗਾਇਕ ਅਤੇ ਇਸ ਫਿਲਮ ਵਿਚ ਪਹਿਲੀ ਵਾਰ ਅਦਾਕਾਰੀ ਕਰ ਰਹੇ ਗਾਇਕ ਗੁਲਾਮ ਅਲੀ ਨੇ ਹਿੱਸਾ ਲੈਣਾ ਸੀ। ਹਿੰਦੂ ਕੱਟੜਪੰਥੀ ਜਥੇਬੰਦੀ ਸ਼ਿਵ ਸੈਨਾ ਦੀ ਧਮਕੀ ਤੋਂ ਬਾਅਦ ਇਹ ਸਮਾਗਮ ਰੱਦ ਕਰਨਾ ਪਿਆ। ਗੁਲਾਮ ਅਲੀ ਹੈਰਾਨ ਹਨ ਕਿ 'ਘਰ ਵਾਪਸੀ' ਵਾਲਾ ਮੁੱਦਾ ਇਸ ਤਰ੍ਹਾਂ ਬਿਨਾਂ ਵਜ੍ਹਾ ਭਖਾ ਕਿਉਂ ਦਿੱਤਾ ਗਿਆ! ਯਾਦ ਰਹੇ ਕਿ ਇਸ ਫਿਲਮ ਵਿਚ ਗੁਲਾਮ ਅਲੀ ਨੇ ਗੀਤ ਗਾਇਆ ਹੈ ਅਤੇ ਅਦਾਕਾਰੀ ਵੀ ਕੀਤੀ ਹੈ। ਗੁਲਾਮ ਅਲੀ ਨੇ ਅਫਸੋਸ ਜ਼ਾਹਿਰ ਕੀਤਾ ਕਿ ਫਿਲਮ ਵਿਚ ਉਸ ਦੀ ਸ਼ਮੂਲੀਅਤ ਨੂੰ ਬਿਨਾਂ ਵਜ੍ਹਾ ਮੁੱਦਾ ਬਣਾ ਲਿਆ ਗਿਆ ਹੈ। ਅਸਲ ਵਿਚ ਕੁਝ ਸਿਆਸੀ ਧਿਰਾਂ ਨਹੀਂ ਚਾਹੁੰਦੀਆਂ ਕਿ ਕਲਾ ਦੇ ਪੱਧਰ ਉਤੇ ਵੀ ਹਿੰਦੁਸਤਾਨ ਅਤੇ ਪਾਕਿਸਤਾਨ ਵਿਚਕਾਰ ਕੋਈ ਪੀਡਾ ਰਾਬਤਾ ਬਣੇ। ਉਨ੍ਹਾਂ ਦਾਅਵਾ ਕੀਤਾ ਕਿ ਆਖਰਕਾਰ ਕੱਟੜਤਾ ਦੀ ਹਾਰ ਹੋਵੇਗੀ ਅਤੇ ਕਲਾ ਇਨ੍ਹਾਂ ਸਭ ਮਾਮਲਿਆਂ 'ਤੇ ਜੇਤੂ ਹੋ ਕੇ ਨਿਕਲੇਗੀ ਕਿਉਂਕਿ ਕਲਾ ਸਭ ਨੂੰ ਆਪਸ ਵਿਚ ਜੋੜਦੀ ਹੈ, ਤੋੜਦੀ ਨਹੀਂ।

# ਸਬੀਹਾ ਸਮਰ ਦਾ ਸੁਫਨਾ



ਸਬੀਹਾ ਸਮਰ

ਪਾਕਿਸਤਾਨੀ ਫਿਲਮਸਾਜ਼ ਸਬੀਹਾ ਸਮਰ ਨੇ ਆਪਣੇ ਦਿਲ ਦੀ ਗੱਲ ਸਭ ਨਾਲ ਸਾਂਝੀ ਕੀਤੀ ਹੈ। ਉਹਦਾ ਕਹਿਣਾ ਹੈ ਕਿ ਉਹ ਕੋਈ ਹਿੰਦੁਸਤਾਨੀ ਫਿਲਮ ਡਾਇਰੈਕਟ ਕਰਨਾ ਚਾਹੁੰਦੀ ਹੈ। ਯਾਦ ਰਹੇ ਕਿ ਸਬੀਹਾ ਸਮਰ ਇਸ ਤੋਂ ਪਹਿਲਾਂ 'ਖਾਮੋਸ਼ ਪਾਨੀ' ਵਰਗੀ ਉਮਦਾ ਫਿਲਮ ਬਣਾ ਚੁੱਕੀ ਹੈ। ਇਸ ਫਿਲਮ ਵਿਚ ਹਿੰਦੁਸਤਾਨੀ ਅਦਾਕਾਰਾ ਕਿਰਨ ਖੇਰ ਨੇ ਅਹਿਮ ਕਿਰਦਾਰ ਨਿਭਾਇਆ ਸੀ। ਇਸ ਫਿਲਮ ਨੇ ਸੰਸਾਰ ਦੇ ਵੱਖ-ਵੱਖ ਫਿਲਮ ਮੇਲਿਆਂ ਵਿਚ ਵਾਹਵਾ ਧੁੰਮਾਂ ਪਾਈਆਂ ਸਨ ਅਤੇ ਇਹ ਫਿਲਮ ਬਾਕਾਇਦਾ ਹਿੰਦੁਸਤਾਨ ਵਿਚ ਵੀ ਰਿਲੀਜ਼ ਕੀਤੀ ਗਈ ਸੀ ਅਤੇ ਇਸ ਨੂੰ ਹਿੰਦੁਸਤਾਨੀ ਦਰਸ਼ਕਾਂ ਨੇ ਵੀ ਖੂਬ ਹੁੰਗਾਰਾ ਭਰਿਆ ਸੀ।

ਸਬੀਹਾ ਸਮਰ ਦੱਸਦੀ ਹੈ ਕਿ ਉਹ ਇਕ ਪਟਕਥਾ ਉਤੇ ਕੰਮ ਕਰ ਰਹੀ ਹੈ ਅਤੇ ਉਹ ਚਾਹੁੰਦੀ ਹੈ ਕਿ ਉਸ ਨੂੰ ਬਾਲੀਵੁੱਡ ਲਈ ਕੋਈ ਫਿਲਮ ਡਾਇਰੈਕਟ ਕਰਨ ਦਾ ਮੌਕਾ ਮਿਲੇ। ਸਬੀਹਾ ਸਮਰ ਨੇ 2013 ਵਿਚ ਫਿਲਮ 'ਗੁੱਡ ਮੌਰਨਿੰਗ ਕਰਾਚੀ' ਬਣਾਈ ਸੀ ਅਤੇ ਇਸ ਫਿਲਮ ਨੂੰ ਹਿੰਦੁਸਤਾਨੀ ਫਿਲਮਸਾਜ਼ਾਂ ਵੱਲੋਂ ਖੂਬ ਸਲਾਹਿਆ ਗਿਆ ਸੀ।



ਫਿਲਮਸਾਜ਼ ਸਬੀਹਾ ਸਮਰ ਦੀ ਫਿਲਮ 'ਖਾਮੋਸ਼ ਪਾਨੀ' ਵਿਚ ਕਿਰਨ ਖੇਰ।

54 ਸਾਲਾ ਸਬੀਹਾ ਸਮਰ ਹਮੇਸ਼ਾ ਔਖੇ ਪੈਂਡਿਆਂ ਦੀ ਰਾਹੀ ਰਹੀ ਹੈ ਅਤੇ ਫਿਲਮਸਾਜ਼ੀ ਦੇ ਪ੍ਰਸੰਗ ਵਿਚ ਉਸ ਨੇ ਸਦਾ ਵੱਖਰੀ ਗੱਲ ਕਹਿਣ ਦਾ ਯਤਨ ਕੀਤਾ ਹੈ। ਹੁਣੇ-ਹੁਣੇ ਉਸ ਨੇ 'ਛੋਟੇ ਸ਼ਾਹ' ਫਿਲਮ ਬਣਾਈ ਹੈ ਜੋ ਕਿਸੇ ਵੇਲੇ ਪੈਸੇ ਵਿਚ ਖੇਡਦੇ ਰਹੇ ਸ਼ਖਸ ਦੀ ਕਹਾਣੀ ਹੈ। ਇਸ ਵਿਚ ਟੁੱਟ ਰਹੇ ਵਿਆਹਾਂ ਦਾ ਮੁੱਦਾ ਵੀ ਵਿਚਾਰਿਆ ਗਿਆ ਹੈ। ਸਬੀਹਾ ਮੁਤਾਬਕ ਫਿਲਮਸਾਜ਼ੀ ਦੇ ਮਾਮਲੇ 'ਤੇ ਜੇ ਹਿੰਦੁਸਤਾਨ ਅਤੇ ਪਾਕਿਸਤਾਨ ਤਾਲਮੇਲ ਵਧਾਉਂਦੇ ਹਨ ਤਾਂ ਇਹ ਦੋਹਾਂ ਮੁਲਕਾਂ ਦੇ ਕਲਾਕਾਰਾਂ ਅਤੇ ਕਾਰੋਬਾਰੀਆਂ ਲਈ ਸ਼ੁਭ ਸ਼ਗਨ ਹੋਵੇਗਾ।

ੴ ਵਾਹਿਗੁਰੂ ਜੀ ਕੀ ਫਤਹਿ
ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸਾ ਸਿਰਜਣਾ ਦਿਵਸ ਵਿਸਾਖੀ ਦੀ ਕੋਟਾਨਿ ਕੋਟਿ ਵਧਾਈ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ
ਤੇ ਸਮੂਹ ਪਰਿਵਾਰ

**Grewal Enterprises**

**San Jose, CA Ph:408-406-0703**


CALL 8722 AAP USA
aap
AAM AADMI PARTY
OVERSEAS
April 15, 2016 Bakersfield, CA
April 16, 2016 Los Angeles
April 17, 2016 San Francisco Bay Area
April 19, 2016 Fresno,CA
April 22, 2016 Stockton, CA
April 23, 2016 Seattle, WA
April 24, 2016 Houston, TX
April 25, 2016 Dallas, TX
April 27, 2016 Detroit, MI
April 28, 2016 Chicago, IL
April 29, 2016 Washington DC
April 30, 2016 New York
May 01, 2016 New Jersey
SUKHPAL KHAIRA in
THE UNITED STATES OF
AMERICA
14 APRIL - 01 MAY 2016
FOR MORE INFORMATION, CALL HELPLINE: +1 872 222 7872
SUKHPAL KHAIRA WILL JOIN EVERYONE IN THE STOCKTON NAGAR KIRTAN ON APRIL 17TH 2016
SUKHPAL SINGH KHAIRA in
FREMONT, CA
SUNDAY APRIL 17, 2016
5:30 PM TO 8:30 PM
MIRAGE BANQUET HALL
4100 Peralta Blvd. Fremont CA 94536
FROM : AAM AADMI PARTY, CALIFORNIA
FOR INFORMATION CALL
650-260-5061
Ad Sponsored by Golden State Realty Jaswinder (Jassi) Gill





**USA Theatre Listing** | **California** | **Rest of USA**

AMC Ontario Mills, Ontario, Los Angeles
Edwards 14, Bakersfield
Sierra Vista, Fresno
Brendon, Modesto
Cinemark Laguna, Elk Grove
Cinemark, Roseville

Cinemark, Yuba City
Cinemark Hilltop, Richmond
Cinemark, Union City
Century 20, Milpitas
Cinegreand 7, Fremont

Cinemark Movies 8, Indiana
Cinemark 14, Warren, Michigan
Cinemark Dayton South, Dayton South
Cinemark Federal Way, Seattle
Regal Sterling, Virginia
Regal Commerce Center, New Jersey

Jamaica Multiplex, New York
Farmingdale Multiplex, New York
Cinemark Memorial City, Houston
Fun Asia, Dallas
Regal Macarthur, Dallas
Century Stratford, Chicago

**For More Information Contact: 559-512-0415 FB.COM/INDIANMOVIESINUSA**

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ

## ਸ. ਸੁਖਪਾਲ ਸਿੰਘ ਖਹਿਰਾ ਨੂੰ ਨਿੱਘੀ ਜੀ ਆਇਆਂ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**

**JUST SOLD**

1. 4356 Queen Anne Dr., Union City, CA 94587
2. 10786 Willow Brook Way, Cupertino, CA 95014
3. 3222 Pumpherston Way, San Jose, CA 95148
4. 4261 Solar Circle Union City, CA 94587
5. 3236 Ormande Ct., Tracy, CA 95377
6. 29058 Sebring Ct., Hayward, CA 94545
7. 3136 Ormonde Dr., Tracy CA 95377
8. 1492 Christina Ct., Hayward, CA94545
9. 4123 Lunar Way Union City, CA 94587
10. 4709 Valencia Way, Union City, CA 94587
11. 3313 Oak Bluff Ct., Dublin, CA 94568
12. 32526 Endeavour Way, Union City, CA 94587
13. 916 Brook Way, Gilroy, CA 95020
14. 557 W. Corazon Way Mountain House, CA 95391
15. 4205 Lunar Way, Union City, CA 94587
16. 4124 Polaris Ave., Union City, CA 94587
17. 4105 Pluto Way, Union City, CA 94587

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker

**Ph: 510-207-9067**

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

Sacramento Office
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.